ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ | ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Tuesday, 29 April, 2025) ਪਟਿਆਲਾ ਮੰਗਲਵਾਰ, 29 ਅਪ੍ਰੈਲ, 2025, 17 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 117 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਸਰਕਾਰ ਵੱਲੋਂ ਲੋਕ ਸੰਪਰਕ ਵਿਭਾਗ 'ਚ 7 ਅਧਿਕਾਰੀਆਂ ਦੀ ਬਦਲੀ

ਚੰਡੀਗੜ੍ਹ, 28 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ ਪ੍ਰਸ਼ਾਸਨ ਵਿਚ ਫਿਰ ਵੱਡਾ ਫੇਰਬਦਲ ਕੀਤਾ ਗਿਆ ਹੈ। ਦਰਅਸਲ ਪੰਜਾਬ ਸਰਕਾਰ ਵੱਲੋਂ ਲੋਕ ਸੰਪਰਕ ਵਿਭਾਗ ਵਿਚ 7 ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਹੈ। ਤਬਾਦਲੇ ਕੀਤੇ ਗਏ ਅਧਿਕਾਰੀਆਂ ਵਿਚ ਕਮਲਜੀਤ ਪਾਲ ਆਈ.ਪੀ.ਆਰ.ਓ., ਹਰਦੇਵ ਸਿੰਘ ਆਈ.ਪੀ.ਆਰ.ਓ., ਗੁਰਦੀਪ ਸਿੰਘ ਆਈ.ਪੀ.ਆਰ.ਓ., ਅਰੁਣ ਚੌਧਰੀ ਆਈ.ਪੀ.ਆਰ.ਓ, (ਬਾਕੀ ਸਫਾ 2 'ਤੇ)

## 26 ਰਾਫ਼ੇਲ ਜਹਾਜ਼ਾਂ ਦੀ ਖ਼ਰੀਦ ਸਬੰਧੀ ਭਾਰਤ ਅਤੇ ਫਰਾਂਸ ਵੱਲੋਂ ਸਮਝੌਤੇ 'ਤੇ ਦਸਤਖ਼ਤ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ :ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚ ਚੱਲ ਰਹੇ ਤਣਾਅ ਵਿਚਾਲੇ ਭਾਰਤ ਨੇ ਸੋਮਵਾਰ ਨੂੰ ਫਰਾਂਸ ਨਾਲ 63,000 ਕਰੋੜ ਰੁਪਏ ਦੀ ਲਾਗਤ ਨਾਲ 26 ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਸਮਝੌਤੇ 'ਤੇ ਦਸਤਖ਼ਤ ਕੀਤੇ। ਇਸ ਸੌਦੇ 'ਤੇ ਸਮਝੌਤੇ ਦੌਰਾਨ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਅਤੇ ਜਲ ਸੈਨਾ ਦੇ ਉਪ ਮੁਖੀ ਵਾਈਸ ਐਡਮਿਰਲ ਕੇ. ਸਵਾਮੀਨਾਥਨ ਮੌਜੂਦ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਿਚ ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਹਾਲ ਹੀ ਵਿਚ ਇਸ ਸੌਦੇ ਨੂੰ ਮਨਜ਼ੂਰੀ ਦਿੱਤੀ ਸੀ।

ਇਸ ਤੋਂ ਪਹਿਲਾਂ ਜੁਲਾਈ, 2023 ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਾਲੀ ਰੱਖਿਆ ਪ੍ਰਾਪਤੀ ਪ੍ਰੀਸ਼ਦ ਨੇ ਜਲ ਸੈਨਾ ਲਈ 26 ਰਾਫੇਲ ਸਮੁੰਦਰੀ ਜਹਾਜ਼ ਖਰੀਦਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਸੀ। ਸੰਦਰਭ ਦੀਆਂ ਸ਼ਰਤਾਂ ਦੇ ਤਹਿਤ, ਜੈੱਟਾਂ ਦੀ ਸਪੁਰਦਗੀ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਲਗਭਗ ਪੰਜ ਸਾਲ ਬਾਅਦ ਸ਼ੁਰੂ ਹੋਣੀ ਚਾਹੀਦੀ ਹੈ। ਇਸ ਸੌਦੇ ਦੇ ਤਹਿਤ ਭਾਰਤੀ ਜਲ ਸੈਨਾ ਨੂੰ ਰਾਫ਼ੇਲ (ਮਰੀਨ) ਜੈੱਟਾਂ ਦੇ ਨਿਰਮਾਤਾ, ਦਸੌਲਟ ਐਵੀਏਸ਼ਨ ਤੋਂ ਹਥਿਆਰ ਪ੍ਰਣਾਲੀਆਂ ਅਤੇ ਪੁਰਜ਼ਿਆਂ ਸਮੇਤ ਸਬੰਧਿਤ ਸਹਾਇਕ ਉਪਕਰਣ ਵੀ ਮਿਲਣਗੇ। ਇਹ ਜਹਾਜ਼ ਮੁੱਖ ਤੌਰ 'ਤੇ ਦੇਸ਼ ਦੇ ਪਹਿਲੇ ਸਵਦੇਸ਼ੀ ਜਹਾਜ਼ ਵਾਹਕਾਂ ਆਈ. ਐੱਨ.ਐੱਸ. ਵਿਕ੍ਰਾਂਤ ਅਤੇ ਆਈ. ਐੱਨ. ਐੱਸ. ਵਿਕਰਮਾਦਿਤਿਆ 'ਤੇ ਤਾਇਨਾਤ ਕਰਨ ਲਈ ਖਰੀਦੇ ਜਾ ਰਹੇ ਹਨ। ਇਨ੍ਹਾਂ ਜਹਾਜ਼ਾਂ ਦੇ ਜਲ ਸੈਨਾ ਦੇ ਬੇੜੇ ਵਿਚ ਸ਼ਾਮਲ ਹੋਣ ਤੋਂ ਬਾਅਦ ਹਿੰਦ ਮਹਾਸਾਗਰ ਵਿਚ ਜਲ ਸੈਨਾ ਦੀ ਤਾਕਤ ਕਈ ਗੁਣਾ ਵੱਧ ਜਾਵੇਗੀ। ਇਸ ਸੌਦੇ ਦੇ ਤਹਿਤ ਭਾਰਤੀ ਜਲ ਸੈਨਾ ਨੂੰ 22 ਸਿੰਗਲ-ਸੀਟਰ ਅਤੇ ਚਾਰ ਦੋ-ਸੀਟਰ ਜਹਾਜ਼ ਮਿਲਣਗੇ।

# ਓ.ਟੀ.ਟੀ.ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਸ਼ਲੀਲਤਾ ਇੱਕ ਗੰਭੀਰ ਮੁੱਦਾ: ਸੁਪਰੀਮ ਕੋਰਟ

## ਕੁਝ ਪਾਬੰਦੀਆਂ ਲਾਗੂ ਹਨ ਤੇ ਕੁਝ 'ਤੇ ਵਿਚਾਰ ਕੀਤਾ ਜਾ ਰਿਹੈ : ਕੇਂਦਰ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ : ਸੁਪਰੀਮ ਕੋਰਟ ਨੇ ਸੋਮਵਾਰ ਨੂੰ ਓਵਰ ਦ ਟੌਪ (ਓ.ਟੀ.ਟੀ.) ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਅਸ਼ਲੀਲ ਸਮੱਗਰੀ ਦੀ ਸਟਰੀਮਿੰਗ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਜਵਾਬ ਮੰਗਦੇ ਹੋਏ ਕੇਂਦਰ ਸਰਕਾਰ ਅਤੇ ਕੰਪਨੀਆਂ ਨੂੰ ਨੋਟਿਸ ਜਾਰੀ ਕੀਤਾ। ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਕਿਹਾ ਕਿ ਪਟੀਸ਼ਨ ਗੰਭੀਰ ਚਿੰਤਾ ਪੈਦਾ ਕਰਦੀ ਹੈ। ਕੇਂਦਰ ਨੂੰ ਇਸ 'ਤੇ ਕੁਝ ਕਦਮ ਚੁੱਕਣ ਦੀ ਜ਼ਰੂਰਤ ਹੈ। ਇਹ ਮਾਮਲਾ ਕਾਰਜਪਾਲਿਕਾ ਜਾਂ ਵਿਧਾਨਪਾਲਿਕਾ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਸਾਡੇ 'ਤੇ ਇਹ ਵੀ ਦੋਸ਼ ਹਨ ਕਿ ਅਸੀਂ ਕਾਰਜਪਾਲਿਕਾ ਦੇ ਅਧਿਕਾਰ ਖੇਤਰ



ਵਿੱਚ ਦਖ਼ਲ ਦਿੰਦੇ ਹਾਂ। ਫਿਰ ਵੀ ਅਸੀਂ ਨੋਟਿਸ ਜਾਰੀ ਕਰ ਰਹੇ ਹਾਂ। ਕੇਂਦਰ ਵਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਓ.ਟੀ.ਟੀ. ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਮੱਗਰੀ ਸਬੰਧੀ ਕੁਝ ਨਿਯਮ ਪਹਿਲਾਂ ਹੀ ਲਾਗੂ ਹਨ। ਸਰਕਾਰ ਹੋਰ ਨਵੇਂ ਨਿਯਮ ਲਾਗੂ ਕਰਨ 'ਤੇ ਵਿਚਾਰ ਕਰ ਰਹੀ ਹੈ। ਪਟੀਸ਼ਨਕਰਤਾ ਵੱਲੋਂ ਵਕੀਲ ਵਿਸ਼ਨੂੰ ਸ਼ੰਕਰ ਜੈਨ ਪੇਸ਼ ਹੋਏ। ਦਰਅਸਲ, ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ ਵਿੱਚ ਕੇਂਦਰ ਸਰਕਾਰ ਨੂੰ ਅਸ਼ਲੀਲ ਸਮੱਗਰੀ ਦੀ ਸਟਰੀਮਿੰਗ 'ਤੇ ਪਾਬੰਦੀ ਲਗਾਉਣ ਲਈ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਓ.ਟੀ.ਟੀ. ਅਤੇ ਸੋਸ਼ਲ ਮੀਡੀਆ ਪਲੇਟਫਾਰਮ ਬਿਨਾਂ ਕਿਸੇ ਫਿਲਟਰ ਦੇ ਅਸ਼ਲੀਲ ਸਮੱਗਰੀ ਪੇਸ਼ ਕਰ ਰਹੇ ਹਨ। ਇਹ ਨੌਜਵਾਨਾਂ, ਬੱਚਿਆਂ ਅਤੇ ਇੱਥੋਂ ਤੱਕ ਕਿ ਬਾਲਗਾਂ ਦੇ ਮਨਾਂ ਨੂੰ ਵੀ ਗੰਦਾ ਕਰਦਾ ਹੈ। ਪਟੀਸ਼ਨਰ ਨੇ ਕਿਹਾ ਕਿ ਅਸ਼ਲੀਲ ਸਮੱਗਰੀ ਸਮਾਜ ਲਈ ਖ਼ਤਰਾ ਹੈ। (ਬਾਕੀ ਸਫਾ 2 'ਤੇ)

### ਸੁਪਰੀਮ ਕੋਰਟ ਦੀ ਕੇਂਦਰ ਨੂੰ ਦੋ-ਟੁੱਕ

## 'ਤੁਸੀਂ ਵੱਡੇ ਹਾਈਵੇਅ ਬਣਾ ਰਹੇ ਹੋ ਪਰ ਸਹੂਲਤਾਂ ਦੀ ਘਾਟ ਕਾਰਨ ਲੋਕ ਮਰ ਰਹੇ ਨੇ'

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ : ਸੜਕ/ਮੋਟਰ ਵਾਹਨ ਹਾਦਸਿਆਂ ਦੇ ਸ਼ਿਕਾਰ ਲੋਕਾਂ ਲਈ ਨਕਦੀ ਰਹਿਤ ਇਲਾਜ ਯੋਜਨਾ ਬਣਾਉਣ 'ਚ ਦੇਰੀ 'ਤੇ ਕੇਂਦਰ ਸਰਕਾਰ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਤੁਸੀਂ ਵੱਡੇ ਹਾਈਵੇਅ ਬਣਾ ਰਹੇ ਹੋ ਪਰ ਸਹੂਲਤਾਂ ਦੀ ਘਾਟ ਕਾਰਨ ਲੋਕ ਉੱਥੇ ਮਰ ਰਹੇ ਹਨ। ਜਸਟਿਸ ਅਭੈ ਐੱਸ. ਓਕਾ ਅਤੇ ਉੱਜਲ ਭੂਈਆਂ ਦੀ ਬੈਂਚ ਨੇ ਕਿਹਾ ਕਿ 8 ਜਨਵਰੀ ਦੇ ਹੁਕਮ ਦੇ ਬਾਵਜੂਦ ਕੇਂਦਰ ਨੇ ਨਾ ਤਾਂ ਨਿਰਦੇਸ਼ ਦੀ ਪਾਲਣਾ ਕੀਤੀ ਅਤੇ ਨਾ ਹੀ ਸਮਾਂ ਵਧਾਉਣ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਕਿਹਾ ਕਿ ਮੋਟਰ ਵਾਹਨ ਐਕਟ ਦੀ ਧਾਰਾ-164ਏ 1 ਅਪ੍ਰੈਲ, 2022 ਤੋਂ ਤਿੰਨ ਸਾਲਾਂ ਦੀ ਮਿਆਦ ਲਈ ਲਾਗੂ ਕੀਤੀ ਗਈ ਸੀ ਪਰ ਕੇਂਦਰ ਨੇ ਦਾਅਵੇਦਾਰਾਂ ਨੂੰ ਅੰਤਰਿਮ ਰਾਹਤ ਪ੍ਰਦਾਨ ਕਰਨ ਲਈ ਇਕ ਯੋਜਨਾ ਤਿਆਰ ਕਰ ਕੇ (ਬਾਕੀ ਸਫਾ 2 'ਤੇ)

### ਕਰਨਲ ਬਾਠ ਕੁੱਟਮਾਰ ਮਾਮਲੇ 'ਚ ਮੁਅੱਤਲ ਇੰਸਪੈਕਟਰ ਰੌਨੀ ਸਿੰਘ ਨੂੰ ਝਟਕਾ !

## ਹਾਈ ਕੋਰਟ ਵੱਲੋਂ ਅਗਾਊਂ ਜ਼ਮਾਨਤ ਪਟੀਸ਼ਨ ਸੁਣਨ ਤੋਂ ਇਨਕਾਰ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 28 ਅਪ੍ਰੈਲ :ਪਟਿਆਲਾ ਦੇ ਕਰਨਲ ਬਾਠ ਕੁੱਟਮਾਰ ਮਾਮਲੇ ਨਾਲ ਜੁੜੀ ਵੱਡੀ ਖਬਰ ਸਾਹਮਣੇ ਆਈ ਹੈ। ਕਰਨਲ ਕੁੱਟਮਾਰ ਮਾਮਲੇ ਵਿੱਚ ਨਾਮਜ਼ਦ ਮੁਅੱਤਲ ਇੰਸਪੈਕਟਰ ਰੌਨੀ ਸਿੰਘ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਿਆ ਹੈ।



ਰੌਨੀ ਸਿੰਘ ਨੇ ਹਾਈਕੋਰਟ ਵਿੱਚ ਅਗਾਊਂ ਜ਼ਮਾਨਤ ਦਾਇਰ ਕੀਤੀ ਸੀ, ਜਿਸ 'ਤੇ ਹਾਈ ਕੋਰਟ ਦੇ ਬੈਂਚ ਹਰਪ੍ਰੀਤ ਸਿੰਘ ਬਰਾੜ ਨੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਇਹ ਪਟੀਸ਼ਨ ਚੀਫ਼ ਜਸਟਿਸ ਕੋਲ ਜਾਵੇਗੀ ਅਤੇ ਉਹ ਬੈਂਚ ਦਾ ਫੈਸਲਾ ਕਰਨਗੇ। ਕਰਨਲ ਬਾਠ ਦੀ ਪਤਨੀ ਨੇ ਕਿਹਾ ਕਿ ਉਨ੍ਹਾਂ ਨੂੰ ਨਿਆਂਇਕ ਪ੍ਰਕਿਰਿਆ 'ਤੇ ਪੂਰਾ ਵਿਸ਼ਵਾਸ ਹੈ ਅਤੇ ਉਹ ਉਨ੍ਹਾਂ ਦੇ ਕੇਸ ਦੀ ਸੁਣਵਾਈ ਕਰਨ ਅਤੇ ਨਿਆਂ ਦੀ ਲੜਾਈ ਵਿੱਚ ਉਨ੍ਹਾਂ ਨੂੰ ਇਨਸਾਫ਼ ਪ੍ਰਦਾਨ ਕਰਨ ਲਈ ਅਦਾਲਤ ਦਾ ਧੰਨਵਾਦ ਕਰਦੇ ਹਨ। ਉਸਨੇ ਇਹ ਵੀ ਸਵਾਲ ਉਠਾਇਆ ਕਿ ਐਸਐਸਪੀ ਨੇ ਕਿਹਾ ਸੀ ਕਿ 45 ਦਿਨਾਂ ਦੇ ਅੰਦਰ ਵਿਭਾਗੀ ਜਾਂਚ ਕੀਤੀ ਜਾਵੇਗੀ ਪਰ ਉਨ੍ਹਾਂ ਪੁਲਿਸ ਮੁਲਾਜ਼ਮਾਂ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕੋਈ ਜਾਂਚ (ਬਾਕੀ ਸਫਾ 2 'ਤੇ)

## ਸੂਬਾਈ ਦਰਜੇ ਦੀ ਬਹਾਲੀ ਲਈ ਅੱਤਵਾਦੀ ਹਮਲੇ ਦਾ ਲਾਹਾ ਨਹੀਂ ਲਵਾਂਗੇ: ਉਮਰ

ਜੰਮੂ, 28 ਅਪ੍ਰੈਲ (ਚੜ੍ਹਦੀਕਲਾ ਬਿਊਰੋ): ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕਿਹਾ ਕਿ ਉਹ ਕੇਂਦਰ ਸ਼ਾਸਤ ਪ੍ਰਦੇਸ਼ ਬਣਾਏ ਗਏ ਜੰਮੂ-ਕਸ਼ਮੀਰ ਦੇ ਰਾਜ ਦੇ ਦਰਜੇ ਦੀ ਬਹਾਲੀ ਲਈ ਪਹਿਲਗਾਮ ਅੱਤਵਾਦੀ ਹਮਲੇ ਦਾ ਫਾਇਦਾ ਉਠਾਉਂਦਿਆਂ ਕੇਂਦਰ ਉਤੇ ਦਬਾਅ ਨਹੀਂ ਪਾਉਣਗੇ। ਉਨ੍ਹਾਂ ਇਹ ਗੱਲ ਅੱਜ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਬੋਲਦਿਆਂ ਕਹੀ। ਅਬਦੁੱਲਾ ਨੇ ਵਿਧਾਨ ਸਭਾ ਵਿੱਚ ਪਹਿਲਗਾਮ ਅੱਤਵਾਦੀ ਹਮਲੇ 'ਤੇ ਪਾਸ ਕੀਤੇ ਮਤੇ ਉਤੇ ਚਰਚਾ ਨੂੰ ਸਮੇਟਦਿਆਂ ਕਿਹਾ,ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਕੇਂਦਰ ਸ਼ਾਸਤ ਪ੍ਰਦੇਸ਼ ਦੀ ਚੁਣੀ ਹੋਈ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ। ਪਰ ਮੈਂ ਇਸ ਮੌਕੇ ਨੂੰ ਰਾਜ ਦਾ ਦਰਜਾ ਮੰਗਣ ਲਈ ਨਹੀਂ ਵਰਤਾਂਗਾ। ਮੈਂ ਹੁਣ ਰਾਜ ਦਾ ਦਰਜਾ ਕਿਵੇਂ ਮੰਗ ਸਕਦਾ ਹਾਂ? (ਬਾਕੀ ਸਫਾ 2 'ਤੇ)

## ਅੱਜ, ਭਲਕੇ ਅਤੇ ਇੱਕ ਮਈ ਨੂੰ 9 ਸੂਬਿਆਂ 'ਚ ਮੀਂਹ ਦੀ ਭਵਿੱਖਬਾਣੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ :ਦੇਸ਼ ਦੇ ਕਈ ਹਿੱਸਿਆਂ 'ਚ ਮੌਸਮ ਨੇ ਕਰਵਟ ਲੈਣੀ ਸ਼ੁਰੂ ਕਰ ਦਿੱਤੀ ਹੈ। ਭਾਰਤ ਮੌਸਮ ਵਿਗਿਆਨ ਵਿਭਾਗ ਨੇ ਦੇਸ਼ ਦੇ 9 ਸੂਬਿਆਂ ਵਿਚ ਮੋਹਲੇਧਾਰ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਹੈ। ਇਹ ਅਲਰਟ ਆਗਾਮੀ ਤਿੰਨ ਦਿਨਾਂ ਲਈ ਹੈ, ਜਿਸ ਵਿਚ ਪੂਰਬੀ-ਉੱਤਰੀ ਤੋਂ ਲੈ ਕੇ ਦੱਖਣੀ ਭਾਰਤ ਤੱਕ ਦੇ ਇਲਾਕਿਆਂ ਵਿਚ ਤੇਜ਼ ਮੀਂਹ ਪੈਣ ਦੇ ਆਸਾਰ ਹਨ। ਮੌਸਮ ਵਿਗਿਆਨ ਵਿਭਾਗ ਮੁਤਾਬਕ ਸੋਮਵਾਰ ਨੂੰ ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ, ਮੇਘਾਲਿਆ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਦੇ ਕਈ ਹਿੱਸਿਆਂ ਵਿਚ ਮੋਹਲੇਧਾਰ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕੇਰਲ ਵਿਚ



ਸੋਮਵਾਰ ਤੋਂ ਬੁੱਧਵਾਰ ਤੱਕ ਲਗਾਤਾਰ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਓਡੀਸ਼ਾ ਵਿਚ ਮੰਗਲਵਾਰ ਅਤੇ ਬੁੱਧਵਾਰ ਨੂੰ ਤੇਜ਼ ਮੀਂਹ ਪੈ ਸਕਦਾ ਹੈ। ਉੱਥੇ ਹੀ ਝਾਰਖੰਡ 'ਚ ਬੁੱਧਵਾਰ ਨੂੰ ਮੀਂਹ ਦਾ ਅਸਰ ਵੇਖਣ ਨੂੰ ਮਿਲ ਸਕਦਾ ਹੈ। ਮੌਸਮ ਵਿਭਾਗ ਮੁਤਾਬਕ ਇਨ੍ਹਾਂ ਇਲਾਕਿਆਂ ਵਿਚ ਹਨ੍ਹੇਰੀ, ਬਿਜਲੀ ਡਿੱਗਣ ਅਤੇ ਤੇਜ਼ ਹਵਾਵਾਂ ਚੱਲਣ ਦਾ ਵੀ ਖ਼ਦਸ਼ਾ ਹੈ। ਅਜਿਹੇ ਵਿਚ ਕਿਸਾਨਾਂ, ਯਾਤਰੀਆਂ ਅਤੇ ਆਮ ਜਨਤਾ ਨੂੰ ਵਿਸ਼ੇਸ਼ ਚੌਕਸੀ ਵਰਤਣ ਦੀ ਸਲਾਹ ਦਿੱਤੀ ਗਈ ਹੈ। ਤੇਜ਼ ਮੀਂਹ ਕਾਰਨ ਖੜ੍ਹੀਆਂ ਫ਼ਸਲਾਂ, ਸਬਜ਼ੀਆਂ ਅਤੇ ਖੇਤੀਬਾੜੀ 'ਤੇ ਅਸਰ ਪੈ ਸਕਦਾ ਹੈ। ਅਜਿਹੇ ਵਿਚ ਖੇਤੀ ਵਿਭਾਗ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਮੀਂਹ ਦੇ ਪੂਰਵ ਅਨੁਮਾਨ ਦੇ ਆਧਾਰ 'ਤੇ ਆਪਣੀਆਂ ਫਸਲਾਂ ਦੀ ਸੁਰੱਖਿਆ ਦੇ ਇੰਤਜ਼ਾਮ ਪਹਿਲਾਂ ਹੀ ਕਰ ਲੈਣ।

## ਛੱਤੀਸਗੜ੍ਹ 'ਚ 14 ਇਨਾਮੀ ਨਕਸਲੀਆਂ ਸਮੇਤ 24 ਵੱਲੋਂ ਆਤਮ ਸਮਰਪਣ

ਚੜ੍ਹਦੀਕਲਾ ਬਿਊਰੋ
================



ਬੀਜਾਪੁਰ, 28 ਅਪ੍ਰੈਲ : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਸੋਮਵਾਰ ਨੂੰ 24 ਨਕਸਲੀਆਂ ਨੇ ਆਤਮ ਸਮਰਪਣ ਕੀਤਾ ਹੈ, ਜਿਨ੍ਹਾਂ ਵਿੱਚੋਂ 14 ਦੇ ਸਿਰ 'ਤੇ ਕੁੱਲ 28.50 ਲੱਖ ਰੁਪਏ ਦਾ ਇਨਾਮ ਸੀ। ਇਹ ਆਤਮ ਸਮਰਪਣ ਤਿਲੰਗਾਨਾ ਦੀ ਸਰਹੱਦ ਨਾਲ ਲੱਗਦੇ ਬੀਜਾਪੁਰ ਦੀਆਂ ਪਹਾੜੀਆਂ 'ਤੇ 21 ਅਪ੍ਰੈਲ ਤੋਂ ਚੱਲ ਰਹੇ ਲਗਭਗ 24,000 ਸੁਰੱਖਿਆ ਕਰਮਚਾਰੀਆਂ ਦੇ ਨਕਸਲ ਵਿਰੋਧੀ ਅਭਿਆਨ ਦੌਰਾਨ ਹੋਇਆ ਹੈ। ਅਧਿਕਾਰੀ ਨੇ ਕਿਹਾ ਕਿ ਆਤਮ ਸਮਰਪਣ ਕਰਨ ਵਾਲਿਆਂ ਵਿਚ 11 ਔਰਤਾਂ ਸ਼ਾਮਲ ਹਨ। ਉਨ੍ਹਾਂ ਨੇ ਅਣਮਨੁੱਖੀ ਮਾਓਵਾਦੀ ਵਿਚਾਰਧਾਰਾ, ਅਤਿਵਾਦੀਆਂ ਵੱਲੋਂ ਸਥਾਨਕ ਆਦਿਵਾਸੀਆਂ 'ਤੇ ਅੱਤਿਆਚਾਰਾਂ ਅਤੇ ਗੈਰ-ਕਾਨੂੰਨੀ ਸੰਗਠਨ ਦੇ ਅੰਦਰ ਵਧ ਰਹੇ ਮਤਭੇਦਾਂ ਤੋਂ ਨਿਰਾਸ਼ਾ ਦਾ ਹਵਾਲਾ ਦਿੱਤਾ। ਬੀਜਾਪੁਰ ਦੇ ਪੁਲਿਸ ਸੁਪਰਡੈਂਟ ਜਤਿੰਦਰ ਕੁਮਾਰ ਯਾਦਵ ਨੇ ਕਿਹਾ ਉਹ ਸੁਰੱਖਿਆ ਕੈਂਪਾਂ ਦੇ ਆਲੇ-ਦੁਆਲੇ ਦੂਰ-ਦੁਰਾਡੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਸੁਵਿਧਾਜਨਕ (ਬਾਕੀ ਸਫਾ 2 'ਤੇ)

## ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ 1,000 ਤੋਂ ਵੱਧ ਭਾਰਤੀਆਂ ਨੇ ਛੱਡਿਆ ਪਾਕਿ

ਲਾਹੌਰ, 28 ਅਪ੍ਰੈਲ (ਚੜ੍ਹਦੀਕਲਾ ਬਿਊਰੋ): ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਵੀਜ਼ਾ ਰੱਦ ਹੋਣ ਕਾਰਨ ਆਪਣੀਆਂ ਯਾਤਰਾਵਾਂ ਵਿਚੇ ਛੱਡਣ ਲਈ ਮਜਬੂਰ ਹੋਣ ਤੋਂ ਬਾਅਦ ਪਿਛਲੇ ਛੇ ਦਿਨਾਂ ਵਿਚ 1,000 ਤੋਂ ਵੱਧ ਭਾਰਤੀ ਵਾਹਗਾ ਸਰਹੱਦ ਰਾਹੀਂ ਆਪਣੇ ਘਰ ਰਵਾਨਾ ਹੋਣ ਲਈ ਪਾਕਿਸਤਾਨ ਛੱਡ ਕੇ ਚਲੇ ਗਏ ਹਨ। ਇਕ ਸਰਕਾਰੀ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ,''ਪਿਛਲੇ ਛੇ ਦਿਨਾਂ ਵਿੱਚ ਵਾਹਗਾ ਸਰਹੱਦ ਰਾਹੀਂ 1,000 ਤੋਂ ਵੱਧ ਭਾਰਤੀ ਪਾਕਿਸਤਾਨ ਛੱਡ ਕੇ ਆਪਣੇ ਘਰ ਚਲੇ ਗਏ ਹਨ।'' ਇਸੇ ਤਰ੍ਹਾਂ ਸੋਮਵਾਰ ਤੱਕ 800 ਤੋਂ ਵੱਧ ਪਾਕਿਸਤਾਨੀ ਘਰ ਵਾਪਸ ਆਏ ਹਨ। ਉਨ੍ਹਾਂ ਅੱਗੇ ਕਿਹਾ ਕਿ ਦੋਵਾਂ ਦੇਸ਼ਾਂ ਤੋਂ ਲੰਬੇ ਸਮੇਂ ਦੇ ਵੀਜ਼ੇ ਰੱਖਣ ਵਾਲਿਆਂ ਨੂੰ ਵਾਪਸੀ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

### ਡੀ.ਜੀ.ਪੀ. ਵੱਲੋਂ ਐਸ.ਐਸ.ਪੀਜ਼ ਅਤੇ ਸੀ.ਪੀਜ਼ ਨਾਲ ਸਮੀਖਿਆ ਮੀਟਿੰਗ

## ਨਸ਼ਾ ਮੁਕਤ ਪੰਜਾਬ ਬਣਾਉਣ ਦੀ ਪੂਰੀ ਯੋਜਨਾ ਤਿਆਰ: ਯਾਦਵ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 28 ਅਪ੍ਰੈਲ :ਨਸ਼ਿਆਂ ਦੇ ਖਾਤਮੇ ਲਈ ਵਿੱਢੀ ਸੂਬਾ ਪੱਧਰੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕਾਂ ਨੂੰ ਵੱਡਾ ਕਾਨੂੰਨੀ ਝਟਕਾ ਦਿੰਦਿਆਂ, ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਐਨਡੀਪੀਐਸ ਐਕਟ ਦੇ ਮਾਮਲਿਆਂ ਵਿੱਚ 89 ਫੀਸਦੀ ਸਜ਼ਾ ਦਰ ਪ੍ਰਾਪਤ ਕਰਕੇ ਕਾਨੂੰਨੀ ਪੱਖ 'ਤੇ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਜਾਣਕਾਰੀ ਅਨੁਸਾਰ, 1 ਮਾਰਚ, 2025 ਤੋਂ ਸੂਬੇ ਭਰ ਵਿੱਚ ਐਨਡੀਪੀਐਸ ਐਕਟ ਦੇ ਕੁੱਲ 836 ਕੇਸਾਂ ਦਾ ਫੈਸਲਾ ਕੀਤਾ ਗਿਆ, ਜਿਨ੍ਹਾਂ ਵਿੱਚੋਂ 744 ਮਾਮਲਿਆਂ ਵਿੱਚ ਦੋਸ਼ ਸਾਬਤ ਹੋਏ ਹਨ।

ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ



ਕਰਦਿਆਂ ਡੀਜੀਪੀ ਨੇ ਕਿਹਾ, "ਇਨ੍ਹਾਂ ਮਾਮਲਿਆਂ ਵਿੱਚ, 144 ਡਰੱਗ ਸਰਗਨਿਆਂ ਨੂੰ 10 ਸਾਲ ਜਾਂ ਇਸ ਤੋਂ ਵੱਧ ਕੈਦ ਦੀ ਸਖ਼ਤ ਸਜ਼ਾ ਸੁਣਾਈ ਗਈ ਹੈ, ਜੋ ਕਿ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਕਾਨੂੰਨ ਲਾਗੂਕਰਨ ਅਤੇ ਨਿਆਂਇਕ ਪ੍ਰਕਿਰਿਆਵਾਂ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ।" ਇਸ ਮੌਕੇ ਉਨ੍ਹਾਂ ਦੇ ਨਾਲ ਸਪੈਸ਼ਲ ਡੀਜੀਪੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਕੁਲਦੀਪ ਸਿੰਘ, ਏਡੀਜੀਪੀ ਏਐਨਟੀਐਫ ਨੀਲਾਭ ਕਿਸ਼ੋਰ ਅਤੇ ਆਈਜੀਪੀ ਹੈੱਡਕੁਆਟਰ ਡਾ. ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 31 ਮਈ ਤੱਕ ਨਸ਼ਿਆਂ ਦੀ ਜ਼ਮੀਨੀ ਪੱਧਰ 'ਤੇ ਉਪਲਬਧਤਾ ਨੂੰ ਜ਼ੀਰੋ ਕਰਨ ਲਈ ਸਮਾਂ ਸੀਮਾ ਨਿਰਧਾਰਤ ਕੀਤੀ ਹੈ, ਇਸ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਪੇਸ਼ੇਵਰ ਪੁਲਿਸਿੰਗ ਨੂੰ ਯਕੀਨੀ ਬਣਾ ਕੇ "ਮਿਸ਼ਨ ਨਸ਼ਾ ਮੁਕਤ ਪੰਜਾਬ" ਦੀ ਨਿੱਜੀ ਤੌਰ 'ਤੇ ਅਗਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਡੀਜੀਪੀ ਨੇ ਮੰਗਲਵਾਰ ਨੂੰ ਸਾਰੇ ਸੀਪੀਜ਼/ਐਸਐਸਪੀਜ਼ ਦੀ ਇੱਕ ਸਮੀਖਿਆ ਮੀਟਿੰਗ ਵੀ ਬੁਲਾਈ ਹੈ, ਜਿਸ ਵਿੱਚ (ਬਾਕੀ ਸਫਾ 2 'ਤੇ)

## ਲਾਹੌਲ-ਸਪਿਤੀ ਬਣਿਆ ਭਾਰਤ ਦਾ ਪਹਿਲਾ ਸਿਰਫ਼ ਔਰਤਾਂ ਵਾਲਾ ਪ੍ਰਸ਼ਾਸਕੀ ਜ਼ਿਲ੍ਹਾ

ਸ਼ਿਮਲਾ, 28 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਇਕ ਇਤਿਹਾਸਕ ਕਦਮ ਵਿਚ, ਹਿਮਾਚਲ ਪ੍ਰਦੇਸ਼ ਦਾ ਲਾਹੌਲ-ਸਪਿਤੀ ਜ਼ਿਲ੍ਹਾ, ਜੋ ਆਪਣੀ ਚੁਣੌਤੀਪੂਰਨ ਧਰਤੀ ਲਈ ਜਾਣਿਆ ਜਾਂਦਾ ਹੈ, ਭਾਰਤ ਦਾ ਪਹਿਲਾ ਸਿਰਫ਼ ਔਰਤਾਂ ਵਾਲਾ ਪ੍ਰਸ਼ਾਸਕੀ ਜ਼ਿਲ੍ਹਾ ਬਣ ਗਿਆ ਹੈ। ਇਹ ਤਬਦੀਲੀ ਆਈ.ਏ.ਐਸ. ਅਧਿਕਾਰੀ ਕਿਰਨ ਬਡਾਨਾ ਦੀ ਹਾਲ ਹੀ ਵਿਚ ਡਿਪਟੀ ਕਮਿਸ਼ਨਰ ਵਜੋਂ ਹੋਈ ਨਿਯੁਕਤੀ ਨਾਲ ਆਈ ਹੈ। ਆਈ.ਏ.ਐਸ.ਅਧਿਕਾਰੀ ਕਿਰਨ ਬਡਾਨਾ ਦੀ ਨਿਯੁਕਤੀ ਜ਼ਿਲ੍ਹੇ ਲਈ ਇਕ ਵੱਡਾ ਮੀਲ ਪੱਥਰ ਹੈ, ਜਿੱਥੇ ਦਿਲਚਸਪ ਗੱਲ ਇਹ ਹੈ ਕਿ, ਰੋਜ਼ੀ-ਰੋਟੀ ਲਈ ਜ਼ਿਲ੍ਹੇ ਤੋਂ ਬਾਹਰ ਬਹੁਤ ਜ਼ਿਆਦਾ ਮਰਦਾਂ ਦੇ ਪ੍ਰਵਾਸ ਕਾਰਨ ਔਰਤਾਂ ਦੀ ਆਬਾਦੀ ਮਰਦਾਂ ਨਾਲੋਂ ਵੱਧ ਹੈ। ਇਹ ਤਬਦੀਲੀ ਰਣਨੀਤਕ, ਰਾਜਨੀਤਿਕ (ਬਾਕੀ ਸਫਾ 2 'ਤੇ)

## ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਤ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ :ਦੇਸ਼ ਦੇ ਪ੍ਰਸਿੱਧ ਸਿੱਖ ਰਾਗੀ ਅਤੇ ਸ਼ਬਦ ਗਾਇਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਨੂੰ ਅੱਜ ਕਲਾ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਹੋਏ ਇੱਕ ਸ਼ਾਨਦਾਰ ਸਮਾਰੋਹ ਵਿੱਚ ਉਨ੍ਹਾਂ ਨੂੰ ਇਹ ਸਨਮਾਨ ਪ੍ਰਦਾਨ ਕੀਤਾ। ਇਸ ਮੌਕੇ 'ਤੇ ਬਹੁਤ ਸਾਰੇ ਪਤਵੰਤੇ ਅਤੇ ਕਲਾ ਪ੍ਰੇਮੀ ਮੌਜੂਦ ਸਨ। ਭਾਈ ਹਰਜਿੰਦਰ ਸਿੰਘ ਪਿਛਲੇ 25 ਸਾਲਾਂ ਤੋਂ ਦੇਸ਼-ਵਿਦੇਸ਼ ਵਿੱਚ ਗੁਰਬਾਣੀ ਕੀਰਤਨ ਰਾਹੀਂ ਸਿੱਖ ਭਗਤੀ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਨੇ ਹੁਣ ਤੱਕ 100 ਤੋਂ ਵੱਧ ਐਲਬਮਾਂ ਰਿਲੀਜ਼ ਕੀਤੀਆਂ ਹਨ, ਜਿਨ੍ਹਾਂ ਵਿੱਚ ਲਗਭਗ 650 ਸ਼ਬਦ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਰੇ ਉਨ੍ਹਾਂ ਦੀ ਸੁਰੀਲੀ ਆਵਾਜ਼ ਅਤੇ ਭਾਵਪੂਰਨ ਕਵਿਤਾਵਾਂ



ਨੇ ਉਨ੍ਹਾਂ ਨੂੰ ਦੁਨੀਆ ਭਰ ਦੇ ਸਿੱਖ ਭਾਈਚਾਰੇ ਵਿੱਚ ਪ੍ਰਸਿੱਧ ਬਣਾਇਆ ਹੈ। ਭਾਈ ਹਰਜਿੰਦਰ ਸਿੰਘ ਦਾ ਜਨਮ 1958 ਵਿੱਚ ਪਿੰਡ ਬਲੜਵਾਲ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਵੀ ਇੱਕ ਰਾਗੀ ਸਨ ਅਤੇ ਉਨ੍ਹਾਂ ਨੇ ਆਪਣੀ ਸਿੱਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਸ੍ਰੀਨਗਰ ਦੇ ਇੱਕ ਗੁਰਦੁਆਰੇ ਵਿੱਚ ਕਈ ਸਾਲਾਂ (ਬਾਕੀ ਸਫਾ 2 'ਤੇ)

## ਮੁਰਮੂ ਨੇ 71 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਨਿਵਾਜਿਆ

ਨਵੀਂ ਦਿੱਲੀ, 28 ਅਪ੍ਰੈਲ (ਚੜ੍ਹਦੀਕਲਾ ਬਿਊਰੋ): ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਅੱਜ 71 ਪ੍ਰਮੁੱਖ ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਪ੍ਰਦਾਨ ਕੀਤੇ, ਜਿਨ੍ਹਾਂ ਵਿੱਚ ਸੁਜ਼ੂਕੀ ਮੋਟਰ ਦੇ ਸਾਬਕਾ ਮੁਖੀ (ਮਰਹੂਮ) ਓਸਾਮੂ ਸੁਜ਼ੂਕੀ, ਮਰਹੂਮ ਗਾਇਕ ਪੰਕਜ ਉਧਾਸ ਅਤੇ ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ (ਮਰਹੂਮ) ਅਤੇ ਤਾਮਿਲ ਡੇਲੀ ਦੀਨਾਮਲਾਰ ਦੇ ਪ੍ਰਕਾਸ਼ਕ ਲਕਸ਼ਮੀਪਤੀ ਰਾਮਾਸੁਬਾਈਯਰ ਤੇ ਪੰਜਾਬੀ ਗਾਇਕਾ ਜਸਪਿੰਦਰ ਨਰੂਲਾ ਕੌਲ ਸ਼ਾਮਲ ਹਨ। ਇਸ ਸਾਲ 25 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ ਦੀ (ਬਾਕੀ ਸਫਾ 2 'ਤੇ)

## 26/11 ਮੁੰਬਈ ਹਮਲੇ ਦੇ ਮਾਸਟਰਮਾਈਂਡ ਤਹੱਵੁਰ ਰਾਣਾ ਦੀ ਹਿਰਾਸਤ 12 ਦਿਨ ਵਧਾਈ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 28 ਅਪ੍ਰੈਲ : ਦਿੱਲੀ ਦੀ ਇਕ ਅਦਾਲਤ ਨੇ ਸੋਮਵਾਰ ਨੂੰ 26/11 ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਹੁਸੈਨ ਰਾਣਾ ਦੀ ਐੱਨ.ਆਈ.ਏ. ਹਿਰਾਸਤ 12 ਦਿਨਾਂ ਲਈ ਵਧਾ ਦਿੱਤੀ। ਵਿਸ਼ੇਸ਼ ਐੱਨ.ਆਈ.ਏ. ਜੱਜ ਚੰਦਰਜੀਤ ਸਿੰਘ ਨੇ ਰਾਣਾ ਦੀ ਪਿਛਲੀ 18 ਦਿਨਾਂ ਦੀ ਰਿਮਾਂਡ ਖਤਮ ਹੋਣ ਤੋਂ ਬਾਅਦ ਐੱਨ.ਆਈ.ਏ. ਦੀ ਅਪੀਲ 'ਤੇ ਉਸਦੀ ਹਿਰਾਸਤ ਵਧਾ ਦਿੱਤੀ। ਇਸ ਦੌਰਾਨ ਰਾਣਾ ਨੂੰ ਸਖ਼ਤ ਸੁਰੱਖਿਆ ਵਿਚਕਾਰ ਆਪਣਾ ਚਿਹਰਾ ਢੱਕ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਸੀਨੀਅਰ ਵਕੀਲ ਦਯਾਨ ਕ੍ਰਿਸ਼ਨਨ ਅਤੇ ਵਿਸ਼ੇਸ਼ ਸਰਕਾਰੀ ਵਕੀਲ ਨਰਿੰਦਰ ਮਾਨ ਚੈਂਬਰ ਵਿਚ ਚੱਲ ਰਹੇ ਇਸ ਮਾਮਲੇ ਵਿਚ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਦੀ ਨੁਮਾਇੰਦਗੀ ਕਰ ਰਹੇ ਹਨ। ਦਿੱਲੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਵਕੀਲ



ਪੀਯੂਸ਼ ਸਚਦੇਵਾ ਰਾਣਾ ਦੀ ਨੁਮਾਇੰਦਗੀ ਕਰ ਰਹੇ ਹਨ। ਆਪਣੇ ਪਿਛਲੇ ਰਿਮਾਂਡ ਆਦੇਸ਼ ਵਿਚ ਅਦਾਲਤ ਨੇ ਐੱਨਆਈਏ ਨੂੰ ਹਰ 24 ਘੰਟਿਆਂ ਵਿੱਚ ਰਾਣਾ ਦੀ ਡਾਕਟਰੀ ਜਾਂਚ ਕਰਨ ਅਤੇ ਉਸਨੂੰ ਹਰ ਦੂਜੇ ਦਿਨ ਆਪਣੇ ਵਕੀਲ ਨੂੰ ਮਿਲਣ ਦੀ ਆਗਿਆ ਦੇਣ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਰਾਣਾ ਨੂੰ ਸਿਰਫ਼ ਇਕ ਸਾਫਟ-ਟਿਪ ਪੈੱਨ ਦੀ ਵਰਤੋਂ ਕਰਨ ਅਤੇ ਐੱਨ.ਆਈ.ਏ. ਅਧਿਕਾਰੀਆਂ ਦੀ ਮੌਜੂਦਗੀ ਵਿਚ ਆਪਣੇ (ਬਾਕੀ ਸਫਾ 2 'ਤੇ)

# ਨ਼ਫਰਤ ਤੇ ਝੂਠ ਨਾਲ ਭਰੇ ਪਾਕਿਸਤਾਨੀ ਮੀਡੀਆ 'ਚ ਆਪਣੀ ਹੀ ਸਰਕਾਰ ਦੇ ਬਣਦੇ ਨੇ ਮੀਮਸ ਤੇ ਕਾਰਟੂਨ

## ਪਾਕਿ ਮੀਡੀਆ ਦੇ ਨਫ਼ਰਤੀ ਕੰਟੈਂਟ ਬਾਰੇ ਚੜ੍ਹਦੀਕਲਾ ਦਾ ਮੁੱਖ ਲੇਖ ਸੱਚ ਸਾਬਤ ਹੋਇਆ

ਪ੍ਰੋ. ਡਾ. ਕਿਸ਼ਨ ਕੁਮਾਰ ਰੱਤੂ
================

ਚੰਡੀਗੜ੍ਹ, 28 ਅਪ੍ਰੈਲ :ਪਹਿਲਗਾਮ ਨਰਸੰਹਾਰ ਬਾਰੇ ਗਲਤ ਇੱਕ ਪਾਸੜ ਪ੍ਰਚਾਰ ਤੇ ਭਾਰਤ ਸਰਕਾਰ ਨੇ ਅੱਜ ਇੱਕ ਐਲਾਨਨਾਮੇ ਦੇ ਵਿੱਚ ਪਾਕਿਸਤਾਨ ਤੋਂ ਨਫ਼ਰਤੀ ਕੰਟੈਂਟ ਅਤੇ ਝੂਠਾ ਨੈਰੇਟਿਵ ਫੈਲਾਉਣ ਦੇ ਦੋਸ਼ ਵਿੱਚ ਪਾਕਿਸਤਾਨ ਤੋਂ ਪ੍ਰਸਾਰਿਤ ਹੁੰਦੇ 16 ਯੂਟੀਊਬ ਅਤੇ ਕਈ ਹੋਰ ਚੈਨਲਾਂ ਦੇ ਬਾਰੇ ਵੀ ਉਹਨਾਂ ਨੂੰ ਭਾਰਤ ਵਿੱਚ ਬੈਨ ਕਰ ਦਿੱਤਾ ਹੈ।

ਇਸਦੇ ਨਾਲ ਹੀ ਭਾਰਤ ਵਿੱਚ ਬੀਬੀਸੀ ਮੀਡੀਆ ਨੂੰ ਵੀ ਨੋਟਿਸ ਦਿੱਤਾ ਗਿਆ ਹੈ ਕਿ ਉਹ ਆਪਣੇ ਕੰਟੈਂਟ ਅਤੇ ਆਪਣੀ ਭਾਸ਼ਾ 'ਤੇ ਧਿਆਨ ਦੇਵੇ। ਇਥੇ ਇਹ ਦਿਲਚਸਪ ਅਤੇ ਪਾਠਕਾਂ ਦੀ ਦਿਲਚਸਪੀ ਲਈ ਵਰਣਯੋਗ ਹੈ ਕਿ ਰੋਜ਼ਾਨਾ ਚੜ੍ਹਦੀਕਲਾ ਨੇ ਆਪਣੇ ਕੱਲ੍ਹ ਦੇ ਮੁੱਖ ਲੇਖ ਵਿੱਚ




ਨਫ਼ਰਤੀ ਕੰਟੈਂਟ ਅਤੇ ਝੂਠਾ ਨੈਰੇਟਿਵ ਫੈਲਾਅ ਰਿਹਾ ਹੈ ਪਾਕਿਸਤਾਨ 'ਮੀਡੀਆ' ਦੇ ਵਿੱਚ ਇਹ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਭਾਰਤ ਸਰਕਾਰ ਨੂੰ ਇਸ ਤੇ ਸਰਜੀਕਲ ਡਿਜ਼ੀਟਲ ਸਟਰਾਈਕ ਕਰਕੇ ਅਜਿਹੇ ਚੈਨਲਾਂ ਨੂੰ ਤੁਰੰਤ ਬੈਨ ਕਰ ਦੇਣਾ ਚਾਹੀਦਾ ਹੈ ਤੇ ਅੱਜ ਭਾਰਤ ਸਰਕਾਰ ਦੇ ਇਸ ਕਦਮ ਦੇ ਨਾਲ ਚੜ੍ਹਦੀਕਲਾ ਦੇ ਉਸ ਮੁੱਖ ਲੇਖ ਜੋ ਕਾਲਮਨਿਸਟ ਅਤੇ ਚੜ੍ਹਦੀਕਲਾ ਲਈ ਵਿਸ਼ੇਸ਼ ਤੌਰ ਤੇ ਲਿਖੇ ਗਏ ਡਾ. ਪ੍ਰੋਫੈਸਰ ਕ੍ਰਿਸ਼ਨ ਕੁਮਾਰ ਰੱਤੂ ਦਾ ਲੇਖ , ਜਿਸ ਵਿੱਚ ਕਿਹਾ ਗਿਆ ਸੀ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਭਾਰਤ ਸਰਕਾਰ ਨੂੰ ਤੁਰੰਤ ਅਜਿਹੇ ਚੈਨਲਾਂ ਨੂੰ ਬਲਾਕ ਕਰ ਦੇਣਾ ਚਾਹੀਦਾ ਹੈ ਤਾਂ ਕਿ ਨਫ਼ਰਤ ਦੀ ਕੰਟੈਂਟ ਅਤੇ ਦੂਸਰੀਆਂ ਨਫਰਤਵਾਦੀ ਟਿੱਪਣੀਆਂ ਤੋਂ ਭਾਰਤੀ ਦਰਸ਼ਕਾਂ ਨੂੰ ਯੂਟੀਊਬ ਅਤੇ ਸੋਸ਼ਲ ਮੀਡੀਆ ਦੇ ਨਾਲ ਚੈਨਲਾਂ ਤੋਂ ਬਚਾਇਆ ਜਾਵੇ।

ਹੁਣ ਪਾਕਿਸਤਾਨ ਦੇ ਲੋਕ ਆਪਣੀਆਂ ਅਖ਼ਬਾਰਾਂ ਵਿੱਚ 'ਤੇ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਤੇ ਆਪਣੀ ਸਰਕਾਰ ਦੇ ਤਰ੍ਹਾਂ ਤਰ੍ਹਾਂ ਦੇ ਕਾਰਟੂਨ ਬਣਾ ਕੇ ਲੋਕਾਂ ਵਿੱਚ ਪ੍ਰਸਾਰਿਤ ਕਰ ਰਹੇ ਹਨ ਕਿ ਕਿਸ ਤਰ੍ਹਾਂ ਦੀ ਪਾਕਿਸਤਾਨ ਦੀ ਅੰਦਰ ਦੀ ਹਾਲਤ ਹੈ। ਉੱਥੇ ਪੱਛਮੀ ਚੈਨਲਾਂ ਦੇ ਵਿੱਚ ਬੀਬੀਸੀ ਅਤੇ ਦੂਜੇ ਚੈਨਲਾਂ ਦਾ ਰਵਈਆ ਵੀ (ਬਾਕੀ ਸਫਾ 2 'ਤੇ)

### ਪੰਜਾਬ ਸਰਕਾਰ ਦਾ ਇੱਕ ਹੋਰ ਲੋਕ-ਪੱਖੀ ਕਦਮ

## ਹੁਣ ਸਰਕਾਰੀ ਅਧਿਕਾਰੀ ਰਹਿਣਗੇ 24 ਘੰਟੇ ਉਪਲਬਧ

ਅੰਮ੍ਰਿਤਪਾਲ ਸਿੰਘ
================

ਚੰਡੀਗੜ੍ਹ, 28 ਅਪ੍ਰੈਲ :ਜਨਤਕ ਸੇਵਾ ਪ੍ਰਦਾਨ ਕਰਨ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪ੍ਰਸ਼ਾਸਕੀ ਸੁਧਾਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਦਫ਼ਤਰੀ ਸਮੇਂ ਤੋਂ ਬਾਅਦ ਵੀ ਆਪਣੇ ਮੋਬਾਈਲ ਫੋਨਾਂ ਰਾਹੀਂ ਜਨਤਾ ਤੱਕ ਪਹੁੰਚਯੋਗ ਰਹਿਣ ਲਈ ਨਿਰਦੇਸ਼ ਜਾਰੀ ਕੀਤੇ ਹਨ। ਇਹ ਕਦਮ ਆਮ ਆਦਮੀ ਪਾਰਟੀ (ਆਪ) ਦੀ ਪ੍ਰਸ਼ਾਸਨ ਨੂੰ ਲੋਕਾਂ ਦੇ ਨੇੜੇ ਲਿਆਉਣ ਅਤੇ ਉਨ੍ਹਾਂ ਦੀਆਂ ਮਸਲਿਆਂ ਨੂੰ ਤੁਰੰਤ ਹੱਲ ਕਰਨ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਿਧਾਇਕ ਅੰਮ੍ਰਿਤਪਾਲ ਸੁਖਾਨੰਦ ਨੇ ਮਾਨ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਇਸਨੂੰ 'ਸ਼ਾਸਨ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ



ਕਰਨ ਲਈ ਇੱਕ ਇਤਿਹਾਸਕ ਕਦਮ' ਦਸਿਆ। ਉਨ੍ਹਾਂ ਕਿਹਾ, 'ਪੰਜਾਬ ਵਿੱਚ 'ਆਪ' ਸਰਕਾਰ ਬਣਨ ਤੋਂ ਬਾਅਦ, ਸਾਡੀ ਤਰਜੀਹ ਹਮੇਸ਼ਾ ਇਹ ਯਕੀਨੀ ਬਣਾਉਣਾ ਰਹੀ ਹੈ ਕਿ ਆਮ ਆਦਮੀ, ਜਿਸ ਕੋਲ ਪ੍ਰਭਾਵ ਜਾਂ ਕੋਈ ਸਿਫਾਰਸ਼ ਨਹੀਂ ਹੈ, ਆਪਣੇ ਮੁੱਦਿਆਂ ਨੂੰ ਰੁਕਾਵਟਾਂ ਤੋਂ ਬਿਨਾਂ ਹੱਲ ਕਰਵਾ ਸਕੇ। ਇਸ ਨਿਰਦੇਸ਼ ਦੇ ਤਹਿਤ ਸਾਰੇ ਸਰਕਾਰੀ ਵਿਭਾਗਾਂ ਨੂੰ ਇਹ ਯਕੀਨੀ (ਬਾਕੀ ਸਫਾ 2 'ਤੇ)

# ਕਿਸੇ ਵੀ ਦੇਸ਼ ਕੋਲ 100 ਫ਼ੀਸਦੀ ਪੁਖ਼ਤਾ ਖ਼ੁਫ਼ੀਆ ਜਾਣਕਾਰੀ ਨਹੀਂ ਹੁੰਦੀ: ਸ਼ਸ਼ੀ ਥਰੂਰ

## ਕਿਹਾ, ਦੋਸ਼ ਦੇਣ ਦੀ ਬਜਾਏ ਸਾਨੂੰ ਮੌਜੂਦਾ ਸੰਕਟ 'ਤੇ ਧਿਆਨ ਦੇਣਾ ਚਾਹੀਦੈ



ਨਵੀਂ ਦਿੱਲੀ, 28 ਅਪ੍ਰੈਲ (ਚ.ਨ.ਸ.) : ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲਾ ਸੰਭਾਵਤ ਤੌਰ 'ਤੇ ਖ਼ੁਫ਼ੀਆ ਜਾਣਕਾਰੀ ਦੀ ਅਸਫ਼ਲਤਾ ਕਾਰਨ ਹੋਇਆ ਸੀ ਅਤੇ ਇਸਦੀ ਤੁਲਨਾ 7 ਅਕਤੂਬਰ, 2023 ਨੂੰ ਅੱਤਵਾਦੀ ਸਮੂਹ ਹਮਾਸ ਦੁਆਰਾ ਕੀਤੇ ਗਏ ਹਮਲੇ ਨਾਲ ਕੀਤੀ ਜਿਸਨੇ ਇਜ਼ਰਾਈਲ ਨੂੰ ਹੈਰਾਨ ਕਰ ਦਿੱਤਾ, ਜਿਸ ਨੂੰ ਆਪਣੇ ਮਜ਼ਬੂਤ ਖ਼ੁਫ਼ੀਆ ਜਾਣਕਾਰੀ ਲਈ ਜਾਣਿਆ ਜਾਂਦਾ ਹੈ।

ਉਨ੍ਹਾਂ ਕਿਹਾ, "ਸਪੱਸ਼ਟ ਤੌਰ 'ਤੇ, ਕੋਈ ਪੁਖ਼ਤਾ ਖ਼ੁਫ਼ੀਆ ਜਾਣਕਾਰੀ ਨਹੀਂ ਸੀ। ਕੁਝ ਅਸਫ਼ਲਤਾਵਾਂ ਸਨ... ਪਰ ਸਾਡੇ ਕੋਲ ਇਜ਼ਰਾਈਲ ਦੀ ਉਦਾਹਰਣ ਹੈ, ਜਿਸ ਨੂੰ ਦੁਨੀਆਂ ਭਰ 'ਚ ਅਪਣੀਆ ਵਧੀਆ ਖੁਫ਼ੀਆ ਸੇਵਾਵਾਂ ਕਰ ਕੇ ਜਾਣਿਆ ਜਾਂਦਾ ਹੈ, ਪਰ ਦੋ ਸਾਲ ਪਹਿਲਾਂ 7 ਅਕਤੂਬਰ ਨੂੰ ਹੋਏ ਹਮਲੇ ਕਾਰਨ ਸਾਰਿਆਂ ਨੂੰ ਹੈਰਾਨ ਕਰ ਦਿਤਾ ਸੀ। ਮੈਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਇਜ਼ਰਾਈਲ ਜਵਾਬਦੇਹੀ ਦੀ ਮੰਗ ਕਰਨ ਲਈ ਯੁੱਧ ਦੇ ਅੰਤ ਤੱਕ ਉਡੀਕ ਕਰ ਰਿਹਾ ਹੈ, ਉਸੇ ਤਰ੍ਹਾਂ, ਮੈਨੂੰ ਲੱਗਦਾ ਹੈ ਕਿ ਸਾਨੂੰ ਮੌਜੂਦਾ ਸੰਕਟ ਨੂੰ ਵੀ ਦੇਖਣਾ ਚਾਹੀਦਾ ਹੈ ਅਤੇ ਫਿਰ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕਰਨੀ ਚਾਹੀਦੀ ਹੈ। ਕਿਸੇ ਵੀ ਦੇਸ਼ ਕੋਲ ਕਦੇ ਵੀ 100 ਪ੍ਰਤੀਸ਼ਤ ਪੁਖ਼ਤਾ ਖੁਫ਼ੀਆ ਜਾਣਕਾਰੀ ਨਹੀਂ ਹੋ ਸਕਦੀ।" ਉਨ੍ਹਾਂ ਦੱਸਿਆ ਕਿ ਅੱਤਵਾਦੀ ਹਮਲਿਆਂ ਨੂੰ ਸਫ਼ਲਤਾਪੂਰਵਕ ਨਾਕਾਮ ਕਰਨ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਜਦੋਂ ਕਿ ਅਸਫ਼ਲਤਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਅਸਫ਼ਲਤਾਵਾਂ ਨੂੰ ਸਵੀਕਾਰ ਕੀਤਾ, ਪਰ ਤੁਰੰਤ ਦੋਸ਼ ਦੇਣ ਦੀ ਬਜਾਏ ਮੌਜੂਦਾ ਸੰਕਟ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ,"ਅਸੀਂ ਕਦੇ ਵੀ ਵੱਖ-ਵੱਖ ਅੱਤਵਾਦੀ ਹਮਲਿਆਂ ਬਾਰੇ ਨਹੀਂ ਜਾਣ ਸਕਾਂਗੇ ਜਿਨ੍ਹਾਂ ਨੂੰ ਸਫ਼ਲਤਾਪੂਰਵਕ ਨਾਕਾਮ ਕੀਤਾ ਗਿਆ ਸੀ। ਅਸੀਂ ਸਿਰਫ਼ ਉਨ੍ਹਾਂ ਬਾਰੇ ਸਿੱਖਦੇ ਹਾਂ ਜਿਨ੍ਹਾਂ ਨੂੰ ਅਸੀਂ ਨਾਕਾਮ ਕਰਨ ਵਿੱਚ ਅਸਫ਼ਲ ਰਹੇ। ਇਹ ਕਿਸੇ ਵੀ ਦੇਸ਼ ਵਿੱਚ ਆਮ ਗੱਲ ਹੈ।" ਕਾਂਗਰਸ ਨੇਤਾ ਨੇ ਕਿਹਾ, "ਮੈਂ ਸਹਿਮਤ ਹਾਂ ਕਿ ਕੁਝ ਅਸਫ਼ਲਤਾਵਾਂ ਹੋਈਆਂ ਹਨ ਪਰ ਇਸ ਵੇਲੇ ਸਾਡਾ ਧਿਆਨ ਇਸ 'ਤੇ ਨਹੀਂ ਹੋਣਾ ਚਾਹੀਦਾ...।"

# ਪਾਕਿਸਤਾਨ ਨੇ ਪੁੰਛ ਅਤੇ ਕੁਪਵਾੜਾ ਸੈਕਟਰਾਂ 'ਚ ਜੰਗਬੰਦੀ ਦੀ ਉਲੰਘਣਾ ਕੀਤੀ

## ਭਾਰਤੀ ਸੈਨਿਕਾਂ ਨੇ ਢੁੱਕਵੀਂ ਜਵਾਬੀ ਕਾਰਵਾਈ ਕੀਤੀ



ਜੰਮੂ, 28 ਅਪ੍ਰੈਲ (ਚ.ਨ.ਸ.) : ਪਾਕਿਸਤਾਨੀ ਸੈਨਿਕਾਂ ਨੇ ਜੰਗਬੰਦੀ ਸਮਝੌਤੇ ਦੀ ਉਲੰਘਣਾ ਜਾਰੀ ਰੱਖਦਿਆਂ ਐਤਵਾਰ ਰਾਤ ਨੂੰ ਜੰਮੂ-ਕਸ਼ਮੀਰ ਦੇ ਪੁਣਛ ਅਤੇ ਕੁਪਵਾੜਾ ਜ਼ਿਲ੍ਹਿਆਂ ਵਿੱਚ ਕੰਟਰੋਲ ਰੇਖਾ 'ਤੇ ਬਿਨਾਂ ਕਿਸੇ ਭੜਕਾਹਟ ਤੋਂ ਗੋਲੀਬਾਰੀ ਕੀਤੀ। ਫੌਜ ਦੇ ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਇਹ ਲਗਾਤਾਰ ਚੌਥੀ ਰਾਤ ਸੀ ਜਦੋਂ ਪਾਕਿਸਤਾਨ ਨੇ ਕੰਟਰੋਲ ਰੇਖਾ 'ਤੇ ਬਿਨਾਂ ਭੜਕਾਹਟ ਗੋਲੀਬਾਰੀ ਕੀਤੀ। ਇਹ ਗੋਲੀਬਾਰੀ ਅਜਿਹੇ ਸਮੇਂ ਹੋਈ ਹੈ ਜਦੋਂ ਪਿਛਲੇ ਹਫ਼ਤੇ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧਿਆ ਹੋਇਆ ਹੈ। ਫੌਜ ਦੇ ਬੁਲਾਰੇ ਨੇ ਕਿਹਾ, "27-28 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਕੁਪਵਾੜਾ ਅਤੇ ਪੁਣਛ ਜ਼ਿਲ੍ਹਿਆਂ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਕੰਟਰੋਲ ਰੇਖਾ ਦੇ ਪਾਰ ਪਾਕਿਸਤਾਨੀ ਸੈਨਿਕਾਂ ਦੀਆਂ ਚੌਕੀਆਂ ਵੱਲੋਂ ਛੋਟੇ ਹਥਿਆਰਾਂ ਨਾਲ ਬਿਨਾਂ ਭੜਕਾਹਟ ਤੋਂ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ।" ਉਨ੍ਹਾਂ ਕਿਹਾ ਕਿ ਭਾਰਤੀ ਸੈਨਿਕਾਂ ਨੇ ਤੁਰੰਤ ਅਤੇ ਅਸਰਦਾਰ ਢੰਗ ਨਾਲ ਜਵਾਬੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਇਸ ਤੋਂ ਪਹਿਲਾਂ, ਪਾਕਿਸਤਾਨੀ ਫੌਜ ਨੇ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨਿਚਰਵਾਰ ਰਾਤ ਨੂੰ ਵੀ ਕੰਟਰੋਲ ਰੇਖਾ (ਐਲ.ਓ.ਸੀ.) 'ਤੇ ਗੋਲੀਬਾਰੀ ਕੀਤੀ ਸੀ, ਜਿਸ ਦਾ ਭਾਰਤੀ ਫੌਜ ਨੇ ਢੁੱਕਵਾਂ ਜਵਾਬ ਦਿੱਤਾ ਸੀ।

## ਓਵੈਸੀ ਨੇ ਪਾਕਿਸਤਾਨ ਨੂੰ ਦਿੱਤੀ ਚੇਤਾਵਨੀ

# 'ਜੇ ਤੁਸੀਂ ਬੇਗੁਨਾਹਾਂ ਨੂੰ ਮਾਰੋਗੇ, ਤਾਂ ਤੁਹਾਨੂੰ ਜਵਾਬ ਮਿਲੇਗਾ'



ਨਵੀਂ ਦਿੱਲੀ, 28 ਅਪ੍ਰੈਲ (ਚ.ਨ.ਸ.) : ਓਵੈਸੀ ਨੇ ਮਹਾਰਾਸ਼ਟਰ ਦੇ ਪਰਭਾਨੀ ਵਿਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਭਾਰਤ ਨੂੰ ਧਮਕੀਆਂ ਦੇਣ ਵਾਲੇ ਪਾਕਿਸਤਾਨੀ ਨੇਤਾਵਾਂ ਦਾ ਜਵਾਬ ਦਿਤਾ ਹੈ। ਪਹਿਲਗਾਮ ਅੱਤਵਾਦੀ ਹਮਲੇ ਬਾਰੇ, ਏਆਈਐਮਆਈਐਮ ਮੁਖੀ ਅਸਦੁਦੀਨ ਓਵੈਸੀ ਨੇ ਐਤਵਾਰ ਨੂੰ ਕਿਹਾ - ਪਾਕਿਸਤਾਨ ਆਪਣੇ ਆਪ ਨੂੰ ਪ੍ਰਮਾਣੂ ਸ਼ਕਤੀ ਕਹਿੰਦਾ ਹੈ। ਉਨ੍ਹਾਂ ਦੇ ਆਗੂ ਪ੍ਰਮਾਣੂ ਯੁੱਧ ਦੀ ਧਮਕੀ ਦੇ ਰਹੇ ਹਨ। ਪਰ ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਉਹ ਕਿਸੇ ਵੀ ਦੇਸ਼ ਵਿੱਚ ਦਾਖਲ ਹੋ ਕੇ ਮਾਸੂਮ ਲੋਕਾਂ ਨੂੰ ਮਾਰਦੇ ਹਨ, ਤਾਂ ਕੋਈ ਵੀ ਚੁੱਪ ਨਹੀਂ ਬੈਠਣ ਵਾਲਾ ਹੈ। ਤੁਹਾਨੂੰ ਜਵਾਬ ਮਿਲ ਜਾਵੇਗਾ।

ਓਵੈਸੀ ਨੇ ਕਿਹਾ ਕਿ ਸਰਕਾਰ ਕੋਈ ਵੀ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਤਰ੍ਹਾਂ ਆ ਰਿਹਾ ਹੈ ਅਤੇ ਸਾਡੀ ਭਾਰਤੀ ਧਰਤੀ 'ਤੇ ਹਮਲਾ ਕਰ ਰਿਹਾ ਹੈ। ਧਰਮ ਬਾਰੇ ਪੁੱਛਣ ਤੋਂ ਬਾਅਦ ਗੋਲੀ ਮਾਰਨਾ ਠੀਕ ਨਹੀਂ ਹੈ, ਤੁਸੀਂ ਉਹੀ ਕੀਤਾ ਹੈ ਜੋ ISIS ਕਰਦਾ ਹੈ। ਪਾਕਿਸਤਾਨ ਸਮੇਂ ਦੇ ਮਾਮਲੇ ਵਿਚ ਭਾਰਤ ਤੋਂ ਅੱਧਾ ਘੰਟਾ ਨਹੀਂ ਸਗੋਂ ਅੱਧੀ ਸਦੀ ਪਿੱਛੇ ਹੈ। ਸਾਡਾ ਫੌਜੀ ਬਜਟ ਤੁਹਾਡੇ ਦੇਸ਼ ਦੇ ਬਜਟ ਤੋਂ ਵੱਧ ਹੈ। ਦਰਅਸਲ, ਓਵੈਸੀ ਦਾ ਇਹ ਬਿਆਨ ਪਾਕਿਸਤਾਨੀ ਰੇਲ ਮੰਤਰੀ ਹਨੀਫ ਅੱਬਾਸੀ ਵਲੋਂ ਭਾਰਤ ਨੂੰ ਪਰਮਾਣੂ ਹਮਲੇ ਦੀ ਧਮਕੀ ਦੇਣ ਤੋਂ ਬਾਅਦ ਆਇਆ ਹੈ।ਅੱਬਾਸੀ ਨੇ ਕਿਹਾ ਸੀ ਕਿ ਅਸੀਂ ਭਾਰਤ ਲਈ ਸ਼ਾਹੀਨ, ਗੌਰੀ ਅਤੇ ਗਜ਼ਨਵੀ ਵਰਗੀਆਂ 130 ਮਿਜ਼ਾਈਲਾਂ ਰੱਖੀਆਂ ਹਨ। ਜੇਕਰ ਭਾਰਤ ਸਿੰਧੂ ਜਲ ਸੰਧੀ ਨੂੰ ਰੋਕਦਾ ਹੈ, ਤਾਂ ਅਸੀਂ ਉਸ ਦਾ ਸਾਹ ਲੈਣਾ ਵੀ ਬੰਦ ਕਰ ਦੇਵਾਂਗੇ। ਭਾਰਤ ਨੂੰ ਜੰਗ ਲਈ ਤਿਆਰ ਰਹਿਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਪਾਕਿ ਮੰਤਰੀ ਅੱਬਾਸੀ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਪ੍ਰਮਾਣੂ ਹਥਿਆਰ ਸਿਰਫ਼ ਸਜਾਵਟ ਲਈ ਨਹੀਂ ਰੱਖੇ ਗਏ ਹਨ, ਸਗੋਂ ਅਸੀਂ ਦੇਸ਼ ਭਰ ਵਿਚ ਕਈ ਥਾਵਾਂ 'ਤੇ ਪ੍ਰਮਾਣੂ ਹਥਿਆਰ ਲੁਕਾਏ ਹੋਏ ਹਨ। ਸਾਡੀਆਂ ਮਿਜ਼ਾਈਲਾਂ ਭਾਰਤ ਵਲ ਨਿਸ਼ਾਨਾ ਹਨ। ਭਾਰਤ ਨੂੰ ਇਹ ਵੀ ਪਤਾ ਹੈ ਕਿ ਸਾਡੇ ਕੋਲ ਹਥਿਆਰ ਹਨ, ਇਸੇ ਲਈ ਉਹ ਸਾਡੇ 'ਤੇ ਹਮਲਾ ਨਹੀਂ ਕਰ ਰਹੇ। ਆਪਣੀ ਸੁਰੱਖਿਆ ਵਿਚ ਕਮੀਆਂ ਨੂੰ ਸਵੀਕਾਰ ਕਰਨ ਦੀ ਬਜਾਏ, ਭਾਰਤ ਪਹਿਲਗਾਮ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਇਸਲਾਮਾਬਾਦ ਆਪਣੇ ਵਿਰੁੱਧ ਕਿਸੇ ਵੀ ਆਰਥਿਕ ਕਾਰਵਾਈ ਦਾ ਜਵਾਬ ਦੇਣ ਲਈ ਤਿਆਰ ਹੈ। ਹਨੀਫ਼ ਅੱਬਾਸੀ ਨੇ ਭਾਰਤ ਵੱਲੋਂ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਰੋਕਣ ਅਤੇ ਵਪਾਰਕ ਸਬੰਧਾਂ ਨੂੰ ਖ਼ਤਮ ਕਰਨ ਦੇ ਕਦਮ ਦਾ ਮਜ਼ਾਕ ਉਡਾਇਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਭਾਰਤ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿਤਾ ਹੈ। ਇਸ ਕਾਰਨ, ਭਾਰਤ ਦਾ ਹਵਾਬਾਜ਼ੀ ਉਦਯੋਗ ਸਿਰਫ਼ ਦੋ ਦਿਨਾਂ ਵਿਚ ਹੀ ਮੁਸ਼ਕਿਲ ਵਿਚ ਪੈ ਗਿਆ। ਭਾਰਤ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੈ। ਜੇਕਰ ਅਸੀਂ ਹਵਾਈ ਖੇਤਰ ਨੂੰ 10 ਦਿਨਾਂ ਲਈ ਬੰਦ ਰੱਖਦੇ ਹਾਂ, ਤਾਂ ਭਾਰਤੀ ਏਅਰਲਾਈਨਾਂ ਦੀਵਾਲੀਆ ਹੋ ਜਾਣਗੀਆਂ।

# ਪਹਿਲੇ ਸਫ਼ੇ ਦੀ ਬਾਕੀ

### ਸਰਕਾਰ ਵੱਲੋਂ ਲੋਕ ਸੰਪਰਕ ਵਿਭਾਗ 'ਚ

ਭੁਪਿੰਦਰ ਸਿੰਘ ਆਈ.ਪੀ.ਆਰ.ਓ., ਸਤਿੰਦਰ ਪਾਲ ਸਿੰਘ ਏ.ਪੀ.ਆਰ.ਓ., ਹਰਿੰਦਰ ਸਿੰਘ ਏ.ਪੀ.ਆਰ.ਓ. ਦੇ ਅਧਿਕਾਰੀ ਸ਼ਾਮਲ ਹਨ।

### ਓ.ਟੀ.ਟੀ.ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ

ਓ.ਟੀ.ਟੀ. ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਅਸ਼ਲੀਲ ਸਮੱਗਰੀ ਨਾਲ ਸਬੰਧਤ ਪਟੀਸ਼ਨ ਵਿੱਚ, ਇੱਕ ਰਾਸ਼ਟਰੀ ਸਮੱਗਰੀ ਨਿਯੰਤਰਣ ਅਥਾਰਟੀ ਬਣਾਉਣ ਅਤੇ ਇਸਦੇ ਲਈ ਦਿਸ਼ਾ-ਨਿਰਦੇਸ਼ ਨਿਰਧਾਰਤ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰ ਨੇ ਕਿਹਾ ਕਿ ਸੋਸ਼ਲ ਮੀਡੀਆ ਸਾਈਟਾਂ ਬਿਨਾਂ ਕਿਸੇ ਫਿਲਟਰ ਦੇ ਅਸ਼ਲੀਲ ਸਮੱਗਰੀ ਪੇਸ਼ ਕਰ ਰਹੀਆਂ ਹਨ। ਬਹੁਤ ਸਾਰੇ ਓ.ਟੀ.ਟੀ. ਪਲੇਟਫਾਰਮਾਂ 'ਤੇ ਬਾਲ ਅਸ਼ਲੀਲਤਾ ਦੇ ਤੱਤ ਵੀ ਹਨ। ਇਹ ਵਿਗੜੀ ਹੋਈ ਅਤੇ ਗ਼ੈਰ-ਕੁਦਰਤੀ ਸੈਕਸ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਅਪਰਾਧ ਦਰ ਵਧਦੀ ਹੈ। ਪਟੀਸ਼ਨ ਵਿੱਚ ਅੱਗੇ ਕਿਹਾ ਗਿਆ ਹੈ,'ਇੰਟਰਨੈੱਟ ਦੀ ਪਹੁੰਚਯੋਗਤਾ ਅਤੇ ਸਸਤੀ ਕੀਮਤ ਦੇ ਕਾਰਨ, ਬਿਨਾਂ ਕਿਸੇ ਜਾਂਚ ਦੇ ਹਰ ਉਮਰ ਦੇ ਉਪਭੋਗਤਾਵਾਂ ਨੂੰ ਅਸ਼ਲੀਲ ਸਮੱਗਰੀ ਪਹੁੰਚਾਉਣਾ ਆਸਾਨ ਹੋ ਗਿਆ ਹੈ। ਬੇਰੋਕ ਅਸ਼ਲੀਲ ਸਮੱਗਰੀ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦੀ ਹੈ। ਜੇਕਰ ਇਸ 'ਤੇ ਪਾਬੰਦੀਆਂ ਨਹੀਂ ਲਗਾਈਆਂ ਜਾਂਦੀਆਂ ਹਨ, ਤਾਂ ਇਸ ਦੇ ਸਮਾਜਕ ਮੁੱਲਾਂ ਅਤੇ ਲੋਕਾਂ ਦੀ ਮਾਨਸਿਕ ਸਿਹਤ 'ਤੇ ਗੰਭੀਰ ਨਤੀਜੇ ਹੋ ਸਕਦੇ ਹਨ।' ਸਮੇਂ ਦੀ ਇਹ ਮੰਗ ਹੈ ਕਿ ਸਰਕਾਰ ਆਪਣਾ ਸੰਵਿਧਾਨਕ ਫਰਜ਼ ਪੂਰਾ ਕਰੇ ਅਤੇ ਸਮਾਜਕ ਨੈਤਿਕਤਾ ਦੀ ਰੱਖਿਆ ਕਰੇ। ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਡਿਜੀਟਲ ਪਲੇਟਫਾਰਮ ਅਜਿਹੀ ਜਗ੍ਹਾ ਨਾ ਬਣਨ ਜੋ ਵਿਗੜੀ ਹੋਈ ਮਾਨਸਿਕਤਾ ਨੂੰ ਜਨਮ ਦਿੰਦੀ ਹੈ।' ਪਟੀਸ਼ਨਕਰਤਾ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਨੂੰ ਸੋਸ਼ਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ ਤੱਕ ਲੋਕਾਂ ਦੀ ਪਹੁੰਚ 'ਤੇ ਪਾਬੰਦੀ ਲਗਾਉਣ ਦਾ ਨਿਰਦੇਸ਼ ਦੇਵੇ ਜਦੋਂ ਤੱਕ ਅਜਿਹੇ ਪਲੇਟਫਾਰਮ ਭਾਰਤ ਵਿੱਚ, ਖਾਸ ਕਰ ਕੇ ਬੱਚਿਆਂ ਅਤੇ ਨਾਬਾਲਗਾਂ ਲਈ, ਖੁਲ੍ਹੇਆਮ ਅਸ਼ਲੀਲ ਸਮੱਗਰੀ ਨੂੰ ਰੋਕਣ ਲਈ ਇੱਕ ਪ੍ਰਣਾਲੀ ਨਹੀਂ ਬਣਾਉਂਦੇ।

### 'ਤੁਸੀਂ ਵੱਡੇ ਹਾਈਵੇਅ ਬਣਾ ਰਹੇ ਹੋ

ਇਸ ਨੂੰ ਲਾਗੂ ਨਹੀਂ ਕੀਤਾ। ਬੈਂਚ ਨੇ ਸੜਕ ਆਵਾਜਾਈ ਮੰਤਰਾਲੇ ਦੇ ਸਕੱਤਰ ਨੂੰ ਪੁੱਛਿਆ,÷ਤੁਸੀਂ ਉਲੰਘਣਾ ਕਰ ਰਹੇ ਹੋ। ਤੁਸੀਂ ਸਮਾਂ ਵਧਾਉਣ ਦੀ ਮੰਗ ਕਰਨ ਦੀ ਖੇਚਲ ਨਹੀਂ ਕੀਤੀ। ਇਹ ਕੀ ਹੋ ਰਿਹਾ ਹੈ ? ਕੀ ਤੁਸੀਂ ਸਾਨੂੰ ਦੱਸ ਸਕਦੇ ਹੋ ਕਿ ਤੁਸੀਂ ਯੋਜਨਾਵਾਂ ਕਦੋਂ ਬਣਾਓਗੇ ? ਤੁਹਾਨੂੰ ਆਪਣੇ ਕਾਨੂੰਨਾਂ ਦੀ ਕੋਈ ਪਰਵਾਹ ਨਹੀਂ ਹੈ। ਇਹ ਭਲਾਈ ਪ੍ਰਬੰਧਾਂ 'ਚੋਂ ਇਕ ਹੈ। ਇਸ ਪ੍ਰਬੰਧ ਨੂੰ ਲਾਗੂ ਹੋਏ ਤਿੰਨ ਸਾਲ ਹੋ ਗਏ ਹਨ। ਕੀ ਤੁਸੀਂ ਸੱਚ-ਮੁੱਚ ਆਮ ਆਦਮੀ ਦੀ ਭਲਾਈ ਲਈ ਕੰਮ ਕਰ ਰਹੇ ਹੋ ? ਸੁਪਰੀਮ ਕੋਰਟ ਨੇ ਸਕੱਤਰ ਨੂੰ ਇਹ ਵੀ ਸਵਾਲ ਕੀਤਾ ਕਿ ਕੀ ਤੁਸੀਂ ਇੰਨੇ ਲਾਪਰਵਾਹ ਹੋ ਸਕਦੇ ਹੋ ? ਕੀ ਤੁਸੀਂ ਇਸ ਵਿਵਸਥਾ ਪ੍ਰਤੀ ਗੰਭੀਰ ਨਹੀਂ ਹੋ ? ਲੋਕ ਸੜਕ ਹਾਦਸਿਆਂ 'ਚ ਮਰ ਰਹੇ ਹਨ। ਤੁਸੀਂ ਵੱਡੇ ਹਾਈਵੇਅ ਬਣਾ ਰਹੇ ਹੋ ਪਰ ਲੋਕ ਉੱਥੇ ਮਰ ਰਹੇ ਹਨ ਕਿਉਂਕਿ ਉੱਥੇ ਕੋਈ ਸਹੂਲਤਾਂ ਨਹੀਂ ਹਨ। 'ਗੋਲਡਨ ਆਵਰ ਟ੍ਰੀਟਮੈਂਟ' (ਹਾਦਸੇ ਦੇ ਇਕ ਘੰਟੇ ਵਿਚ ਇਲਾਜ) ਦੀ ਕੋਈ ਯੋਜਨਾ ਨਹੀਂ ਹੈ। ਇੰਨੇ ਸਾਰੇ ਹਾਈਵੇਅ ਬਣਾਉਣ ਦਾ ਕੀ ਫਾਇਦਾ ?" ਮੋਟਰ ਵਹੀਕਲ ਐਕਟ, 1988 ਦੀ ਧਾਰਾ 2 (12-ਏ) ਦੇ ਤਹਿਤ 'ਗੋਲਡਨ ਆਵਰ', ਸੜਕ ਹਾਦਸੇ ਵਿਚ ਦਰਦਨਾਕ ਸੱਟ ਲੱਗਣ ਤੋਂ ਬਾਅਦ ਇਕ ਘੰਟੇ ਦੀ ਮਿਆਦ ਨੂੰ ਦਰਸਾਉਂਦਾ ਹੈ, ਜਿਸ ਦੌਰਾਨ ਸਮੇਂ ਸਿਰ ਡਾਕਟਰੀ ਸਹਾਇਤਾ ਨਾਲ ਜਾਨ ਬਚਾਈ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਯੋਜਨਾ 'ਚ ਦੇਰੀ ਦੇ ਕਾਰਨਾਂ ਬਾਰੇ ਦੱਸਣ ਲਈ ਸਕੱਤਰ ਨੂੰ ਤਲਬ ਕੀਤਾ ਸੀ। ਸਕੱਤਰ ਨੇ ਸੋਮਵਾਰ ਨੂੰ ਕਿਹਾ ਕਿ ਇਕ ਡਰਾਫਟ ਸਕੀਮ ਤਿਆਰ ਕੀਤੀ ਗਈ ਸੀ ਪਰ ਜਨਰਲ ਇੰਸ਼ੋਰੈਂਸ ਕੌਂਸਲ ਵਲੋਂ ਉਠਾਏ ਗਏ ਇਤਰਾਜ਼ਾਂ ਕਾਰਨ ਇਹ ਰੁਕਾਵਟ ਬਣ ਗਈ। ਸਕੱਤਰ ਨੇ ਕਿਹਾ ਕਿ ਕੌਂਸਲ ਸਹਿਯੋਗ ਨਹੀਂ ਕਰ ਰਿਹਾ ਹੈ। ਸੁਪਰੀਮ ਕੋਰਟ ਨੇ ਇਹ ਬਿਆਨ ਵੀ ਰਿਕਾਰਡ 'ਤੇ ਲਿਆ ਕਿ 'ਗੋਲਡਨ ਆਵਰ' ਯੋਜਨਾ ਸੋਮਵਾਰ ਤੋਂ ਇਕ ਹਫ਼ਤੇ ਦੇ ਅੰਦਰ ਲਾਗੂ ਹੋ ਜਾਵੇਗੀ। ਇਸ ਤੋਂ ਬਾਅਦ ਬੈਂਚ ਨੇ ਨੋਟੀਫਾਈਡ ਸਕੀਮ ਨੂੰ 9 ਮਈ ਤੱਕ ਰਿਕਾਰਡ 'ਤੇ ਰੱਖਣ ਦੇ ਨਿਰਦੇਸ਼ ਦਿੱਤੇ ਅਤੇ ਮਾਮਲੇ ਦੀ ਅਗਲੀ ਸੁਣਵਾਈ 13 ਮਈ ਨੂੰ ਤੈਅ ਕੀਤੀ।

### ਛੱਤੀਸਗੜ੍ਹ 'ਚ 14 ਇਨਾਮੀ ਨਕਸਲੀਆਂ

ਬਣਾਉਣ ਦੇ ਉਦੇਸ਼ ਨਾਲ ਰਾਜ ਸਰਕਾਰ ਦੀ 'ਨਿਆਦ ਨੇਲਾਨਾਰ' (ਤੁਹਾਡਾ ਚੰਗਾ ਪਿੰਡ) ਯੋਜਨਾ ਤੋਂ ਵੀ ਪ੍ਰਭਾਵਿਤ ਹਨ।" ਅਧਿਕਾਰੀ ਨੇ ਦੱਸਿਆ ਕਿ ਇਸ ਆਤਮ ਸਮਰਪਣ ਨਾਲ ਹੁਣ ਤੱਕ ਜ਼ਿਲ੍ਹੇ ਵਿਚ 203 ਨਕਸਲੀਆਂ ਨੇ ਹਥਿਆਰ ਸੁੱਟ ਦਿੱਤੇ ਹਨ, ਜਦੋਂ ਕਿ 90 ਮਾਰੇ ਗਏ ਹਨ ਅਤੇ 213 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਆਤਮ ਸਮਰਪਣ ਕਰਨ ਵਾਲੇ ਨਕਸਲੀਆਂ ਨੂੰ 50,000 ਰੁਪਏ ਦੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ ਅਤੇ ਸਰਕਾਰ ਦੀ ਨੀਤੀ ਅਨੁਸਾਰ ਉਨ੍ਹਾਂ ਦਾ ਪੁਨਰਵਾਸ ਕੀਤਾ ਜਾਵੇਗਾ। ਪੁਲਿਸ ਅਨੁਸਾਰ 2024 ਵਿਚ ਬਸਤਰ ਖੇਤਰ ਵਿਚ ਕੁੱਲ 792 ਨਕਸਲੀਆਂ ਨੇ ਆਤਮ ਸਮਰਪਣ ਕੀਤਾ।

### ਸੂਬਾਈ ਦਰਜੇ ਦੀ ਬਹਾਲੀ ਲਈ ਅੱਤਵਾਦੀ ਹਮਲੇ ਦਾ

ਮੈਂ ਸਸਤੀ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦਾ। ਕੀ ਮੈਨੂੰ 26 ਜਾਨਾਂ ਗੁਆਉਣ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਹੋਣੀ ਚਾਹੀਦੀ ਅਤੇ ਹੁਣ ਰਾਜ ਦਾ ਦਰਜਾ ਮੰਗਦਿਆਂ ਕੇਂਦਰ ਕੋਲ ਜਾਣਾ ਚਾਹੀਦਾ ਹੈ ?ਉਹ ਸਦਨ ਵਿੱਚ ਕੁਝ ਮੈਂਬਰਾਂ ਦਾ ਹਵਾਲਾ ਦੇ ਰਹੇ ਸਨ ਜਿਨ੍ਹਾਂ ਨੇ ਜੰਮੂ-ਕਸ਼ਮੀਰ ਵਿੱਚ ਅੱਤਵਾਦ ਨੂੰ ਹਰਾਉਣ ਲਈ ਰਾਜ ਦਾ ਦਰਜਾ ਬਹਾਲ ਕਰਨ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ,ਅਸੀਂ ਪਹਿਲਾਂ ਵੀ (ਕੇਂਦਰ ਸਰਕਾਰ ਨਾਲ) ਰਾਜ ਦੇ ਦਰਜੇ ਬਾਰੇ ਗੱਲ ਕੀਤੀ ਹੈ ਅਤੇ ਅਸੀਂ ਭਵਿੱਖ ਵਿੱਚ ਵੀ ਇਸ ਬਾਰੇ ਗੱਲ ਕਰਦੇ ਰਹਾਂਗੇ, ਪਰ ਹੁਣੇ ਨਹੀਂ। ਇਸ ਵਾਰ ਅੱਤਵਾਦੀ ਕਾਰਵਾਈ ਦੀ ਨਿੰਦਾ ਕਰਨ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਗੁਆਉਣ ਵਾਲੇ ਪਰਿਵਾਰਾਂ ਨਾਲ ਇਕਜੁੱਟਤਾ ਜ਼ਾਹਰ ਕਰਨ ਤੋਂ ਇਲਾਵਾ ਕਿਸੇ ਵੀ ਚੀਜ਼ 'ਤੇ ਕੋਈ ਰਾਜਨੀਤੀ ਨਹੀਂ ਹੋਵੇਗੀ। ਉਨ੍ਹਾਂ ਨੇ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਝੂਠੀਆਂ ਖ਼ਬਰਾਂ ਫੈਲਾਉਣ ਵਾਲੇ ਸੋਸ਼ਲ ਮੀਡੀਆ ਹੈਂਡਲਰਾਂ ਨੂੰ ਵੀ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ,ਜਦੋਂ ਕਿ 90 ਫ਼ੀਸਦੀ ਲੋਕ ਸੱਚਾਈ ਦਾ ਸਮਰਥਨ ਕਰ ਰਹੇ ਹਨ, 10 ਫ਼ੀਸਦੀ ਅਜਿਹੇ ਹਨ ਜੋ ਸੋਸ਼ਲ ਮੀਡੀਆ 'ਤੇ ਝੂਠ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮੈਂ ਉਨ੍ਹਾਂ ਨੂੰ ਚੇਤਾਵਨੀ ਦਿੰਦਾ ਹਾਂ ਕਿ ਉਹ ਇਸ ਤੋਂ ਤੁਰੰਤ ਬਾਜ਼ ਆ ਜਾਣ, ਕਿਉਂਕਿ ਅਸੀਂ ਝੂਠ ਦੇ ਪਸਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ।

### ਹਾਈ ਕੋਰਟ ਵੱਲੋਂ ਅਗਾਊਂ ਜ਼ਮਾਨਤ

ਨਹੀਂ ਕੀਤੀ ਗਈ ਜਿਨ੍ਹਾਂ ਨੇ ਮੇਰੇ ਪਤੀ ਅਤੇ ਪੁੱਤਰ ਨੂੰ ਕੁੱਟਿਆ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਤੰਗ ਕੀਤਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਆਪਣਾ ਕੰਮ ਕਰ ਰਹੀ ਹੈ ਅਤੇ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸੱਚਾਈ ਸਾਹਮਣੇ ਆਵੇਗੀ ਪਰ ਸਾਡੇ 'ਤੇ ਅਜੇ ਵੀ ਸਮਝੌਤਾ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਰਨਲ ਬਾਠ ਚੰਡੀਗੜ੍ਹ ਪੁਲਿਸ ਵੱਲੋਂ 'ਸਿਟ' ਦਾ ਗਠਨ ਕਰ ਦਿੱਤਾ ਗਿਆ ਹੈ।ਐਸ.ਪੀ. ਦੀ ਅਗਵਾਈ ਹੇਠ 4 ਮੈਂਬਰੀ 'ਸਿੱਟ' ਬਣਾਈ ਗਈ ਹੈ। ਡੀ.ਐਸ.ਪੀ., ਇੱਕ ਇੰਸਪੈਕਟਰ ਤੇ ਇੱਕ ਸਬ-ਇੰਸਪੈਕਟਰ 'ਸਿੱਟ' 'ਚ ਸ਼ਾਮਲ ਹਨ।

### ਨਸ਼ਾ ਮੁਕਤ ਪੰਜਾਬ ਬਣਾਉਣ ਦੀ

ਸਾਰੇ ਜ਼ਿਲ੍ਹਾ ਮੁਖੀ 31 ਮਈ ਤੱਕ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਆਪਣੀ ਯੋਜਨਾ ਪੇਸ਼ ਕਰਨਗੇ।

ਉਨ੍ਹਾਂ ਕਿਹਾ, ਸੀਪੀਜ਼/ਐਸਐਸਪੀਜ਼ ਨੂੰ ਇਹ ਟੀਚਾ ਪ੍ਰਾਪਤ ਕਰਨ ਲਈ ਸਾਰੇ ਜ਼ਰੂਰੀ ਉਪਾਵਾਂ ਦੀ ਯੋਜਨਾ ਬਣਾਉਣ ਅਤੇ ਲਾਗੂ ਕਰਨ ਦੇ ਨਾਲ ਨਾਲ 31 ਮਈ, 2025 ਤੱਕ ਕੋਈ ਟੀਚਾਗਤ ਮਿਤੀ - ਜਿਸ ਮਿਤੀ ਤੱਕ ਉਨ੍ਹਾਂ ਦੇ ਖੇਤਰ ਪੂਰੀ ਤਰ੍ਹਾਂ ਨਸ਼ਾ ਮੁਕਤ ਹੋ ਜਾਣਗੇ - ਨਿਰਧਾਰਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ 31 ਮਈ ਤੋਂ ਬਾਅਦ, ਅਸਲ ਜ਼ਮੀਨੀ ਹਕੀਕਤ ਦੀ ਪੁਸ਼ਟੀ ਕਰਨ ਲਈ ਖੁਫੀਆ ਸਰੋਤਾਂ ਅਤੇ ਹੋਰ ਸਾਧਨਾਂ ਦੀ ਵਰਤੋਂ ਕਰਕੇ ਖੇਤਰੀ ਮੁਲਾਂਕਣ ਕੀਤਾ ਜਾਵੇਗਾ।

ਡੀਜੀਪੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਵਧੀਆ ਕਾਰਗੁਜ਼ਾਰੀ ਲਈ ਇਨਾਮ ਦਿੱਤਾ ਜਾਵੇਗਾ, ਜਦੋਂ ਕਿ ਝੂਠੇ ਦਾਅਵੇ ਕਰਨ ਵਾਲੇ ਅਧਿਕਾਰੀਆਂ ਜਾਂ ਜਿਹਨਾਂ ਦੀ ਕਾਰਗੁਜ਼ਾਰੀ ਮਿਆਰ ਮੁਤਾਬਕ ਨਹੀਂ ਪਾਈ ਜਾਂਦੀ, ਤਾਂ ਉਨ੍ਹਾਂ ਦੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪੁਲਿਸ ਦਾ ਧਿਆਨ ਅੰਕੜੇ-ਅਧਾਰਤ ਟੀਚਿਆਂ 'ਤੇ ਨਹੀਂ ਹੈ, ਸਗੋਂ ਸੂਬੇ ਭਰ ਵਿੱਚ ਨਸ਼ਿਆਂ ਦੇ ਖਾਤਮੇ ਲਈ ਸਪਲਾਈ ਚੇਨਾਂ ਨੂੰ ਪੂਰੀ ਤਰ੍ਹਾਂ ਤੋੜਨਾ ਹੈ।

ਉਨ੍ਹਾਂ ਕਿਹਾ ਕਿ ਸੀਪੀਜ਼/ਐਸਐਸਪੀਜ਼ ਨੂੰ ਪਹਿਲਾਂ ਹੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਐਨਡੀਪੀਐਸ ਐਕਟ ਅਧੀਨ ਦਰਜ ਕੀਤੇ ਜਾ ਰਹੇ ਮਾਮਲਿਆਂ ਦੇ ਅਗਲੇ-ਪਿਛਲੇ ਸਬੰਧਾਂ ਨੂੰ ਟਰੇਸ ਕਰਕੇ ਅਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਕੇ ਮਾਮਲਿਆਂ ਨੂੰ ਤਰਕਪੂਰਨ ਸਿੱਟੇ 'ਤੇ ਲੈ ਕੇ ਆਉਣ।

ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਨਾਗਰਿਕਾਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ ਸੂਬੇ ਦੇ ਲੋਕਾਂ ਨੂੰ ਨਸ਼ਾ ਤਸਕਰਾਂ ਦੀ ਗੁਪਤ ਢੰਗ ਨਾਲ ਰਿਪੋਰਟ ਕਰਨ ਲਈ ਸੇਫ ਪੰਜਾਬ ਐਂਟੀ ਡਰੱਗ ਹੈਲਪਲਾਈਨ '9779100200' ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹੈਲਪਲਾਈਨ 'ਤੇ ਪ੍ਰਾਪਤ ਹੋਣ ਵਾਲੀ ਹਰ ਸੂਚਨਾ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਨਿੱਜੀ ਤੌਰ 'ਤੇ ਪ੍ਰਗਤੀ ਦੀ ਸਮੀਖਿਆ ਕਰ ਰਹੇ ਹਨ।

ਦੱਸਣਯੋਗ ਹੈ ਕਿ ਪੰਜਾਬ ਪੁਲਿਸ ਨੇ ਸੇਫ ਪੰਜਾਬ ਡਰੱਗ ਹੈਲਪਲਾਈਨ 'ਤੇ ਲੋਕਾਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ 503 ਐਫਆਈਆਰਜ਼ ਦਰਜ ਕੀਤੀਆਂ ਹਨ ਅਤੇ 659 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਲਈ ਤਿੰਨ-ਪੱਖੀ ਰਣਨੀਤੀ ਅਪਣਾਈ ਹੈ, ਜਿਸ ਵਿੱਚ ਹਵਾਲਾ ਨੈੱਟਵਰਕ ਨੂੰ ਢਾਹ ਲਾਉਣਾ, ਜਾਇਦਾਦਾਂ ਨੂੰ ਜ਼ਬਤ ਕਰਨਾ ਅਤੇ ਗੈਰ-ਕਾਨੂੰਨੀ ਉਸਾਰੀਆਂ 'ਤੇ ਬੁਲਡੋਜ਼ਰ ਚਲਾਉਣਾ ਸ਼ਾਮਲ ਹੈ।

ਨਸ਼ਾ ਤਸਕਰਾਂ ਦੇ ਆਰਥਿਕ ਬੁਨਿਆਦੀ ਢਾਂਚੇ ਨੂੰ ਵੱਡਾ ਝਟਕਾ ਦਿੰਦਿਆਂ ਪੁਲਿਸ ਨੇ 31 ਹਵਾਲਾ ਸੰਚਾਲਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8.03 ਕਰੋੜ ਰੁਪਏ ਦੀ ਡਰੱਗ ਮਨੀ ਜ਼ਬਤ ਕੀਤੀ ਹੈ, ਜਦੋਂ ਕਿ ਐਨਡੀਪੀਐਸ ਐਕਟ ਦੀ ਧਾਰਾ 68-ਐਫ ਤਹਿਤ 81 ਤਸਕਰਾਂ ਦੀਆਂ 32.95 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਹੈ, ਜਿਸ ਨਾਲ ਉਹ ਪੈਸੇ ਨੂੰ ਲਾਂਡਰਿੰਗ ਜਾਂ ਅਪਰਾਧ ਵਿੱਚ ਮੁੜ ਨਿਵੇਸ਼ ਨਹੀਂ ਕਰ ਸਕਣਗੇ। ਇਸ ਤੋਂ ਇਲਾਵਾ ਸਥਾਨਕ ਅਧਿਕਾਰੀਆਂ ਦੁਆਰਾ ਕਾਨੂੰਨ ਅਨੁਸਾਰ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਤੌਰ 'ਤੇ ਬਣੀਆਂ 72 ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ।

ਡੀਜੀਪੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਜੰਗ ਅੰਕੜਿਆਂ 'ਤੇ ਅਧਾਰਿਤ ਨਹੀਂ ਹੈ, ਪੰਜਾਬ ਸਰਕਾਰ ਨਸ਼ਾ ਪੀੜਤਾਂ ਨਾਲ ਹਮਦਰਦੀ ਨਾਲ ਪੇਸ਼ ਆ ਰਹੀ ਹੈ ਅਤੇ ਥੋੜ੍ਹੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਨਾਲ ਫੜੇ ਗਏ 689 ਵਿਅਕਤੀਆਂ ਨੂੰ ਐਨਡੀਪੀਐਸ ਐਕਟ ਦੀ ਧਾਰਾ 64-ਏ ਅਧੀਨ ਉਪਬੰਧ ਦੀ ਵਰਤੋਂ ਕਰਦਿਆਂ ਜੇਲ੍ਹ ਭੇਜਣ ਦੀ ਬਜਾਏ ਉਹਨਾਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜਿਆ ਗਿਆ ਹੈ।

ਸੂਬੇ ਵਿੱਚ ਚਲ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ"ਦੇ 59 ਦਿਨ ਪੂਰੇ ਹੋਣ ਸਬੰਧੀ ਨਤੀਜਿਆਂ ਨੂੰ ਸਾਂਝਾ ਕਰਦਿਆਂ ਉਹਨਾਂ ਦੱਸਿਆ ਕਿ ਪੁਲਿਸ ਟੀਮਾਂ ਨੇ 1 ਮਾਰਚ, 2025 ਤੋਂ ਹੁਣ ਤੱਕ ਐਨਡੀਪੀਐਸ ਐਕਟ ਤਹਿਤ 4659 ਐਫਆਈਆਰ ਦਰਜ ਕਰਕੇ 1877 ਵੱਡੀਆਂ ਮੱਛੀਆਂ ਸਮੇਤ 7414 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 297 ਕਿਲੋਗ੍ਰਾਮ ਹੈਰੋਇਨ, 100 ਕੁਇੰਟਲ ਭੁੱਕੀ, 153 ਕਿਲੋਗ੍ਰਾਮ ਅਫੀਮ, 95 ਕਿਲੋਗ੍ਰਾਮ ਗਾਂਜਾ, 21.77 ਲੱਖ ਗੋਲੀਆਂ/ਕੈਪਸੂਲ ਅਤੇ 8.03 ਕਰੋੜ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਕੁੱਲ ਗ੍ਰਿਫ਼ਤਾਰੀਆਂ ਵਿੱਚੋਂ, ਘੱਟੋ-ਘੱਟ 908 ਵਾਰ-ਵਾਰ ਟੀਚਾਗਤ ਅਤੇ ਪ੍ਰਭਾਵਸ਼ਾਲੀ ਸੀਏਐਸਓ ਕਾਰਵਾਈਆਂ ਦੌਰਾਨ 755 ਪਛਾਣੇ ਗਏ ਨਸ਼ਾ ਸਥਾਨਾਂ ਤੋਂ 1774 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ ਅਤੇ 1 ਮਾਰਚ, 2025 ਤੋਂ ਹੁਣ ਤੱਕ ਸਵੈ-ਰੱਖਿਆ ਵਿੱਚ ਪੁਲਿਸ ਟੀਮਾਂ ਦੁਆਰਾ ਕੀਤੀ ਗਈ ਜਵਾਬੀ ਗੋਲੀਬਾਰੀ ਵਿੱਚ 62 ਨਸ਼ਾ ਤਸਕਰ/ਗੈਂਗਸਟਰ ਜ਼ਖਮੀ ਹੋਏ ਹਨ।

ਡੱਬੀ: ਮਹੱਤਵਪੂਰਨ ਪ੍ਰੋਜੈਕਟ ਪ੍ਰਗਤੀ ਅਧੀਨ— ਐਂਟੀ ਡਰੋਨ ਤਕਨਾਲੋਜੀ ਅਤੇ ਵਿਸ਼ੇਸ਼ ਐਨਡੀਪੀਐਸ ਅਦਾਲਤਾਂ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਭਾਰਤ-ਪਾਕਿ ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਦੇ ਟਰਾਇਲ ਕੀਤੇ ਜਾਣ ਤੋਂ ਬਾਅਦ, ਪੰਜਾਬ ਸਰਕਾਰ ਇਸ ਸਾਲ ਸਤੰਬਰ ਜਾਂ ਅਕਤੂਬਰ ਤੱਕ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਡਰੋਨਾਂ ਨੂੰ ਠੱਲ੍ਹ ਪਾਉਣ ਲਈ ਇਹ ਉਨਤ ਸਿਸਟਮ ਸਥਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਉਨ੍ਹਾਂ ਕਿਹਾ ਕਿ 22.8 ਕਰੋੜ ਰੁਪਏ ਦੇ ਸਾਲਾਨਾ ਖਰਚੇ ਨਾਲ 30 ਵਿਸ਼ੇਸ਼ ਐਨਡੀਪੀਐਸ ਐਕਟ ਅਦਾਲਤਾਂ ਸਥਾਪਤ ਕਰਨ ਦਾ ਪ੍ਰਸਤਾਵ ਵੀ ਸੂਬਾ ਸਰਕਾਰ ਦੇ ਵਿਚਾਰ ਅਧੀਨ ਹੈ।

### ਲਾਹੌਲ-ਸਪਿਤੀ ਬਣਿਆ ਭਾਰਤ ਦਾ

ਅਤੇ ਪ੍ਰਸ਼ਾਸਕੀ ਫ਼ੈਸਲਿਆਂ ਦੀ ਇਕ ਲੜੀ ਤੋਂ ਬਾਅਦ ਹੋਇਆ ਹੈ। ਪਿਛਲੇ ਸਾਲ, ਇਕ ਹੈਰਾਨੀਜਨਕ ਰਾਜਨੀਤਿਕ ਵਿਕਾਸ ਦੇ ਨਤੀਜੇ ਵਜੋਂ 2024 ਦੀਆਂ ਉਪ-ਚੋਣਾਂ ਦੌਰਾਨ ਅਨੁਰਾਧਾ ਰਾਣਾ ਨੂੰ ਜ਼ਿਲ੍ਹੇ ਦੀ ਦੂਜੀ ਮਹਿਲਾ ਵਿਧਾਇਕ ਵਜੋਂ ਚੁਣਿਆ ਗਿਆ। ਜਿਸ ਨਾਲ ਕਬਾਇਲੀ ਖੇਤਰ ਵਿਚ ਔਰਤਾਂ ਦੀ ਲੀਡਰਸ਼ਿਪ ਨੂੰ ਹੋਰ ਮਜ਼ਬੂਤੀ ਮਿਲੀ। ਇਸ ਗਤੀ ਨੂੰ ਅੱਗੇ ਵਧਾਉਂਦੇ ਹੋਏ, ਕਾਂਗਰਸ ਸਰਕਾਰ ਨੇ ਹਾਲ ਹੀ ਵਿਚ ਇਲਮਾ ਅਫ਼ਰੋਜ਼ ਨੂੰ ਲਾਹੌਲ-ਸਪਿਤੀ ਲਈ ਪੁਲਿਸ ਸੁਪਰਡੈਂਟ ਵਜੋਂ ਨਿਯੁਕਤ ਕੀਤਾ ਹੈ,ਮਾਈਨਿੰਗ ਮਾਫੀਆ ਅਤੇ ਰਾਜਨੀਤਿਕ ਦਖਲਅੰਦਾਜ਼ੀ ਨੂੰ ਰੋਕਣ ਵਿਚ ਉਨ੍ਹਾਂ ਦੀ ਸ਼ਲਾਘਾਯੋਗ ਸਫ਼ਲਤਾ ਤੋਂ ਬਾਅਦ ਉਸ ਨੂੰ ਸੋਲਨ ਜ਼ਿਲ੍ਹੇ ਤੋਂ ਤਬਦੀਲ ਕਰ ਦਿਤਾ ਗਿਆ ਹੈ। ਇਸ ਚੱਕਰ ਨੂੰ ਪੂਰਾ ਕਰਨ ਲਈ, ਸਬ-ਡਿਵੀਜ਼ਨਲ ਮੈਜਿਸਟ੍ਰੇਟ ਕੇਲੋਂਗ ਦਾ ਚਾਰਜ ਅਕਾਂਕਸ਼ਾ ਸ਼ਰਮਾ ਅਤੇ ਐਸ.ਡੀ.ਐਮ. ਕਾਜ਼ਾ ਸ਼ਿਖਾ ਕੋਲ ਹੈ, ਜਿਨ੍ਹਾਂ ਨੂੰ ਮਹਿਲਾ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ, ਇਸ ਨਾਲ ਲਾਹੌਲ-ਸਪਿਤੀ ਔਰਤਾਂ ਦੀ ਅਗਵਾਈ ਵਾਲੇ ਸ਼ਾਸਨ ਦਾ ਇਕ ਮਾਡਲ ਬਣ ਕੇ ਉਭਰਿਆ ਹੈ।

### ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਪਦਮਸ਼੍ਰੀ ਪੁਰਸਕਾਰ

ਤੱਕ ਕੀਰਤਨ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਸ਼੍ਰੀਨਗਰ ਵਾਲੇ ਵਜੋਂ ਜਾਣਿਆ ਜਾਂਦਾ ਹੈ।

ਪਦਮਸ਼੍ਰੀ ਪੁਰਸਕਾਰ ਭਾਰਤ ਦਾ ਚੌਥਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਹੈ, ਜਿਸ ਦੀ ਸਥਾਪਨਾ 1954 ਵਿੱਚ ਕੀਤੀ ਗਈ ਸੀ। ਇਹ ਪੁਰਸਕਾਰ ਕਲਾ, ਸਿੱਖਿਆ, ਸਾਹਿਤ, ਵਿਗਿਆਨ, ਦਵਾਈ, ਸਮਾਜ ਸੇਵਾ ਅਤੇ ਜਨਤਕ ਕਾਰਜਾਂ ਵਿੱਚ ਸ਼ਾਨਦਾਰ ਯੋਗਦਾਨ ਲਈ ਦਿੱਤਾ ਜਾਂਦਾ ਹੈ। ਇਸ ਪੁਰਸਕਾਰ ਨਾਲ, ਭਾਈ ਹਰਜਿੰਦਰ ਸਿੰਘ ਦਾ ਨਾਮ ਹੁਣ ਤੱਕ ਇਹ ਸਨਮਾਨ ਪ੍ਰਾਪਤ ਕਰਨ ਵਾਲੇ 3448 ਲੋਕਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ।

### ਮੁਰਮੂ ਨੇ 71 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ

ਪੂਰਵ ਸੰਧਿਆ ਮੌਕੇ ਦੇਸ਼ ਦੇ ਨਾਗਰਿਕ ਪੁਰਸਕਾਰਾਂ- ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ੍ਰੀ ਲਈ ਕੁੱਲ 139 ਉੱਘੀਆਂ ਸ਼ਖਸੀਅਤਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ 71 ਨੂੰ ਅੱਜ ਰਾਸ਼ਟਰਪਤੀ ਭਵਨ ਦੇ ਸ਼ਾਨਦਾਰ ਦਰਬਾਰ ਹਾਲ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰਾਂ ਦੀ ਮੌਜੂਦਗੀ ਵਿੱਚ ਇਹ ਪੁਰਸਕਾਰ ਦਿੱਤੇ ਗਏ, ਜਦੋਂ ਕਿ ਬਾਕੀਆਂ ਨੂੰ ਜਲਦੀ ਹੀ ਇੱਕ ਵੱਖਰੇ ਸਮਾਗਮ ਵਿੱਚ ਇਨ੍ਹਾਂ ਪੁਰਸਕਾਰਾਂ ਨਾਲ ਨਿਵਾਜ਼ਿਆ ਜਾਵੇਗਾ। ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਉੱਘੇ ਅਦਾਕਾਰ ਅਤੇ ਨਿਰਦੇਸ਼ਕ ਸ਼ੇਖਰ ਕਪੂਰ, ਕ੍ਰਿਕਟਰ ਰਵੀਚੰਦਰਨ ਅਸ਼ਵਿਨ, ਹਾਕੀ ਖਿਡਾਰੀ ਪੀਆਰ ਸ੍ਰੀਜੇਸ਼, ਏਸ਼ੀਅਨ ਇੰਸਟੀਚਿਊਟ ਆਫ ਗੈਸਟ੍ਰੋਐਂਟਰੌਲੋਜੀ ਅਤੇ ਏਆਈਜੀ ਹਸਪਤਾਲ ਦੇ ਚੇਅਰਮੈਨ ਡੀ. ਨਾਗੇਸ਼ਵਰ ਰੈੱਡੀ, ਵਾਇਲਨ ਵਾਦਕ ਲਕਸ਼ਮੀਨਾਰਾਇਣ ਸੁਬਰਾਮਨੀਅਮ ਅਤੇ ਤੇਲਗੂ ਸੁਪਰਸਟਾਰ ਨੰਦਾਮੁਰੀ ਬਾਲਕ੍ਰਿਸ਼ਨ ਸ਼ਾਮਲ ਹਨ, ਜਿਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਪਦਮ ਪੁਰਸਕਾਰ ਪ੍ਰਦਾਨ ਕੀਤੇ ਗਏ। ਚਾਰ ਸ਼ਖਸੀਅਤਾਂ ਓਸਾਮੂ ਸੁਜ਼ੂਕੀ (ਮਰਨ ਉਪਰੰਤ) ਨੂੰ, ਸੁਬਰਾਮਨੀਅਮ, ਰੈੱਡੀ ਅਤੇ ਮਲਿਆਲਮ ਲੇਖਕ ਅਤੇ ਫਿਲਮ ਨਿਰਦੇਸ਼ਕ ਐਮ.ਟੀ. ਵਾਸੂਦੇਵਨ ਨਾਇਰ (ਮਰਨ ਉਪਰੰਤ) ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਕੁੱਲ 10 ਉੱਘੀਆਂ ਸ਼ਖਸੀਅਤਾਂ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਪੰਕਜ ਉਧਾਸ (ਮਰਨ ਉਪਰੰਤ), ਸੁਸ਼ੀਲ ਕੁਮਾਰ ਮੋਦੀ (ਮਰਨ ਉਪਰੰਤ), ਬਾਲਕ੍ਰਿਸ਼ਨ ਕਪੂਰ, ਹਾਕੀ ਖਿਡਾਰੀ ਪੀਆਰ ਸ੍ਰੀਜੇਸ਼, ਤਾਮਿਲ ਅਦਾਕਾਰ ਐੱਸ. ਅਜੀਤ ਕੁਮਾਰ, ਜ਼ੂਡੀਸ ਲਾਈਫ਼ ਸਾਇੰਸ ਦੇ ਚੇਅਰਪਰਸਨ ਪੰਕਜ ਪਟੇਲ ਅਤੇ ਭਾਰਤੀ-ਅਮਰੀਕੀ ਇੰਜੀਨੀਅਰ ਵਿਨੋਦ ਧਾਮ ਜਿਨ੍ਹਾਂ ਨੂੰ 'ਪੈਂਟੀਅਮ' ਦੇ ਪਿਤਾਮਾ ਵਜੋਂ ਜਾਣਿਆ ਹੈ, ਸ਼ਾਮਲ ਹਨ।

ਇਸ ਦੌਰਾਨ 57 ਅਹਿਮ ਸ਼ਖਮੀਅਤਾਂ ਨੂੰ ਪਦਮ ਸ੍ਰੀ ਨਾਲ ਨਿਵਾਜਿਆ ਗਿਆ ਜਿਨ੍ਹਾਂ ਵਿੱਚ ਐਸ.ਬੀ.ਆਈ. ਦੀ ਚੇਅਰਪਰਸਨ ਅਰੁੰਧਤੀ ਭਟਾਚਾਰੀਆ, ਉਦਯੋਗਪਤੀ ਪਵਨ ਕੁਮਾਰ ਗੋਇਨਕਾ, ਜੰਗਲੀ ਜੀਵ ਖੋਜੀ ਅਤੇ ਮਰਾਠੀ ਲੇਖਕ ਮਾਰੂਤੀ ਭੁਜੰਗਰਾਓ ਚਿੰਤਾਪਲੀ ਅਤੇ ਕਠਪੁਤਲੀ ਮਾਸਟਰ ਮਾਹਿਰ ਭੀਮਾਵਾ ਦਾਡਾਬਲਾਪਾ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸਾਬਕਾ ਏਮਜ਼ ਅਤੇ ਐਸ.ਜੀ.ਪੀ.ਆਈ. ਡਾਇਰੈਕਟਰ ਏਕੇ ਮਹਪਾਤਰਾ ਤੇ ਪੰਜਾਬੀ ਗਾਇਕਾ ਜਸਪਿੰਦਰ ਨਰੂਲਾ ਕੌਲ, ਨੂੰ ਵੀ ਪਦਮਸ੍ਰੀ ਨਾਲ ਨਿਵਾਜਿਆ ਗਿਆ।

ਇਸ ਸਾਲ ਪਦਮ ਪੁਰਸਕਾਰ 30 ਅਣਗੌਲੇ ਨਾਇਕਾਂ ਨੂੰ ਦਿੱਤੇ ਗਏ, ਜਿਨ੍ਹਾਂ ਵਿੱਚ 100 ਸਾਲਾ ਲੀਬੀਆ ਲੋਬੋ ਸਰਦੇਸਾਈ ਵੀ ਸ਼ਾਮਲ ਹਨ, ਜਿਨ੍ਹਾਂ ਨੇ ਗੋਆ ਦੇ ਆਜ਼ਾਦੀ ਅੰਦੋਲਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

### ਹੁਣ ਸਰਕਾਰੀ ਅਧਿਕਾਰੀ

ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ ਕਿ ਅਧਿਕਾਰੀ ਹਰ ਸਮੇਂ ਆਪਣੇ ਅਧਿਕਾਰਤ ਮੋਬਾਈਲ ਨੰਬਰਾਂ ਰਾਹੀਂ ਜਨਤਾ ਲਈ ਉਪਲਬਧ ਰਹਿਣ। ਇਸ ਵਿੱਚ ਦਫ਼ਤਰੀ ਸਮੇਂ ਤੋਂ ਬਾਅਦ, ਵੀਕਐਂਡ ਅਤੇ ਛੁੱਟੀਆਂ ਸ਼ਾਮਲ ਹਨ। ਸੁਖਾਨੰਦ ਨੇ ਕਿਹਾ, ÷ਬਹੁਤ ਸਾਰੇ ਅਧਿਕਾਰੀ ਜਨਤਾ ਨਾਲ ਖੁੱਲ੍ਹਾ ਸੰਚਾਰ ਬਣਾਈ ਰੱਖਦੇ ਹਨ, ਪਰ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਕੁਝ ਅਧਿਕਾਰੀ ਡਿਊਟੀ ਸਮੇਂ ਤੋਂ ਬਾਅਦ ਜਵਾਬ ਨਹੀਂ ਦਿੰਦੇ ਜਾਂ ਆਪਣੇ ਮੋਬਾਈਲ ਬੰਦ ਕਰ ਲੈਂਦੇ ਹਨ। ਇਹ ਸੁਧਾਰ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਜਨਤਕ ਸ਼ਿਕਾਇਤ ਅਣਸੁਣੀ ਨਾ ਰਹੇ।÷

'ਆਪ' ਵਿਧਾਇਕ ਨੇ ਇਸ ਪਹਿਲਕਦਮੀ ਪਿੱਛੇ ਸਰਕਾਰ ਦੇ ਉਦੇਸ਼ ਨੂੰ ਉਜਾਗਰ ਕੀਤਾ, ਜੋ ਰਾਸ਼ਨ ਕਾਰਡ, ਵੋਟਰ ਆਈਡੀ ਕਾਰਡ, ਆਧਾਰ ਅੱਪਡੇਟ, ਹੋਰ ਕਈ ਸਰਟੀਫਿਕੇਟ ਅਤੇ ਰਜਿਸਟਰੀ ਸੇਵਾਵਾਂ ਵਰਗੀਆਂ ਜਨਤਕ ਸੇਵਾਵਾਂ ਦੀ ਸਹੂਲਤ 'ਤੇ ਕੇਂਦ੍ਰਿਤ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਸ ਸੁਧਾਰ ਨਾਲ ਅਧਿਕਾਰੀਆਂ ਦੀ ਵਾਰ-ਵਾਰ ਗੈਰਹਾਜ਼ਰੀ ਕਾਰਨ ਨਾਗਰਿਕਾਂ ਨੂੰ ਹੋਣ ਵਾਲੀ ਪ੍ਰੇਸ਼ਾਨੀ ਖਤਮ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਹੁਣ ਕੋਈ ਵੀ ਭਾਵੇਂ ਉਹ ਬਜ਼ੁਰਗ ਹੋਵੇ, ਨੌਜਵਾਨ ਹੋਵੇ ਜਾਂ ਔਰਤ, ਕਿਸੇ ਵੀ ਸਮੇਂ ਸਹਾਇਤਾ ਜਾਂ ਮਾਰਗਦਰਸ਼ਨ ਲਈ ਸਬੰਧਤ ਸਰਕਾਰੀ ਅਧਿਕਾਰੀ ਨੂੰ ਕਾਲ ਕਰ ਸਕਦਾ ਹੈ। ਅਧਿਕਾਰੀਆਂ ਲਈ ਇਹਨਾਂ ਕਾਲਾਂ 'ਤੇ ਧਿਆਨ ਦੇਣਾ ਅਤੇ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨਾ ਲਾਜ਼ਮੀ ਹੋਵੇਗਾ। ਇਹ ਲੋਕਾਂ ਦੀ ਸਰਕਾਰ ਹੈ, ਅਤੇ ਅਸੀਂ ਉਨ੍ਹਾਂ ਦੀ ਅਣਥੱਕ ਸੇਵਾ ਕਰਨ ਲਈ ਇੱਥੇ ਹਾਂ। ਇਹ ਪਹਿਲ ਮਾਨ ਸਰਕਾਰ ਦੁਆਰਾ ਸ਼ਾਸਨ ਨੂੰ ਪਾਰਦਰਸ਼ੀ, ਪਹੁੰਚਯੋਗ ਅਤੇ ਲੋਕ-ਕੇਂਦ੍ਰਿਤ ਬਣਾਉਣ ਦੇ ਇੱਕ ਵੱਡੇ ਯਤਨ ਦਾ ਹਿੱਸਾ ਹੈ।

### ਨਫ਼ਰਤ ਤੇ ਝੂਠ ਨਾਲ ਭਰੇ ਪਾਕਿਸਤਾਨੀ ਮੀਡੀਆ '

ਭਾਰਤ ਦੇ ਵਿਰੁੱਧ ਹੈ ਅਤੇ ਉਸ ਬਾਰੇ ਵੀ ਸਰਕਾਰ ਆਉਣ ਵਾਲੇ ਦਿਨਾਂ ਦੇ ਵਿੱਚ ਕਈ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਬਾਰੇ ਸੋਚਿਆ ਸੋਚ ਰਹੀ ਹੈ । ਅੱਜ ਬੀਬੀਸੀ ਨੂੰ ਭਾਰਤ ਦੇ ਪ੍ਰਤੀਨਿਧ ਨੂੰ ਉਹਨਾਂ ਦੀ ਭਾਸ਼ਾ ਦੇ ਬਾਰੇ ਵਿੱਚ ਇੱਕ ਨੋਟਿਸ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਕੋਈ ਵੱਡੀ ਗੱਲ ਨਹੀਂ ਹੋਏਗੀ ਜੇ ਭਾਰਤ ਸਰਕਾਰ ਅਲਜ਼ਜੀਰਾ ਅਤੇ ਦੂਜੇ ਪੱਛਮੀ ਚੈਨਲਾਂ ਨੂੰ ਜੋ ਭਾਰਤ ਵਿਰੁੱਧ ਪ੍ਰਾਪੇਗੰਡਾ ਕਰਦੇ ਹਨ, ਨੂੰ ਭਾਰਤ ਵਿੱਚ ਬੈਨ ਹੀ ਕਰਦੇ ਦੇਵੇ।

### 26/11 ਮੁੰਬਈ ਹਮਲੇ ਦੇ ਮਾਸਟਰਮਾਈਂਡ

ਵਕੀਲ ਨੂੰ ਮਿਲਣ ਦੀ ਆਗਿਆ ਦਿੱਤੀ, ਜੋ ਸੁਣਨਯੋਗ ਦੂਰੀ ਤੋਂ ਪਾਰ ਹੋਣਗੇ। ਆਖਰੀ ਮੌਕੇ 'ਤੇ ਬਹਿਸ ਦੌਰਾਨ ਐੱਨ.ਆਈ.ਏ. ਨੇ ਕਿਹਾ ਕਿ ਰਾਣਾ ਦੀ ਹਿਰਾਸਤ ਸਾਜ਼ਿਸ਼ ਦੇ ਪੂਰੇ ਦਾਇਰੇ ਨੂੰ ਇਕੱਠਾ ਕਰਨ ਲਈ ਜ਼ਰੂਰੀ ਸੀ ਅਤੇ ਕਿਹਾ ਕਿ ਉਸਨੂੰ 17 ਸਾਲ ਪਹਿਲਾਂ ਵਾਪਰੀਆਂ ਘਟਨਾਵਾਂ ਦਾ ਪਤਾ ਲਗਾਉਣ ਲਈ ਵੱਖ-ਵੱਖ ਥਾਵਾਂ 'ਤੇ ਲਿਜਾਣ ਦੀ ਲੋੜ ਸੀ।

## ਯੂ.ਪੀ. ਮਦਰੱਸੇ 'ਚ ਅਚਨਚੇਤ ਜਾਂਚ ਦੌਰਾਨ ਹੋਏ ਵੱਡੇ ਖੁਲਾਸੇ

# 10ਵੀਂ ਜਮਾਤ ਦਾ ਕੋਈ ਵੀ ਵਿਦਿਆਰਥੀ ਅੰਗਰੇਜ਼ੀ 'ਚ ਨਹੀਂ ਲਿਖ ਸਕਿਆ ਨਾਮ

ਬਹਿਰਾਈਚ, 28 ਅਪ੍ਰੈਲ (ਚ.ਨ.ਸ.):: ਉੱਤਰ ਪ੍ਰਦੇਸ਼ ਦੇ ਬਹਿਰਾਈਲ ਜ਼ਿਲ੍ਹੇ ਦੇ ਇਕ ਮਦਰੱਸੇ ਦਾ ਅਚਨਚੇਤ ਜਾਂਚ ਕਰਨ 'ਤੇ ਉੱਥੇ ਸਿੱਖਿਆ ਦੀ ਮਾੜੀ ਹਾਲਤ ਦਾ ਪ੍ਰਗਟਾਵਾ ਹੋਇਆ ਹੈ ਅਤੇ ਅਧਿਕਾਰੀਆਂ ਨੇ ਕਿਹਾ ਕਿ ਇਸ ਦੇ 10ਵੀਂ ਜਮਾਤ ਦਾ ਕੋਈ ਵੀ ਵਿਦਿਆਰਥੀ ਅੰਗਰੇਜ਼ੀ 'ਚ ਅਪਣਾ ਨਾਮ ਨਹੀਂ ਲਿਖ ਸਕਦਾ। ਚਿੰਤਤ ਅਧਿਕਾਰੀਆਂ ਨੇ ਮਦਰੱਸੇ ਨੂੰ ਚੇਤਾਵਨੀ ਅਤੇ ਨੋਟਿਸ ਜਾਰੀ ਕੀਤਾ ਅਤੇ ਮਦਰੱਸੇ ਨੂੰ ਅਰਬੀ ਅਤੇ ਫ਼ਾਰਸੀ ਤੋਂ ਇਲਾਵਾ ਹੋਰ ਵਿਸ਼ਿਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ। ਮਦਰੱਸੇ ਦੇ ਅਧਿਆਪਕ ਕਾਰੀ ਇਰਫਾਨ ਨੇ ਕਿਹਾ ਕਿ ਹੁਣ ਤਕ 15 ਵਿਦਿਆਰਥੀਆਂ ਨੇ 10ਵੀਂ ਜਮਾਤ ਵਿਚ ਦਾਖਲਾ ਲਿਆ ਹੈ ਅਤੇ ਉਨ੍ਹਾਂ ਵਿਚੋਂ 10 ਸੋਮਵਾਰ ਦੇ ਅਚਨਚੇਤ ਨਿਰੀਖਣ ਦੌਰਾਨ ਮੌਜੂਦ ਸਨ। ਮਦਰੱਸੇ ਦੇ ਕਾਰਜਕਾਰੀ ਪ੍ਰਿੰਸੀਪਲ ਮੌਲਾਨਾ ਸ਼ਮਸੁਦੀਨ ਨੇ ਕਿਹਾ, "ਜਿਨ੍ਹਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ 'ਚ ਲਿਖਣ ਲਈ ਕਿਹਾ ਗਿਆ ਉਹ ਇਸ ਮਦਰੱਸੇ 'ਚ ਨਵੇਂ ਹਨ। ਉਹ ਅੰਗਰੇਜ਼ੀ 'ਚ ਕਮਜ਼ੋਰ ਹਨ ਅਤੇ ਨਿਰੀਖਣ ਕਰਨ ਵਾਲੇ ਅਧਿਕਾਰੀਆਂ ਦੀ ਸੰਤੁਸ਼ਟੀ ਅਨੁਸਾਰ ਪ੍ਰਦਰਸ਼ਨ ਨਹੀਂ ਕਰ ਸਕਦੇ। ਅਸੀਂ ਸੰਘਰਸ਼ ਕਰ ਰਹੇ ਵਿਦਿਆਰਥੀਆਂ ਲਈ ਵੱਖ-ਵੱਖ ਜਮਾਤਾਂ ਲਗਾਵਾਂਗੇ।" ਜ਼ਿਲ੍ਹਾ ਘੱਟ ਗਿਣਤੀ ਭਲਾਈ ਅਧਿਕਾਰੀ ਸੰਜੇ ਮਿਸ਼ਰਾ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਦਸਿਆ ਕਿ ਬਡੀ ਟਾਕੀਆ ਇਲਾਕੇ ਦੇ ਮਾਨਤਾ ਪ੍ਰਾਪਤ ਮਦਰੱਸੇ ਜਾਮੀਆ ਗਾਜ਼ੀਆ ਸਯਾਦੁਲ ਉਲੂਮ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਮਿਸ਼ਰਾ ਨੇ ਕਿਹਾ ਕਿ ਇਕ ਅਧਿਆਪਕ ਗੈਰਹਾਜ਼ਰ ਪਾਇਆ ਗਿਆ, ਹਾਲਾਂਕਿ ਇਹ ਹਾਜ਼ਰੀ ਰਜਿਸਟਰ ਵਿਚ ਦਰਜ ਨਹੀਂ ਸੀ ਅਤੇ ਇਹ ਵੀ ਨੋਟ ਕੀਤਾ ਕਿ ਮੁਨਸ਼ੀ ਮੌਲਵੀ ਅਤੇ ਅਲੀਮ ਜਮਾਤਾਂ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਰਜਿਸਟਰਡ ਗਿਣਤੀ ਦੇ ਮੁਕਾਬਲੇ ਕਾਫ਼ੀ ਘੱਟ ਸੀ। ਅਧਿਕਾਰੀਆਂ ਨੇ ਮਦਰੱਸੇ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਸਿੱਖਿਆ ਦੀ ਗੁਣਵੱਤਾ ਨੂੰ ਸੁਧਾਰਨ ਲਈ ਤੁਰਤ ਕਦਮ ਨਾ ਚੁਕੇ ਗਏ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਦਿੱਲੀ ਹਾਈ ਕੋਰਟ ਨੇ ਪਾਕਿਸਤਾਨੀ ਔਰਤ ਵੱਲੋਂ ਦਾਇਰ ਪਟੀਸ਼ਨ ਕੀਤੀ ਰੱਦ

## ਔਰਤ ਨੇ ਲੰਬੇ ਸਮੇਂ ਦੇ ਵੀਜ਼ੇ ਲਈ ਕੀਤੀ ਸੀ ਮੰਗ

ਨਵੀਂ ਦਿੱਲੀ, 28 ਅਪ੍ਰੈਲ (ਚ.ਨ.ਸ.) : ਦਿੱਲੀ ਹਾਈ ਕੋਰਟ ਨੇ ਇਕ ਪਾਕਿਸਤਾਨੀ ਔਰਤ ਵਲੋਂ ਦਾਇਰ ਪਟੀਸ਼ਨ ਨੂੰ ਰੱਦ ਕਰ ਦਿਤਾ, ਜਿਸ ਵਿਚ ਔਰਤ ਨੇ ਲੰਬੇ ਸਮੇਂ ਦੇ ਵੀਜ਼ੇ ਲਈ ਆਪਣੀ ਅਰਜ਼ੀ 'ਤੇ ਵਿਚਾਰ ਕਰਨ ਦੀ ਮੰਗ ਕੀਤੀ ਸੀ। ਅਦਾਲਤ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਵਿਚ ਨਿਆਂਇਕ ਦਖਲਅੰਦਾਜ਼ੀ ਲਈ ਕੋਈ ਥਾਂ ਨਹੀਂ ਹੈ।

ਤੁਹਾਨੂੰ ਦੱਸ ਦੇਈਏ ਕਿ ਪਾਕਿਸਤਾਨੀ ਔਰਤ ਸ਼ੀਨਾ ਨਾਜ਼ ਨੇ ਦਿੱਲੀ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿੱਚ ਉਸ ਨੇ ਲੰਬੇ ਸਮੇਂ ਦੇ ਵੀਜ਼ੇ ਲਈ ਉਸ ਦੀ ਅਰਜ਼ੀ 'ਤੇ ਵਿਚਾਰ ਕਰਨ ਅਤੇ ਉਸਦੇ ਰਿਹਾਇਸ਼ੀ ਪਰਮਿਟ ਨੂੰ ਰੱਦ ਨਾ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਹਾਲਾਂਕਿ, ਬਾਅਦ ਵਿੱਚ ਉਸ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ। ਦਿੱਲੀ ਹਾਈ ਕੋਰਟ ਵਿਚ ਪਾਕਿਸਤਾਨੀ ਔਰਤ ਸ਼ੀਨਾ ਨਾਜ਼ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਸਚਿਨ ਦੱਤਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਰਾਸ਼ਟਰੀ ਸੁਰੱਖਿਆ ਚਿੰਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਰੱਦ ਕਰਨ ਦਾ ਹੁਕਮ ਦਿਤਾ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਨਿਆਂਇਕ ਸਮੀਖਿਆ ਦੀ ਲੋੜ ਨਹੀਂ ਹੈ। ਜਸਟਿਸ ਸਚਿਨ ਦੱਤਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਹੁਕਮ ਵਿਚ ਕੋਈ ਅਪਵਾਦ ਦੇਣਾ ਅਦਾਲਤ ਦੇ ਅਧਿਕਾਰ ਵਿਚ ਨਹੀਂ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਅਦਾਲਤ ਲਈ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਮਾਮਲਿਆਂ ਵਿਚ ਦਖਲ ਦੇਣਾ ਉਚਿਤ ਨਹੀਂ ਹੈ। ਇਸ ਤੋਂ ਬਾਅਦ ਪਟੀਸ਼ਨਕਰਤਾ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ।

# ਚੀਨ ਨੇ ਪਹਿਲਗਾਮ ਹਮਲੇ ਦੀ 'ਤੁਰੰਤ ਅਤੇ ਨਿਰਪੱਖ ਜਾਂਚ' ਮੰਗੀ

## ਅੱਤਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆਂ ਦੀ ਸਾਂਝੀ ਜ਼ਿੰਮੇਵਾਰੀ: ਵਾਂਗ ਯੀ



ਪੇਈਚਿੰਗ, 28 ਅਪ੍ਰੈਲ (ਚ.ਨ.ਸ.) : ਚੀਨ ਨੇ ਆਪਣੇ ਮਿੱਤਰ ਮੁਲਕ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਆਪਣਾ ਸਮਰਥਨ ਪ੍ਰਗਟਾਉਂਦਿਆਂ ਪਹਿਲਗਾਮ ਦਹਿਸ਼ਤੀ ਹਮਲੇ ਦੀ 'ਤੁਰੰਤ ਅਤੇ ਨਿਰਪੱਖ ਜਾਂਚ' ਦੀ ਮੰਗ ਕੀਤੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ 'ਸ਼ਿਨਹੂਆ' ਅਨੁਸਾਰ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਖ਼ਬਰ ਏਜੰਸੀ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਡਾਰ ਨੇ ਵਾਂਗ (ਜੋ ਚੀਨ ਦੀ ਕਮਿਊਨਿਸਟ ਪਾਰਟੀ (ਸੀ.ਪੀ.ਸੀ.) ਦੀ ਕੇਂਦਰੀ ਕਮੇਟੀ ਦੇ ਰਾਜਨੀਤਕ ਬਿਊਰੋ ਦੇ ਮੈਂਬਰ ਵੀ ਹਨ) ਨੂੰ 'ਕਸ਼ਮੀਰ ਖੇਤਰ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ' ਪਾਕਿਸਤਾਨ ਅਤੇ ਭਾਰਤ ਵਿਚਕਾਰ ਵਧੇ ਹੋਏ ਤਣਾਅ ਬਾਰੇ ਜਾਣਕਾਰੀ ਦਿੱਤੀ। ਵਾਂਗ ਨੇ ਕਿਹਾ ਕਿ ਚੀਨ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਤਿਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਅਤਿਵਾਦ ਵਿਰੁੱਧ ਪਾਕਿਸਤਾਨ ਦੇ ਯਤਨਾਂ ਪ੍ਰਤੀ ਚੀਨ ਦੇ ਨਿਰੰਤਰ ਸਮਰਥਨ ਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ ਵਾਂਗ ਦੇ ਹਵਾਲੇ ਨਾਲ ਕਿਹਾ ਗਿਆ ਹੈ,"ਇੱਕ ਮਜ਼ਬੂਤ ਦੋਸਤ ਅਤੇ ਹਰ ਹਾਲਾਤ ਵਿੱਚ ਰਣਨੀਤਕ ਭਾਈਵਾਲ ਹੋਣ ਦੇ ਨਾਤੇ ਚੀਨ, ਪਾਕਿਸਤਾਨ ਦੇ ਜਾਇਜ਼ ਸੁਰੱਖਿਆ ਫਿਕਰਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰਾਖੀ ਹਿੱਤ ਉਸ ਦਾ ਸਮਰਥਨ ਕਰਦਾ ਹੈ।" ਵਾਂਗ ਯੀ ਨੇ ਕਿਹਾ,"ਚੀਨ ਤੁਰੰਤ ਅਤੇ ਨਿਰਪੱਖ ਜਾਂਚ ਦੀ ਵਕਾਲਤ ਕਰਦਾ ਹੈ ਅਤੇ ਮੰਨਦਾ ਹੈ ਕਿ ਇਹ ਟਕਰਾਅ ਭਾਰਤ ਜਾਂ ਪਾਕਿਸਤਾਨ ਦੇ ਬੁਨਿਆਦੀ ਹਿੱਤਾਂ ਦੀ ਪੂਰਤੀ ਨਹੀਂ ਕਰਦਾ, ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਅਨੁਕੂਲ ਨਹੀਂ ਹੈ।" ਉਨ੍ਹਾਂ ਨੇ ਕਿਹਾ, ਚੀਨ ਨੂੰ ਉਮੀਦ ਹੈ ਕਿ ਦੋਵੇਂ ਧਿਰਾਂ ਸੰਜਮ ਵਰਤਣਗੀਆਂ ਅਤੇ ਤਣਾਅ ਨੂੰ ਘੱਟ ਕਰਨ ਲਈ ਮਿਲ ਕੇ ਕੰਮ ਕਰਨਗੀਆਂ।"

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਬਹਾਦਰਾਂ ਦਾ ਸਨਮਾਨ : ਪੰਜਾਬ ਸਰਕਾਰ ਨੇ ਬਹਾਦਰ ਸੈਨਿਕਾਂ ਨੂੰ 15.53 ਕਰੋੜ ਰੁਪਏ ਵੰਡੇ

## ਸੂਬਾ ਸਰਕਾਰ ਬਹਾਦਰੀ ਅਤੇ ਵਿਲੱਖਣ ਸੇਵਾਵਾਂ ਲਈ ਪੁਰਸਕਾਰ ਜੇਤੂਆਂ ਨੂੰ ਮਾਨਤਾ ਦਿੰਦੀ ਹੈ : ਮੋਹਿੰਦਰ ਭਗਤ



ਚੰਡੀਗੜ੍ਹ, 28 ਅਪ੍ਰੈਲ, (ਚ.ਨ.ਸ.) : ਸੇਵਾਵਾਂ ਨਿਭਾਅ ਰਹੇ ਅਤੇ ਸਾਬਕਾ ਸੈਨਿਕਾਂ ਦੀ ਭਲਾਈ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਪੰਜਾਬ ਸਰਕਾਰ ਨੇ ਪਿਛਲੇ ਵਿੱਤੀ ਸਾਲ ਦੌਰਾਨ ਬਹਾਦਰੀ ਅਤੇ ਵਿਲੱਖਣ ਸੇਵਾਵਾਂ ਲਈ 1615 ਪੁਰਸਕਾਰ ਜੇਤੂਆਂ ਨੂੰ ਕੁੱਲ 15.53 ਕਰੋੜ ਰੁਪਏ ਦੀ ਰਾਸ਼ੀ ਵੰਡੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਹ ਰਾਸ਼ੀ ਪੰਜਾਬ ਨਾਲ ਸਬੰਧਤ ਸੈਨਿਕਾਂ ਵੱਲੋਂ ਨਿਭਾਈਆਂ ਗਈਆਂ ਬੇਮਿਸਾਲ ਬਹਾਦਰੀ ਅਤੇ ਵਿਲੱਖਣ ਸੇਵਾਵਾਂ ਦੇ ਸਨਮਾਨ ਵਜੋਂ ਵੰਡੀ ਗਈ ਹੈ। ਉਨ੍ਹਾਂ ਕਿਹਾ, ਸਾਡੇ ਬਹਾਦਰ ਸੈਨਿਕਾਂ ਨੇ ਆਪਣੀ ਮਿਸਾਲੀ ਹਿੰਮਤ ਅਤੇ ਨਿਰਸਵਾਰਥ ਸੇਵਾ ਰਾਹੀਂ ਦੇਸ਼ ਅਤੇ ਸੂਬੇ ਦਾ ਮਾਣ ਵਧਾਇਆ ਹੈ। ਉਨ੍ਹਾਂ ਦਾ ਬਣਦਾ ਸਨਮਾਨ ਕਰਨਾ ਸਾਡਾ ਫਰਜ਼ ਹੈ। ਸ੍ਰੀ ਭਗਤ ਨੇ ਕਿਹਾ ਕਿ ਸੈਨਿਕਾਂ ਦੀਆਂ ਕੁਰਬਾਨੀਆਂ ਦਾ ਕਦੇ ਵੀ ਮੁੱਲ ਨਹੀਂ ਚੁਕਾਇਆ ਜਾ ਸਕਦਾ, ਪਰ ਸਰਕਾਰ ਉਨ੍ਹਾਂ ਦੀ ਬਹਾਦਰੀ ਨੂੰ ਮਾਨਤਾ ਦੇਣ ਅਤੇ ਸਲਾਮ ਕਰਨ ਲਈ ਕੋਈ ਮੌਕਾ ਨਹੀਂ ਛੱਡੇਗੀ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਲਗਾਤਾਰ ਤਰਜ਼ੀਹ ਦਿੱਤੀ ਹੈ। ਸਰਕਾਰ ਵੱਲੋਂ ਸਮੇਂ ਸਿਰ ਵਿੱਤੀ ਸਹਾਇਤਾ, ਸੈਨਿਕਾਂ ਦੇ ਬੱਚਿਆਂ ਲਈ ਸਿੱਖਿਆ ਲਾਭ ਅਤੇ ਸ਼ਹੀਦ ਸੈਨਿਕਾਂ ਦੀਆਂ ਵਿਧਵਾਵਾਂ ਅਤੇ ਸਾਬਕਾ ਸੈਨਿਕਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਸ੍ਰੀ ਮੋਹਿੰਦਰ ਭਗਤ ਨੇ ਅੱਗੇ ਕਿਹਾ ਕਿ ਰੱਖਿਆ ਸੇਵਾਵਾਂ ਭਲਾਈ ਵਿਭਾਗ ਸੇਵਾਵਾਂ ਨਿਭਾ ਰਹੇ ਅਤੇ ਸੇਵਾਮੁਕਤ ਸੈਨਿਕਾਂ ਨੂੰ ਸਨਮਾਨ ਅਤੇ ਕੁਸ਼ਲਤਾ ਨਾਲ ਸਾਰੇ ਲਾਭ ਅਤੇ ਅਧਿਕਾਰ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਕਣਕ ਦੀ ਖ਼ਰੀਦ 'ਚ ਕਿਸਾਨਾਂ ਨੂੰ 20,000 ਕਰੋੜ ਰੁਪਏ ਦਾ ਕੀਤਾ ਭੁਗਤਾਨ : ਕਟਾਰੂਚੱਕ



ਚੰਡੀਗੜ੍ਹ, 28 ਅਪ੍ਰੈਲ, (ਚ.ਨ.ਸ.) : ਕਣਕ ਦੇ ਮੌਜੂਦਾ ਖਰੀਦ ਸੀਜ਼ਨ ਦੌਰਾਨ ਇੱਕ ਦਿਨ ਦੀ ਲਿਫਟਿੰਗ 5 ਲੱਖ ਮੀਟਰਿਕ ਟਨ (ਐਲ.ਐਮ.ਟੀ.) ਨੂੰ ਪਾਰ ਕਰ ਗਈ ਹੈ ਅਤੇ ਮੌਜੂਦਾ ਸਮੇਂ 5,26,750 ਮੀਟਰਿਕ ਟਨ ਹੋ ਗਈ ਹੈ। ਇਸ ਸਕਾਰਾਤਮਕ ਰੁਝਾਨ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਣ ਦੀ ਜ਼ਰੂਰਤ ਹੈ ਕਿਉਂਕਿ ਲਿਫਟਿੰਗ ਵਿੱਚ ਤੇਜ਼ੀ ਲਿਆਉਣਾ ਲਾਜ਼ਮੀ ਹੈ ਅਤੇ ਇਸ ਸਬੰਧੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਅੱਜ ਅਨਾਜ ਭਵਨ ਵਿਖੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸਿੰਗ ਦੌਰਾਨ ਕਣਕ ਦੀ ਖਰੀਦ ਦਾ ਜਾਇਜ਼ਾ ਲੈਂਦਿਆਂ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੂੰ ਦੱਸਿਆ ਗਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ 100 ਲੱਖ ਮੀਟਰਿਕ ਟਨ ਤੋਂ ਪਾਰ ਹੋ ਗਈ ਹੈ।

ਉਹਨਾਂ ਅੱਗੇ ਦੱਸਿਆ ਕਿ ਹੁਣ ਤੱਕ 97 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਤੱਕ 81 ਲੱਖ ਮੀਟ੍ਰਿਕ ਟਨ ਕਣਕ ਖਰੀਦੀ ਗਈ ਸੀ। ਅਦਾਇਗੀਆਂ ਦੇ ਸਬੰਧ ਵਿੱਚ ਉਹਨਾਂ ਦੱਸਿਆ ਕਿ 20,000 ਕਰੋੜ ਰੁਪਏ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੇ ਜਾ ਚੁੱਕੇ ਹਨ ਜੋ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕਿਸਾਨ-ਪੱਖੀ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਤੱਕ 5.84 ਲੱਖ ਕਿਸਾਨ ਮੰਡੀਆਂ ਵਿੱਚ ਆਪਣੀ ਫਸਲ ਵੇਚ ਚੁੱਕੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਸਕੱਤਰ ਪੰਜਾਬ ਮੰਡੀ ਬੋਰਡ ਰਾਮਵੀਰ, ਐਮਡੀ ਪਨਸਪ ਸੋਨਾਲੀ ਗਿਰੀ, ਵਧੀਕ ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਡਾ. ਅੰਜੁਮਨ ਭਾਸਕਰ ਅਤੇ ਜੀਐਮ ਵਿੱਤ ਸਰਵੇਸ਼ ਕੁਮਾਰ ਵੀ ਸ਼ਾਮਲ ਸਨ।

# 1984 ਸਿੱਖ ਕਤਲੇਆਮ ਕੇਸ : ਸੁਪਰੀਮ ਕੋਰਟ ਨੇ ਕਾਨਪੁਰ 'ਚ 11 ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਦੇ ਦਿਤੇ ਹੁਕਮ

## 40 ਸਾਲ ਪੁਰਾਣੀ ਐਫ.ਆਈ.ਆਰ. 'ਤੇ ਜ਼ੋਰ ਨਾ ਦੇਣ ਲਈ ਕਿਹਾ

ਨਵੀਂ ਦਿੱਲੀ, 28 ਅਪ੍ਰੈਲ, (ਅੰਮ੍ਰਿਤਪਾਲ ਸਿੰਘ) : ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ 1984 ਦੇ ਸਿੱਖ ਕਤਲੇਆਮ ਨਾਲ ਜੁੜੇ 11 ਮਾਮਲਿਆਂ ਦੀ ਸੁਣਵਾਈ ਤੇਜ਼ੀ ਨਾਲ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਇਸ ਮਾਮਲੇ 'ਚ ਨਿਯੁਕਤ ਵਿਸ਼ੇਸ਼ ਸਰਕਾਰੀ ਵਕੀਲਾਂ ਨੂੰ ਕੇਸਾਂ ਦੇ ਜਲਦੀ ਨਿਪਟਾਰੇ ਦੇ ਉਪਾਅ ਕਰਨ ਤੋਂ ਇਲਾਵਾ ਅਦਾਲਤਾਂ 'ਚ ਪੇਸ਼ ਹੋਣ ਲਈ ਕਿਹਾ। ਬੈਂਚ ਨੇ ਇਸ ਮਾਮਲੇ 'ਚ 'ਬੇਲੋੜੀ ਦੇਰੀ' ਨੂੰ ਰੇਖਾਂਕਿਤ ਕੀਤਾ ਅਤੇ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਦੇ ਹੁਕਮ ਦਿੱਤੇ। ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਪੇਸ਼ ਹੋਈ ਵਕੀਲ ਰੁਚਿਰਾ ਗੋਇਲ ਨੇ ਕਿਹਾ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ 'ਚ 40 ਸਾਲ ਪੁਰਾਣੀ ਐਫ.ਆਈ.ਆਰ. ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ (ਸੀ.ਐੱਫ.ਐੱਸ.ਐੱਲ.) ਨੂੰ ਭੇਜੀ ਗਈ ਸੀ, ਤਾਂ ਜੋ ਇਸ ਦੀ ਸਮੱਗਰੀ ਦਾ ਮੁੜ ਪਤਾ ਲਗਾਇਆ ਜਾ ਸਕੇ, ਪਰ ਪ੍ਰਯੋਗਸ਼ਾਲਾ ਨੇ ਅਜੇ ਤਕ ਰੀਪੋਰਟ ਨਹੀਂ ਦਿੱਤੀ ਹੈ। ਬੈਂਚ ਨੇ ਸੀ.ਐਫ.ਐਸ.ਐਲ. ਨੂੰ ਪ੍ਰਕਿਰਿਆ 'ਚ ਤੇਜ਼ੀ ਲਿਆਉਣ ਅਤੇ ਜਲਦੀ ਤੋਂ ਜਲਦੀ ਅਪਣੀ ਰੀਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ। ਗੋਇਲ ਨੇ ਸਬੰਧਤ ਕੇਸ 'ਚ ਗਵਾਹਾਂ ਦੀ ਜਾਂਚ ਨਾਲ ਚੱਲ ਰਹੇ ਮੁਕੱਦਮੇ ਦਾ ਹਵਾਲਾ ਦਿੱਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਕੁੱਝ ਮੁਲਜ਼ਮਾਂ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਕਾਰਵਾਈ 'ਤੇ ਰੋਕ ਲਗਾ ਦਿੱਤੀ। ਸੁਪਰੀਮ ਕੋਰਟ 1984 ਦੇ ਸਿੱਖ ਕਤਲੇਆਮ ਦੌਰਾਨ



ਕਾਨਪੁਰ 'ਚ ਕਰੀਬ 130 ਸਿੱਖਾਂ ਦੇ ਕਤਲੇਆਮ ਨੂੰ ਮੁੜ ਖੋਲ੍ਹਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਬੈਂਚ ਨੇ 3 ਮਾਰਚ ਨੂੰ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਮਾਮਲੇ 'ਚ ਚਾਰ ਦਹਾਕੇ ਪੁਰਾਣੀ ਗੈਰ-ਕਾਨੂੰਨੀ ਐਫ.ਆਈ.ਆਰ. ਨੂੰ ਦੁਬਾਰਾ ਬਣਾਉਣ ਲਈ ਫੋਰੈਂਸਿਕ ਮਾਹਰਾਂ ਦੀ ਨਿਯੁਕਤੀ ਕਰਨ ਦੀ ਇਜਾਜ਼ਤ ਦਿੱਤੀ ਸੀ ਅਤੇ ਪ੍ਰਯੋਗਸ਼ਾਲਾ ਦੇ ਨਿਰਦੇਸ਼ਕ ਨੂੰ ਬੇਨਤੀ ਕੀਤੀ ਸੀ ਕਿ ਉਹ ਅਸਲ ਐਫ.ਆਈ.ਆਰ. 'ਤੇ ਜ਼ੋਰ ਨਾ ਦੇਣ, ਜੋ ਕਾਨਪੁਰ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੇ ਰਿਕਾਰਡ 'ਚ ਆਸਾਨੀ ਨਾਲ ਉਪਲੱਬਧ ਨਹੀਂ ਹੈ। ਸੁਪਰੀਮ ਕੋਰਟ ਨੇ 2 ਜਨਵਰੀ ਨੂੰ ਸ਼ਿਕਾਇਤਕਰਤਾਵਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਦੋਸ਼ੀ ਵਿਅਕਤੀਆਂ ਨੂੰ ਬਰੀ ਕੀਤੇ ਜਾਣ ਵਿਰੁੱਧ ਅਪੀਲਾਂ 'ਚ ਹਾਈ ਕੋਰਟ ਦੀ ਸਹਾਇਤਾ ਲਈ ਇਕ ਨਿੱਜੀ ਵਕੀਲ ਦੀ ਨਿਯੁਕਤੀ ਕਰਨ ਦੀ ਇਜਾਜ਼ਤ ਦਿੱਤੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਵਿੱਤੀ ਤੰਗੀ ਕਾਰਨ ਸ਼ਿਕਾਇਤਕਰਤਾ ਅਤੇ ਉਨ੍ਹਾਂ ਦੇ ਪਰਵਾਰ ਵਕੀਲ ਦੀ ਨਿਯੁਕਤੀ ਕਰਨ 'ਚ ਅਸਮਰੱਥ ਹਨ ਤਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਿਸ਼ੇਸ਼ ਫੀਸ ਦੇ ਭੁਗਤਾਨ 'ਤੇ ਮੁਕੱਦਮੇ 'ਚ ਪੀੜਤਾਂ ਦੀ ਨੁਮਾਇੰਦਗੀ ਕਰਨ ਲਈ ਸੈਸ਼ਨ ਡਿਵੀਜ਼ਨ ਦਾ ਬਿਹਤਰੀਨ ਮਾਹਰ ਪ੍ਰਮੁੱਖ ਵਕੀਲ ਮੁਹੱਈਆ ਕਰਵਾਏਗੀ। ਇਹ ਫੀਸ ਯੂ.ਪੀ. ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਪਰਸਨ ਵੱਲੋਂ ਇਕ ਵਿਸ਼ੇਸ਼ ਕੇਸ ਵਜੋਂ ਮਨਜ਼ੂਰ ਕੀਤੀ ਜਾਵੇਗੀ।

# 4.37 ਕਰੋੜ ਰੁਪਏ ਦੀ ਲਾਗਤ ਨਾਲ ਖੰਨਾ ਵਿੱਚ ਸੌਂਦ ਨੇ ਸ਼ੂਟਿੰਗ ਰੇਂਜ ਅਤੇ ਸਮਾਰਟ ਸੁਵਿਧਾਵਾਂ ਦਾ ਕੀਤਾ ਉਦਘਾਟਨ



ਚੰਡੀਗੜ੍ਹ/ਖੰਨਾ, 28 ਅਪ੍ਰੈਲ, (ਚ.ਨ.ਸ.) : ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦੇ ਸਕਾਰਾਤਮਕ ਨਤੀਜੇ ਦਿਖਣੇ ਸ਼ੁਰੂ ਹੋ ਗਏ ਹਨ। ਸਕੂਲਾਂ ਵਿੱਚ ਅਤਿ ਆਧੁਨਿਕ ਲੈਬਾਂ ਤੇ ਸਮਾਰਟ ਰੂਮ ਤਿਆਰ ਕਰਨ ਨਾਲ ਜਿੱਥੇ ਵਿਦਿਆਰਥੀਆਂ ਦੀ ਹਾਜ਼ਰੀ ਵੱਧਣੀ ਸ਼ੁਰੂ ਹੋ ਗਈ ਹੈ, ਉੱਥੇ ਹੀ ਕਈ ਸਕੂਲਾਂ ਵਿੱਚ ਨਵੇਂ ਵਿਦਿਆਰਥੀਆਂ ਦੀ ਦਾਖਲਾ ਦਰ ਵਿੱਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ।

ਖੰਨਾ ਦੇ ਵਿਧਾਇਕ ਅਤੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਹਲਕੇ ਦੇ ਸਕੂਲਾਂ ਦੀ ਨੁਹਾਰ ਬਦਲਣ ਲਈ 7 ਅਪ੍ਰੈਲ ਤੋਂ ਲੈ ਕੇ 19 ਅਪ੍ਰੈਲ, 2025 ਤੱਕ 32 ਸਕੂਲਾਂ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਹਨ। ਇਨ੍ਹਾਂ ਵਿਕਾਸ ਕਾਰਜਾਂ ਉੱਤੇ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ 4.37 ਕਰੋੜ ਰੁਪਏ ਦੇ ਕਰੀਬ ਖਰਚਾ ਕੀਤਾ ਗਿਆ ਹੈ। ਸੌਂਦ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਦੇ ਪਹਿਲੇ ਮਹੀਨੇ ਹੀ ਸਰਕਾਰੀ ਸਕੂਲਾਂ ਵਿੱਚ ਸਾਰਥਕ ਤੇ ਸਕਾਰਾਤਮਕ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਪੰਜਾਬ ਦੇ ਸਾਰੇ ਸਕੂਲਾਂ ਦੀ ਦਸ਼ਾ ਤੇ ਦਿਸ਼ਾ ਬਦਲ ਦਿੱਤੀ ਜਾਵੇਗੀ।

17 ਅਪ੍ਰੈਲ ਨੂੰ ਤਰੁਨਪ੍ਰੀਤ ਸਿੰਘ ਸੌਂਦ ਨੇ ਰਘਵੀਰ ਸਿੰਘ ਫਰੀਡਮ ਫਾਈਟਰ ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ, ਅਮਲੋਹ ਰੋਡ ਖੰਨਾ ਵਿਖੇ ਪੰਜ ਨਿਸ਼ਾਨਿਆਂ ਵਾਲੀ ਸ਼ੂਟਿੰਗ ਰੇਂਜ ਦਾ ਉਦਘਾਟਨ ਕੀਤਾ ਸੀ। ਇਸ ਉੱਤੇ 5 ਲੱਖ ਰੁਪਏ ਦੀ ਲਾਗਤ ਆਈ ਸੀ। ਇਹ ਸ਼ੂਟਿੰਗ ਰੇਂਜ ਲੁਧਿਆਣਾ ਜ਼ਿਲ੍ਹੇ ਦੀ ਪਹਿਲੀ ਅਤੇ ਪੰਜਾਬ ਦੇ ਕਿਸੇ ਸਰਕਾਰੀ ਸਕੂਲ ਦੀ 7ਵੀਂ ਸ਼ੂਟਿੰਗ ਰੇਂਜ ਹੈ। ਸਕੂਲ ਦੇ ਹੈਡਮਾਸਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਦੇ 30 ਵਿਦਿਆਰਥੀ ਇੱਥੇ ਸ਼ੂਟਿੰਗ ਸਿੱਖ ਰਹੇ ਹਨ। ਵਿਦਿਆਰਥੀਆਂ ਨੂੰ ਕੌਮੀ ਖਿਡਾਰੀ ਗੁਰਸਿਮਰਨ ਸਿੰਘ ਤੋਂ ਕੋਚਿੰਗ ਦਿਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਹੁਣ ਸਕੂਲ ਦੀ ਪੁੱਛ ਪੜਤਾਲ ਕਾਫੀ ਵੱਧ ਗਈ ਹੈ। ਸਕੂਲ ਵਿੱਚ ਰੋਜ਼ ਬਹੁਤ ਸਾਰੇ ਮਾਪੇ ਇਸ ਗੱਲ ਦੀ ਜਾਣਕਾਰੀ ਲੈਣ ਆਉਂਦੇ ਹਨ ਕਿ ਉਹ ਵੀ ਆਪਣੇ ਬੱਚਿਆਂ ਨੂੰ ਸ਼ੂਟਿੰਗ ਦੀ ਸਿਖਲਾਈ ਦਿਵਾਉਣਾ ਚਾਹੁੰਦੇ ਹਨ। ਹੈੱਡਮਾਸਟਰ ਨੇ ਦੱਸਿਆ ਕਿ ਸ਼ੂਟਿੰਗ ਰੇਂਜ, ਸਮਾਰਟ ਕਲਾਸ ਰੂਮਾਂ ਅਤੇ ਆਧੁਨਿਕ ਕੰਪਿਊਟਰ ਲੈਬਾਂ ਕਰਕੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵੱਡਾ ਸੁਧਾਰ ਆਇਆ ਹੈ।

ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਤਾਂ ਤਕਰੀਬਨ ਸਾਰੇ ਸਕੂਲਾਂ ਵਿੱਚ ਹੀ ਸੁਧਾਰ ਹੋਇਆ ਹੈ। ਪਿੰਡ ਘੁੰਗਰਾਲੀ ਰਾਜਪੂਤਾਂ ਦੇ ਸਕੂਲ ਵਿੱਚ ਪਿਛਲੇ ਸਾਲ ਨਾਲੋਂ 5 ਫੀਸਦੀ ਦਾਖਲਿਆਂ ਵਿੱਚ ਵਾਧਾ ਵੀ ਵੇਖਣ ਨੂੰ ਮਿਲਿਆ ਹੈ। ਸਰਕਾਰੀ ਹਾਈ ਸਕੂਲ ਘੁੰਗਰਾਲੀ ਰਾਜਪੂਤਾਂ ਦੇ ਮੁੱਖ ਅਧਿਆਪਕ ਗੁਰਦੀਪ ਘਈ ਨੇ ਦੱਸਿਆ ਕਿ 11 ਲੱਖ ਰੁਪਏ ਦੀ ਲਾਗਤ ਨਾਲ ਸਾਇੰਸ ਲੈਬ ਤੇ 21.50 ਲੱਖ ਰੁਪਏ ਦੀ ਲਾਗਤ ਨਾਲ ਸਕੂਲ ਦੇ ਖੇਡ ਮੈਦਾਨ ਦੀ ਚਾਰਦੀਵਾਰੀ ਤਿਆਰ ਕਰਵਾਈ ਗਈ ਸੀ। ਇਸ ਤੋਂ ਇਲਾਵਾ 1.40 ਲੱਖ ਰੁਪਏ ਨਾਲ ਸਕੂਲ ਦੇ ਬਾਥਰੂਮ ਰਿਪੇਅਰ ਕੀਤੇ ਗਏ।

ਇਸੇ ਤਰ੍ਹਾਂ ਸਰਕਾਰੀ ਹਾਈ ਸਕੂਲ ਬੁਲੇਪੁਰ ਦੇ ਹੈੱਡਮਾਸਟਰ ਰਾਜ ਕੁਮਾਰ, ਸਰਕਾਰੀ ਪ੍ਰਾਇਮਰੀ ਸਕੂਲ ਨੰਬਰ 9, ਖੰਨਾ ਦੀ ਹੈੱਡ ਟੀਚਰ ਦੀਪਮਾਲਾ ਸ਼ਰਮਾ, ਸਰਕਾਰੀ ਪ੍ਰਾਇਮਰੀ ਸਕੂਲ ਗਲਵੱਡੀ ਦੇ ਹੈੱਡ ਟੀਚਰ ਰਜਤ ਅਤੇ ਸਰਕਾਰੀ ਹਾਈ ਸਮਾਰਟ ਸਕੂਲ ਭੁਮੱਦੀ ਦੇ ਮੁੱਖ ਅਧਿਆਪਕ ਦਵਿੰਦਰ ਸਿੰਘ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਕੂਲਾਂ ਵਿੱਚ ਕੀਤੇ ਕਾਰਜਾਂ ਖਾਸ ਤੌਰ 'ਤੇ ਸਮਾਰਟ ਕਲਾਸ ਰੂਮਾਂ ਤੇ ਆਧੁਨਿਕ ਲੈਬਾਂ ਬਣਨ ਨਾਲ ਬੱਚਿਆਂ ਦੀ ਪੜ੍ਹਨ ਵਿੱਚ ਰੁਚੀ ਵਧੀ ਹੈ, ਜਿਸ ਦੇ ਸਾਰਥਕ ਨਤੀਜੇ ਇਮਤਿਹਾਨਾਂ ਵਿੱਚ ਨਜ਼ਰ ਆਉਣਗੇ।

# ਮਾਨ ਸਰਕਾਰ ਹੈਮਸ ਤਕਨਾਲੌਜੀ ਨਾਲ ਆਵਾਜਾਈ ਸੇਵਾਵਾਂ ਵਿੱਚ ਬਿਹਤਰ ਪਾਰਦਰਸ਼ਤਾ ਯਕੀਨੀ ਬਣਾਏਗੀ : ਭੁੱਲਰ

ਚੰਡੀਗੜ੍ਹ / ਰੂਪਨਗਰ, 28 ਅਪ੍ਰੈਲ, (ਚ.ਨ.ਸ.) : ਹੈਮਸ ਤਕਨਾਲੋਜੀ ਅਪਣਾਉਣ ਨਾਲ ਪੰਜਾਬ ਦੀਆਂ ਟਰਾਂਸਪੋਰਟ ਸੇਵਾਵਾਂ 'ਚ ਹੋਰ ਪਾਰਦਰਸ਼ਤਾ ਆਵੇਗੀ ਅਤੇ ਇਹ ਪਾਇਲਟ ਪ੍ਰੋਜੈਕਟ ਲਾਗੂ ਕਰਨ ਉਪਰੰਤ ਸੂਬੇ ਦੇ ਸਾਰੇ ਡਰਾਇਵਿੰਗ ਟੈਸਟ ਟਰੈਕਾਂ ਦੀ ਕਾਰਗੁਜ਼ਾਰੀ 'ਚ ਜ਼ਿਕਰਯੋਗ ਸੁਧਾਰ ਹੋਵੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਰ.ਟੀ.ਓ ਦਫਤਰ ਰੋਪੜ ਦਾ ਦੌਰਾ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਡਰਾਇਵਿੰਗ ਟੈਸਟ ਟਰੈਕ ਦੀ ਕਾਰਗੁਜ਼ਾਰੀ ਵਿੱਚ ਵਿੱਚ ਹੋਰ ਪਾਰਦਰਸ਼ਤਾ ਅਤੇ ਤੇਜ਼ੀ ਲਿਆਉਣ ਲਈ, ਪੰਜਾਬ ਸਰਕਾਰ ਜਲਦ ਹੈਮਸ (ਹਾਰਨੇਸਿੰਗ ਆਟੋਮੋਬਾਈਲ ਫਾਰ ਸੇਫਟੀ) ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਤਕਨੀਕ ਉੱਤੇ ਆਧਾਰਿਤ ਆਟੋਮੇਟਿਡ ਡਰਾਈਵਿੰਗ ਲਾਇਸੈਂਸ ਟੈਸਟ ਸਿਸਟਮ ਵਿਕਸਿਤ ਕਰੇਗੀ।

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਸੜਕ ਹਾਦਸਿਆਂ ਬਾਰੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਜਾਰੀ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਵਿੱਚ ਸੜਕ ਹਾਦਸਿਆਂ ਕਾਰਨ ਹੋਈਆਂ ਮੌਤਾਂ ਵਿਸ਼ਵ ਵਿੱਚ ਸਭ ਤੋਂ ਵੱਧ ਸਨ। ਉਨ੍ਹਾਂ ਕਿਹਾ ਕਿ ਉਪਲੱਬਧ ਅੰਕੜਿਆਂ ਅਨੁਸਾਰ, ਭਾਰਤ ਵਿੱਚ ਜ਼ਿਆਦਾਤਰ ਸੜਕ ਹਾਦਸੇ ਡਰਾਈਵਰ ਦੀ ਗਲਤੀ ਕਾਰਨ ਹੁੰਦੇ ਹਨ। ਉਨ੍ਹਾਂ ਕਿਹਾ ਕਿ ਵਧੀਆ ਡਰਾਈਵਿੰਗ ਵਿਵਹਾਰ ਅਤੇ ਹੁਨਰ ਨੂੰ ਯਕੀਨੀ ਬਣਾਉਣਾ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਦੀ ਕੁੰਜੀ ਹੈ ਅਤੇ ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਇਹ ਨਵਾਂ ਉਪਰਾਲਾ ਜਲਦ ਅਮਲ ਵਿੱਚ ਲਿਆਉਂਦਾ ਜਾਵੇਗਾ।

# ਡੇਰਾਬੱਸੀ ਦੇ ਅਮਲਾਲਾ ਪਿੰਡ ਵਿੱਚ ਨਸ਼ਾ ਤਸਕਰ ਦਾ ਪੰਚਾਇਤੀ ਜ਼ਮੀਨ 'ਤੇ ਗ਼ੈਰ-ਕਾਨੂੰਨੀ ਕਬਜ਼ਾ ਢਹਿਢੇਰੀ

ਚੰਡੀਗੜ੍ਹ / ਡੇਰਾਬੱਸੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ), 28 ਅਪ੍ਰੈਲ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ 'ਤੇ ਆਪਣੀ ਸਖ਼ਤ ਕਾਰਵਾਈ ਜਾਰੀ ਰੱਖਦਿਆਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੁਲਿਸ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਡੇਰਾਬੱਸੀ ਦੇ ਪਿੰਡ ਅਮਲਾਲਾ ਵਿੱਚ ਨਾਮੀ ਨਸ਼ਾ ਤਸਕਰ ਸਲੀਮ ਖਾਨ ਵੱਲੋਂ ਇੱਕ ਵਿੱਘੇ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕੀਤੀ ਉਸਾਰੀ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਇਹ ਕਾਰਵਾਈ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ ਐਸ ਪੀ) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਪਕ ਪਾਰੀਕ ਦੇ ਹੁਕਮਾਂ 'ਤੇ ਅਮਲ ਵਿੱਚ ਲਿਆਂਦੀ ਗਈ।

ਢਾਹੀ ਗਈ ਇਹ ਉਸਾਰੀ ਪੰਚਾਇਤੀ ਜ਼ਮੀਨ 'ਤੇ ਗੈਰ-ਕਾਨੂੰਨੀ ਨਾਲ ਕੀਤੀ ਹੋਈ ਸੀ। ਸਲੀਮ ਖਾਨ ਵਿਰੁੱਧ ਪੰਜਾਬ ਅਤੇ ਹਰਿਆਣਾ ਵਿੱਚ ਭਾਰਤੀ ਦੰਡ ਵਿਧਾਨ ਅਤੇ ਐਨ ਡੀ ਪੀ ਐਸ ਐਕਟ ਤਹਿਤ ਚਾਰ ਅਪਰਾਧਿਕ ਮਾਮਲੇ ਦਰਜ ਸਨ। ਐਸ ਐਸ ਪੀ ਦੀਪਕ ਪਾਰੀਕ ਅਨੁਸਾਰ ਜ਼ਿਲ੍ਹਾ ਪੁਲਿਸ ਵੱਲੋਂ ਕੀਤੀ ਗਈ। ਇਹ ਸਖ਼ਤ ਕਾਰਵਾਈ ਇਸ ਗੱਲ ਦਾ ਸਪੱਸ਼ਟ ਸੰਦੇਸ਼ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਤਸਕਰੀ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਅਪਣਾਈ ਗਈ ਹੈ। ਉਹਨਾਂ ਦੱਸਿਆ ਕਿ ਇਸ ਤਸਕਰ 'ਤੇ ਆਖਰੀ ਪਰਚਾ ਮਿਤੀ 20 ਅਪ੍ਰੈਲ ਨੂੰ ਐਨਡੀਪੀਐਸ ਐਕਟ ਅਧੀਨ ਡੇਰਾਬਸੀ ਥਾਣੇ ਵਿੱਚ ਦਰਜ ਕੀਤਾ ਗਿਆ ਸੀ, ਜਿਸ ਤਹਿਤ ਉਕਤ ਦੋਸ਼ੀ ਦੀ 7 ਕਿਲੋ ਗਾਂਜੇ ਦੀ ਤਸਕਰੀ ਵਿੱਚ ਸ਼ਮੂਲੀਅਤ ਸਾਹਮਣੇ ਆਉਣ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਐਸ ਐਸ ਪੀ ਦੀਪਕ ਪਾਰੀਕ ਨੇ ਨਸ਼ਾ ਤਸਕਰਾਂ ਨੂੰ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬੰਦ ਕਰਨ ਜਾਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ। ਉਨ੍ਹਾਂ ਦੁਹਰਾਇਆ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ ਹੈ ਅਤੇ ਇਸ ਗੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਪਿੰਡ ਵਾਸੀਆਂ ਨੇ ਜ਼ਿਲ੍ਹਾ ਪੁਲਿਸ ਵੱਲੋਂ ਕੀਤੀ ਇਸ ਕਾਰਵਾਈ ਅਤੇ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਪੰਜਾਬ ਸਰਕਾਰ ਦੇ ਠੋਸ ਯਤਨਾਂ ਦੀ ਸ਼ਲਾਘਾ ਕੀਤੀ। ਪਿੰਡ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ ਲਈ ਧੰਨਵਾਦ ਵੀ ਕੀਤਾ।

# ਮੀਤ ਹੇਅਰ ਵੱਲੋਂ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ



ਚੰਡੀਗੜ੍ਹ, 28 ਅਪ੍ਰੈਲ, (ਚ.ਨ.ਸ.) : ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਵਿਦਿਆਰਥੀਆਂ ਦੇ ਸਕਾਲਰਸ਼ਿਪ ਨਾਲ ਸਬੰਧਤ ਮਾਮਲੇ ਲੋਕ ਸਭਾ ਵਿੱਚ ਚੁੱਕਾਂਗਾ। ਇਹ ਪ੍ਰਗਟਾਵਾ ਅੱਜ ਇੱਥੇ ਸੰਗਰੂਰ ਲੋਕ ਸਭਾ ਹਲਕਾ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇੱਥੇ ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਦੌਰਾਨ ਕੀਤਾ।

ਸ੍ਰੀ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਲਗਾਤਾਰ ਇਸ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਮੁਲਾਕਾਤ ਦੌਰਾਨ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਨਾਲ ਗੱਲਬਾਤ ਕਰਦਿਆਂ ਸ੍ਰੀ ਮੀਤ ਹੇਅਰ ਨੇ ਕਿਹਾ ਕਿ ਪਿਛਲੀ ਸਰਕਾਰਾਂ ਦੀਆਂ ਗਲਤੀਆਂ ਕਾਰਨ ਸੂਬੇ ਦੇ ਲੱਖਾਂ ਅਨੁਸੂਚਿਤ ਜਾਤੀਆਂ ਵਿਦਿਆਰਥੀਆਂ ਨੂੰ ਸਮੇਂ ਸਿਰ ਸਕਾਲਰਸ਼ਿਪ ਨਹੀਂ ਮਿਲੀ, ਜਿਸ ਕਾਰਨ ਉਹਨਾਂ ਨੂੰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੀ ਗ਼ਲਤ ਨੀਤੀਆਂ ਕਾਰਨ ਸਕਾਲਰਸ਼ਿਪ ਸਕੀਮ ਦਾ ਲਾਭ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 3 ਲੱਖ ਤੋਂ ਘੱਟ ਕੇ 60 ਹਜ਼ਾਰ ਰਹਿ ਗਈ ਸੀ, ਜੋ ਕਿ ਮੌਜੂਦਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਮੁੜ 2 ਲੱਖ ਦੇ ਕਰੀਬ ਹੋ ਗਈ ਹੈ।

ਸ. ਗੜ੍ਹੀ ਨੇ ਇਸ ਮੌਕੇ ਸ੍ਰੀ ਮੀਤ ਹੇਅਰ ਨੂੰ ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ ਤੋਂ ਜਾਣੂ ਕਰਵਾਇਆ।

**ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ**

**ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!**

ਭਗਵਾਨ ਵਿਸ਼ਨੂੰ ਜੀ ਦੇ ਛੇਵੇਂ ਅਵਤਾਰ

ਭਗਵਾਨ ਪਰਸ਼ੂਰਾਮ ਜੀ

ਦੇ ਜਨਮ ਦਿਵਸ ਮੌਕੇ



ਪੰਜਾਬ ਸਰਕਾਰ

ਵੱਲੋਂ

ਮੁੱਖ ਮੰਤਰੀ

ਸ. ਭਗਵੰਤ ਸਿੰਘ ਮਾਨ

ਦੀ ਅਗਵਾਈ ਹੇਠ

ਸਮੂਹ ਪੰਜਾਬ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ।

ਮੁੱਖ ਮੰਤਰੀ
ਸ. ਭਗਵੰਤ ਸਿੰਘ ਮਾਨ
ਦੇ ਵੱਟਸਐਪ ਚੈਨਲ ਨਾਲ ਜੁੜੋ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ।

## ਸੰਪਾਦਕੀ

# ਪਾਕਿਸਤਾਨ ਦੀ ਬਹਾਨੇਬਾਜ਼ੀ

ਭਾਰਤ 'ਚ ਜਦੋਂ ਵੀ ਕੋਈ ਅੱਤਵਾਦੀ ਹਮਲਾ ਹੁੰਦਾ ਹੈ ਤਾਂ ਪਾਕਿਸਤਾਨ ਹਮੇਸ਼ਾ ਆਪਣੀ ਜ਼ਿੰਮੇਵਾਰੀ ਤੋਂ ਭੱਜਦਾ ਹੈ। ਮੁੰਬਈ ਬੰਬ ਧਮਾਕਿਆਂ ਵਰਗੇ ਵੱਡੇ ਮਾਮਲਿਆਂ ਵਿਚ ਵੀ ਜਿੱਥੇ ਇਸ ਦੇ ਖਿਲਾਫ ਪੁਖਤਾ ਸਬੂਤ ਮੌਜੂਦ ਹਨ, ਉਥੇ ਆਪਣੇ ਨਾਗਰਿਕਾਂ ਦੀ ਸ਼ਮੂਲੀਅਤ ਤੋਂ ਵੀ ਇਨਕਾਰ ਕਰਦਾ ਰਿਹਾ ਹੈ। ਉਨ੍ਹਾਂ ਨੇ ਪਹਿਲਗਾਮ ਹਮਲੇ 'ਤੇ ਵੀ ਇਹੀ ਰੁਖ਼ ਕਾਇਮ ਰੱਖਿਆ ਹੈ। ਹਾਲਾਂਕਿ, ਇੱਕ ਇੰਟਰਵਿਊ ਵਿੱਚ ਦੇਸ਼ ਦੇ ਰੱਖਿਆ ਮੰਤਰੀ ਖਵਾਜ਼ਾ ਆਸਿਫ ਨੇ ਮੰਨਿਆ ਹੈ ਕਿ ਪਾਕਿਸਤਾਨ ਵਿੱਚ ਅੱਤਵਾਦ ਨੂੰ ਪਾਲਣ ਵਿੱਚ ਪੱਛਮੀ ਦੇਸ਼ਾਂ ਦਾ ਹੱਥ ਹੈ। ਉਹ ਹੀ ਹਨ ਜੋ ਇਨ੍ਹਾਂ ਸੰਸਥਾਵਾਂ ਨੂੰ ਫੰਡ ਦਿੰਦੇ ਰਹੇ ਹਨ। ਇਹ ਅੱਤਵਾਦੀ ਸੰਗਠਨ ਦਹਾਕਿਆਂ ਤੋਂ ਪੱਛਮ ਲਈ ਗੰਦਾ ਕੰਮ ਕਰ ਰਹੇ ਹਨ। ਪਾਕਿਸਤਾਨ ਨੇ ਇਸ ਨੂੰ ਨਾ ਰੋਕਣ ਦੀ ਗਲਤੀ ਕੀਤੀ, ਜਿਸ ਦਾ ਨਤੀਜਾ ਉਸ ਨੂੰ ਭੁਗਤਣਾ ਪਿਆ। ਪਹਿਲੀ ਨਜ਼ਰੇ ਇਹ ਬਿਆਨ ਆਸਿਫ਼ ਦੀ ਬੇਬਾਕੀ ਵਾਲਾ ਜਾਪਦਾ ਹੈ, ਪਰ ਫਿਰ ਉਹੀ ਪੁਰਾਣਾ ਸਵਾਲ ਉੱਠਦਾ ਹੈ ਕਿ ਪਾਕਿਸਤਾਨ ਨੇ ਆਪਣੀ ਜ਼ਮੀਨ ਨੂੰ ਅੱਤਵਾਦ ਲਈ ਵਰਤਣ ਦੀ ਇਜਾਜ਼ਤ ਕਿਉਂ ਦਿੱਤੀ ਅਤੇ ਲਗਾਤਾਰ ਹੋਣ ਦੇ ਰਿਹਾ ਹੈ। ਹੁਣ ਜਦੋਂ ਭਾਰਤ ਨੇ ਆਪਣੇ ਦੁਆਲੇ ਨਕੇਲ ਕੱਸਣਾ ਸ਼ੁਰੂ ਕਰ ਦਿੱਤਾ ਹੈ ਤਾਂ ਉਹ ਇਹ ਕਹਿ ਕੇ ਜ਼ਿੰਮੇਵਾਰੀ ਤੋਂ ਕਿਨਾਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਸ ਦੇ ਦੇਸ਼ ਵਿੱਚ ਪੈਦਾ ਕੀਤੇ ਜਾ ਰਹੇ ਅੱਤਵਾਦੀ ਪੱਛਮ ਦੀ ਪੈਦਾਵਾਰ ਹਨ। ਪਰ ਉਸੇ ਗੱਲਬਾਤ ਵਿੱਚ ਆਸਿਫ਼ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਵਿੱਚ ਲਸ਼ਕਰ-ਏ-ਤੋਇਬਾ ਦੀ ਕੋਈ ਹੋਂਦ ਨਹੀਂ ਹੈ, ਫਿਰ ਇਸਦੀ ਸ਼ਾਖਾ ਕਿੱਥੋਂ ਨਿਕਲ ਸਕਦੀ ਹੈ। ਆਸਿਫ਼ ਨੇ ਪਾਕਿਸਤਾਨ ਵਿੱਚ ਅੱਤਵਾਦੀ ਸੰਗਠਨਾਂ ਦੇ ਵਾਧੇ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਪਰ ਸਵਾਲ ਇਹ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਸੰਸਥਾਵਾਂ ਨੂੰ ਨਸ਼ਟ ਕਰਨ ਲਈ ਕਿੰਨੀ ਕੋਸ਼ਿਸ਼ ਕੀਤੀ। ਉਹ ਉਥੇ ਰੱਖਿਆ ਮੰਤਰੀ ਹੈ ਅਤੇ ਉਸ ਨੂੰ ਇਸ ਤੱਥ ਤੋਂ ਅਣਜਾਣ ਨਹੀਂ ਮੰਨਿਆ ਜਾ ਸਕਦਾ ਹੈ ਕਿ ਉਸ ਦੀ ਫੌਜ ਅਤੇ ਖੁਫੀਆ ਏਜੰਸੀ ਇਨ੍ਹਾਂ ਅੱਤਵਾਦੀਆਂ ਨੂੰ ਭਾਰਤ ਵਿਰੁੱਧ ਪ੍ਰੌਕਸੀ ਯੁੱਧ ਵਿਚ ਹਥਿਆਰਾਂ ਵਜੋਂ ਵਰਤਦੀ ਹੈ। ਰੱਖਿਆ ਮੰਤਰੀ ਹੋਣ ਦੇ ਨਾਤੇ, ਕੀ ਉਨ੍ਹਾਂ ਨੇ ਕਦੇ ਫੌਜ 'ਤੇ ਅਜਿਹਾ ਨਾ ਕਰਨ ਲਈ ਦਬਾਅ ਪਾਇਆ? ਕੀ ਉਹ ਉਨ੍ਹਾਂ ਸਬੂਤਾਂ ਨੂੰ ਮਿਟਾ ਸਕਦੇ ਹਨ, ਜਿਸ ਵਿਚ ਸਰਹੱਦ 'ਤੇ ਅੱਤਵਾਦੀ ਸਿਖਲਾਈ ਕੇਂਦਰ ਚਲਾਉਣ ਬਾਰੇ ਤੱਥ ਮੌਜੂਦ ਹਨ? ਦੁਨੀਆ ਦੇ ਕਈ ਦੇਸ਼ਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਅੱਤਵਾਦੀਆਂ ਦਾ ਸਭ ਤੋਂ ਵੱਡਾ ਟਿਕਾਣਾ ਬਣ ਗਿਆ ਹੈ। ਗਲੋਬਲ ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਪਾਕਿਸਤਾਨ ਵਿਚ ਅੱਤਵਾਦ ਦੀ ਦਰ ਤੇਜ਼ੀ ਨਾਲ ਵਧੀ ਹੈ। ਕੀ ਆਸਿਫ਼ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਕੰਧਾਰ ਕਾਂਡ ਵਿਚ ਸ਼ਾਮਲ ਅੱਤਵਾਦੀ ਉਸ ਦੀ ਧਰਤੀ 'ਤੇ ਰਹਿੰਦੇ ਹਨ ਅਤੇ ਖੁੱਲ੍ਹੇਆਮ ਘੁੰਮਦੇ ਹਨ? ਉਸ ਨੂੰ ਪਾਕਿਸਤਾਨੀ ਫੌਜ ਵੱਲੋਂ ਸਖ਼ਤ ਸੁਰੱਖਿਆ ਮਿਲੀ ਹੋਈ ਹੈ। ਸਿਰਫ਼ ਇਹ ਕਹਿਣਾ ਕਿ ਪਾਕਿਸਤਾਨ ਵਿੱਚ ਲਸ਼ਕਰ-ਏ-ਤੋਇਬਾ ਦੀ ਹੋਂਦ ਨਹੀਂ ਹੈ, ਇਹ ਸੱਚ ਨਹੀਂ ਹੁੰਦਾ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪਾਕਿਸਤਾਨ ਅੱਤਵਾਦ ਦੇ ਮਾਮਲੇ 'ਚ ਖੁਦ ਨੂੰ ਬੇਕਸੂਰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਉਸਦੀ ਅਸਲੀਅਤ ਕਿਸੇ ਤੋਂ ਲੁਕੀ ਨਹੀਂ ਹੈ। ਸਾਲਾਂ ਤੋਂ ਇਸ ਦੀ ਆਰਥਿਕਤਾ ਦੂਜੇ ਦੇਸ਼ਾਂ ਦੀ ਮਦਦ 'ਤੇ ਚੱਲ ਰਹੀ ਹੈ। ਵਰਤਮਾਨ ਵਿੱਚ, ਉਸਨੇ ਚੀਨ ਨੂੰ ਫੜ ਲਿਆ ਹੈ ਅਤੇ ਉਸਦੀ ਮਦਦ ਨਾਲ ਉਹ ਆਪਣਾ ਗੁਜ਼ਾਰਾ ਚਲਾ ਰਿਹਾ ਹੈ। ਪਰ ਅਸਲ ਵਿੱਚ ਉਹ ਸੰਸਾਰ ਵਿੱਚ ਅਲੱਗ-ਥਲੱਗ ਹੈ। ਉੱਥੇ ਗਰੀਬੀ ਇੰਨੀ ਜ਼ਿਆਦਾ ਹੈ ਕਿ ਲੋਕ ਆਟਾ-ਦਾਲ ਲਈ ਲੁੱਟ ਦਾ ਸਹਾਰਾ ਲੈਂਦੇ ਨਜ਼ਰ ਆ ਰਹੇ ਹਨ। ਪਰ ਅਜਿਹੀ ਸਥਿਤੀ ਵਿਚ ਵੀ ਆਪਣੇ ਦੇਸ਼ ਵਿਚ ਜੜ੍ਹ ਫੜ ਚੁੱਕੇ ਅੱਤਵਾਦ ਨੂੰ ਖਤਮ ਕਰਕੇ ਤਰੱਕੀ ਦੇ ਰਾਹ ਲੱਭਣ ਦੀ ਬਜਾਏ ਭਾਰਤ 'ਤੇ ਕਬਜ਼ਾ ਕਰਨ ਦੀ ਸ਼ੇਖੀ ਮਾਰ ਰਹੀ ਹੈ। ਇਸ ਰਵੱਈਏ ਨਾਲ ਪਾਕਿਸਤਾਨ ਹੋਰ ਬਦਹਾਲੀ ਵੱਲ ਵਧੇਗਾ।

**-ਜਗਜੀਤ ਸਿੰਘ ਦਰਦੀ**

## ਭਗਵਾਨ ਪਰਸ਼ੂਰਾਮ ਜਯੰਤੀ 'ਤੇ ਵਿਸ਼ੇਸ਼

# ਰਿਸ਼ੀ ਪ੍ਰੰਪਰਾ ਦੇ ਥੰਮ : ਭਗਵਾਨ ਪਰਸ਼ੂਰਾਮ

**ਬਲਵਿੰਦਰ ਬਾਲਮ**
**ਗੁਰਦਾਸਪੁਰ**
**ਮੋ. 98156-25409**



ਭਗਵਾਨ ਪਰਸ਼ੂਰਾਮ ਅਲੌਕਿਕ ਅਤੇ ਲੌਕਿਕ ਸ਼ਕਤੀਆਂ ਦੇ ਨਿਸ਼ਠਾਵਾਨ ਸਵਾਮੀ ਸਨ। ਉਹ ਮਹਾਨ ਯੋਧੇ, ਤਪੱਸਵੀ, ਭਗਤੀ, ਸ਼ਕਤੀ, ਵਿਦਿਆ, ਵਿਦਵਤਾ, ਧਰਮ ਰੱਖਿਅਕ, ਸੱਤਿਆਵਾਦੀ, ਧਰਮ ਕਰਮੀ, ਰਿੱਧੀ-ਸਿੱਧੀ ਦੇ ਸਵਾਮੀ, ਤਿਆਗੀ, ਦਾਨੀ, ਬ੍ਰਹਮਚਾਰੀ ਅਤੇ ਸੰਪੂਰਨ ਧਰਤੀ ਦੀ ਯਾਤਰਾ ਕਰਨ ਵਾਲੇ ਚਿਰੰਜੀਵੀ ਸਦਾ ਸਦਾ ਜੀਵਨ ਰਹਿਣ ਵਾਲੇ ਅਵਤਾਰ ਸਨ। ਬ੍ਰਹਮ ਵਿਦਿਆ, ਸ਼ਸਤਰ ਵਿਦਿਆ, ਬ੍ਰਹਮਣ ਸਮਾਜ ਅਤੇ ਦੀਨ ਦਲਿਤਾਂ ਦੇ ਰਖਿਅਕ ਹੋਏ ਹਨ। ਦੁਸ਼ਟਾਂ, ਪਾਪੀਆਂ ਦਾ ਨਾਸ਼ ਕਰਨ ਵਾਲੇ ਭਗਵਾਨ ਪਰਸ਼ੂਰਾਮ ਨੇ ਹੰਕਾਰੀਆਂ ਅਤੇ ਤਾਕਤਵਰ ਮਾਇਆਵਾਦੀ ਰਾਜਿਆਂ ਦਾ ਨਾਸ਼ ਕੀਤਾ। ਸੰਪੂਰਨ ਧਰਤੀ ਦੀ ਸੁੱਖ ਖ਼ੈਰ ਮੰਗੀ। ਮਾਨਵਤਾ ਨੂੰ ਪਿਆਰ ਕਰਨ ਵਾਲੇ, ਮਾਨਵਤਾ ਲਈ ਸੱਚਾਈ ਦਾ ਸੰਦੇਸ਼ ਦੇਣ ਵਾਲੇ। ਭਗਵਾਨ ਪਰਸ਼ੂਰਾਮ ਦਾ ਜਨਮ ਵਿਸਾਖ ਮਾਹ ਦੇ ਸ਼ੁਕਲ ਪਕਸ਼ ਦੀ ਤਰਿਤੀਆ ਨੂੰ ਅਕਸ਼ੈ ਤਰਿਤੀਆ ਕਿਹਾ ਜਾਂਦਾ ਹੈ। ਅਕਸ਼ੈ ਦਾ ਅਰਥ ਹੈ, ਜਿਸ ਦਾ ਕਦੀ ਨਾਸ਼ ਨਾ ਹੋਵੇ ਅਕਸ਼ੈ ਤਰਿਤੀਆ ਈਸ਼ਵਰੀ ਤਿਥੀ ਹੈ। ਬਸੰਤ ਦੀ ਜੁਦਾਈ ਅਤੇ ਗਰਮੀ ਦੇ ਆਗਮਨ ਦੇ ਸੰਧੀਕਾਲ ਨੂੰ ਹੋਇਆ। ਉਨ੍ਹਾਂ ਦੇ ਪਿਤਾ ਸ੍ਰੀ ਜਮਦਗਨੀ ਸਨ ਜੋ ਮਹਾਨ ਤਪੱਸਵੀ ਹੋਏ ਹਨ। ਉਨ੍ਹਾਂ ਦੀ ਮਾਤਾ ਦਾ ਨਾਂਅ ਰੇਣਕਾ ਸੀ ਜੋ ਰਿਸ਼ੀ ਵਿਸ਼ਵਾਮਿੱਤਰ ਜੀ ਦੀ ਭੈਣ ਸੀ। ਮਾਤਾ ਰੇਣੂਕਾ ਦਾ ਇਸ਼ਵਾਕੂ ਵੰਸ਼ ਦੇ ਮਹਾਰਾਜ ਪ੍ਰਸੇਨਜਿਤ ਦੀ ਪੁੱਤਰੀ ਸੀ। ਭਗਵਾਨ ਪਰਸ਼ੂਰਾਮ ਜੀ ਦਾ ਜਨਮ ਸਥਾਨ ਸਰਸਵਤੀ ਅਤੇ ਹਰਸ਼ ਦੂਸਰੇ ਦਾ ਪ੍ਰਾਂਤ ਜਿਸ ਨੂੰ ਪੰਚਨਦ ਕਹਿੰਦੇ ਹਨ। ਇਸ ਇਲਾਕੇ ਵਿਚ ਵੱਡੇ ਵੱਡੇ ਮਹਾਨ ਰਿਸ਼ੀਆਂ ਦੇ ਆਸ਼ਰਮ ਸਨ। ਜਿੱਥੇ ਹਰ ਰੋਜ਼ ਹਵਨ ਯੱਗ, ਕਥਾ ਕੀਰਤਨ ਅਤੇ ਗੋਸ਼ਟੀਆਂ ਹੁੰਦੀਆਂ ਰਹਿੰਦੀਆਂ ਸਨ। ਭਗਵਾਨ ਪਰਸ਼ੂਰਾਮ ਜੀ ਦਾ ਜਨਮ ਦਾ ਨਾਂਅ ਰਾਮ ਸੀ। ਬਚਪਨ ਤੋਂ ਹੀ ਉਹ ਬੱਲਸ਼ਾਲੀ, ਤੇਜੱਸਵੀ ਅਤੇ ਬੁੱਧੀਮਾਨ ਸਨ। ਉਨ੍ਹਾਂ ਦੇ ਚਾਰ ਹੋਰ ਭਰਾ ਵੀ ਹੋਏ। ਭਗਵਾਨ ਪਰਸ਼ੂਰਾਮ ਜੀ ਅਸਤਰ ਸ਼ਸਤਰ ਕਿਰਿਆਵਾਂ ਵਿਚ ਬਹੁਤ ਨਿਪੁੰਨ ਸਨ। ਇਕ ਦਿਨ ਪਿਤਾ ਜੀ ਦੀ ਆਗਿਆ ਪਾ ਕੇ ਕੈਲਾਸ਼ ਪਰਬਤ ਉਪਰ ਤਪੱਸਿਆ ਕਰਨ ਚਲੇ ਗਏ। ਉਥੇ ਸੰਪੂਰਨ ਇਕਾਗਰਚਿਤ ਅਧਿਆਤਿਮਿਕ ਰੂਹ ਨਾਲ ਭਗਵਾਨ ਸ਼ੰਕਰ ਦੀ ਅਰਾਧਨਾ ਕੀਤੀ। ਭਗਵਾਨ ਸ਼ੰਕਰ ਨੇ ਖੁਸ਼ ਹੋ ਕੇ ਉਨ੍ਹਾਂ ਨੂੰ ਅਸਤਰ ਸ਼ਸਤਰ ਅਤੇ ਇਕ ਅਲੌਕਿਕ ਸ਼ਕਤੀ ਪੂਰਵਕ ਪਰਸ਼ੂ ਵੀ ਦਿੱਤਾ। ਅਸਤਰ ਸਸਤਰ ਅਤੇ ਪਰਸ਼ੂ ਇਸ ਕਰਕੇ ਦਿੱਤੇ ਕਿ ਉਹ ਪਾਪੀਆਂ ਦੁਸ਼ਟਾਂ, ਹੰਕਾਰੀਆਂ ਦਾ ਨਾਸ਼ ਕਰ ਸਕਣ। ਇਸ ਪਰਸ਼ੂ ਨੂੰ ਅਪਣਾਉਣ ਕਰਕੇ ਉਨ੍ਹਾਂ ਦਾ ਨਾਮ ਰਾਮ ਤੋਂ ਪਰਸ਼ੂਰਾਮ ਬਣ ਗਿਆ। ਉਸ ਸਮੇਂ ਦੇਸ਼ ਵਿਚ ਕਾਰਤਵੀਰਯ ਦਾ ਰਾਜ ਸੀ, ਉਹ ਲੋਕਾਂ ਉਪਰ ਕਹਿਰਾਂ ਦੇ ਜ਼ੁਰਮ ਅਤੇ ਪਾਪ ਕਰਦਾ ਸੀ। ਗਊ ਗ਼ਰੀਬ, ਸਾਧਾਰਣ, ਉਚ ਲੋਕ ਅਤੇ ਬ੍ਰਾਹਮਣ ਸਮਾਜ ਉਪਰ ਅੱਤਿਆਚਾਰ ਕਰਦਾ ਸੀ। ਦਲਿਤ ਸਮਾਜ ਵੀ ਉਸ ਦੇ ਅਤਿਆਚਾਰ ਤੋਂ ਦੁਖੀ ਸੀ। ਇਹ ਰਾਜਾ ਉਨ੍ਹਾਂ ਦੇ ਪਿਤਾ ਦੇ ਆਸ਼ਰਮ ਵਿਚ ਆਇਆ ਅਤੇ ਉਨ੍ਹਾਂ ਦੇ ਮਹਾਨ ਕਾਰਜ ਵੇਖ ਕੇ ਦੁਖੀ ਹੋਇਆ। ਈਰਖਾ ਨਾਲ ਭਰ ਗਿਆ ਅਤੇ ਉਸ ਨੇ ਆਸ਼ਰਮ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਆਸ਼ਰਮ 'ਚੋਂ ਕਾਮਧੇਨੂ ਗਊ (ਕਾਮਨਾ ਪੂਰੀ ਕਰਨ ਵਾਲੀ ਗਾਂ) ਨੂੰ ਜਬਰਨ ਉਠਾ ਕੇ ਲੈ ਗਿਆ ਅਤੇ ਆਸ਼ਰਮ ਵਿਚ ਰਹਿੰਦੇ ਰਿਸ਼ੀਆਂ ਦਾ ਬੁਰਾ ਹਾਲ ਕੀਤਾ। ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਭਗਵਾਨ ਪਰਸ਼ੂਰਾਮ ਕਾਮਧੇਨੂ ਗਾਂ ਨੂੰ ਵਾਪਸ ਲੈ ਆਏ। ਇਕ ਦਿਨ ਉਸ ਨਿਰਦਈ ਰਾਜੇ ਦੇ ਪੁੱਤਰਾਂ ਨੇ ਭਗਵਾਨ ਪਰਸ਼ੂਰਾਮ ਦੇ ਪਿਤਾ ਸ੍ਰੀ ਦੀ ਹੱਤਿਆ ਕਰ ਦਿੱਤੀ। ਮਾਤਾ ਰੇਣੂਕਾ ਨੇ ਪਤੀ ਦੇ ਵਿਯੋਗ ਵਿਚ ਵਿਰਲਾਪ ਕਰਦੇ ਹੋਏ 21 ਵਾਰ ਆਪਣੀ ਛਾਤੀ ਪਿੱਟੀ। ਇਹ ਸਭ ਦ੍ਰਿਸ਼ ਵੇਖ ਕੇ ਭਗਵਾਨ ਪਰਸ਼ੂਰਾਮ ਕ੍ਰੋਧਿਤ ਹੋ ਉਠੇ ਅਤੇ ਉਨ੍ਹਾਂ ਆਪਣੇ ਪਰਸ਼ੂ ਨਾਲ 21 ਵਾਰੀ ਅਤਿਆਚਾਰੀ ਰਾਜਿਆਂ ਦਾ ਨਾਸ਼ ਕੀਤਾ। ਨਾਮੋ ਨਿਸ਼ਾਨ ਮਿਟਾ ਦਿੱਤਾ। ਰਾਜੇ ਕਾਰਤਵੀਰਯ ਦਾ ਸਿਰ ਅਤੇ ਭੁਜਾਵਾਂ ਕੱਟ ਦਿੱਤੀਆਂ। ਉਸ ਦੇ ਪੁੱਤਰਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ। ਪਾਪੀਆਂ ਦਾ ਨਾਸ਼ ਕਰਨ ਤੋਂ ਬਾਅਦ ਸਾਰਾ ਰਾਜ ਰਿਸ਼ੀ ਕਸ਼ਯਪ ਨੂੰ ਦਾਨ ਕਰਕੇ ਭਗਵਾਨ ਪਰਸ਼ੂ ਰਾਮ ਤਪੱਸਿਆ ਕਰਨ ਲਈ ਮਹਿੰਦਰਾਚਲ ਪਰਬਤ ਚਲੇ ਗਏ। ਭਗਵਾਨ ਪਰਸ਼ੂਰਾਮ ਭਗਵਾਨ ਵਿਸ਼ਣੂ ਦੇ ਛੇਵੇਂ ਅਵਤਾਰ ਮੰਨੇ ਜਾਂਦੇ ਹਨ। ਉਨ੍ਹਾਂ ਨੇ ਰਿਸ਼ੀਆਂ, ਸਾਧੂਆਂ ਦੀ ਰੱਖਿਆ ਕੀਤੀ। ਧਰਮ ਸਥਾਪਨਾ ਕੀਤੀ। ਉਨ੍ਹਾਂ ਨੇ ਧਰਤੀ ਨੂੰ ਸਵਰਗ ਬਣਾਉਣ ਦਾ ਯਤਨ ਕੀਤਾ। ਸਮਾਜ ਦੇ ਹਰ ਵਰਗ ਲਈ ਉਚਿਤ ਸਥਾਨ ਪ੍ਰਦਾਨ ਕਰਵਾਇਆ। ਉਨ੍ਹਾਂ ਦੇ ਉਚ ਕੋਟੀ ਦੇ ਸ਼ਗਿਰਦਾਂ ਵਿਚੋਂ ਭੀਸ਼ਮ ਪਿਤਾਮਾ, ਦ੍ਰੋਣਾ ਚਾਰਯ, ਕਿਰਪਾਚਾਰਯ, ਬਲਰਾਮ ਜੀ ਅਤੇ ਕਰਣ ਆਦਿ ਪਰਮਵੀਰ ਮਹਾਰਥੀ ਸ਼ਗਿਰਦ ਹੋਏ ਹਨ। ਭਗਵਾਨ ਪਰਸ਼ੂਰਾਮ ਦਾ ਅਵਤਾਰ ਬ੍ਰਾਹਮਣ ਵਰਣ ਵਿਚ ਹੋਇਆ। ਇਸ ਕਰਕੇ ਸੁੱਖ ਸ਼ਾਂਤੀ, ਅਹਿੰਸਾ ਅਤੇ ਕਲਿਆਣ ਦੀ ਗੱਲ ਹੁੰਦੀ ਜਦੋਂ ਅਤਿਆਚਾਰ ਵੱਧ ਜਾਏ ਬਾਅਦ ਪਰਸ਼ੂਰਾਮ ਦੇ ਰੂਪ ਵਿਚ ਸ਼ਸਤਰ ਧਾਰਣ ਵੀ ਕਰ ਲੈਂਦਾ ਹੈ। ਭਾਰਤ ਵਿੱਚ ਉਨ੍ਹਾਂ ਦੇ ਅਨੇਕ ਪਵਿੱਤਰ ਸਥਾਨ ਹਨ। ਖ਼ਾਸ ਕਰਕੇ ਆਸਾਮ ਵਿਚ ਬ੍ਰਹਮਪੁੱਤਰ ਸਰੋਤ ਉਪਰ ਬਣੇ ਬ੍ਰਹਮ ਕੰਡ, ਦੱਖਣ ਵਿਚ ਕੇਰਲ ਦੀ ਭੂਮੀ ਨੂੰ ਸਾਗਰ ਤੋਂ ਪਰਸ਼ੂ ਦੁਆਰਾ ਨੰਬਦਰੀ ਵੰਸ਼ ਦੀ ਸਥਾਪਨਾ, ਰਾਜਸਥਾਨ ਵਿਚ ਪਰਸ਼ੂਰਾਮ ਟੀਲਾ, ਉੱਤਰ ਵਿਚ ਹਿਮਾਚਲ ਵਿਚ ਰੇਣੂਕਾ ਤਾਲ ਅਤੇ ਪੰਜਾਬ ਵਿਖੇ ਫਗਵਾੜਾ ਦੇ ਕੋਲ ਖਾਟੀ ਨਾਮਕ ਇਤਿਹਾਸਕ ਸਥਾਨ ਦਾ ਵਿਸ਼ੇਸ਼ ਮਹੱਤਵ ਹੈ। ਅੱਜ ਦੀਆਂ ਪ੍ਰਸਥਿਤੀਆਂ ਵਿਚ ਭਗਵਾਨ ਪਰਸ਼ੂਰਾਮ ਮਹਾਂਰਿਸ਼ੀ ਵਸ਼ਿਸਟ, ਰਾਜਨੀਤੀ ਮਹਨ ਚਾਣਕੇਯ ਦਾ ਅਨੁਸਰਣ ਕਰਦਾ ਹੋਇਆ ਤਪ ਤਿਆਗ ਉਪਰ ਅਧਾਰਿਤ ਚਰਿੱਤਰਵਾਨ ਜੀਵਨ ਦਾ ਨਿਰਦੇਸ਼ ਪ੍ਰਸਤੁਤ ਕਰ ਪਾਉਂਦਾ। ਇਸੇ ਵਿਚ ਭਗਵਾਨ ਪਰਸ਼ੂਰਾਮ ਦੀ ਨੂੰ ਕੋਟੀ-ਕੋਟੀ ਪ੍ਰਣਾਮ।

# ਪਾਕਿਸਤਾਨ ਯੂਟਿਊਬਰ 'ਤੇ ਭਾਰਤ ਦੀ ਡਿਜ਼ੀਟਲ ਸਟਰਾਈਕ, 16 ਯੂਟਿਊਬ ਚੈਨਲਾਂ 'ਤੇ ਲਗਾਈ ਪਾਬੰਦੀ



**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਭਾਰਤ ਸਰਕਾਰ ਵੱਲੋਂ ਬੈਨ ਕੀਤੇ ਗਏ ਚੈਨਲਾਂ ਦੇ ਵਿੱਚ ਬੇਹੱਦ ਦੇਖੇ ਜਾਣ ਵਾਲੇ ਚੈਨਲਜ਼, ਜਿਨ੍ਹਾਂ 'ਚ ਸ਼ਾਮਲ ਹਨ**
- **ਡਾਨ ਨਿਊਜ਼, ਇਰਸ਼ਾਦ ਭੱਟੀ ਸ਼ੋਅ, ਸਾਮਾ ਟੀਵੀ, ਬੋਲ ਨਿਊਜ਼,**
- **ਰਫਤਾਰ, ਦਾ ਪਾਕਿਸਤਾਨ ਰੈਫਰੰਸ, ਜੀਓ ਨਿਊਜ਼ ਵਰਗੇ**
- **ਚੈਨਲਾਂ ਤੋਂ ਇਲਾਵਾ ਸਾਮਾ ਸਪੋਰਟਸ, ਜੀ ਐਨ ਐਨ ਉਜੈਰ**
- **ਕ੍ਰਿਕਟ, ਉਮਰ ਚੀਮਾ, ਆਸਮਾ ਸ਼ੀਰਾਜੀ ਚੈਨਲ, ਮੁਨੀ ਫਾਰੂਕ**
- **ਸੁਨੋ ਨਿਊਜ਼, ਐਚਡੀ ਰਾਜ਼ੀਨਾਮਾ ਆਦਿ ਅਜਿਹੇ 16 ਚੈਨਲ ਸਨ**

ਪਹਿਲਗਾਮ ਵਿੱਚ ਹੋਏ ਨਰਸੰਹਾਰ ਦੀ ਘਟਨਾ ਤੋਂ ਬਾਅਦ ਜਿਸ ਤਰ੍ਹਾਂ ਯੂਟਿਊਬ ਅਤੇ ਸੋਸ਼ਲ ਮੀਡੀਆ 'ਤੇ ਭਾਰਤ ਵਿਰੋਧੀ ਕੰਟੈਂਟ ਅਤੇ ਭਾਰਤ ਵਿਰੋਧੀ ਵੀਡੀਓ ਡੀਬੇਟ ਅਤੇ ਪੋਡਕਾਸਟ ਵੀਵਰਸ਼ਿਪ ਵਿੱਚ ਵਾਧਾ ਹੋਇਆ ਹੈ, ਉਹ ਭਾਰਤ ਲਈ ਖ਼ਤਰੇ ਦੀ ਘੰਟੀ ਸੀ। ਅੱਜ ਉਸਦੇ ਉਪਰ ਸਿੱਧਾ ਐਕਸ਼ਨ ਕਰਦੇ ਹੋਇਆਂ ਅੱਜ ਭਾਰਤ ਸਰਕਾਰ ਨੇ ਪਾਕਿਸਤਾਨ ਵਿੱਚੋਂ ਪ੍ਰੋਡਿਊਸ ਅਤੇ ਪ੍ਰਸਾਰਿਤ ਹੁੰਦੇ ਯੂਟਿਊਬ 'ਤੇ ਲੋਡ ਕੀਤੇ ਜਾ ਰਹੇ ਤੇ ਪੂਰੀ ਦੁਨੀਆ ਵਿੱਚ ਵਿਖਾਏ ਜਾ ਰਹੇ 16 ਉਹਨਾਂ ਵੱਡੇ ਚੈਨਲਾਂ ਨੂੰ ਬਲਾਕ ਕਰ ਦਿੱਤਾ ਹੈ ਤੇ ਉਹਨਾਂ ਨੂੰ ਹੁਣ ਭਾਰਤ ਵਿੱਚ ਨਹੀਂ ਦੇਖਿਆ ਜਾ ਸਕੇਗਾ। ਭਾਰਤ ਨੇ ਅੱਜ ਪਾਕਿਸਤਾਨ ਦੁਆਰਾ ਆਪਣੇ ਖ਼ਿਲਾਫ਼ ਲਗਾਤਾਰ ਹੋ ਰਹੇ ਨਫ਼ਰਤੀ ਕੰਟੈਂਟ ਨਾਲ ਭਰੇ ਹੋਏ ਅਤੇ ਫੇਕ ਨਿਊਜ਼ ਨੈਰੇਟਿਵ ਨੂੰ ਪਰੋਸ ਰਹੇ ਉਹਨਾਂ ਯੂਟਿਊਬ ਚੈਨਲ 'ਤੇ ਡਿਜ਼ੀਟਲ ਸਟਰਾਈਕ ਕੀਤੀ ਹੈ ਅਤੇ ਭਾਰਤ ਸਰਕਾਰ ਦੀ ਸੂਚਨਾ 'ਤੇ ਪ੍ਰਸਾਰਨ ਮੰਤਰਾਲੇ ਨੇ ਭਾਰਤ ਦੇ ਖ਼ਿਲਾਫ਼ ਝੂਠੇ ਨਫ਼ਰਤੀ ਕੰਟੈਂਟ ਨੂੰ ਫੈਲਾਉਣ ਵਾਲੇ ਅਤੇ ਪਰਾਪੇਗੰਡਾ ਕਰਨ ਵਾਲੇ 16 ਯੂਟਿਊਬ ਚੈਨਲ ਨੂੰ ਬੰਦ ਅਰਥਾਤ ਬੈਨ ਕਰ ਦਿੱਤਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਵਿਰੋਧੀ ਅਤੇ ਨਫ਼ਰਤ ਦੀ ਮੁਹਿੰਮ ਨੂੰ ਚਲਾਉਂਦਿਆਂ ਹੋਇਆਂ ਇਹ ਦੇਖਿਆ ਜਾ ਰਿਹਾ ਸੀ ਕਿ ਪਾਕਿਸਤਾਨੀ ਚੈਨਲ ਅਤੇ ਟੈਲੀਵਿਜ਼ਨ ਚੈਨਲ ਜੋ ਕੁਝ ਪਰੋਸ ਰਹੇ ਹਨ, ਉਹ ਭਾਰਤ ਵਿੱਚ ਇੱਕ ਆਪਣੀ ਕਿਸਮ ਦਾ ਤਣਾਅ ਪੈਦਾ ਕਰ ਰਿਹਾ ਹੈ ਅਤੇ ਸਾਈਬਰ ਸਪੇਸ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਸੀ। ਭਾਰਤ ਸਰਕਾਰ ਦੇ ਖ਼ਿਲਾਫ਼ ਪ੍ਰਾਪੇਗੰਡੇ ਦਾ ਪਾਕਿਸਤਾਨ ਦਾ ਇੱਕ ਵੱਡਾ ਨਫ਼ਰਤੀ ਕਦਮ ਸੀ, ਜਿਸ ਨੂੰ ਭਾਰਤ ਸਰਕਾਰ ਨੇ ਡਿਜ਼ੀਟਲ ਸਟਰਾਈਕ ਕਰਦਿਆਂ ਹੋਇਆਂ ਬੰਦ ਕਰ ਦਿੱਤਾ ਹੈ। ਇਹਦੇ ਵਿੱਚ ਕੁੱਲ 16 ਯੂਟਿਊਬ ਚੈਨਲ ਅਤੇ ਕੁੱਝ ਟੀਵੀ ਚੈਨਲ ਵੀ ਸ਼ਾਮਲ ਹਨ। ਇਹ ਸਾਈਬਰ ਸਪੇਸ 'ਤੇ ਸਖ਼ਤ ਨਜ਼ਰ ਦਾ ਨਤੀਜਾ ਹੈ ਤੁਹਾਨੂੰ ਇਹ ਯਾਦ ਕਰਾਇਆ ਜਾਂਦਾ ਹੈ ਕਿ ਪਹਿਲਗਾਮ ਦੇ ਹਮਲੇ ਤੋਂ ਬਾਅਦ ਪਾਕਿਸਤਾਨ ਯੂਟਿਊਬ ਚੈਨਲ ਅਤੇ ਯੂਟਿਊਬ 'ਤੇ ਭਾਰਤ ਵਿਰੋਧੀ ਕੰਟੈਂਟ ਤੇ ਇੱਕ ਤਰ੍ਹਾਂ ਬਾਰਿਸ਼ ਹੋ ਰਹੀ ਸੀ ਅਤੇ ਫੇਕ ਵੀਡੀਓ ਦੇ ਨਾਲ ਭਾਰਤ ਸਰਕਾਰ ਤੇ ਲੋਕਾਂ ਦੇ ਖ਼ਿਲਾਫ਼ ਇੱਕ ਨਵਾਂ ਨੈਰੇਟਿਵ ਜੋ ਨਫ਼ਰਤ ਦਾ ਨੈਰੇਟਿਵ ਸੀ ਤੇ ਉਹਦੇ ਵਿੱਚ ਭਾਰਤੀ ਸੈਨਾ ਨੂੰ ਵੀ ਟਾਰਗੇਟ ਕੀਤਾ ਜਾ ਰਿਹਾ ਸੀ ਅਤੇ ਇਸ ਤਰ੍ਹਾਂ ਵੀਡੀਓ ਦਿਖਾਏ ਜਾ ਰਹੇ ਸਨ, ਜਿਨ੍ਹਾਂ ਨਾਲ ਲੋਕਾਂ ਦਾ ਭਰੋਸਾ ਭਾਰਤ ਸਰਕਾਰ ਤੋਂ ਟੁੱਟੇ। ਇਹ ਵੀ ਮੰਨਿਆ ਜਾਂਦਾ ਹੈ ਕਿ ਮੀਡੀਆ ਸਪੇਸ ਵਿੱਚ ਇਹ ਇੱਕ ਜੰਗ ਦੀ ਮਾਨਿੰਦ ਹੁੰਦਾ ਹੈ। ਪਾਕਿਸਤਾਨ ਦੇ ਬੈਨ ਕੀਤੇ ਗਏ ਅਤੇ ਫੇਕ ਨੈਰੇਟਿਵ ਫੈਲਾਉਣ ਵਾਲੇ ਵੀਡੀਓ ਦੇ ਵਿੱਚ ਜਿਨ੍ਹਾਂ ਨੂੰ ਪਾਕਿਸਤਾਨ ਦੀ ਏਜੰਸੀ ਆਈਐਸ ਪੀਆਰ ਇੰਟਰ ਸਰਵਿਸ ਪਬਲਿਕ ਰਿਲੇਸ਼ਨ ਦੀ ਤਰਫੋਂ ਵੀ ਖੁੱਲ੍ਹਾ ਸਹਿਯੋਗ ਮਿਲਦਾ ਹੈ, ਈਐਸਪੀ ਆਰ ਪਾਕਿਸਤਾਨ ਦੀ ਆਰਮਟ ਫੋਰਸ ਕਮੇਟੀ ਮੀਡੀਆ ਤੇ ਪਬਲਿਕ ਰਿਲੇਸ਼ਨ ਵਿੰਗ ਹੈ। ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐਸਆਈ ਇੰਟਰ ਸਰਵਿਸ ਇੰਟੈਲੀਜੈਂਸ ਦੇ ਥੱਲੇ ਕੰਮ ਕਰਦੀ ਹੈ।

ਜਿਨ੍ਹਾਂ ਦੀ ਕਈ ਕਰੋੜ ਵੀਵਰਸ਼ਿਪ ਸੀ ਅਤੇ ਭਾਰਤੀ ਸਪੇਸ 'ਤੇ ਅਤੇ ਇਸ ਤਰ੍ਹਾਂ ਦੇ ਫੇਕ ਵੀਡੀਓ ਜਿਸ ਤਰ੍ਹਾਂ ਪ੍ਰਸਾਰਿਤ ਹੋਏ ਸਨ, ਉਹਨਾਂ ਦੇ ਨਾਲ ਇੱਕ ਗਲਤ ਜਾਣਕਾਰੀ ਭਾਰਤੀ ਮੀਡੀਆ ਦੇ ਪਲੇਟਫਾਰਮ 'ਤੇ ਦਿੱਤੀ ਜਾ ਰਹੀ ਸੀ ਅਤੇ ਇਹਨਾਂ ਦੇ ਬਾਰੇ ਸ਼ਿਕਾਇਤਾਂ ਮਿਲਦੀਆਂ ਸਨ ਅਤੇ ਇਨ੍ਹਾਂ ਨੂੰ ਯੂਟਿਊਬ ਚੈਨਲਸ ਨੂੰ ਭਾਰਤ ਵਿੱਚ ਬਲਾਕ ਕਰ ਦਿੱਤਾ ਗਿਆ ਹੈ।

ਭਾਰਤ ਸਰਕਾਰ ਦੁਆਰਾ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਅਜਿਹੇ ਵੀਡੀਓ ਹਟਾਏ ਜਾ ਰਹੇ ਹਨ, ਜਿਹਨਾਂ 'ਤੇ ਕਈ ਚੈਨਲ ਬਲਾਕ ਕਰ ਦਿੱਤੇ ਗਏ ਹਨ ਇਹ ਭਾਰਤੀ ਐਕਟ ਆਈਟੀ ਐਕਟ ਦੇ ਅਧੀਨ ਕੀਤਾ ਗਿਆ। ਸੋਸ਼ਲ ਮੀਡੀਆ 'ਤੇ ਸ਼ਿਕਾਇਤ ਦਾ ਤੁਸੀਂ 36 ਘੰਟੇ ਜਵਾਬ ਦੇ ਸਕਦੇ ਹੋ ਪਰੰਤੂ ਇਸ ਤਰ੍ਹਾਂ ਦੇ ਅਨੁਸਾਰ ਹੁਣ ਇਹ ਸਧਾਰਨ ਨਹੀਂ ਹੈ ਕਿ ਗਲਤ ਜਾਣਕਾਰੀ ਮਾਹੌਲ ਖਰਾਬ ਕਰ ਸਕਦੀ ਹੈ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਇਹ ਹਦਾਇਤ ਜਾਰੀ ਕੀਤੀ ਹੈ ਕਿ ਜੋ ਵੀ ਸ਼ਿਕਾਇਤ ਮਿਲ ਰਹੀ ਹੈ ਉਸ 'ਤੇ ਤੁਰੰਤ ਐਕਸ਼ਨ ਲਿਆ ਜਾਵੇ।

ਭਾਰਤ ਸਰਕਾਰ ਨੇ ਅੱਤਵਾਦੀ ਹਮਲੇ ਤੋਂ ਬਾਅਦ ਭੜਕਾਊ ਅਤੇ ਸੰਪਰਦਾਇਕ ਤੌਰ 'ਤੇ ਸੰਵੇਦਨਸ਼ੀਲ ਸਮੱਗਰੀ ਫੈਲਾਉਣ ਦੇ ਦੋਸ਼ ਵਿੱਚ 16 ਪਾਕਿਸਤਾਨੀ ਯੂਟਿਊਬ ਚੈਨਲਾਂ ਨੂੰ ਬਲਾਕ ਕਰ ਦਿੱਤਾ ਹੈ। ਸਰਕਾਰੀ ਸੂਤਰਾਂ ਅਨੁਸਾਰ ਇਨ੍ਹਾਂ ਚੈਨਲਾਂ ਦੇ ਕੁੱਲ 6.3 ਕਰੋੜ ਗਾਹਕ ਸਨ। ਇਹ ਕਾਰਵਾਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਿਫਾਰਸ਼ 'ਤੇ ਕੀਤੀ ਗਈ ਹੈ।

ਇਨ੍ਹਾਂ ਬਲਾਕ ਕੀਤੇ ਗਏ ਚੈਨਲਾਂ ਵਿੱਚ ਪਾਕਿਸਤਾਨੀ ਨਿਊਜ਼ ਚੈਨਲ ਡਾਨ, ਸਮਾ ਟੀਵੀ, ਏਆਰਵਾਈ ਨਿਊਜ਼, ਬੋਲ ਨਿਊਜ਼, ਰਫ਼ਤਾਰ, ਜੀਓ ਨਿਊਜ਼ ਅਤੇ ਸੁਨੋ ਨਿਊਜ਼ ਸ਼ਾਮਲ ਹਨ। ਇਸ ਤੋਂ ਇਲਾਵਾ ਪੱਤਰਕਾਰਾਂ ਇਰਸ਼ਾਦ ਭੱਟੀ, ਅਸਮਾ ਸ਼ਿਰਾਜ਼ੀ, ਉਮਰ ਚੀਮਾ ਅਤੇ ਮੁਨੀਬ ਫਾਰੂਕ ਦੇ ਯੂਟਿਊਬ ਚੈਨਲਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਦ ਪਾਕਿਸਤਾਨ ਰੈਫਰੈਂਸ, ਸਮਾ ਸਪੋਰਟਸ, ਉਜ਼ੈਰ ਕ੍ਰਿਕਟ ਅਤੇ ਰਾਜ਼ੀ ਨਾਮਾ ਵਰਗੇ ਹੋਰ ਪਲੇਟਫਾਰਮ ਵੀ ਇਸ ਸੂਚੀ ਵਿੱਚ ਹਨ।

ਸਰਕਾਰੀ ਸੂਤਰਾਂ ਅਨੁਸਾਰ, ਇਹ ਯੂਟਿਊਬ ਚੈਨਲ ਭਾਰਤ, ਭਾਰਤੀ ਫੌਜ ਅਤੇ ਸੁਰੱਖਿਆ ਏਜੰਸੀਆਂ ਵਿਰੁੱਧ ਝੂਠਾ, ਗੁੰਮਰਾਹਕੁੰਨ ਅਤੇ ਭੜਕਾਊ ਪ੍ਰਚਾਰ ਫੈਲਾ ਰਹੇ ਸਨ, ਖਾਸ ਕਰਕੇ ਪਹਿਲਗਾਮ ਹਮਲੇ ਤੋਂ ਬਾਅਦ ਜਦੋਂ ਭਾਰਤ ਅਤੇ ਪਾਕਿਸਤਾਨ ਦੇ ਸਬੰਧ ਹੋਰ ਤਣਾਅਪੂਰਨ ਹੋ ਗਏ ਸਨ। ਇਸ ਹਮਲੇ ਵਿੱਚ 25 ਸੈਲਾਨੀ ਅਤੇ ਇੱਕ ਕਸ਼ਮੀਰੀ ਨਾਗਰਿਕ ਬੇਰਹਿਮੀ ਨਾਲ ਮਾਰੇ ਗਏ ਸਨ।

ਹੁਣ ਜੇਕਰ ਕੋਈ ਇਨ੍ਹਾਂ ਚੈਨਲਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਸੁਨੇਹਾ ਦਿਖਾਈ ਦੇਵੇਗਾ। ਇਹ ਸਮੱਗਰੀ ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਨਾਲ ਸਬੰਧਤ ਸਰਕਾਰੀ ਆਦੇਸ਼ਾਂ ਕਾਰਨ ਇਸ ਦੇਸ਼ ਵਿੱਚ ਉਪਲਬਧ ਨਹੀਂ ਹੈ। ਵਧੇਰੇ ਜਾਣਕਾਰੀ ਲਈ ਗੂਗਲ ਪਾਰਦਰਸ਼ਤਾ ਰਿਪੋਰਟ ਵੇਖੋ।

**ਭਾਰਤ ਨੇ ਪਾਕਿਸਤਾਨ ਵਿਰੁੱਧ ਸਖ਼ਤ ਕਦਮ ਚੁੱਕੇ:** ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। ਭਾਰਤ ਨੇ ਸਿੰਧੂ ਜਲ ਸੰਧੀ ਅਤੇ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਨੂੰ ਵੀ ਮੁਅੱਤਲ ਕਰ ਦਿੱਤਾ ਹੈ। ਇਸ ਦੇ ਜਵਾਬ ਵਿੱਚ ਪਾਕਿਸਤਾਨ ਨੇ ਕਿਹਾ ਹੈ ਕਿ ਉਹ ਸ਼ਿਮਲਾ ਸਮਝੌਤਾ ਸਮੇਤ ਭਾਰਤ ਨਾਲ ਸਾਰੇ ਦੁਵੱਲੇ ਸਮਝੌਤਿਆਂ ਨੂੰ ਮੁਅੱਤਲ ਕਰਨ ਦਾ ਅਧਿਕਾਰ ਰੱਖਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਸ ਹਮਲੇ ਵਿੱਚ ਸ਼ਾਮਲ ਲੋਕਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਅਜਿਹੀ ਸਜ਼ਾ ਦਿੱਤੀ ਜਾਵੇਗੀ, ਜਿਸਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਉਨ੍ਹਾਂ ਦੇਸ਼ ਵਾਸੀਆਂ ਨਾਲ ਵਾਅਦਾ ਕੀਤਾ ਕਿ ਹਰ ਅੱਤਵਾਦੀ ਅਤੇ ਉਸਦੇ ਮਦਦਗਾਰ ਨੂੰ ਲੱਭਿਆ ਜਾਵੇਗਾ, ਫੜ੍ਹਿਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਬੀਬੀਸੀ ਦੀ ਰਿਪੋਰਟਿੰਗ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਭਾਰਤ ਸਰਕਾਰ ਨੇ ਪਹਿਲਗਾਮ ਅੱਤਵਾਦੀ ਹਮਲੇ ਬਾਰੇ ਬੀਬੀਸੀ ਦੀ ਰਿਪੋਰਟਿੰਗ 'ਤੇ ਸਖ਼ਤ ਇਤਰਾਜ਼ ਦਰਜ ਕਰਵਾਇਆ। ਬੀਬੀਸੀ ਨੇ ਕਸ਼ਮੀਰ ਹਮਲੇ ਤੋਂ ਬਾਅਦ ਪਾਕਿਸਤਾਨ ਨੇ ਭਾਰਤੀਆਂ ਲਈ ਵੀਜ਼ਾ ਮੁਅੱਤਲ ਕਰ ਦਿੱਤਾ, ਸਿਰਲੇਖ ਵਾਲੀ ਇੱਕ ਰਿਪੋਰਟ ਵਿੱਚ ਇਸ ਅੱਤਵਾਦੀ ਘਟਨਾ ਨੂੰ ਅੱਤਵਾਦੀ ਹਮਲਾ ਦੱਸਿਆ ਹੈ।

ਇਸ ਸ਼ਬਦਾਵਲੀ ਤੋਂ ਨਾਰਾਜ਼ ਹੋ ਕੇ ਸਰਕਾਰ ਨੇ ਬੀਬੀਸੀ ਇੰਡੀਆ ਦੇ ਮੁਖੀ ਜੈਕੀ ਮਾਰਟਿਨ ਨੂੰ ਇੱਕ ਰਸਮੀ ਪੱਤਰ ਲਿਖਿਆ ਹੈ।

ਸਰਕਾਰੀ ਸੂਤਰਾਂ ਅਨੁਸਾਰ, ਭਾਰਤ ਸਰਕਾਰ ਨੇ ਪੱਤਰ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਬੀਬੀਸੀ ਦੇ ਸ਼ਬਦਾਂ ਦੀ ਚੋਣ ਘਟਨਾ ਦੀ ਗੰਭੀਰਤਾ ਅਤੇ ਅੱਤਵਾਦ ਦੀ ਅਸਲੀਅਤ ਨੂੰ ਘੱਟ ਦਰਸਾਉਂਦੀ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਇਹ ਵੀ ਦੱਸਿਆ ਕਿ ਹੁਣ ਤੋਂ ਵਿਦੇਸ਼ ਮੰਤਰਾਲਾ ਬੀਬੀਸੀ ਦੀ ਰਿਪੋਰਟਿੰਗ 'ਤੇ ਨੇੜਿਓਂ ਨਜ਼ਰ ਰੱਖੇਗਾ। ਭਾਰਤ ਦਾ ਕਹਿਣਾ ਹੈ ਕਿ ਅਜਿਹੀ ਰਿਪੋਰਟਿੰਗ ਨਾ ਸਿਰਫ਼ ਗੁੰਮਰਾਹਕੁੰਨ ਹੈ, ਸਗੋਂ ਅੱਤਵਾਦ ਵਰਗੇ ਗੰਭੀਰ ਮੁੱਦੇ ਨੂੰ ਹਲਕਾ ਬਣਾਉਣ ਦੇ ਬਰਾਬਰ ਹੈ, ਜੋ ਕਿ ਅਸਵੀਕਾਰਨਯੋਗ ਹੈ।

ਨਫ਼ਰਤੀ ਕੰਟੈਂਟ ਵਾਲੇ ਚੈਨਲਾਂ ਨਾਲ ਪ੍ਰਸਾਰਣ ਨੂੰ ਭਾਰਤ ਵਿੱਚ ਬੈਨ ਕਰਨਾ ਪਾਕਿਸਤਾਨ ਦੇ ਖ਼ਿਲਾਫ਼ ਇਕ ਵੱਡਾ ਪ੍ਰਚਾਰ ਪ੍ਰਸਾਰਨ ਨੂੰ ਰੋਕਣਾ ਦਾ ਇੱਕ ਜਿਹਾ ਯਤਨ ਹੈ ਜੋ ਬਹੁਤ ਜ਼ਰੂਰੀ ਸੀ। ਇਹ ਯਤਨ ਭਾਰਤ ਵਿੱਚਲੇ ਅਤੇ ਵਿਦੇਸ਼ੀ ਉਹਨਾਂ ਚੈਨਲਾਂ ਵਾਸਤੇ ਵੀ ਇਕ ਚੇਤਾਵਨੀ ਹੈ ਕਿ ਉਹ ਭਾਰਤ ਵਿਰੋਧੀ ਇਸ ਤਰ੍ਹਾਂ ਦਾ ਇੱਕ ਪਾਸੜ ਪ੍ਰਚਾਰ ਤੇ ਨਫ਼ਰਤੀ ਸਮੱਗਰੀ ਨਾਲ ਭਰਪੂਰ ਪ੍ਰੋਗਰਾਮਾਂ ਨੂੰ ਪ੍ਰਸਾਰਿਤ ਨਾ ਕਰਨ।

ਇਹ ਸਮਾਂ ਭਾਰਤ ਸਰਕਾਰ ਵਾਸਤੇ ਹੋਰ ਵੀ ਸਖ਼ਤ ਚੌਕਸੀ ਦਾ ਹੈ ਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਚੌਕਸੀ ਹੋਰ ਵੀ ਵਧੇਗੀ ਜੋ ਬੇਹੱਦ ਜ਼ਰੂਰੀ ਵੀ ਹੈ।

# ਚੰਦਰਾ ਗੁਆਂਢ ਨਾ ਹੋਵੇ : ਪਹਿਲਗਾਮ ਕਤਲੇਆਮ ਦਾ ਦੁਖਾਂਤ

**ਉਜਾਗਰ ਸਿੰਘ**
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072



ਜੰਮੂ ਕਸ਼ਮੀਰ ਵਿੱਚ ਪਹਿਲਗਾਮ ਦੀ ਬੈਸਰਾਨ ਘਾਟੀ ਵਿੱਚ 22 ਅਪ੍ਰੈਲ 2025 ਨੂੰ ਕਥਿਤ ਅਤਵਾਦੀਆਂ ਨੇ ਇੱਕ ਸਮੁਦਾਇ ਦੇ ਯਾਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜਿਹੜੇ ਸੈਲਾਨੀ ਕੁਦਰਤ ਦੀ ਗੋਦ ਦਾ ਆਨੰਦ ਮਾਨਣ ਲਈ ਗਏ ਸਨ, ਉਨ੍ਹਾਂ ਵਿੱਚੋਂ 28 ਸੈਲਾਨੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਉਸ ਦਰਦਨਾਕ ਤੇ ਹਿਰਦੇਵੇਦਕ ਘਟਨਾ ਨਾਲ ਸਮੁੱਚੇ ਦੇਸ਼ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਹਰ ਭਾਰਤੀ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਝੜੀ ਲੱਗ ਗਈ। ਭਾਰਤ ਦੇ ਸਾਰੇ ਵਰਗਾਂ ਅਤੇ ਰਾਜਾਂ ਦੇ ਲੋਕ ਸਰਕਾਰ ਦੀ ਪਿੱਠ 'ਤੇ ਖੜ੍ਹ ਗਏ ਅਤੇ ਪਿੰਡ-ਪਿੰਡ ਤੇ ਸ਼ਹਿਰ ਸ਼ਹਿਰ ਵਿੱਚ ਸ਼ੋਕ ਸਭਾਵਾਂ ਵਿੱਚ ਇਸ ਘਿਨੌਣੀ ਹਰਕਤ ਦੀ ਨਿੰਦਿਆ ਕੀਤੀ ਗਈ ਹੈ।

ਪੰਜਾਬੀ ਦੀ ਇੱਕ ਕਹਾਵਤ ਹੈ ਕਿ 'ਚੰਦਰਾ ਗੁਆਂਢ ਨਾ ਹੋਵੇ ਤੇ ਲਾਈਲੱਗ ਨਾ ਹੋਵੇ ਘਰ ਵਾਲਾ'। ਆਮ ਤੌਰ 'ਤੇ ਇਹ ਕਹਾਵਤ ਉਦੋਂ ਵਰਤੀ ਜਾਂਦੀ ਹੈ ਜਦੋਂ ਪਰਿਵਾਰਾਂ ਅਤੇ ਆਂਢੀਆਂ ਗੁਆਂਢੀਆਂ ਵਿੱਚ ਮਾੜੀਆਂ ਮੋਟੀਆਂ ਗੱਲਾਂ 'ਤੇ ਹੀ ਬਿਨਾ ਵਜ੍ਹਾ ਚੁੰਝ ਚਰਚਾ ਚਲਦੀ ਤੇ ਲੜਾਈ ਝਗੜਾ ਹੁੰਦਾ ਰਹੇ। ਪ੍ਰੰਤੂ ਇਹ ਕਹਾਵਤ ਆਂਢ ਗੁਆਂਢ ਦੇ ਦੇਸ਼ਾਂ 'ਤੇ ਵੀ ਉਤਨੀ ਹੀ ਢੁੱਕਦੀ ਹੈ। ਜਿਥੇ ਇਨਸਾਨ ਰਹਿੰਦਾ ਹੋਵੇ ਭਾਵੇਂ ਉਹ ਦੇਸ਼ ਹੀ ਕਿਉਂ ਨਾ ਹੋਵੇ? ਉਥੇ ਆਪਣੇ ਆਂਢੀਆਂ-ਗੁਆਂਢੀਆਂ ਨਾਲ ਉਨ੍ਹਾਂ ਨੂੰ ਆਪਸੀ ਪਿਆਰ ਸਤਿਕਾਰ ਤੇ ਮਿਲਵਰਤਨ ਨਾਲ ਰਹਿਣਾ ਚਾਹੀਦਾ ਹੈ। ਸ਼ਾਂਤਮਈ ਵਾਤਾਵਰਨ ਤੋਂ ਬਿਨਾ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ। ਸ਼ਾਂਤੀ ਹੀ ਵਿਕਾਸ ਦਾ ਧੁਰਾ ਹੁੰਦੀ ਹੈ। ਅਸ਼ਾਂਤੀ ਦੇ ਮਾਹੌਲ ਵਿੱਚ ਸੁੱਖਮਈ ਜੀਵਨ ਜੀਵਿਆ ਹੀਨਹੀਂ ਜਾ ਸਕਦਾ, ਕਿਉਂਕਿ ਹਰ ਵਕਤ ਇੱਕ ਦੂਜੇ ਦੀਆਂ ਲੱਤਾਂ ਖਿਚਣ ਵਿੱਚ ਸਮਾਂ ਬਰਬਾਦ ਕੀਤਾ ਜਾਵੇ, ਉਦੋਂ ਨਾ ਤਾਂ ਮਨ ਸ਼ਾਂਤ ਰਹਿੰਦਾ ਹੈ ਅਤੇ ਨਾ ਹੀ ਵਿਕਾਸ ਦੀਆਂ ਸਕੀਮਾਂ ਬਣਾਉਣ ਵਲ ਧਿਆਨ ਜਾਂਦਾ ਹੈ। ਫਿਰ ਉਸ ਦੇਸ਼ ਦੇ ਲੋਕਾਂ ਦਾ ਨੁਕਸਾਨ ਹੁੰਦਾ ਹੈ, ਸਗੋਂ ਹਰ ਵਕਤ ਅਨਰਜ਼ੀ ਬੇਫ਼ਜ਼ੂਲ ਦੇ ਕੰਮਾਂ ਵਿੱਚ ਅਜਾਈਂ ਗੁਆਈ ਜਾਂਦੀ ਹੈ। ਜਿਵੇਂ ਪਾਕਿਸਤਾਨ ਵਿੱਚ ਹੋ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ, ਇੱਕ ਪਾਸੇ ਪਾਕਿਸਤਾਨ ਆਪਣੇ ਆਪ ਨੂੰ ਪਰਜਾਤੰਤਰਿਕ ਦੇਸ਼ ਕਹਿੰਦਾ ਹੈ, ਪ੍ਰੰਤੂ ਦੂਜੇ ਪਾਸੇ ਫੌਜ ਦਾ ਬੋਲਬਾਲਾ ਹੈ। ਸਿਆਸਤਦਾਨ ਇਤਨੇ ਕਮਜ਼ੋਰ ਕਿਉਂ ਹੋ ਗਏ ਹਨ? ਉਹ ਫੌਜ ਦੇ ਥੱਲੇ ਲੱਗੇ ਹੋਏ ਹਨ, ਉਨ੍ਹਾਂ ਨੂੰ ਨਾਲੇ ਇਹ ਵੀ ਪਤਾ ਹੈ ਕਿ ਫੌਜ ਕਾਬਲੇ ਇਤਬਾਰ ਨਹੀਂ।

ਹਰ ਸਿਆਸਤਦਾਨ ਦਾ ਅਖ਼ੀਰ ਫੌਜ ਹੱਥੋਂ ਸਿਆਸੀ ਕਤਲ ਹੁੰਦਾ ਹੈ। ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਜੋ ਕਿਸੇ ਸਮੇਂ ਸਾਡਾ ਆਪਣਾ ਹੀ ਅੰਗ ਹੁੰਦਾ ਸੀ, ਉਹ ਬਿਨਾ ਵਜ੍ਹਾ ਹੀ ਭਾਰਤ ਨਾਲ ਸਿੰਗ ਫਸਾਈ ਰੱਖਦਾ ਹੈ। ਇੰਝ ਕਰਨ ਨਾਲ ਉਸਦਾ ਆਪਣਾ ਨੁਕਸਾਨ ਹੋ ਰਿਹਾ ਹੈ। ਇੱਕ ਪਾਸੇ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ਼ ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਵਿੱਚ ਮੰਨਦੇ ਹਨ ਕਿ ਪਾਕਿਸਤਾਨ ਪਿਛਲੇ 30 ਸਾਲਾਂ ਤੋਂ ਅੱਤਵਾਦੀਆਂ ਦਾ ਸਮਰਥਨ ਅਤੇ ਸਿਖਲਾਈ ਦੇ ਰਿਹਾ ਹੈ, ਇੰਝ ਕਰਕੇ ਉਹ ਪੱਛਮੀ ਦੇਸ਼ਾਂ ਲਈ ਮਾੜਾ ਕੰਮ ਕਰ ਰਿਹਾ ਹੈ। ਇਸਨੂੰ ਉਹ ਆਪਣੇ ਦੇਸ਼ ਦੀ ਗ਼ਲਤ ਮੰਨਦਾ ਹੈ, ਮੰਤਰੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੀ ਇਤਨੀ ਮਾੜੀ ਹਾਲਤ ਨਾ ਹੁੰਦੀ ਜੇਕਰ ਪਾਕਿਸਤਾਨ ਅਜਿਹੀਆਂ ਹਰਕਤਾਂ ਨਾ ਕਰਦਾ। ਦੂਜੇ ਪਾਸੇ ਅਜੇ ਵੀ ਆਪਣੀਆਂ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਆਰਥਿਕ ਦੀਵਾਲਾ ਨਿਕਲਣ ਦੇ ਨਜ਼ਦੀਕ ਪਹੁੰਚ ਚੁੱਕਾ ਹੈ। ਹਰ ਵਕਤ ਦੂਜੇ ਦੇਸ਼ਾਂ ਅੱਗੇ ਹੱਥ ਅੱਡੀ ਰੱਖਦਾ ਹੈ। ਦੂਜੇ ਦੇਸ਼ਾਂ ਤੋਂ ਸਹਾਇਤਾ ਲੈ ਕੇ ਗੁਜ਼ਾਰਾ ਕਰ ਰਿਹਾ ਹੈ। ਉਹ ਦੇਸ਼ ਆਪਣਾ ਉਲੂ ਸਿੱਧਾ ਕਰ ਰਹੇ ਹਨ, ਆਪਣਾ ਸਾਮਾਨ ਵੇਚ ਰਹੇ ਹਨ।

ਪਾਕਿਸਤਾਨ 'ਤੇ ਉਹ ਕਹਾਵਤ ਵੀ ਢੁੱਕਦੀ ਹੈ, 'ਚੰਦਰਾ ਗੁਆਂਢ ਨਾ ਹੋਵੇ ਲਾਈ ਲੱਗ ਨਾ ਹੋਵੇ ਘਰ ਵਾਲਾ'। ਪਾਕਿਸਤਾਨ ਨੂੰ ਸੋਚਣਾ ਹੋਵੇਗਾ ਧਰਮ ਦੇ ਨਾਮ 'ਤੇ ਦੇਸ਼ ਉਨ੍ਹਾਂ ਆਪ ਬਣਾਇਆ ਹੈ। ਜਿਨਹਾ ਨੇ ਅੰਗਰੇਜ਼ਾਂ ਦੇ ਧੱਕੇ ਚੜ੍ਹ ਕੇ ਕਾਂਗਰਸ 'ਚੋਂ ਅਸਤੀਫਾ ਦੇ ਕੇ ਧਰਮ 'ਤੇ ਅਧਾਰਤ ਪਾਕਿਸਤਾਨ ਦੀ ਮੰਗ ਕੀਤੀ ਸੀ। ਧਰਮ 'ਤੇ ਅਧਾਰਤ ਦੇਸ਼ ਬਣਾਇਆ ਸੀ, ਫਿਰ ਭਾਰਤ ਵਿੱਚੋਂ ਉਨ੍ਹਾਂ ਦੇ ਧਰਮ ਦੇ ਲੋਕ ਕਿਉਂ ਨਹੀਂ ਪਾਕਿਸਤਾਨ ਦੇਸ਼ ਵਿੱਚ ਗਏ?

ਇਹ ਸੋਚਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਪਤਾ ਸੀ ਕਿ ਪਾਕਿਸਤਾਨ ਵਿੱਚ ਉਨ੍ਹਾਂ ਦਾ ਭਵਿੱਖ ਸੁਨਹਿਰਾ ਨਹੀਂ ਹੋਵੇਗਾ। ਹੁਣ ਜਦੋਂ ਪਾਕਿਸਤਾਨ ਕਦੀ ਪੁਲਵਾਮਾ, ਪਹਿਲਗਾਮ ਤੇ ਕਦੀ ਕਿਸੇ ਹੋਰ ਥਾਂ 'ਤੇ ਇੱਕ ਸਮੁਦਾਇ ਦੇ ਲੋਕਾਂ ਦੇ ਕਤਲ ਕਰਦੇ ਹਨ ਤਾਂ ਉਨ੍ਹਾਂ ਇਹ ਨਹੀਂ ਸੋਚਿਆ ਕਿ ਉਨ੍ਹਾਂ ਦੀ ਸਮੁਦਾਇ ਦੇ ਲੋਕ ਭਾਰਤ ਵਿੱਚ ਰਹਿੰਦੇ ਹਨ, ਜੇਕਰ ਉਨ੍ਹਾਂ ਨਾਲ ਅਜਿਹੀ ਘਟਨਾ ਹੋਵੇ ਤਾਂ ਕੀ ਉਨ੍ਹਾਂ ਨੂੰ ਤਕਲੀਫ ਨਹੀਂ ਹੋਵੇਗੀ। ਉਹ ਆਪਣੀ ਸਮੁਦਾਇ ਦੇ ਹਿੱਤਾਂ ਦਾ ਵੀ ਧਿਆਨ ਨਹੀਂ ਰੱਖਦੇ। ਇਸ ਲਈ ਪਾਕਿਸਤਾਨ ਦੀ ਫੌਜ ਨੂੰ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ ਦੋਹਾਂ ਸਮੁਦਾਇ ਦਾ ਜੀਣਾ ਦੁੱਭਰ ਕਰ ਰਹੀਆਂ ਹਨ।

ਆਦਿਲ ਹੁਸੈਨ ਸ਼ਾਹ ਦੀ ਕੁਰਬਾਨੀ ਨੇ ਦੋਹਾਂ ਸਮੁਦਾਇ ਦੇ ਅਨਿੱਖੜਵੇਂ ਸਬੰਧਾਂ ਦਾ ਪ੍ਰਗਟਾਵਾ ਕੀਤਾ ਹੈ। ਭਾਰਤ ਸਰਕਾਰ ਨੂੰ ਆਦਿਲ ਹੁਸੈਨ ਸ਼ਾਹ ਨੂੰ ਮਰਨ ਉਪਰੰਤ ਭਾਰਤ ਦਾ ਸਰਵੋਤਮ ਸਨਮਾਨ ਦੇਣਾ ਚਾਹੀਦਾ ਹੈ, ਜਿਹੜਾ ਹਿੰਦੂ ਮੁਸਲਮਾਨ ਏਕਤਾ ਦਾ ਪ੍ਰਤੀਕ ਬਣਿਆ ਹੈ। ਪਾਕਿਸਤਾਨ ਦੀ ਇਸ ਘਿਨੌਣੀ ਹਰਕਤ ਨਾਲ ਜੰਮੂ ਕਸ਼ਮੀਰ ਦੇ ਲੋਕਾਂ ਦੇ ਰੋਜ਼ਗਾਰ 'ਤੇ ਵੀ ਗਹਿਰੀ ਸੱਟ ਮਾਰੀ ਹੈ। ਹਜ਼ਾਰਾਂ ਸੈਲਾਨੀਆਂ ਨੇ ਆਪਣੇ ਫੈਸਲੇ ਬਦਲ ਲਏ ਹਨ।

ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਜੰਮੂ ਕਸ਼ਮੀਰ ਵਿੱਚ ਵਸ ਰਹੇ ਇੱਕ ਫ਼ਿਰਕੇ ਦੇ ਲੋਕਾਂ ਨੇ ਸਿਆਣਪ ਵਿਖਾਈ ਹੈ, ਭਾਰਤ ਦੀ ਏਕਤਾ ਤੇ ਅਖੰਡਤਾ ਲਈ ਇੱਕੋ ਆਵਾਜ਼ ਵਿੱਚ ਪਹਿਲਗਾਮ ਕਤਲੇਆਮ ਦੀ ਘੋਰ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਨਹੀਂ ਆਮ ਤੌਰ 'ਤੇ ਵਿਰੋਧੀ ਪਾਰਟੀਆਂ ਅਜਿਹੀਆਂ ਘਟਨਾਵਾਂ 'ਤੇ ਵੀ ਸਿਆਸਤ ਕਰਨ ਲੱਗ ਜਾਂਦੀਆਂ ਹਨ। ਵਿਰੋਧੀ ਪਾਰਟੀਆਂ ਨੇ ਦੇਸ਼ ਦੀ ਰੱਖਿਆ ਲਈ ਇੱਕਮੁੱਠਤਾ ਦਾ ਸਬੂਤ ਦਿੱਤਾ ਹੈ। ਭਾਰਤ ਦੇ ਹਰ ਫ਼ਿਰਕੇ ਦੇ ਲੋਕਾਂ ਨੇ ਸਰਕਾਰ ਨਾਲ ਹਰ ਕਿਸਮ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ। ਪਾਕਿਸਤਾਨ ਦੀ ਫੌਜ ਨੇ ਇੱਕ ਫ਼ਿਰਕੇ ਦੇ ਲੋਕਾਂ ਦਾ ਕਤਲੇਆਮ ਕਰਕੇ ਭਾਰਤ ਵਿੱਚ ਦੰਗੇ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਸੂਝਵਾਨ ਭਾਰਤੀਆਂ ਨੇ ਇੱਕਮੁੱਠਤਾ ਦਾ ਸਬੂਤ ਦੇ ਕੇ ਬਹਿਕਾਵੇ ਵਿੱਚ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਇੰਡੋ ਪਾਕਿ ਜੰਗ ਵਿੱਚ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪਈ ਸੀ, ਇਸ ਲਈ ਪਾਕਿਸਤਾਨ ਦੀ ਸਰਕਾਰ ਨੂੰ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ ਕਿਤੇ ਇਹ ਨਾ ਹੋਵੇ ਕਿ ਭਾਰਤ ਨੂੰ ਮਜਬੂਰ ਕਰਕੇ ਆਪਣਾ ਹੋਰ ਨੁਕਸਾਨ ਕਰਵਾ ਲਵੇ। ਸੰਸਾਰ ਜਾਣਦਾ ਹੈ ਕਿ ਪਾਕਿਸਤਾਨ ਖਾਹਮਖਾਹ ਪੰਗੇ ਲੈ ਰਿਹਾ ਹੈ। ਪਾਕਿਸਤਾਨ ਦੀ ਫੌਜ ਇਵੇਂ ਅਜਿਹੀਆਂ ਹਰਕਤਾਂ ਕਰ ਰਹੀ ਹੈ, ਜਿਵੇਂ ਪੰਜਾਬੀ ਦੀ ਇੱਕ ਹੋਰ ਕਹਾਵਤ ਹੈ 'ਚੱਕੀ ਹੋਈ ਪੰਚਾਂ ਦੀ ਥਾਣੇਦਾਰ ਦੇ ਬਰਾਬਰ ਬੋਲੇ' ਪਾਕਿਸਤਾਨ ਨੂੰ ਸਮਝਣਾ ਚਾਹੀਦਾ ਹੈ ਕਿ ਉਂਗਲ ਲਾਉਣ ਵਾਲੇ ਔਖੇ ਸਮੇਂ ਵਿੱਚ ਕਦੀਂ ਨਾਲ ਨਹੀਂ ਖੜ੍ਹਦੇ ਹੁੰਦੇ, ਸਗੋਂ ਦੂਰ ਖੜ੍ਹਕੇ ਤਮਾਸ਼ਾ ਵੇਖਦੇ ਰਹਿੰਦੇ ਹਨ। ਪਾਕਿਸਤਾਨ ਨੇ ਸਿੱਖਾਂ ਤੋਂ ਬਿਨਾ ਬਾਕੀ ਸਾਰੇ ਭਾਰਤੀਆਂ ਨੂੰ ਪਾਕਿਸਤਾਨ ਛੱਡਣ ਦੇ ਹੁਕਮ ਕਰਕੇ ਵੰਡੀਆਂ ਪਾ ਕੇ ਸਿੱਖਾਂ ਨੂੰ ਫੁਸਲਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਉਹ ਸਫ਼ਲ ਨਹੀਂ ਹੋਣਗੇ। ਸਿੱਖ ਕੌਮ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਕੁਰਬਾਨੀਆਂ ਕਰਨ ਲਈ ਤੱਤਪਰ ਰਹਿੰਦੀ ਹੈ। ਭਾਰਤ ਸਰਕਾਰ ਨੇ 1960 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖ਼ਾਨ ਨਾਲ ਵਿਸ਼ਵ ਬੈਂਕ ਦੀ ਵਿਚੋਲਗੀ ਰਾਹੀਂ ਕਰਾਚੀ ਵਿੱਚ ਬੈਠ ਕੇ ਸਿੰਧ ਜਲ ਸਮਝੌਤਾ ਕੀਤਾ ਕੀਤਾ ਸੀ। ਇਸ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ 9 ਸਾਲ ਲੱਗੇ ਸਨ। ਇਸ ਸਮਝੌਤੇ ਅਧੀਨ 6 ਦਰਿਆਵਾਂ ਸਿੰਧ, ਜੇਹਲਮ ਸਤਲੁਜ, ਰਾਵੀ, ਬਿਆਸ ਅਤੇ ਚਨਾਬ ਦਾ 80 ਫ਼ੀਸਦੀ ਪਾਣੀ ਪਾਕਿਸਤਾਨ ਅਤੇ ਸਿਰਫ 20 ਫ਼ੀਸਦੀ ਪਾਣੀ ਭਾਰਤ ਨੂੰ ਦਿੱਤਾ ਗਿਆ ਸੀ। ਸਾਂਝੇ ਭਾਰਤ ਦੇ ਇਹ ਦਰਿਆ ਸਨ, ਤਿੱਬਤ ਤੋਂ ਸ਼ੁਰੂ ਹੋ ਕੇ ਭਾਰਤੀ ਇਲਾਕੇ ਵਿੱਚੋਂ ਹੁੰਦੇ ਹੋਏ ਪਾਕਿਸਤਾਨ ਵਿੱਚ ਜਾਂਦੇ ਹਨ। ਇਸ ਲਈ ਭਾਰਤ ਰਿਪੇਰੀਅਨ ਦੇਸ਼ ਹੋਣ ਕਰਕੇ ਹਿੱਸਾ ਜ਼ਿਆਦਾ ਹੋਣਾ ਚਾਹੀਦਾ ਸੀ। ਭਾਰਤ ਨੇ ਫ਼ਿਰਾਕਦਿਲੀ ਨਾਲ ਪਾਕਿਸਤਾਨ ਨੂੰ ਵੱਧ ਪਾਣੀ ਦਿੱਤਾ। ਸਤਲੁਜ, ਰਾਵੀ ਤੇ ਬਿਆਸ ਜੋ ਭਾਰਤ ਦੇ ਹਿੱਸੇ ਆਏ ਦਾ ਪਾਣੀ ਵੀ ਪਾਕਿਸਤਾਨ ਨੂੰ ਜਾਂਦਾ ਹੈ। ਪਾਕਿਸਤਾਨ ਦਾ 90 ਫ਼ੀਸਦੀ ਖੇਤੀ ਅਧੀਨ ਰਕਬਾ ਇਸ ਪਾਣੀ 'ਤੇ ਨਿਰਭਰ ਕਰਦਾ ਹੈ। ਪਾਕਿਸਤਾਨ ਦੇ ਦੋ ਵੱਡੇ ਪਣਬਿਜਲੀ ਪ੍ਰਾਜੈਕਟ ਤਰਬੇਲਾ ਤੇ ਮੰਗਲਾ ਵੀ ਸਿੰਧ ਦੇ ਇਸ ਪਾਣੀ ਨਾਲ ਚਲਦੇ ਹਨ। ਪਾਕਿਸਤਾਨ ਦੀ ਬਚਦੀ ਆਰਥਿਕਤਾ ਵੀ ਤਬਾਹ ਹੋ ਜਾਵੇਗੀ, ਖ਼ੁਰਾਕ ਤੇ ਬਿਜਲੀ ਦਾ ਸੰਕਟ ਖੜ੍ਹਾ ਹੋ ਜਾਵੇਗਾ, ਬਿਜਲੀ ਤੋਂ ਬਿਨਾਂ ਹਨੇਰਾ ਪਸਰ ਜਾਵੇਗਾ ਅਤੇ ਅਸ਼ਾਂਤੀ ਫ਼ੈਲ ਜਾਵੇਗੀ।

ਇਹ ਸਮਝੌਤਾ ਪਾਕਿਸਤਾਨ ਦੀ ਬੇਨਤੀ 'ਤੇ ਕੀਤਾ ਗਿਆ ਸੀ। ਹੁਣ ਪਾਕਿਸਤਾਨ ਨੇ ਪਹਿਲਗਾਮ ਵਿੱਚ ਕਰੂਰਤਾ ਦਾ ਸਬੂਤ ਦਿੰਦਿਆਂ ਇੱਕ ਸਮੁਦਾਇ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ, ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਭਾਰਤ ਨੂੰ ਮਜਬੂਰ ਹੋ ਕੇ ਇਹ ਸਮਝੌਤਾ ਰੱਦ ਕਰਨਾ ਪਿਆ। ਪਾਕਿਸਤਾਨ ਦੇ ਫੌਜ ਮੁੱਖੀ ਦੇ ਕਸ਼ਮੀਰ ਬਾਰੇ ਬਿਆਨ ਨੇ ਸਾਰਾ ਪੁਆੜਾ ਪਾਇਆ ਹੈ। ਪਾਕਿਸਤਾਨ ਹਮੇਸ਼ਾ ਕਸ਼ਮੀਰ ਦਾ ਅਲਾਪ ਕਰੀ ਜਾਂਦਾ ਹੈ, ਜਦੋਂ ਅੰਤਰਰਾਜੀ ਸਮਝੌਤੇ ਅਧੀਨ ਐਲ ਓ ਸੀ ਬਣ ਗਈ, ਕਸ਼ਮੀਰ ਦਾ ਕੁਝ ਹਿੱਸਾ ਪਾਕਿਸਤਾਨ ਨੂੰ ਅਤੇ ਬਾਕੀ ਭਾਰਤ ਨੂੰ ਮਿਲ ਗਿਆ, ਫਿਰ ਹੁਣ ਰੌਲਾ ਕਿਸ ਗੱਲ ਦਾ ਰਹਿ ਗਿਆ। ਜੇ ਪਾਕਿਸਤਾਨ ਅਜੇ ਵੀ ਨਾ ਬਾਜ ਆਇਆ ਤਾਂ ਇਸ ਦੇ ਖਤਰਨਾਕ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਭਾਰਤ ਦੀ ਸਰਕਾਰ ਅਤੇ ਭਾਰਤ ਦੇ ਲੋਕ ਪਾਕਿਸਤਾਨ ਦੀਆਂ ਆਪਹੁਦਰੀਆਂ ਹੋਰ ਬਰਦਾਸ਼ਤ ਨਹੀਂ ਕਰਨਗੇ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਚੁੱਪ ਕਰਕੇ ਸਿੱਧੇ ਰਸਤੇ ਆ ਜਾਵੋ ਨਹੀਂ ਤਾਂ ਇਵਜ਼ਾਨਾ ਭੁਗਤਣ ਲਈ ਤਿਆਰ ਰਹੋ। ਭਾਰਤ ਦੇ ਲੋਕਾਂ ਵਿੱਚ ਇਸ ਹਿੰਸਕ ਘਟਨਾ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਹਨ ਕਿਉਂਕਿ ਇਤਨੀ ਮਹੱਤਵਪੂਰਨ ਸੈਰਗਾਹ 'ਤੇ ਸੁਰੱਖਿਆ ਬਲਾਂ ਅਤੇ ਫ਼ੌਜੀ ਅਮਲੇ ਦਾ ਗ਼ੈਰ ਹਾਜ਼ਰ ਹੋਣਾ ਹਜ਼ਮ ਨਹੀਂ ਹੋ ਰਿਹਾ।

# ਮਾਝਾ-ਦੁਆਬਾ
ਆਸ ਪਾਸ

## ਚਿੱਟੀ ਸਿੰਘਪੁਰਾ 'ਤੇ ਬਣ ਰਹੀ ਡਾਕੂਮੈਂਟਰੀ ਦੀ ਟੀਮ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ ਨਤਮਸਤਕ



ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਜੰਮੂ ਕਸ਼ਮੀਰ ਦੇ ਚਿੱਟੀ ਸਿੰਘਪੁਰਾ 'ਚ ਮਾਰਚ 2000 ਵਿਚ 35 ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਡਾਕੂਮੈਂਟਰੀ ਫ਼ਿਲਮ ਦੇ ਡਾਇਰੈਕਟਰ ਆਪਣੀ ਟੀਮ ਸਮੇਤ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਕੀਤੀ ਮੱਦਦ ਅਤੇ ਨਿਭਾਈਆਂ ਸੇਵਾਵਾਂ ਦੀ ਜਾਣਕਾਰੀ ਲਈ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਡਾਇਰੈਕਟਰ ਰਾਜੇਸ਼ ਰਾਜਾ, ਸੁਮਨ ਤਲਵਾਰ, ਪੀਸੀ ਰਾਉਤ, ਐਮ.ਪੀ. ਸਿੰਘ ਅਤੇ ਹੰਸ ਹੀਰਾ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਾਲ 2000 ਵਿਚ ਜੰਮੂ ਕਸ਼ਮੀਰ ਦੇ ਚਿੱਟੀ ਸਿੰਘਪੁਰਾ ਵਿਚ ਵੱਡਾ ਦੁਖਾਂਤ ਵਾਪਰਿਆ ਸੀ, ਜਿਸ ਵਿਚ 35 ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਇਸ ਸਬੰਧ ਵਿਚ ਸ੍ਰੀ ਰਾਜੇਸ਼ ਰਾਜਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਦਸਤਾਵੇਜ਼ੀ ਫ਼ਿਲਮ ਤਿਆਰ ਕਰਨ ਦੀ ਯੋਜਨਾ ਹੈ, ਜਿਸ ਤਹਿਤ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਪਾਸੋਂ ਪੀੜਤਾਂ ਦੀ ਮੱਦਦ ਸਬੰਧੀ ਕੀਤੇ ਕਾਰਜਾਂ ਦੇ ਵੇਰਵਿਆਂ ਦੀ ਜਾਣਕਾਰੀ ਲਈ ਪਹੁੰਚ ਕੀਤੀ ਹੈ।

## ਨਸ਼ੇ ਦੇ ਰੋਗੀਆਂ ਦਾ ਇਲਾਜ ਕਰਨ ਲਈ ਸਰਕਾਰੀ ਕੇਂਦਰਾਂ ਵਿੱਚ 5 ਹਜ਼ਾਰ ਬੈਡ ਹੋਰ ਲਗਾਏ : ਸਿਹਤ ਮੰਤਰੀ

### ਬਰਸਾਤੀ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਦੇ 65 ਲੱਖ ਘਰਾਂ ਵਿੱਚ ਪਹੁੰਚ ਕਰੇਗਾ ਸਿਹਤ ਵਿਭਾਗ : ਧਾਲੀਵਾਲ

ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਸਿਹਤ ਵਿਭਾਗ ਦੇ ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਜੋ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬਣਾਈ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਵੀ ਹਨ ਨੇ ਅੱਜ ਅੰਮ੍ਰਿਤਸਰ ਪਹੁੰਚ ਕੇ ਓਟ ਕੇਂਦਰਾਂ ਦਾ ਜਾਇਜ਼ਾ ਲਿਆ ਅਤੇ ਨਸ਼ੇ ਦੇ ਮੁੱਦੇ ਉੱਤੇ ਵਿਧਾਇਕ ਸਾਹਿਬਾਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵਿਸਥਾਰਤ ਮੀਟਿੰਗ ਕੀਤੀ।



ਇਸ ਮੌਕੇ ਉਹਨਾਂ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ, ਜਸਵਿੰਦਰ ਸਿੰਘ ਰਮਦਾਸ, ਜਸਬੀਰ ਸਿੰਘ ਸੰਧੂ, ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ, ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਪੁਲਿਸ ਮੁਖੀ ਸ ਮਨਿੰਦਰ ਸਿੰਘ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਕੋਆਰਡੀਨੇਟਰ ਸੋਨੀਆ ਮਾਨ ਅਤੇ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਵਿੱਚ ਨਸ਼ਾ ਮੁਕਤੀ ਲਈ ਸ਼ੁਰੂ ਕੀਤੀ ਮੁਹਿੰਮ ਨੂੰ ਹਾਂ ਪੱਖੀ ਹੁੰਗਾਰਾ ਮਿਲਿਆ ਹੈ ਅਤੇ ਲੋਕ ਨਸ਼ਾ ਛੱਡਣ ਲਈ ਅੱਗੇ ਆ ਰਹੇ ਹਨ, ਜਿਸ ਨੂੰ ਵੇਖਦੇ ਹੋਏ ਨਸ਼ਾ ਛਡਾਊ ਕੇਂਦਰਾਂ ਵਿੱਚ 5 ਹਜਾਰ ਬੈੱਡਾਂ ਦੀ ਸਮਰੱਥਾ ਵਿੱਚ ਵਾਧਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਮੁੱਦੇ ਉੱਤੇ ਸਾਡੀ ਪਾਰਟੀ ਦਾ ਕੋਈ ਰਾਜਸੀ ਨੇਤਾ ਤਸਕਰਾਂ ਦੀ ਸਹਾਇਤਾ ਨਹੀਂ ਕਰਦਾ ਅਤੇ ਨਸ਼ਾ ਛੁਡਾਉਣ ਲਈ ਸਰਕਾਰ ਦੀ ਨੀਤੀ ਬਿਲਕੁੱਲ ਸਪੱਸ਼ਟ ਹੈ ਕਿ ਜੋ ਨਸ਼ਾ ਕਰਦਾ ਹੈ ਉਸ ਦਾ ਇਲਾਜ ਕਰਵਾਵਾਂਗੇ ਅਤੇ ਜੋ ਨਸ਼ਾ ਵੇਚਦਾ ਹੈ ਉਸ ਨੂੰ ਜੇਲ੍ਹ ਵਿੱਚ ਸੁੱਟਾਂਗੇ। ਉਹਨਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਅਜਿਹੇ ਦਵਾਈ ਵਿਕਰੇਤਾ ਜੋ ਨਸ਼ੇ ਦੀਆਂ ਗੋਲੀਆਂ ਵੇਚਦੇ ਹਨ, ਵਿਰੁੱਧ ਸਖਤ ਕਾਰਵਾਈ ਕਰਨ। ਉਹਨਾਂ ਕਿਹਾ ਕਿ ਜੋ ਨਸ਼ਾ ਛੱਡੇਗਾ ਉਸ ਨੂੰ ਅਸੀਂ ਇਲਾਜ ਕਰਵਾਉਣ ਦੇ ਨਾਲ ਨਾਲ ਹੁਨਰਮੰਦ ਸਿੱਖਿਆ ਦੇਵਾਂਗੇ, ਰੁਜ਼ਗਾਰ ਉੱਤੇ ਲਵਾਵਾਂਗੇ ਅਤੇ ਲੋੜ ਅਨੁਸਾਰ ਕਰਜਾ ਵੀ ਦੇਵਾਂਗੇ, ਪਰ ਜੋ ਨਸ਼ੇ ਵੇਚਦਾ ਹੈ ਉਹ ਜਾਂ ਤਾਂ ਇਹ ਗੋਰਖ ਧੰਦਾ ਛੱਡੇਗਾ ਜਾਂ ਪੰਜਾਬ। ਉਸ ਲਈ ਕੋਈ ਦੂਸਰਾ ਰਸਤਾ ਨਹੀਂ ਹੈ। ਉਹਨਾਂ ਦੱਸਿਆ ਕਿ ਅਸੀਂ ਨਸ਼ਾ ਛਡਾਉਣ ਲਈ ਹਰ ਪਿੰਡ ਤੇ ਮਹੱਲੇ ਵਿੱਚ ਸਹਾਇਤਾ ਗਰੁੱਪ ਬਣਾ ਰਹੇ ਹਾਂ ਜੋ ਕਿ ਪੀੜਤ ਰੋਗੀਆਂ ਦੇ ਇਲਾਜ ਲਈ ਸਹਾਈ ਹੋਣਗੇ।

ਬਰਸਾਤੀ ਬਿਮਾਰੀਆਂ ਦਾ ਜਾਇਜ਼ਾ ਲੈਂਦੇ ਉਹਨਾਂ ਨੇ ਅੰਮ੍ਰਿਤਸਰ ਦੇ ਛੇਹਰਟਾ ਇਲਾਕੇ ਉੱਤੇ ਵੱਧ ਧਿਆਨ ਦੇਣ ਦੀ ਹਦਾਇਤ ਕਰਦੇ ਦੱਸਿਆ ਕਿ ਇਸ ਸਾਲ ਸਿਹਤ ਵਿਭਾਗ ਬਰਸਾਤੀ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਪੰਜਾਬ ਦੇ ਸਾਰੇ ਭਾਵ 65 ਲੱਖ ਘਰਾਂ ਵਿੱਚ ਦਸਤਕ ਦੇਵੇਗਾ। ਜਿੱਥੇ ਘਰਾਂ ਵਾਲਿਆਂ ਨੂੰ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਦੱਸਿਆ ਜਾਵੇਗਾ, ਉੱਥੇ ਉਹਨਾਂ ਦਾ ਸਾਥ ਵੀ ਲਿਆ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਇਹ ਵੀ ਦੱਸਿਆ ਕਿ ਸਾਰੇ ਗੈਰ ਕਾਨੂੰਨੀ ਨਸ਼ਾ ਛਡਾਊ ਕੇਂਦਰ ਬੰਦ ਕਰ ਦਿੱਤੇ ਗਏ ਹਨ ਅਤੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਦੀ ਸਮਰੱਥਾ ਵਧਾ ਦਿੱਤੀ ਗਈ ਹੈ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਨਸ਼ਿਆਂ ਵਿਰੁੱਧ ਯੁੱਧ ਨੂੰ ਜ਼ਿਲ੍ਹੇ ਵਿੱਚ ਮਿਲ ਰਹੇ ਹੁੰਗਾਰੇ ਉੱਤੇ ਤਸੱਲੀ ਪ੍ਰਗਟ ਕਰਦਿਆਂ ਇਹ ਵੀ ਮੰਗ ਰੱਖੀ ਕਿ ਜੋ ਵਿਅਕਤੀ ਨਸ਼ਾ ਕਰਦਾ ਫੜਿਆ ਜਾਂਦਾ ਹੈ, ਉਸ ਨੂੰ ਤੁਰੰਤ ਨੇੜੇ ਤੋਂ ਨੇੜੇ ਹਸਪਤਾਲ ਵਿੱਚ ਨਸ਼ਾ ਛਡਾਉਣ ਦੇ ਪ੍ਰਬੰਧ ਕੀਤੇ ਜਾਣ। ਉਹਨਾਂ ਜ਼ਿਲ੍ਹੇ ਵਿੱਚ ਹੁਣ ਤੱਕ ਇਸ ਮੁਹਿੰਮ ਅਧੀਨ ਕੀਤੇ ਗਈ ਕਾਰਵਾਈ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਸ਼ਾਬਾਸ਼ ਵੀ ਦਿੱਤੀ।

## ਬੁੱਢਾ ਦਲ ਦੇ ਲਿਟਰੇਚਰ ਹਾਊਸ ਜਲਦ ਹੀ ਸਥਾਪਤ ਹੋਣਗੇ : ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ, 28 ਅਪ੍ਰੈਲ (ਗੁਰਦਿਆਲ ਸਿੰਘ) : ਬੁੱਢਾ ਦਲ ਦੇ 14ਵੇਂ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਲੰਮਾਂ ਸਮਾਂ ਪ੍ਰਕਾਸ਼ਨਾ ਨਾਲ ਸਬੰਧਤ ਰਹੇ ਉੱਘੇ ਸਿੱਖ ਵਿਦਵਾਨ ਦਿਲਜੀਤ ਸਿੰਘ ਬੇਦੀ ਜੋ ਸਕੱਤਰ ਸ਼੍ਰੋਮਣੀ ਕਮੇਟੀ ਤੋਂ ਸੇਵਾਮੁਕਤ ਹੋਣ ਉਪਰੰਤ ਅੱਜ ਕੱਲ੍ਹ ਉਹ ਬੁੱਢਾ ਦਲ ਦੇ ਸਕੱਤਰ ਵਜੋਂ ਪ੍ਰਚਾਰ ਪ੍ਰਸਾਰ ਅਤੇ ਪ੍ਰਕਾਸ਼ਨਾ ਖੇਤਰ ਵਿੱਚ ਪੂਰਨ ਉਤਸ਼ਾਹ ਤੇ ਸਮਰਪਿਤ ਭਾਵਨਾ ਨਾਲ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪਿਛਲੇ ਸੱਤ ਸਾਲਾਂ ਤੋਂ ਉਹ ਬੁੱਢਾ ਦਲ ਦੇ ਸਕੱਤਰ ਵਜੋਂ ਪੂਰੀ ਇਮਾਨਦਾਰੀ ਤੇ ਮੇਹਨਤ ਨਾਲ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਨੇ ਬੁੱਢਾ ਦਲ ਦੇ ਪੁਰਾਤਨ ਗ੍ਰੰਥਾਂ ਅਤੇ ਹੋਰ ਗੁਰਮਤਿ ਤੇ ਇਤਿਹਾਸਕ ਸਾਹਿਤ ਨੂੰ ਵੱਡੇ ਉਤਸ਼ਾਹ ਤੇ ਪੂਰੀ ਲਗਨ ਮੇਹਨਤ ਨਾਲ ਮੁੜ ਸਿੱਖ ਜਗਤ ਅੰਦਰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਦਿਲਜੀਤ ਸਿੰਘ ਬੇਦੀ ਵੱਲੋਂ ਨਿਹੰਗ ਸਿੰਘ ਸੰਦੇਸ਼ ਪੱਤਰ ਦੀ ਪਿਛਲੇ ਸੱਤ ਸਾਲਾਂ ਤੋਂ ਪੂਰੀ ਸੂਝ ਬੂਝ ਤੇ ਵਿਦਵਤਾ ਭਰਪੂਰ ਸੰਪਾਦਨਾ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸ. ਦਿਲਜੀਤ ਸਿੰਘ ਬੇਦੀ ਵੱਲੋਂ ਬੁੱਢਾ ਦਲ ਦੀਆਂ ਛਾਉਣੀਆਂ ਦੇ ਇਤਿਹਾਸ ਦੀ ਸੁਚਿੱਤਰ ਐਲਬਮ ਵੀ ਛੇਤੀ ਹੀ ਤਿਆਰ ਕਰਕੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੀ ਜਾ ਰਹੀ ਹੈ। ਉਨ੍ਹਾਂ ਹੋਰ ਦਸਿਆ ਕਿ ਜਲਦੀ ਹੀ ਬੁੱਢਾ ਦਲ ਦੇ ਲਿਟਰੇਚਰ ਹਾਊਸ ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਦੀ ਛਾਉਣੀ ਅੰਮ੍ਰਿਤਸਰ, ਗੁ: ਬੀਬਾਨਗੜ੍ਹ ਸਾਹਿਬ ਫਤਿਹਗੜ੍ਹ ਸਾਹਿਬ, ਗੁਰਦੁਆਰਾ ਬੇਰ ਸਾਹਿਬ ਦੇਗਸਰ ਯਾਦਗਾਰ ਬਾਬਾ ਦੀਪ ਸਿੰਘ ਛਾਉਣੀ ਬੁੱਢਾ ਦਲ ਤਲਵੰਡੀ ਸਾਬੋ ਅਤੇ ਗੁ: ਬਾਬਾ ਬੰਬਾ ਸਿੰਘ ਬਗੀਚੀ ਲੋਅਰ ਮਾਲ ਪਟਿਆਲਾ ਵਿਖੇ ਲਿਟਰੇਚਰ ਹਾਊਸ ਸਥਾਪਤ ਕੀਤੇ ਜਾਣਗੇ। ਜਿੱਥੇ ਬੁੱਢਾ ਦਲ ਨਾਲ ਸਬੰਧਤ ਸਾਰਾ ਲਿਟਰੇਚਰ ਉਪਲੱਬਧ ਹੋਵੇਗਾ।

## ਸ਼੍ਰੋਮਣੀ ਕਮੇਟੀ ਨੇ ਧਾਰਮਿਕ ਪ੍ਰੀਖਿਆ ਦਾ ਨਤੀਜਾ ਐਲਾਨਿਆ

### 2928 ਵਿਦਿਆਰਥੀਆਂ ਨੂੰ 46 ਲੱਖ 67 ਹਜ਼ਾਰ ਵਜ਼ੀਫ਼ਾ ਰਾਸ਼ੀ ਵਜੋਂ ਦਿੱਤੇ



ਅੰਮ੍ਰਿਤਸਰ, 28 ਅਪ੍ਰੈਲ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਨਵੰਬਰ 2024 ਵਿਚ ਲਈ ਗਈ ਦਰਜਾ ਪਹਿਲਾ ਅਤੇ ਦਰਜਾ ਦੂਜਾ ਦੀ ਧਾਰਮਿਕ ਪ੍ਰੀਖਿਆ ਦਾ ਨਤੀਜਾ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਰੀ ਕੀਤਾ। ਐਲਾਨੇ ਗਏ ਨਤੀਜੇ ਅਨੁਸਾਰ 2928 ਵਿਦਿਆਰਥੀਆਂ ਨੂੰ 46 ਲੱਖ 67 ਹਜ਼ਾਰ ਰੁਪਏ ਦੇ ਕਰੀਬ ਵਜੀਫਾ ਰਾਸ਼ੀ ਵਜੋਂ ਦਿੱਤੇ ਜਾਣਗੇ ਅਤੇ ਇਸ ਤੋਂ ਇਲਾਵਾ ਪ੍ਰਮਾਣ ਪੱਤਰ ਦੇ ਕੇ ਵੀ ਨਿਵਾਜਿਆ ਜਾਵੇਗਾ।

ਨਤੀਜਾ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਜਿੱਥੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਦਾ ਕਾਰਜ ਕਰਦੀ ਹੈ, ਉੱਥੇ ਹੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਵੀ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਨੌਜੁਆਨਾਂ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ, ਰਹਿਤ ਮਰਯਾਦਾ ਅਤੇ ਸਿੱਖ ਸਿਧਾਂਤਾਂ ਨਾਲ ਜੋੜਨ ਲਈ ਧਾਰਮਿਕ ਪ੍ਰੀਖਿਆ ਦਾ ਵੱਡਾ ਮਹੱਤਵ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਦੌਰਾਨ ਹਜ਼ਾਰਾਂ ਵਿਦਿਆਰਥੀ ਹਿੱਸਾ ਲੈਂਦੇ ਹਨ, ਜਿਨ੍ਹਾਂ ਵਿੱਚੋਂ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਜੀਫਾ ਰਾਸ਼ੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵੱਖਰੇ ਤੌਰ 'ਤੇ ਵਜ਼ੀਫ਼ੇ ਵੀ ਦਿੱਤੇ ਜਾਂਦੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸਾਲ ਨਵੰਬਰ 2024 ਵਿਚ ਲਈ ਗਈ ਧਾਰਮਿਕ ਪ੍ਰੀਖਿਆ ਵਿਚ ਦੋ ਦਰਜਿਆਂ ਅੰਦਰ 53647 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 2928 ਵਿਦਿਆਰਥੀ ਨੇ ਵਜੀਫਾ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਹਰ ਦਰਜੇ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਵਿਸ਼ੇਸ਼ ਰਾਸ਼ੀ ਦਿੱਤੀ ਜਾਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਇੰਚਾਰਜ ਬੀਬੀ ਰਣਜੀਤ ਕੌਰ ਆਦਿ ਹਾਜ਼ਰ ਸਨ।

## ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਹਲਕਾ ਨਕੋਦਰ ਦੇ 4 ਸਰਕਾਰੀ ਸਕੂਲਾਂ 'ਚ 84.24 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ



ਨਕੋਦਰ/ਜਲੰਧਰ, 28 ਅਪ੍ਰੈਲ, (ਸੰਦੀਪ ਕੌਲ) : ਸੂਬਾ ਸਰਕਾਰ ਦੀ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਨਸਭਾ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਅੱਜ ਹਲਕੇ ਦੇ 4 ਸਰਕਾਰੀ ਸਕੂਲਾਂ ਵਿੱਚ 84.24 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।

ਵਿਧਾਇਕ ਇੰਦਰਜੀਤ ਕੌਰ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ (ਲੜਕੇ) ਵਿਖੇ 33 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਅਤਿ ਆਧੁਨਿਕ ਸਾਇੰਸ ਲੈਬ ਅਤੇ ਆਧੁਨਿਕ ਕਲਾਸ ਰੂਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ (ਲੜਕੀਆਂ) ਵਿਖੇ 22.83 ਲੱਖ ਰੁਪਏ ਨਾਲ ਚਾਰਦੀਵਾਰੀ, ਆਧੁਨਿਕ ਕਲਾਸ ਰੂਮ ਅਤੇ ਹੋਰ ਵਿਕਾਸ ਕਾਰਜ, ਸਰਕਾਰੀ ਪ੍ਰਾਇਮਰੀ ਸਕੂਲ ਡਾ.ਅੰਬੇਡਕਰ ਨਗਰ ਨਕੋਦਰ ਵਿਖੇ 9.31 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਨਵੇਂ ਕਲਾਸ ਰੂਮ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨਕੋਦਰ (ਲੜਕੇ) ਵਿਖੇ 19.10 ਲੱਖ ਰੁਪਏ ਨਾਲ ਤਿਆਰ ਦੋ ਨਵੇਂ ਕਲਾਸ ਰੂਮ ਸਮਰਪਿਤ ਕੀਤੇ ਗਏ।

ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮਾਂ ਦੌਰਾਨ ਪ੍ਰਭਾਵਸ਼ਾਲੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਜਿੱਥੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਾਜ਼ਗਾਰ ਮਾਹੌਲ ਮਿਲੇਗਾ ਉੱਥੇ ਸਾਇੰਸ ਲੈਬ ਬਣਨ ਨਾਲ ਵਿਦਿਆਰਥੀ ਵਿਗਿਆਨ ਵਿਸ਼ੇ ਦੀ ਪੜ੍ਹਾਈ ਹੋਰ ਵੀ ਵਧੀਆ ਢੰਗ ਨਾਲ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਵਿੱਚ ਚਾਰੀਦੀਵਾਰੀ, ਨਵੇਂ ਕਲਾਸ ਰੂਮ, ਖੇਡ ਦੇ ਮੈਦਾਨ ਅਤੇ ਸਾਇੰਸ ਲੈਬੋਰੇਟਰੀਆਂ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੇ ਸੂਬਾ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਤਿ ਆਧੁਨਿਕ ਬੁਨਿਆਦੀ ਢਾਂਚਾ ਅਤੇ ਪੜ੍ਹਾਈ ਲਈ ਢੁੱਕਵਾਂ ਮਾਹੌਲ ਵਿਦਿਆਰਥੀਆਂ ਲਈ ਬਹੁਤ ਹੀ ਮੱਦਦਗਾਰ ਸਾਬਤ ਹੋਵੇਗਾ।

## ਖ਼ਾਲਸਾ ਕਾਲਜ ਵਿਖੇ ਵਰਕਸ਼ਾਪ-ਕਮ-ਸਿਖ਼ਲਾਈ ਪ੍ਰੋਗਰਾਮ ਕਰਵਾਇਆ



ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਖ਼ਾਲਸਾ ਕਾਲਜ ਦੇ ਵਣਜ ਅਤੇ ਵਪਾਰ ਪ੍ਰਸ਼ਾਸਨ ਵਿਭਾਗ ਵੱਲੋਂ ਜ਼ਿਲ੍ਹੇ ਦੇ ਕਰੀਅਰ ਲਾਂਚਰ ਦੇ ਸਹਿਯੋਗ ਨਾਲ 'ਕਰੀਅਰ ਪੇ ਚਰਚਾ' ਵਿਸ਼ੇ 'ਤੇ ਵਰਕਸ਼ਾਪ-ਕਮ-ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਕਰੀਅਰ ਲਾਂਚਰ ਦੇ ਮੁਖੀ ਸ੍ਰੀ ਗੌਤਮ ਅਗਰਵਾਲ, ਸ੍ਰੀ ਸਾਗਰ ਚੁਗ ਅਤੇ ਸ੍ਰੀਮਤੀ ਸਾਕਸ਼ੀ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਵਰਕਸ਼ਾਪ ਚੇਅਰਮੈਨ ਅਤੇ ਪ੍ਰਿੰ: ਡਾ. ਰੰਧਾਵਾ ਨੇ ਵਰਕਸ਼ਾਪ ਡਾਇਰੈਕਟਰ ਡਾ. ਏ. ਕੇ. ਕਾਹਲੋਂ ਅਤੇ ਕੋਆਰਡੀਨੇਟਰ ਡਾ. ਪੂਨਮ ਸ਼ਰਮਾ ਦੇ ਉਕਤ ਪ੍ਰੋਗਰਾਮ ਸਬੰਧੀ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਅਕਾਦਮਿਕ ਸਿੱਖਿਆ ਅਤੇ ਕਰੀਅਰ ਯੋਜਨਾਬੰਦੀ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਅਜਿਹੇ ਇੰਟਰਐਕਟਿਵ ਸੈਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਸਫ਼ਰ 'ਚ ਸਪੱਸ਼ਟਤਾ ਅਤੇ ਦਿਸ਼ਾ ਪ੍ਰਾਪਤ ਕਰਨ ਲਈ ਅਜਿਹੇ ਪ੍ਰੋਗਰਾਮਾਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾ: ਦੀਪਕ ਦੇਵਗਨ, ਡਾ: ਅਜੇ ਸਹਿਗਲ, ਪ੍ਰੋ. ਮੀਨੂੰ ਚੋਪੜਾ, ਡਾ: ਹਰਪ੍ਰੀਤ ਕੌਰ ਮਹਿਰੋਕ, ਡਾ: ਨਵਪ੍ਰੀਤ ਕੁਲਾਰ, ਡਾ: ਆਂਚਲ ਅਰੋੜਾ, ਡਾ: ਸਾਮੀਆ, ਡਾ: ਸਾਕਸ਼ੀ ਸ਼ਰਮਾ, ਡਾ: ਮਨੀਸ਼ਾ ਬਹਿਲ, ਪ੍ਰੋ: ਪੂਜਾ ਪੁਰੀ, ਪ੍ਰੋ: ਸੁਖਜਿੰਦਰ ਕੌਰ, ਡਾ. ਅਮਰਬੀਰ ਸਿੰਘ ਭੱਲਾ, ਪ੍ਰੋ: ਜੈਸਲੀਨ ਕੌਰ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਸਮਾਗਮ ਕਰਵਾਇਆ



ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਵਰਪਾਲ ਵਿਖੇ ਸਾਲਾਨਾ ਸਮਾਗਮ ਅਤੇ ਧਾਰਮਿਕ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਪੰਥ ਪ੍ਰਸਿੱਧ ਕਵੀਸ਼ਰੀ ਜਥੇ ਗਿਆਨੀ ਕੇਵਲ ਸਿੰਘ ਜੀ ਮਹਿਤਾ ਢਾਡੀ ਜਥਾ ਗਿਆਨੀ ਮਿਲਖਾ ਸਿੰਘ ਜੀ ਮੌਜੀ ਅਤੇ ਡਾਕਟਰ ਇੰਦਰਜੀਤ ਸਿੰਘ ਗੋਗੋਆਣੀ ਨੇ ਸੰਗਤਾਂ ਨੂੰ ਗੁਰੂ ਜੱਸ ਸੁਣਾ ਕੇ ਨਿਹਾਲ ਕੀਤਾ। ਧਾਰਮਿਕ ਮੁਕਾਬਲਿਆਂ ਦੇ ਵਿੱਚ ਲਗਭਗ 70 ਵਿਦਿਆਰਥੀਆਂ ਨੇ ਭਾਗ ਲਿਆ ਜਿਨਾਂ ਨੂੰ ਨਿਸ਼ਕਾਮ ਗੁਰਬਾਣੀ ਸਿੱਖਿਆ ਕੇਂਦਰ ਅਤੇ ਗੁਰਦੁਆਰਾ ਪੱਤੀ ਧੀਰ ਦੇ ਕੀ ਕਮੇਟੀ ਦੇ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਨਿਸ਼ਕਾਮ ਗੁਰਬਾਣੀ ਸਿੱਖਿਆ ਕੇਂਦਰ ਦੇ ਸੰਚਾਲਕ ਭਾਈ ਨਿਰਮਲ ਸਿੰਘ ਜੀ ਨੇ ਦੱਸਿਆ ਕਿ ਉਹ ਹੁਣ ਤੱਕ 200 ਤੋਂ ਵਧੇਰੇ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਪੂਰਨ ਸੰਖਿਆ ਕਰਵਾ ਚੁੱਕੇ ਹਨ। ਜਿਸ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬਤੌਰ ਗ੍ਰੰਥੀ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਅਖੰਡ ਪਾਠੀ ਦੀ ਸੇਵਾ ਨਿਭਾ ਰਹੇ ਹਨ। ਹੋਰ ਵੀ ਕਈ ਵਿਦਿਆਰਥੀ ਉੱਚ ਅਹੁਦਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਤੈਨਾਤ ਹਨ।

ਜ਼ਿਕਰ ਯੋਗ ਹੈ ਕਿ ਪਿੰਡ ਵਰਪਾਲ 40 ਤੋਂ ਵਧੇਰੇ ਗੁਰਦੁਆਰੇ ਹੋਣ ਕਰਕੇ ਅਤੇ ਪਿੰਡ ਵਿੱਚ ਚਰਚ ਬਣੇ ਹੋਣ ਕਰਕੇ ਆਮ ਹੀ ਖਬਰਾਂ ਦੇ ਵਿੱਚ ਚਰਚਾ ਵਿਚ ਰਹਿੰਦਾ ਹੈ, ਪਰ ਇਸੇ ਹੀ ਪਿੰਡ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ 100 ਤੋਂ ਵਧੇਰੇ ਮੁਲਾਜ਼ਮ ਸੇਵਾ ਨਿਭਾ ਰਹੇ ਹਨ। ਭਾਈ ਨਿਰਮਲ ਸਿੰਘ ਜੀ ਵੱਲੋਂ ਜਾ ਰਹੇ ਸ਼ਲਾਘਾ ਯੋਗ ਕਾਰਜ ਨੂੰ ਕਦੇ ਵੀ ਖਬਰਾਂ ਵਿੱਚ ਥਾਂ ਨਹੀਂ ਮਿਲੀ ਜੋ ਧਰਮ ਪਰਿਵਰਤਨ ਵਰਗੀ ਅਲਾਮਤ ਨੂੰ ਠੱਲ੍ਹ ਪਾ ਰਹੇ ਹਨ ਅਤੇ ਬੱਚਿਆਂ ਨੂੰ ਬਿਨਾਂ ਕਿਸੇ ਫੀਸ ਅਤੇ ਬਿਨਾਂ ਕਿਸੇ ਹੋਰ ਇਵਜ ਤੋਂ ਗੁਰਬਾਣੀ ਦੀ ਸੰਥਿਆ ਦੇ ਕੇ ਸਿੱਖੀ ਦੇ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਜਤਿੰਦਰ ਸਿੰਘ, ਕੁਲਦੀਪ ਸਿੰਘ, ਹਰਨੇਕ ਸਿੰਘ, ਪ੍ਰਤਾਪ ਸਿੰਘ, ਪ੍ਰੇਮ ਸਿੰਘ, ਰੌਣਕ ਸਿੰਘ, ਨਿਰਮਲ ਸਿੰਘ, ਸੁਰਿੰਦਰ ਪਾਲ ਸਿੰਘ, ਗੁਰਿੰਦਰ ਸਿੰਘ, ਸਰਪੰਚ ਸਰਦੂਲ ਸਿੰਘ, ਹਰਜਿੰਦਰ ਸਿੰਘ, ਸਰਵਣ ਸਿੰਘ ਕਿਸਾਨ ਸੰਘਰਸ਼ ਕਮੇਟੀ, ਜਗਜੀਤ ਸਿੰਘ, ਬਾਬਾ ਰਾਜ ਸਿੰਘ ਜੋਧਪੁਰੀ ਕਵੀਸ਼ਰ ਮਲਕੀਤ ਸਿੰਘ ਆਦਿ ਹਾਜ਼ਰ ਸਨ।

## ਨਵੀਂ ਪੀੜ੍ਹੀ ਦੇ ਸੁਨਹਿਰੀ ਭਵਿੱਖ 'ਚ ਅਹਿਮ ਭੂਮਿਕਾ ਨਿਭਾਏਗੀ ਪੰਜਾਬ ਸਿੱਖਿਆ ਕ੍ਰਾਂਤੀ : ਮੋਹਿੰਦਰ ਭਗਤ




ਜਲੰਧਰ, 28 ਅਪ੍ਰੈਲ, (ਸੰਦੀਪ ਕੌਲ): ਸੂਬਾ ਸਰਕਾਰ ਦੀ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਅੱਜ ਜ਼ਿਲ੍ਹੇ ਦੇ 27 ਹੋਰ ਸਰਕਾਰੀ ਸਕੂਲਾਂ ਵਿੱਚ ਕਰੀਬ 3.01 ਕਰੋੜ ਰੁਪਏ ਦੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ, ਜਿਨ੍ਹਾਂ ਵਿੱਚ 14 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ 62.36 ਲੱਖ ਅਤੇ 13 ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚਲੇ 2.38 ਕਰੋੜ ਰੁਪਏ ਦੇ ਵਿਕਾਸ ਕਾਰਜ ਸ਼ਾਮਲ ਹਨ।

ਇਸ ਮੌਕੇ ਕਰਵਾਏ ਉਦਘਾਟਨੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਨਵੀਂ ਪੀੜ੍ਹੀ ਦੇ ਸੁਨਹਿਰੀ ਭਵਿੱਖ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਅਤਿ-ਆਧਿਕ ਸਹੂਲਤਾਂ ਨਾਲ ਲੈਸ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਬਿਹਤਰ ਮਾਹੌਲ ਪ੍ਰਦਾਨ ਕੀਤਾ ਜਾ ਸਕੇ।

ਸ਼੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਬੀ.ਆਰ.ਅੰਬੇਡਕਰ ਜੀ ਦੀ ਵਿਚਾਰਧਾਰਾ 'ਤੇ ਚੱਲਦੇ ਹੋਏ ਸਿੱਖਿਆ ਦੇ ਖੇਤਰ ਨੂੰ ਵਿਸ਼ੇਸ਼ ਤਵਜੋਂ ਦਿੱਤੀ ਜਾ ਰਹੀ ਹੈ। ਸਰਕਾਰ ਵੱਲੋਂ ਸਿੱਖਿਆ ਲਈ ਇਸ ਵਾਰ ਪਹਿਲਾਂ ਨਾਲੋਂ ਜ਼ਿਆਦਾ ਬਜਟ ਰੱਖਿਆ ਗਿਆ ਹੈ ਅਤੇ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਭਵਿੱਖ ਵਿੱਚ ਵੀ ਜੇਕਰ ਸਕੂਲ ਨੂੰ ਕਿਸੇ ਵੀ ਕਿਸਮ ਦੀ ਲੋੜ ਪੈਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਉਸਨੂੰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਨ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਪੰਜਾਬ ਸਿੱਖਿਆ ਕ੍ਰਾਂਤੀ ਕੋਆਰਡੀਨੇਟਰ ਸੰਜੀਵ ਭਗਤ, ਚੇਅਰਮੈਨ ਸੁਭਾਸ਼ ਭਗਤ, ਸੰਦੀਪ ਵਰਮਾ, ਕਮਲ ਲੋਚ, ਜੇ.ਈ. ਬਲਵਿੰਦਰ, ਬਲਾਕ ਨੋਡਲ ਅਫ਼ਸਰ ਪਰਮਿੰਦਰ ਫਲੋਰਾ, ਪ੍ਰਿੰ. ਰੇਖਾ ਰਾਣੀ ਅਤੇ ਸਕੂਲ ਦਾ ਸਮੂਹ ਸਟਾਫ਼, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਮੌਜੂਦ ਸਨ।

## ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਅੱਜ ਦੂਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਖ਼ਾਲਸਾ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ ਗਿਆ। ਇਸ ਤੋਂ ਪਹਿਲਾਂ ਵਿਦਿਆਰਥੀਆਂ ਨੇ ਰਸਭਿੰਨੇ ਕੀਰਤਨ ਦੁਆਰਾ ਆਈ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਉਪਰੰਤ ਸਿੱਖ ਇਤਿਹਾਸ ਮਾਹਿਰ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਬਾਰੇ ਵਿਸਥਾਰ ਪੂਰਵਕ ਜਾਣੂੰ ਕਰਵਾਇਆ ਅਤੇ ਗੁਰੂ ਸਾਹਿਬਾਨ ਜੀ ਦੇ ਜੀਵਨ ਤੇ ਉਪਦੇਸ਼ਾਂ 'ਤੇ ਚਾਨਣਾ ਪਾਇਆ।

ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਅਕਾਦਮਿਕ ਡੀਨ ਡਾ. ਸੁਰਿੰਦਰ ਕੌਰ, ਰਿਸਰਚ ਡੀਨ ਡਾ. ਆਰ. ਕੇ. ਧਵਨ, ਕੌਂਸਲ ਦੇ ਜੁਆਇੰਟ ਸਕੱਤਰ ਪਰਮਜੀਤ ਸਿੰਘ ਬੱਲ, ਮੈਂਬਰ ਸ੍ਰੀਮਤੀ ਰਮਿੰਦਰ ਕੌਰ, ਖ਼ਾਲਸਾ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ, ਪ੍ਰਿੰਸੀਪਲ ਏ. ਐਸ. ਗਿੱਲ, ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ, ਪ੍ਰਿੰਸੀਪਲ ਸ੍ਰੀਮਤੀ ਗੁਰਿੰਦਜੀਤ ਕੰਬੋਜ਼, ਗ੍ਰੰਥੀ ਸਿੰਘ ਹਰਪ੍ਰੀਤ ਸਿੰਘ, ਅਧਿਆਪਕ ਸਾਹਿਬਾਨ, ਗੈਰ ਅਧਿਆਪਨ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ 'ਚ ਕਾਲਜ, ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਚੇਅਰਮੈਨ ਰਿੰਟੂ ਨੇ ਅੰਮ੍ਰਿਤਸਰ 'ਚ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ



ਅੰਮ੍ਰਿਤਸਰ, 28 ਅਪ੍ਰੈਲ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਾਫ-ਸੁਥਰੇ ਅਤੇ ਸਿਹਤਮੰਦ ਵਾਤਾਵਰਨ ਵੱਲ ਵੱਧ ਰਿਹਾ ਹੈ। ਇਸ ਮਿਸ਼ਨ ਤਹਿਤ ਅੰਮ੍ਰਿਤਸਰ ਇੰਪ੍ਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੇ ਅੱਜ ਅੰਮ੍ਰਿਤਸਰ ਵਿੱਚ ਇਕ ਵੱਡੀ ਸਫ਼ਾਈ ਮੁਹਿੰਮ ਦੀ ਅਗਵਾਈ ਕੀਤੀ।

ਇਹ ਇੰਟੈਂਸਿਵ ਸਫ਼ਾਈ ਮੁਹਿੰਮ ਗਾਲਾ ਮਾਲਾ ਚੌਂਕ (ਮਜੀਠਾ ਰੋਡ) ਤੋਂ ਸ਼ੁਰੂ ਹੋ ਕੇ ਐਸ ਐਸ ਐਸ ਐਸ ਚੌਂਕ ਤੱਕ ਚਲਾਈ ਗਈ। ਮਿਊਂਸੀਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਸਫ਼ਾਈ ਸੇਵਕਾਂ ਦੇ ਨਾਲ-ਨਾਲ ਸਥਾਨਕ ਵੋਲੰਟੀਅਰਜ਼, ਸੀਨੀਅਰ ਡਿਪਟੀ ਮੇਅਰ, ਇਲਾਕਾ ਕੌਂਸਲਰ ਅਤੇ ਹੋਰ ਕਈ ਅਧਿਕਾਰੀਆਂ ਨੇ ਵੀ ਜੋਸ਼ੀਲੇ ਢੰਗ ਨਾਲ ਇਸ ਮੁਹਿੰਮ 'ਚ ਭਾਗ ਲਿਆ। ਇਹ ਭਾਗੀਦਾਰੀ ਸੰਜੇਤਕ ਸਮੱਰਥਨ ਅਤੇ ਟੀਮ ਵਰਕ ਦੀ ਖ਼ੂਬਸੂਰਤ ਮਿਸਾਲ ਸੀ।

ਸਫ਼ਾਈ ਦੌਰਾਨ ਨਾਗਰਿਕਾਂ ਅਤੇ ਦੁਕਾਨਦਾਰਾਂ ਨੂੰ ਆਪਣੇ ਇਲਾਕਿਆਂ ਦੀ ਸਫ਼ਾਈ ਬਰਕਰਾਰ ਰੱਖਣ ਲਈ ਜਾਗਰੂਕ ਕੀਤਾ ਗਿਆ। ਮੁਹਿੰਮ ਤੋਂ ਬਾਅਦ, ਕਰਮਜੀਤ ਸਿੰਘ ਰਿੰਟੂ ਨੇ ਸੀਨੀਅਰ ਡਿਪਟੀ ਮੇਅਰ, ਕੌਂਸਲਰਾਂ, ਸਫ਼ਾਈ ਸੇਵਕਾਂ ਅਤੇ ਟੀਮ ਮੈਂਬਰਾਂ ਨਾਲ ਇਕ ਕੱਪ ਚਾਹ ਸਾਂਝਾ ਕਰਦਿਆਂ, ਭਵਿੱਖ ਵਿੱਚ ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ 'ਤੇ ਰਿੰਟੂ ਨੇ ਕਿਹਾ, ਸਫ਼ਾਈ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਆਪਾਂ ਮਿਲ ਕੇ ਅੰਮ੍ਰਿਤਸਰ ਨੂੰ ਹੋਰ ਚਮਕਦਾਰ ਅਤੇ ਸੁੰਦਰ ਬਣਾ ਸਕਦੇ ਹਾਂ।

ਇਹ ਇੰਟੈਂਸਿਵ ਡਰਾਈਵ ਪੰਜਾਬ ਸਰਕਾਰ ਦੀ ਸਾਫ, ਹਰੀ-ਭਰੀ ਅਤੇ ਅੱਗੇ ਵਧ ਰਹੀ ਨਗਰੀ ਵਿਕਾਸ ਯਾਤਰਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਮਿੰਟਗੁਮਰੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਵਿਖੇ ਸੈਮੀਨਾਰ ਕਰਵਾਇਆ

ਜਲੰਧਰ, 28 ਅਪ੍ਰੈਲ, (ਸੰਦੀਪ ਕੌਲ) :ਮਿੰਟਗੁਮਰੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਦੇ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਅਤੇ ਹੈਲਥ ਕਲੱਬ ਨੇ 'ਮਾਨਸਿਕ ਸਿਹਤ ਅਤੇ ਤਣਾਅ ਪ੍ਰਬੰਧਨ' ਵਿਸ਼ੇ 'ਤੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ। ਇਸ ਸੈਮੀਨਾਰ ਦੇ ਸਰੋਤ ਵਿਅਕਤੀ ਸ਼੍ਰੀ ਵਿਨੋਦ, ਜੀਵਨ ਜਿਊਣ ਦੀ ਕਲਾ ਦੇ ਅਧਿਆਪਕ ਸਨ। ਉਨ੍ਹਾਂ ਦੇ ਨਾਲ ਆਰਟ ਆਫ ਲਿਵਿੰਗ ਦੇ ਹੋਰ ਅਧਿਆਪਕ ਵੀ ਸਨ ਜਿਨ੍ਹਾਂ ਵਿੱਚ ਸ਼੍ਰੀਮਤੀ ਨੀਤੀ ਮਹਿਤਾ, ਸ਼੍ਰੀਮਤੀ ਕ੍ਰਿਸ਼ਨਾ ਅਰੋੜਾ, ਨੇਹਿਲ ਅਰੋੜਾ ਅਤੇ ਸ਼੍ਰੀਮਤੀ ਹਿਮਾਂਸ਼ੂ ਵੀ ਸਨ।

ਇਸ ਸੈਮੀਨਾਰ ਦੌਰਾਨ ਸ਼੍ਰੀ ਵਿਨੋਦ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਾਨੂੰ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਮਨ ਨੂੰ ਸਿਹਤਮੰਦ ਅਤੇ ਤਣਾਅ ਮੁਕਤ ਰੱਖਣਾ ਜ਼ਰੂਰੀ ਹੈ। ਉਨ੍ਹਾਂ ਨੇ ਆਪਣੇ-ਆਪ ਨੂੰ ਵਰਤਮਾਨ ਵਿੱਚ ਜਿਊਣ ਅਤੇ ਸ਼ਾਂਤ ਰਹਿਣ ਲਈ, ਸਾਹ ਲੈਣ ਅਤੇ ਚਿਹਰੇ ਤੇ ਮੁਸਕਰਾਹਟ ਰੱਖਣ ਦਾ ਸੁਝਾਅ ਵੀ ਦਿੱਤਾ। ਉਨ੍ਹਾਂ ਨੇ ਇੱਕ ਸ਼ਾਨਦਾਰ ਅਤੇ ਸਭ ਤੋਂ ਲਾਭਦਾਇਕ ਤਕਨੀਕ ਸੁਦਰਸ਼ਨ ਕਿਰਿਆ ਦਾ ਅਭਿਆਸ ਕਰਨ ਦਾ ਸੁਝਾਅ ਦਿੱਤਾ। ਇਸ ਸੈਮੀਨਾਰ ਦੌਰਾਨ, ਉਨ੍ਹਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਧਿਆਨ ਕਰਨ ਦਾ ਸਹੀ ਤਰੀਕਾ ਕਰਕੇ ਦਿਖਾਇਆ।

ਇਸ ਮੌਕੇ 'ਤੇ ਪ੍ਰਿੰਸੀਪਲ ਡਾ.ਨੀਲੂ ਝਾਂਜੀ ਨੇ ਮਹਿਮਾਨਾਂ ਦਾ ਸਵਾਗਤ ਇੱਕ ਪਲਾਂਟਰ ਦੇ ਕੇ ਕੀਤਾ। ਸਟੇਜ ਦਾ ਸੰਚਾਲਨ ਰੂਪਿਕਾ ਸ਼ਰਮਾ ਨੇ ਕੀਤਾ। ਇਸ ਸੈਮੀਨਾਰ ਦਾ ਸੰਚਾਲਨ ਡਾ.ਰਵਜੀਤ ਕੌਰ ਅਤੇ ਸ਼੍ਰੀਮਤੀ ਗਗਨਪ੍ਰੀਤ ਕੌਰ ਨੇ ਕੀਤਾ। ਇਸ ਸੈਮੀਨਾਰ ਵਿੱਚ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਾਜ਼ਰੀ ਭਰੀ।

## ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਨੇ ਵੇਰਕਾ ਮਿਲਕ ਪਲਾਂਟ, ਮੋਹਾਲੀ ਦਾ ਉਦਯੋਗਿਕ ਦੌਰਾ ਕੀਤਾ




ਜਲੰਧਰ, 28 ਅਪ੍ਰੈਲ, (ਸੰਦੀਪ ਕੌਲ) : ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਪੀਜੀ ਵਣਜ ਅਤੇ ਪ੍ਰਬੰਧਨ ਵਿਭਾਗ ਨੇ ਵਿਭਾਗ ਦੀਆਂ ਵਿਦਿਆਰਥਣਾਂ ਲਈ ਵੇਰਕਾ ਮਿਲਕ ਪਲਾਂਟ, ਮੋਹਾਲੀ, ਚੰਡੀਗੜ੍ਹ ਦਾ ਇੱਕ ਉਦਯੋਗਿਕ ਦੌਰਾ ਕੀਤਾ।

ਇਸ ਦੌਰੇ ਦਾ ਮੁੱਖ ਉਦੇਸ਼ ਦੁੱਧ ਅਤੇ ਦੁੱਧ ਨਾਲ ਸਬੰਧਤ ਉਤਪਾਦਾਂ ਦੀ ਪੂਰੀ ਡੇਅਰੀ ਪ੍ਰਕਿਰਿਆ ਦੀ ਵਿਹਾਰਕ ਸਮਝ ਪ੍ਰਦਾਨ ਕਰਨਾ ਸੀ। ਵਿਦਿਆਰਥੀਆਂ ਨੂੰ ਦੋ ਸਮੂਹਾਂ ਵਿੱਚ ਉਤਪਾਦਨ ਸਾਈਟ ਦਾ ਦੌਰਾ ਕਰਵਾਇਆ ਗਿਆ। ਕੱਚੇ ਮਾਲ ਦੇ ਪੜਾਅ ਤੋਂ ਲੈ ਕੇ ਤਿਆਰ ਮਾਲ ਦੇ ਪੜਾਅ ਤੱਕ ਉਤਪਾਦ ਅਤੇ ਇਸਦੀ ਪ੍ਰਕਿਰਿਆ ਬਾਰੇ ਜਾਣਕਾਰੀ ਗੁਣਵੱਤਾ ਨਿਯੰਤਰਣ ਅਤੇ ਨਿਰੀਖਣ ਵਿਭਾਗ ਦੇ ਦੋ ਟ੍ਰੇਨਰਾਂ ਦੁਆਰਾ ਦਿੱਤੀ ਗਈ।

ਵਿਦਿਆਰਥੀਆਂ ਨੂੰ ਦੁੱਧ ਰਿਸੈਪਸ਼ਨ ਤੋਂ ਲੈ ਕੇ ਪੈਕੇਜਿੰਗ, ਵੰਡ ਅਤੇ ਰੱਖ-ਰਖਾਅ ਤੱਕ ਦੀ ਪੂਰੀ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਸ਼ੁਰੂ ਵਿੱਚ ਵੇਰਕਾ ਦੁਆਰਾ ਵਰਤੇ ਜਾਂਦੇ ਰੈਫ੍ਰਿਜਰੇਟਿਡ ਟੈਂਕਰ ਦਿਖਾਏ ਗਏ ਜੋ ਸਥਾਨਕ ਡੇਅਰੀ ਕਿਸਾਨਾਂ, ਕਿਸਾਨ ਸਹਿਕਾਰੀ ਸਭਾਵਾਂ ਅਤੇ ਪਿੰਡ-ਪੱਧਰੀ ਦੁੱਧ ਇਕੱਠਾ ਕਰਨ ਵਾਲੇ ਕੇਂਦਰਾਂ ਤੋਂ ਦੁੱਧ ਇਕੱਠਾ ਕਰਦੇ ਹਨ, ਬਾਅਦ ਵਿੱਚ ਇਸ ਇਕੱਠੇ ਕੀਤੇ ਦੁੱਧ ਨੂੰ ਰੈਫ੍ਰਿਜਰੇਟਿਡ ਟੈਂਕਰਾਂ ਵਿੱਚ ਵੇਰਕਾ ਪ੍ਰੋਸੈਸਿੰਗ ਪਲਾਂਟ ਵਿੱਚ ਲਿਜਾਇਆ ਜਾਂਦਾ ਹੈ। ਫਿਰ ਦੁੱਧ ਦਾ ਮਾਪਣ ਬਿੰਦੂ 'ਤੇ ਤੋਲਿਆ ਅਤੇ ਮਾਪਿਆ ਗਿਆ।

ਫਿਰ ਵਿਦਿਆਰਥੀਆਂ ਨੂੰ ਪਾਸਚੁਰਾਈਜ਼ੇਸ਼ਨ ਯੂਨਿਟ ਵਿੱਚ ਲਿਜਾਇਆ ਗਿਆ, ਵਿਵਹਾਰਕ ਤੌਰ 'ਤੇ ਦਿਖਾਇਆ ਗਿਆ ਕਿ ਦੁੱਧ ਨੂੰ ਬੈਕਟੀਰੀਆ, ਵਾਇਰਸ ਅਤੇ ਹੋਰ ਸੂਖਮ ਜੀਵਾਂ ਨੂੰ ਮਾਰਨ ਲਈ ਕਿਵੇਂ ਪਾਸਚੁਰਾਈਜ਼ ਕੀਤਾ ਜਾਂਦਾ ਹੈ ਜੋ ਮੌਜੂਦ ਹੋ ਸਕਦੇ ਹਨ।

ਅੰਤ ਵਿੱਚ, ਵਿਦਿਆਰਥੀਆਂ ਨੇ ਫਰਮੈਂਟੇਸ਼ਨ ਯੂਨਿਟ ਦਾ ਦੌਰਾ ਕੀਤਾ, ਜਿੱਥੇ, ਫਰਮੈਂਟੇਸ਼ਨ ਦੀ ਗੁਣਵੱਤਾ ਇੰਸਪੈਕਟਰ, ਸ਼੍ਰੀਮਤੀ ਹਰਵਿੰਦਰ ਨੇ ਦਹੀਂ ਬਣਾਉਣ ਦੀ ਫਰਮੈਂਟੇਸ਼ਨ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਦੱਸਿਆ। ਫੀਲਡ ਵਿਜ਼ਿਟ ਦੌਰਾਨ ਕੁੱਲ 57 ਵਿਦਿਆਰਥੀਆਂ ਨੇ ਪਲਾਂਟ ਦਾ ਦੌਰਾ ਕੀਤਾ- 27 ਅਤੇ 30 ਵਿਦਿਆਰਥੀਆਂ ਦੇ ਦੋ ਸਮੂਹਾਂ ਵਿੱਚ ਵੰਡਿਆ ਹੋਇਆ। ਪੂਰੇ ਦੌਰੇ ਦੌਰਾਨ ਪੰਜ ਅਧਿਆਪਕ ਉਨ੍ਹਾਂ ਦੇ ਨਾਲ ਸਨ।

ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਉਪ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਜੀ ਨੇ ਵਿਦਿਆਰਥੀਆਂ ਲਈ ਇੱਕ ਸਾਧਨ ਭਰਪੂਰ ਅਤੇ ਸਿੱਖਣ ਦਾ ਅਨੁਭਵ ਰੱਖਣ ਲਈ ਵਿਭਾਗ ਦੀ ਸ਼ਲਾਘਾ ਕੀਤੀ ਜੋ ਵਿਦਿਆਰਥੀਆਂ ਲਈ ਉਦਯੋਗ, ਇਸਦੇ ਸੰਚਾਲਨ ਅਤੇ ਕੰਮਕਾਜ ਦੇ ਵਿਹਾਰਕ ਪਹਿਲੂਆਂ ਨੂੰ ਸਿੱਖਣ ਦੇ ਇੱਕ ਨਵੀਨਤਾਕਾਰੀ ਤਰੀਕੇ ਵਜੋਂ ਕੰਮ ਕਰਦਾ ਹੈ।

## ਹਰਪਾਲ ਚੀਮਾ ਵੱਲੋਂ 'ਫੂਡ ਪ੍ਰੋਸੈਸਿੰਗ ਕੰਪਲੈਕਸ' ਦੇ ਉਦਘਾਟਨ ਦੌਰਾਨ ਪੀ.ਏ.ਯੂ. ਨੂੰ ਗ੍ਰਾਂਟ ਦਾ ਐਲਾਨ



ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਿੱਖਿਆ ਅਤੇ ਖੇਤੀਬਾੜੀ ਖੇਤਰ ਵਿੱਚ ਖੋਜ ਨੂੰ ਉਤਸ਼ਾਹਤ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਤਹਿਤ ਸੂਬੇ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ਨੂੰ ਵਿੱਤੀ ਸਾਲ 2025-26 ਵਿੱਚ ਰਾਜ ਸਰਕਾਰ ਤੋਂ 40 ਕਰੋੜ ਰੁਪਏ ਦੀ ਪੂੰਜੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਵਿੱਤੀ ਸਾਲ 2024-25 ਵਿੱਚ 20 ਕਰੋੜ ਰੁਪਏ ਦੀ ਪੂੰਜੀ ਗ੍ਰਾਂਟ ਨਾਲ ਖੇਤੀਬਾੜੀ ਖੋਜ ਅਤੇ ਅਕਾਦਮਿਕ ਬੁਨਿਆਦੀ ਢਾਂਚੇ ਨੂੰ ਅੱਗੇ ਵਧਾਉਣ ਲਈ ਪੀਏਯੂ ਦੇ ਯਤਨਾਂ ਨੂੰ ਲੋੜੀਂਦਾ ਹੁਲਾਰਾ ਦਿੱਤਾ ਗਿਆ ਹੈ।

ਇਸ ਦੌਰਾਨ ਯੂਨੀਵਰਸਿਟੀ ਦੇ ਦੌਰੇ ਦੌਰਾਨ ਵਿੱਤ ਮੰਤਰੀ ਨੇ ਵਿੱਤੀ ਵਰ੍ਹੇ 2024-25 ਦੌਰਾਨ ਦਿੱਤੀ ਗਈ 20 ਕਰੋੜ ਰੁਪਏ ਦੀ ਪੂੰਜੀ ਗਰਾਂਟ ਨਾਲ ਚੱਲ ਰਹੇ ਮੁਰੰਮਤ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਜੈਕਟਾਂ ਦਾ ਵੀ ਨਿਰੀਖਣ ਕੀਤਾ। ਇਹਨਾਂ ਪ੍ਰੋਜੈਕਟਾਂ ਵਿੱਚ ਡਾ.ਐਮ.ਐਸ. ਰੰਧਾਵਾ ਲਾਇਬ੍ਰੇਰੀ ਵਿੱਚ 4 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਆਧੁਨਿਕ ਏਅਰ-ਕੰਡੀਸ਼ਨਿੰਗ ਸਿਸਟਮ ਦੀ ਸਥਾਪਨਾ, ਲਾਇਬ੍ਰੇਰੀ ਵਿੱਚ ਬੈਠਣ ਅਤੇ ਕਿਤਾਬਾਂ ਰੱਖਣ ਵਾਲੇ ਢਾਂਚੇ ਦਾ ਨਵੀਨੀਕਰਨ, ਲੜਕਿਆਂ ਦੇ ਹੋਸਟਲ ਵਿੱਚ 2.56 ਕਰੋੜ ਰੁਪਏ ਨਾਲ ਇੱਕ ਵਾਧੂ ਮੰਜ਼ਿਲ ਦਾ ਨਿਰਮਾਣ, 1.43 ਕਰੋੜ ਰੁਪਏ ਦੀ ਗ੍ਰਾਂਟ ਨਾਲ ਆਧੁਨਿਕ ਸਿਹਤ ਉਪਕਰਣਾਂ ਦੀ ਸਥਾਪਨਾ ਨਾਲ ਜਿਮਨੇਜ਼ੀਅਮ ਦੇ ਨਵੀਨੀਕਰਨ ਸਮੇਤ ਖੇਡ ਸਹੂਲਤਾਂ ਦਾ ਨਵੀਨੀਕਰਨ ਸ਼ਾਮਲ ਹੈ। ਉਨ੍ਹਾਂ ਯੂਨੀਵਰਸਿਟੀ ਦੇ ਹੋਸਟਲਾਂ, ਸਪੋਰਟਸ ਮਿਊਜ਼ੀਅਮ, ਸਵੀਮਿੰਗ ਪੂਲ, ਗੈਸਟ ਹਾਊਸ ਅਤੇ ਰਿਹਾਇਸ਼ੀ ਇਲਾਕਿਆਂ ਦਾ ਵੀ ਦੌਰਾ ਕੀਤਾ। ਇਸ ਮੌਕੇ ਵਿੱਤ ਮੰਤਰੀ ਨੂੰ ਡਿਜੀਟਲ ਅਤੇ ਸਮਾਰਟ ਐਗਰੀਕਲਚਰ ਵਿੱਚ ਪੰਜਾਬ ਨੂੰ ਮੋਹਰੀ ਬਣਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਭਿਲਾਸ਼ੀ ਰੋਡਮੈਪ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਕਾਸ ਪ੍ਰਤੀ ਪੰਜਾਬ ਸਰਕਾਰ ਦੇ ਅਟੁੱਟ ਸਮਰਥਨ ਨੂੰ ਦੁਹਰਾਉਂਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨਿਰੰਤਰ ਨਿਵੇਸ਼ ਅਤੇ ਰਣਨੀਤਕ ਵਿਕਾਸ ਪਹਿਲਕਦਮੀਆਂ ਯੂਨੀਵਰਸਿਟੀ ਨੂੰ ਆਪਣੇ ਮਿਸ਼ਨ-ਅਧਾਰਿਤ ਪ੍ਰੋਜੈਕਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਦੇ ਯੋਗ ਬਣਾਉਣਗੀਆਂ। ਉਨ੍ਹਾਂ ਕਿਹਾ ਕਿ ਇਸ ਨਾਲ ਖੇਤੀਬਾੜੀ ਖੋਜ ਅਤੇ ਨਵੀਨਤਾ ਲਈ ਰਾਹ ਪੱਧਰਾ ਹੋਵੇਗਾ ਜਿਸ ਨਾਲ ਪੰਜਾਬ ਦੇ ਕਿਸਾਨਾਂ, ਵਿਦਿਆਰਥੀਆਂ ਅਤੇ ਖੇਤੀ ਉੱਦਮੀਆਂ ਦੀ ਅਗਲੀ ਪੀੜ੍ਹੀ ਨੂੰ ਵੱਡਾ ਹੁਲਾਰਾ ਮਿਲੇਗਾ।

## ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਤਰਕਸ਼ੀਲ ਸਾਹਿਤ ਵੈਨ ਰਾਹੀਂ ਸਕੂਲਾਂ 'ਚ ਪ੍ਰੋਗਰਾਮ ਸ਼ੁਰੂ



ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਤਰਕਸ਼ੀਲ ਸੁਸਾਇਟੀ ਪੰਜਾਬ (ਜੋਨ ਲੁਧਿਆਣਾ) ਦੇ ਤਹਿ ਸ਼ੁਦਾ ਪ੍ਰੋਗਰਾਮ ਅਨੁਸਾਰ ਅੱਜ ਲੁਧਿਆਣਾ ਇਕਾਈ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਵਿਗਿਆਨਿਕ ਵਿਚਾਰਾਂ ਪ੍ਰਤੀ ਚੇਤਨ ਕਰਨ ਹਿੱਤ ਸ਼ੁਰੂਆਤ ਕੀਤੀ। ਅੱਜ ਸਕੂਲ ਆਫ ਐਮੀਨੈਂਸ ਇੰਦਰਪੁਰੀ ਲੁਧਿਆਣਾ ਵਿਖੇ ਇਸ ਸਮਾਗਮ ਨੂੰ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨ ਵੱਲੋਂ ਉਤਸ਼ਾਹ ਭਰਪੂਰ ਹੁੰਗਾਰਾ ਦਿੱਤਾ। ਤਰਕਸ਼ੀਲ ਸੁਸਾਇਟੀ ਦੇ ਜੋਨ ਲੁਧਿਆਣਾ ਦੇ ਜੱਥੇਬੰਦਕ ਮੁਖੀ ਜਸਵੰਤ ਜੀਰਖ ਵੱਲੋਂ ਕਰਾਮਾਤੀ ਰਿੱਧੀਆਂ ਸਿੱਧੀਆਂ ਅਤੇ ਜਾਦੂ ਮੰਤਰਾਂ ਰਾਹੀਂ ਲੋਕਾਂ ਦੇ ਮਸਲੇ ਹੱਲ ਕਰਨ ਦੇ ਦਾਅਵੇ ਦਾਰਾਂ ਦੇ ਪਾਜ ਉਧੇੜੇ। ਉਹਨਾਂ ਕਰਾਮਾਤਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਕਾਰਨਾਂ ਬਾਰੇ ਪ੍ਰੈਕਟੀਕਲੀ ਸਪੱਸ਼ਟ ਕੀਤਾ। ਉਹਨਾਂ ਕਿਹਾ ਕਿ ਦੁਨੀਆਂ ਵਿੱਚ ਅਜੇ ਤੱਕ ਕੋਈ ਵੀ ਕਰਾਮਾਤ ਕਰਨ ਦਾ ਦਾਅਵੇਦਾਰ ਆਪਣੀ ਵੱਸ ਕੀਤੀ ਗੈਬੀ ਸ਼ਕਤੀ ਸਿੱਧ ਕਰਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਰੱਖਿਆ 5 ਲੱਖ ਰੁਪਏ ਦਾ ਇਨਾਮ ਜਿੱਤ ਨਹੀਂ ਸਕਿਆ। ਉਹਨਾਂ ਘਰੇਲੂ ਸਮੱਸਿਆਵਾਂ ਦੇ ਕਾਰਣਾਂ ਨੂੰ ਸਮਝਣ 'ਤੇ ਜੋਰ ਦਿੰਦਿਆਂ ਕਿਹਾ ਕਿ ਇਹਨਾਂ ਦਾ ਹੱਲ ਤਾਂ ਉਹਨਾਂ ਦੇ ਕਾਰਨ ਸਮਝ ਕੇ ਹੀ ਹੋਣਾ ਹੈ ਨਾ ਕਿ ਕਿਸੇ ਡੇਰੇ 'ਤੇ ਸੁੱਖਣਾ ਸੁੱਖਕੇ ਜਾਂ ਚੜ੍ਹਾਵੇ ਚੜ੍ਹਾਕੇ। ਕਿਸੇ ਵੀ ਮਨੁੱਖ ਦੀ ਕਿਸਮਤ ਉਸ ਦੀਆਂ ਹੱਥ ਰੇਖਾਵਾਂ ਉੱਪਰ ਨਹੀਂ ਲਿਖੀ ਹੁੰਦੀ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਤਰਕਸ਼ੀਲ ਸਾਹਿਤ ਖਰੀਦ ਕੇ ਤਰਕਸ਼ੀਲ ਵਿਚਾਰਾਂ ਨੂੰ ਅਪਨਾਉਣ ਦਾ ਸਬੂਤ ਦਿੱਤਾ ਅਤੇ ਕੁੱਝ ਵਿਦਿਆਰਥੀਆਂ ਨੇ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਤਰਕਸ਼ੀਲ ਸਾਹਿਤ ਪ੍ਰੀਖਿਆ ਵਿੱਚ ਭਾਗ ਲੈਣ ਲਈ ਵੀ ਦਿਲਚਸਪੀ ਵਿਖਾਈ ਜੋ 30,31 ਅਗਸਤ 2025 ਵਿੱਚ ਪੰਜਾਬ ਦੇ ਚੋਣਵੇਂ ਸਕੂਲਾਂ ਵਿੱਚ ਲਈ ਜਾਵੇਗੀ। ਤਰਕਸ਼ੀਲ ਟੀਮ ਵਿੱਚ ਧਰਮਪਾਲ ਸਿੰਘ, ਪ੍ਰਿੰਸੀਪਲ ਅਜਮੇਰ ਦਾਖਾ ਸ਼ਾਮਲ ਸਨ।

## ਬਾਇਓ ਗੈਸ ਫੈਕਟਰੀ ਨੂੰ ਬੰਦ ਕਰਨ ਲਈ ਚਲ ਰਹੇ ਲੋਕ ਸੰਘਰਸ਼ ਨੂੰ ਜਬਰੀ ਖਿੰਡਾਉਣ ਲਈ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਨਿੰਦਾ

ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਪਿਛਲੇ ਲੰਮੇ ਸਮੇਂ ਤੋਂ ਅਖਾੜਾ ਬਾਇਓ ਗੈਸ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਹਕੂਮਤੀ ਜਬਰ ਨਾਲ ਬੰਦ ਕਰਵਾਉਣ ਲਈ ਪੁਲਿਸ ਵੱਲੋਂ ਆਗੂਆਂ ਦੀ ਕੀਤੀ ਫੜੋ ਫੜੀ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸਖਤ ਨਿਖੇਧੀ ਕੀਤੀ ਹੈ। ਗ੍ਰਿਫਤਾਰ ਆਗੂਆਂ ਵਿੱਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਧਾਨ ਮਨਜੀਤ ਸਿੰਘ ਧਨੇਰ, ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਬਰਨਾਲਾ ਦੇ ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਰਾਏਕੋਟ ਬਲਾਕ ਪ੍ਰਧਾਨ ਸਰਬਜੀਤ ਸਿੰਘ ਧੂਰਕੋਟ, ਬਲਰਾਜ ਸਿੰਘ ਕੋਟਉਮਰਾ ਸਮੇਤ ਪਿੰਡ ਅਖਾੜਾ ਦੇ ਮਰਦ ਤੇ ਔਰਤਾਂ ਸ਼ਾਮਲ ਹਨ। ਇਸ ਤੋਂ ਬਿਨਾ ਪਿੰਡ ਦੇ ਗੁਰਦਵਾਰਾ ਸਾਹਿਬ ਵਿੱਚ ਚੱਲ ਰਹੇ ਸਪੀਕਰ ਨੂੰ ਬੰਦ ਕਰਵਉਣ ਬਾਰੇ ਵੀ ਸੂਚਨਾ ਮਿਲੀ ਹੈ। ਕਈ ਹੋਰ ਆਗੂਆਂ ਦੇ ਘਰੀਂ ਵੀ ਛਾਪੇਮਾਰੀ ਕੀਤੀ ਗਈ ਜਿਹਨਾਂ ਵਿੱਚ ਕੰਵਲਜੀਤ ਖੰਨਾ, ਗੁਰਦੇਵ ਸਿੰਘ ਮਾਂਗੇਵਾਲ ਆਦਿ ਸਾਮਲ ਹਨ। ਲੋਕਾਂ ਵੱਲੋਂ ਉਪਰੋਕਤ ਗੈਸ ਫੈਕਟਰੀ ਦੇ ਚੱਲਣ ਨਾਲ ਵਾਤਾਵਰਣ ਪ੍ਰਦੂਸ਼ਤ ਹੋਣ ਨਾਲ ਲੋਕਾਂ ਦੀ ਸਿਹਤ ਵਿਗੜਨ ਦਾ ਖਦਸ਼ਾ ਜਾਹਰ ਕੀਤਾ ਜਾ ਰਿਹਾ ਹੈ, ਜਿਸ ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਵਿੱਚ ਵੀ ਵਾਧਾ ਹੋਵੇਗਾ। ਜਮਹੂਰੀ ਅਧਿਕਾਰ ਸਭਾ ਦੀ ਜਾਂਚ ਕਮੇਟੀ ਵੱਲੋਂ ਜਾਰੀ ਕੀਤੀ ਜਾਂਚ ਰਿਪੋਰਟ ਵਿੱਚ ਪਾਇਆ ਗਿਆ ਸੀ ਕਿ ਇਹ ਫਾਕਟਰੀਆਂ, ਵੱਡੀਆਂ ਰਕਮਾਂ ਦੀਆਂ ਸਬਸਿਡੀਆਂ ਮਿਲਣ ਦੇ ਲਾਲਚ ਨੂੰ ਤਾਂ ਮੁੱਖ ਰੱਖਿਆ ਜਾ ਰਿਹਾ ਹੈ, ਪਰ ਲੋਕਾਂ ਨੂੰ ਨਜਰ ਅੰਦਾਜ ਕਰਕੇ ਉਹਨਾਂ ਨੂੰ ਇਸ ਦਾ ਖਮਿਆਜਾ ਸਿਹਤ ਖਰਾਬ ਹੋਣ ਦੀ ਸੂਰਤ ਵਿੱਚ ਭੁਗਤਣਾ ਪਏਗਾ, ਜਿਸ ਤੋਂ ਬਚਣ ਲਈ ਲੋਕ ਸੰਘਰਸ ਕਰ ਰਹੇ ਹਨ। ਕਾਨੂੰਨੀ ਪ੍ਰਕ੍ਰਿਆ ਅਨੁਸਾਰ ਵੀ ਇਹਨਾਂ ਨੂੰ ਮਨੁੱਖੀ ਵਸੋਂ ਤੋਂ ਦੂਰ ਲਾਉਣਾ ਤਹਿ ਹੈ, ਪਰ ਇਸ ਨੂੰ ਵੀ ਪ੍ਰਸਾਸਨਿਕ ਅਧਿਕਾਰੀਆਂ ਵੱਲੋਂ ਕਿਉਂ ਅਣਗੌਲਿਆ ਕੀਤਾ ਜਾ ਰਿਹਾ ਹੈ, ਵੱਲ ਧਿਆਨ ਦੇਣਾ ਬਣਦਾ ਹੈ। ਪੰਜਾਬ ਸਰਕਾਰ ਵੀ ਕੇਂਦਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰਨ ਵਿੱਚ ਭਾਈਵਾਲ ਬਣ ਕੇ ਲੋਕਾਂ ਨਾਲ ਖਿਲਵਾੜ ਕਰ ਰਹੀ ਹੈ। ਇਹਨਾਂ ਫੈਕਟਰੀਆਂ ਦੇ ਵਿਰੋਧ ਵਿੱਚ ਕਈ ਥਾਵਾਂ 'ਤੇ ਸ਼ਾਂਤੀ ਪੂਰਵਕ ਚੱਲ ਰਹੇ ਸੰਘਰਸ਼ਾਂ ਨੂੰ ਇਸ ਤਰ੍ਹਾਂ ਜਬਰੀ ਤਹਿਸ ਨਹਿਸ ਕਰਨਾ ਲੋਕਾਂ ਦੇ ਸੰਵਿਧਾਨਿਕ ਜਮਹੂਰੀ ਹੱਕਾਂ ਨੂੰ ਕੁਚਲਨਾ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਪ੍ਰੋ ਏ ਕੇ ਮਲੇਰੀ, ਲੁਧਿਆਣਾ ਦੇ ਪ੍ਰਧਾਨ ਜਸਵੰਤ ਜੀਰਖ, ਸਕੱਤਰ ਅਜਮੇਰ ਦਾਖਾ, ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੇ ਸੁਰਿੰਦਰ ਸਿੰਘ ਵੱਲੋਂ ਇਸ ਗੈਰ ਜਮਹੂਰੀ ਵਰਤਾਰੇ ਦੀ ਨਿਖੇਧੀ ਕਰਦਿਆਂ ਗ੍ਰਿਫਤਾਰ ਕੀਤੇ ਆਗੂਆਂ ਨੂੰ ਬਿਨਾ ਸਰਤ ਰਿਹਾਅ ਕਰਕੇ ਲੋਕਾਂ ਦੀ ਆਵਾਜ ਸੁਣਨ ਦੀ ਮੰਗ ਕੀਤੀ ਹੈ।

## ਏ.ਜੀ.ਆਈ. ਅਤੇ ਮੈਰੈਂਗੋ ਏਸ਼ੀਆ ਹਸਪਤਾਲਾਂ ਨੇ ਲਿਵਰ ਟ੍ਰਾਂਸਪਲਾਂਟ ਸੇਵਾਵਾਂ ਦੀ 5ਵੀਂ ਵਰ੍ਹੇਗੰਢ ਮਨਾਈ



ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਐਡਵਾਂਸਡ ਗੈਸਟ੍ਰੋਐਂਟਰੋਲੋਜੀ ਇੰਸਟੀਚਿਊਟ (ਏ.ਜੀ.ਆਈ.)-ਦਿ ਗੈਸਟ੍ਰੋਸਿਟੀ, ਲੁਧਿਆਣਾ ਵੱਲੋਂ ਮਰੈਂਗੋ ਏਸ਼ੀਆ ਹਸਪਤਾਲਾਂ ਦੇ ਸਹਿਯੋਗ ਨਾਲ ਲਿਵਰ ਟ੍ਰਾਂਸਪਲਾਂਟ ਸੇਵਾਵਾਂ ਦੀ ਪੰਜਵੀਂ ਵਰ੍ਹੇਗੰਢ ਮੌਕੇ ਇੱਕ ਖਾਸ ਸਮਾਗਮ ਰਾਹੀਂ ਲਿਵਰ ਦਾਨੀਆਂ ਅਤੇ ਪ੍ਰਾਪਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਪੰਜ ਸਾਲਾਂ ਦੌਰਾਨ, ਪੰਜਾਬ ਖੇਤਰ ਵਿੱਚੋਂ 100 ਲਿਵਰ ਟ੍ਰਾਂਸਪਲਾਂਟ ਕਾਮਯਾਬੀ ਨਾਲ ਪੂਰੇ ਕੀਤੇ ਗਏ, ਜਿਨ੍ਹਾਂ ਵਿੱਚੋਂ 50 ਟ੍ਰਾਂਸਪਲਾਂਟ ਏ.ਜੀ.ਆਈ.-ਦਿ ਗੈਸਟ੍ਰੋਸਿਟੀ ਰਾਹੀਂ ਸੰਬੰਧਿਤ ਮਰੀਜਾਂ ਲਈ ਕੀਤੇ ਗਏ। ਇਸ ਸਮਾਗਮ ਵਿੱਚ ਕਈ ਪ੍ਰਮੁੱਖ ਡਾਕਟਰੀ ਹਸਤੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ . ਨਿਰਮਲਜੀਤ ਸਿੰਘ ਮੱਲ੍ਹੀ (ਚੇਅਰਮੈਨ) ਡਾ. ਰਾਜੀਵ ਗ੍ਰੋਵਰ (ਵਾਈਸ ਚੇਅਰਮੈਨ), ਡਾ. ਜਸਮੀਤ ਐਸ. ਢੀਂਗਰਾ (ਡਾਇਰੈਕਟਰ), ਅਤੇ ਡਾ. ਨੀਰਜ ਸਿੰਗਲਾ (ਕਨਸਲਟੈਂਟ, ਗੈਸਟ੍ਰੋਐਨਟੋਰੋਲੋਜੀ) ਮੌਜੂਦ ਸਨ। ਮਰੈਂਗੋ ਏਸੀਆ ਹਸਪਤਾਲਾਂ ਤੋਂ ਡਾ. ਪੁਨੀਤ ਸਿੰਗਲਾ ਧੀਰਜ ਸਰਮਾ ਡਾ. ਹਰਪਾਲ ਸਿੰਘ (ਗੈਸਟ੍ਰੋ ਸਰਜਨ), ਡਾ. ਹਰਪ੍ਰੀਤ ਸਿੰਘ ਖੇਤਰਪਾਲ (ਸਰਜਨ), ਅਤੇ ਡਾ. ਨਵਦੀਪ ਸਿੰਘ (ਮੈਡੀਕਲ ਓਂਕੋਲੋਜਿਸਟ) ਹਾਜਰ ਹੋਏ। ਡਾ. ਮੱਲ੍ਹੀ ਨੇ ਆਪਣੀ ਮੁੱਖ ਭਾਸ਼ਣ ਵਿੱਚ ਲਿਵਰ ਟ੍ਰਾਂਸਪਲਾਂਟ ਦੀ ਬਚਾਉਣ ਵਾਲੀ ਮਹੱਤਤਾ, ਸਮੇਂ ਸਿਰ ਪਛਾਣ ਦੀ ਲੋੜ, ਅਤੇ ਲਿਵਰ ਸਿਹਤ ਬਾਰੇ ਜਾਗਰੂਕਤਾ ਵਧਾਉਣ ਦੀ ਲੋੜ ਬਾਰੇ ਵਿਸਥਾਰ ਨਾਲ ਗੱਲ ਕੀਤੀ। ਡਾ. ਗ੍ਰੋਵਰ ਨੇ ਵਿਸਵ ਲਿਵਰ ਦਿਵਸ ਮੌਕੇ ਲਿਵਰ ਰੋਗਾਂ ਦੇ ਬਦਲਦੇ ਰੁਝਾਨ ਬਾਰੇ ਗੱਲ ਕੀਤੀ। ਡਾ. ਪੁਨੀਤ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਨੇ ਲਿਵਰ ਟ੍ਰਾਂਸਪਲਾਂਟ ਯਾਤਰਾ ਸੰਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

## ਸਪਰਿੰਗ ਡੇਲ ਸਕੂਲ ਦੇ ਡਿਪਟੀ ਡਾਇਰੈਕਟਰ ਮੈਡਮ ਨੇ ਖੱਟਿਆ ਨਾਮਣਾ



ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੇ ਡਿਪਟੀ-ਡਾਇਰੈਕਟਰ ਮੈਡਮ ਸ੍ਰੀਮਤੀ ਸੋਨੀਆ ਵਰਮਾ ਨੂੰ ਸਿੱਖਿਆ ਦੇ ਖੇਤਰ ਦੇ ਵਿੱਚ ਉੱਚ ਪਾਇਦਾਨ ਦੀਆਂ ਮੱਲਾਂ ਮਾਰਨ 'ਤੇ ਜੀ.ਐਸ.ਐਲ.ਸੀ. (ਗਲੋਬਲ ਸਕੂਲ ਲੀਡਰ ਕਨਸੋਰਟੀਅਮ) ਸੰਸਥਾ ਵੱਲੋਂ 'ਐਡੀਊਇੰਸਪਾਇਰਰ' ਅਵਾਰਡ ਦੇ ਨਾਲ ਨਿਵਾਜਿਆ ਗਿਆ। ਮੈਡਮ ਸ੍ਰੀਮਤੀ ਸੋਨੀਆ ਵਰਮਾ ਜੀ ਆਪਣੀ ਵਿਲੱਖਣਤਾ ਅਤੇ ਵਿੱਦਿਆ ਦੇ ਖੇਤਰ ਦੇ ਵਿੱਚ ਇੱਕ ਚਾਨਣ ਮੁਨਾਰਾ ਹਨ, ਜੋ ਕਿ ਇੱਕ ਲੰਬੇ ਅਰਸੇ ਤੋਂ ਮਾਪਿਆਂ, ਅਧਿਆਪਕਾਂ, ਬੱਚਿਆਂ ਅਤੇ ਸਕੂਲ ਲੀਡਰਾਂ ਦੇ ਬਹੁਪੱਖੀ ਵਿਕਾਸ ਦੇ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਸਮਾਜ ਕਲਿਆਣ ਦਾ ਕੰਮ ਕਰ ਰਹੇ ਹਨ। ਵਿੱਦਿਆ ਦੇ ਖੇਤਰ ਨੂੰ ਰੁਸ਼ਨਾਉਣ ਅਤੇ ਬੱਚਿਆਂ ਦਾ ਸਹੀ ਮਾਰਗਦਰਸ਼ਨ ਕਰਨ ਦੀ ਵਚਨਬੱਧਤਾ ਦਾ ਇਸ ਸਨਮਾਨ ਦੇ ਨਾਲ ਇਸਤਕਬਾਲ ਕੀਤਾ ਗਿਆ। ਇਸ ਸਬੰਧ ਵਿੱਚ ਸਕੂਲ ਦੇ ਮਾਣਯੋਗ ਚੇਅਰਪਰਸਨ ਮੈਡਮ ਸ੍ਰੀਮਤੀ ਅਵਿਨਾਸ਼ ਕੌਰ ਵਾਲੀਆ ਨੇ ਆਪਣੀ ਡੂੰਘੀ ਖੁਸ਼ੀ ਪ੍ਰਗਟ ਕਰਦਿਆਂ ਮੈਡਮ ਸੋਨੀਆ ਵਰਮਾ ਨੂੰ ਬਹੁਤ-ਬਹੁਤ ਵਧਾਈ ਦਿੱਤੀ ਅਤੇ ਨਾਲ ਹੀ ਭਵਿੱਖ ਵਿੱਚ ਵੀ ਇਸ ਹੀ ਵਿੱਦਿਆ ਦੇ ਖੇਤਰ ਨੂੰ ਅਸਮਾਨ ਦੀਆਂ ਬੁਲੰਦੀਆਂ ਤੱਕ ਲਿਜਾਉਣ ਦੇ ਲਈ ਵੀ ਪ੍ਰੇਰਿਆ। ਇਸਦੇ ਨਾਲ ਹੀ ਡਾਇਰੈਕਟਰਜ਼ ਮਨਦੀਪ ਵਾਲੀਆ, ਸ੍ਰੀਮਤੀ ਕਮਲਪ੍ਰੀਤ ਕੌਰ, ਪ੍ਰਿੰਸੀਪਲ ਅਨਿਲ ਸ਼ਰਮਾ ਜੀ ਅਤੇ ਸਮੂਹ ਅਧਿਆਪਕਾਂ ਨੇ ਵੀ ਸੋਨੀਆ ਵਰਮਾ ਜੀ ਨੂੰ ਮਿਲੇ ਇਸ ਉੱਚ ਦਰਜੇ ਦੇ ਸਨਮਾਨ 'ਤੇ ਬਹੁਤ-ਬਹੁਤ ਵਧਾਈਆਂ ਦਿੱਤੀਆਂ।

## ਜਵਾਹਰ ਨਗਰ ਕੈਂਪ 'ਚ ਐਲ.ਪੀ.ਜੀ. ਧਮਾਕੇ ਕਾਰਨ ਲੱਗੀ ਅੱਗ ਐਮ.ਪੀ. ਅਰੋੜਾ ਨੇ 2 ਲੱਖ ਦੇ ਮੁਆਵਜ਼ੇ ਦਾ ਐਲਾਨ ਕੀਤਾ



ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ) : ਅੱਜ ਸ਼ਾਮ ਜਵਾਹਰ ਨਗਰ ਕੈਂਪ ਇਲਾਕੇ ਦੀ ਲੇਬਰ ਕਲੋਨੀ (ਗਲੀ ਨੰਬਰ 6) ਵਿੱਚ ਅੱਗ ਲੱਗ ਗਈ। ਐਲਪੀਜੀ ਸਿਲੰਡਰ ਫਟਣ ਤੋਂ ਬਾਅਦ ਇਹ ਘਟਨਾ ਵਾਪਰੀ। ਖੁਸ਼ਕਿਸਮਤੀ ਨਾਲ ਘਟਨਾ ਸਮੇਂ ਘਰ ਵਿੱਚ ਕੋਈ ਮੌਜੂਦ ਨਹੀਂ ਸੀ ਇਸ ਲਈ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਲਾਂਕਿ, ਘਰ ਨੂੰ ਭਾਰੀ ਨੁਕਸਾਨ ਪਹੁੰਚਿਆ – ਛੱਤ ਉੱਡ ਗਈ ਅਤੇ ਘਰੇਲੂ ਸਮਾਨ ਜਿਸ ਵਿੱਚ ਇੱਕ ਬਿਜਲੀ ਦਾ ਪੱਖਾ, ਵਾਟਰ ਕੂਲਰ ਅਤੇ ਫਰਿੱਜ ਸ਼ਾਮਲ ਹਨ, ਤਬਾਹ ਹੋ ਗਿਆ। ਇਹ ਘਟਨਾ ਸ਼ਾਮ 5 ਵਜੇ ਦੇ ਕਰੀਬ ਵਾਪਰੀ। ਘਟਨਾ ਦੀ ਜਾਣਕਾਰੀ ਮਿਲਣ 'ਤੇ ਸ਼ਹਿਰ ਦੇ ਕੌਂਸਲਰ ਕਪਿਲ ਕੁਮਾਰ ਸੋਨੂੰ ਨੇ ਤੁਰੰਤ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਸੂਚਿਤ ਕੀਤਾ ਜੋ ਉਸ ਸਮੇਂ ਬੂਥ ਮੀਟਿੰਗ ਕਰ ਰਹੇ ਸਨ। ਘਟਨਾ ਬਾਰੇ ਸੁਣ ਕੇ, ਅਰੋੜਾ ਆਪਣੀ ਮੀਟਿੰਗ ਅੱਧ ਵਿਚਕਾਰ ਛੱਡ ਕੇ ਮੌਕੇ 'ਤੇ ਪਹੁੰਚ ਗਏ। ਘਰ ਨੂੰ ਹੋਏ ਵੱਡੇ ਨੁਕਸਾਨ ਦਾ ਮੁਆਇਨਾ ਕਰਨ ਤੋਂ ਬਾਅਦ ਅਰੋੜਾ ਨੇ ਪ੍ਰਭਾਵਿਤ ਪਰਿਵਾਰ ਨੂੰ ਹੋਏ ਕੁੱਲ ਨੁਕਸਾਨ ਬਾਰੇ ਪੁੱਛਗਿੱਛ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਰੋੜਾ ਨੇ ਐਲਾਨ ਕੀਤਾ ਕਿ ਉਹ ਪ੍ਰਭਾਵਿਤ ਪਰਿਵਾਰ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦੇਣਗੇ ਅਤੇ ਇਹ ਰਕਮ ਕੱਲ੍ਹ ਸੌਂਪਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਪਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ ਕਿ ਇਸ ਘਟਨਾ ਵਿੱਚ ਕਿਸੇ ਦੀ ਜਾਨ ਨਹੀਂ ਗਈ।

ਪ੍ਰਭਾਵਿਤ ਪਰਿਵਾਰ ਅਤੇ ਸਥਾਨਕ ਨਿਵਾਸੀਆਂ ਵੱਲੋਂ ਕੌਂਸਲਰ ਕਪਿਲ ਕੁਮਾਰ ਸੋਨੂੰ ਨੇ ਸੰਜੀਵ ਅਰੋੜਾ ਦਾ ਤੁਰੰਤ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਦੁੱਖ ਪ੍ਰਗਟ ਕਰਨ ਅਤੇ ਮੁਆਵਜ਼ਾ ਦੇਣ ਦਾ ਭਰੋਸਾ ਦੇਣ ਲਈ ਧੰਨਵਾਦ ਕੀਤਾ।

## ਗੋਦੀ ਮੀਡੀਆ ਨੂੰ ਪਹਿਲਗਾਮ ਘਟਨਾ ਨੂੰ ਫ਼ਿਰਕੂ ਰੰਗਤ ਨਾ ਦੇਣ ਦੀ ਅਪੀਲ

ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਮਿਊਨਿਸਟ ਪਾਰਟੀ(ਸੀਪੀਆਈ) ਦੀ ਜ਼ਿਲ੍ਹਾ ਐਗਜੈਕਟਿਵ ਕਮੇਟੀ ਦੀ ਮੀਟਿੰਗ ਅੱਜ ਇਥੇ ਸਹੀਦ ਕਰਨੈਲ ਸਿੰਘ ਇਸੜੂ ਭਵਨ ਵਿਖੇ ਡਾਕਟਰ ਗੁਲਜਾਰ ਪੰਧੇਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਹਿਲਗਾਮ ਵਿੱਚ ਅੱਤਵਾਦੀਆਂ ਹੱਥੋਂ ਮਾਰੇ ਗਏ 28 ਦੇਸ ਵਾਸੀਆਂ ਨੂੰ ਸਰਧਾਂਜਲੀ ਦੇਣ ਲਈ ਦੋ ਮਿੰਟ ਕਾ ਮੌਨ ਧਾਰਿਆ ਗਿਆ ਅਤੇ ਜਖਮੀਆਂ ਦੀ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਗਈ। ਮੀਟਿੰਗ ਵਿੱਚ ਵਿੱਚ ਇਸ ਅੱਤਵਾਦੀ ਕਾਰੇ ਦੀ ਨਿਖੇਧੀ ਅਤੇ ਲੋਕਾਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ ਗਈ। ਗੋਦੀ ਮੀਡੀਆ ਨੂੰ ਇਸ ਘਟਨਾ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਬੰਦ ਕਰਨ ਲਈ ਤਾੜਿਆ ਗਿਆ। ਸਰਕਾਰ ਵੱਲੋਂ ਹੋਈ ਸੁਰੱਖਿਆ ਦੀ ਨਾਕਾਮੀ ਲਈ ਆਲੋਚਨਾ ਕੀਤੀ ਗਈ ਅਤੇ ਇਹੋ ਜਿਹੀ ਘਟਨਾ ਦੁਬਾਰਾ ਨਾ ਹੋਵੇ ਇਸ ਦੀ ਮੰਗ ਕੀਤੀ ਗਈ। ਅੱਜ ਦੀ ਮੀਟਿੰਗ ਦਾ ਮੁੱਖ ਏਜੰਡਾ ਹਰ ਸਾਲ ਦੀ ਤਰਹਾਂ 14 ਮਈ ਨੂੰ ਸਹੀਦ ਗੁਰਮੇਲ ਸਿੰਘ ਹੂੰਜਣ ਅਤੇ ਉਹਨਾਂ ਦੇ ਸਾਥੀ ਜੋਗਿੰਦਰ ਸਿੰਘ ਦੀ ਬਰਸੀ ਪਿੰਡ ਪੰਧੇਰ ਖੇੜੀ ਵਿਖੇ ਮਨਾਉਣ ਦੀਆਂ ਤਿਆਰੀਆਂ ਵਜੋਂ ਕੀਤੀ ਗਈ। ਪਾਰਟੀ ਦੀ 25ਵੀਂ ਕੌਮੀ ਪਾਰਟੀ ਕਾਂਗਰਸ ਜੋ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋਣੀ ਹੈ, ਵਿਚ ਲੁਧਿਆਣਾ ਜ਼ਿਲ੍ਹੇ ਦੀ ਸਮੂਲੀਅਤ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਾਰਟੀ ਦੇ 100 ਸਾਲਾਂ ਦੇ ਪ੍ਰੋਗਰਾਮਾਂ ਨੂੰ ਲੁਧਿਆਣਾ ਜਿਲੇ ਵਿੱਚ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇੱਕ ਮਤੇ ਰਾਹੀਂ ਮੀਟਿੰਗ ਵਿੱਚ ਲੁਧਿਆਣਾ ਪੱਛਮੀ ਹਲਕੇ ਦੀ ਉਪ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਅਤੇ ਇਸ ਸਬੰਧ ਵਿੱਚ ਸੂਬਾ ਪਾਰਟੀ ਨੂੰ ਲਿਖਿਆ ਜਾਵੇ। ਮੀਟਿੰਗ ਦੌਰਾਨ ਕਾਮਰੇਡ ਐਮ ਐਸ ਭਾਟੀਆ, ਰਮੇਸ ਰਤਨ, ਚਮਕੌਰ ਸਿੰਘ, ਕੇਵਲ ਸਿੰਘ ਬਨਵੈਤ, ਭਗਵਾਨ ਸਿੰਘ ਸੋਮਲਖੇੜੀ, ਕੁਲਵੰਤ ਸਿੰਘ, ਪ੍ਰਿੰਸੀਪਲ ਜਗਜੀਤ ਸਿੰਘ ਆਦਿ ਨੇ ਆਪੋ ਅਪਣੇ ਵਿਚਾਰ ਰੱਖੇ।

## ਨੈਸ਼ਨਲ ਹਰਲਡ ਅਖ਼ਬਾਰ ਸਬੰਧੀ ਗਾਂਧੀ ਪਰਿਵਾਰ 'ਤੇ ਈ.ਡੀ. ਦੀ ਕਾਰਵਾਈ ਦੀ ਨਿੰਦਾ



ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਅੱਜ ਹਲਕਾ ਦੱਖਣੀ ਵਿੱਚ ਕਾਂਗਰਸੀ ਵਰਕਰਾਂ ਦੀ ਭਰਵੀਂ ਮੀਟਿੰਗ ਸਰਬਜੀਤ ਮਨੂੰ, ਰੂਪ ਨਾਥ ਅਤੇ ਕਾਂਗਰਸੀ ਨੇਤਾ ਰਤਨੇਸ ਸਿੰਘ ਵੱਲੋਂ ਆਯੋਜਿਤ ਕੀਤੀ ਗਈ ਜਿਸ ਵਿੱਚ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਅਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਮੁੱਖ ਤੌਰ 'ਤੇ ਹਾਜ਼ਰ ਹੋਏ। ਉਹਨਾਂ ਨਾਲ ਸੀਨੀਅਰ ਨੇਤਾ ਰਾਮ ਨਾਥ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਅਤੇ ਰਣਜੀਤ ਸਿੰਘ ਰਿਟਾਇਰਡ ਮੈਨੇਜਰ ਵੀ ਹਾਜ਼ਰ ਸਨ। ਇਸ ਸਮੇਂ ਸ੍ਰੀ ਬਾਵਾ ਤੇ ਦਾਖਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਅਸੀਂ ਪਹਿਲਗਾਮ ਵਿੱਚ ਵਾਪਰੀ ਅਤੀ ਦੁੱਖਦਾਈ ਘਟਨਾ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੰਦੇ ਹਾਂ ਅਤੇ ਦਰਿੰਦਿਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਸਰਕਾਰ ਤੋਂ ਮੰਗ ਕਰਦੇ ਹਾਂ। ਉਹਨਾਂ ਵਿਦੇਸ ਤੋਂ ਆ ਕੇ ਰਾਹੁਲ ਗਾਂਧੀ ਵੱਲੋਂ ਜਖਮੀਆਂ ਦਾ ਹਾਲ ਪੁੱਛਣ ਜਾਣ ਦੀ ਸਹੀ ਸੋਚ ਕਿਹਾ ਜਦ ਕਿ ਭਾਜਪਾ ਨੇਤਾ ਬਿਹਾਰ ਵਿੱਚ ਸਿਆਸੀ ਰੈਲੀਆਂ ਵਿੱਚ ਰੁੱਝੇ ਹੋਏ ਹਨ। ਉਹਨਾਂ ਇਸ ਸਮੇਂ ਸੰਵਿਧਾਨ ਬਚਾਉਣ ਲਈ ਕਾਂਗਰਸ ਪਾਰਟੀ ਵੱਲੋਂ ਦਿੱਤੇ ਪ੍ਰੋਗਰਾਮ ਬਾਰੇ ਕਿਹਾ ਕਿ ਹਰ ਭਾਰਤੀ ਅੱਜ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਏ।

ਉਹਨਾਂ ਕਿਹਾ ਕਿ ਨੈਸ਼ਨਲ ਹਰਾਲਡ ਅਖਬਾਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਸ਼ੁਰੂ ਕੀਤਾ ਸੀ ਜੋ ਹੁਣ ਬੰਦ ਹੋਣ 'ਤੇ ਭਾਰਤ ਸਰਕਾਰ ਵੱਲੋਂ ਈ.ਡੀ ਰਾਹੀਂ ਗਾਂਧੀ ਪਰਿਵਾਰ ਨੂੰ ਪਰੇਸ਼ਾਨ ਕਰਨ ਦੀ ਵੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਸਭ ਵਰਕਰਾਂ ਨੂੰ ਹਲਕਾ ਪੱਛਮੀ ਚੋਣਾਂ ਵਿੱਚ ਕੰਮ ਕਰਨ ਲਈ ਵੀ ਪ੍ਰੇਰਿਆ। ਇਸ ਮੌਕੇ ਠਾਕੁਰ ਪ੍ਰਸਾਦ, ਹਰਨ ਖਾਨ, ਰਮਨ ਪਾਸੀ, ਸੋਨੂ ਗਿਰੀ, ਕਰਨ ਕੁਮਾਰ, ਵਰਿੰਦਰ ਯਾਦਵ, ਵਿਜੇ ਸ਼ਰਮਾ, ਅਵਧੇਸ ਕੁਮਾਰ, ਮੋਨੂ ਗਿਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਅੱਤਵਾਦੀਆਂ ਨੂੰ ਮੁਸਲਿਮ ਵਿਕਟਿਮ ਸਾਬਤ ਕਰਨ ਦੇ ਯਤਨ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ ਕਾਨੂੰਨੀ ਕਾਰਵਾਈ ਲਈ ਇੱਕ ਜਾਂਚ ਟੀਮ ਬਣਾਈ ਜਾਵੇ : ਗੁਰਦੀਪ ਸਿੰਘ ਗੋਸ਼ਾ



ਗਿੱਲ/ਆਲਮਗੀਰ, 28 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਕੁਲਵੰਤ ਸਿੰਘ) : ਗੁਰਦੀਪ ਸਿੰਘ ਗੋਸ਼ਾ ਨੇ ਕਿਹਾ ਕਿ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਕਤਲੇਆਮ ਤੋਂ ਬਾਅਦ ਪੂਰੀ ਦੁਨੀਆ ਅੱਤਵਾਦ ਦੇ ਜਨਕ ਪਾਕਿਸਤਾਨ ਵਿਰੁੱਧ ਗੁੱਸੇ ਨਾਲ ਭੜਕ ਰਹੀ ਹੈ। ਮਨੁੱਖਤਾ ਲਈ ਖ਼ਤਰਾ ਬਣ ਚੁੱਕੇ ਇਸ ਅੱਤਵਾਦੀ ਰਾਸ਼ਟਰ ਦੀਆਂ ਅਣਮਨੁੱਖੀ ਘਟਨਾਵਾਂ ਨੂੰ ਰੋਕਣਾ ਬਹੁਤ ਜ਼ਰੂਰੀ ਹੋ ਗਿਆ ਹੈ, ਜਿਸ ਲਈ ਹਰ ਭਾਰਤੀ ਨੂੰ ਭਾਰਤ ਸਰਕਾਰ ਦੀ ਕੂਟਨੀਤਕ ਵਿਦੇਸ਼ ਨੀਤੀ 'ਤੇ ਪੂਰਾ ਵਿਸ਼ਵਾਸ ਹੈ, ਪਰ ਇਹ ਮਨੁੱਖਤਾ ਵਿਰੁੱਧ ਅੱਤਵਾਦ ਦੇ ਕਤਲੇਆਮ ਦੀ ਜ਼ਮੀਨੀ ਹਕੀਕਤ ਹੈ। ਇਹ ਸਿੱਕੇ ਦਾ ਇੱਕ ਅਣਮਨੁੱਖੀ ਪਹਿਲੂ ਹੈ। ਰਾਬਰਟ ਵਾਡਰਾ ਵਰਗੇ ਲੋਕ, ਜੋ ਉਪਰੋਕਤ ਵਰਗੇ ਕਤਲੇਆਮ ਨੂੰ ਜਾਇਜ਼ ਠਹਿਰਾਉਂਦੇ ਹਨ, ਜੋ ਅੱਤਵਾਦੀਆ ਵਲੋਂ ਕੀਤੇ ਕਤਲੇਆਮ ਨੂੰ ਭਾਰਤ ਵਿੱਚ ਮੁਸਲਿਮ ਭਾਈਚਾਰੇ ਦੇ ਅਤਿਆਚਾਰ ਦੀ ਕਾਰਵਾਈ ਦੀ ਪ੍ਰਤੀਕਿਰਿਆ ਦਾ ਸਬੰਧ ਜੋੜਦੇ ਹੋਏ ਵਾਡਰਾ ਇਹ ਸਮਝਾਉਣਾ ਚਾਹੁੰਦਾ ਹੈ ਕਿ ਭਾਰਤ ਸਰਕਾਰ ਘਟਗਿਣਤੀ ਮੁਸਲਿਮ ਸਮਾਜ ਤੇ ਪਾਬੰਦੀਆਂ ਲਾਉਣ ਦੇ ਨਤੀਜੇ ਵਜੋਂ ਇਹ ਅੱਤਵਾਦੀ ਹਮਲਾ ਹੋਇਆ ਹੈ। ਜਦੋਂ ਔਰੰਗਜ਼ੇਬ ਅਤੇ ਬਾਬਰ ਵਰਗੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਮੁਸਲਿਮ ਘੱਟ ਗਿਣਤੀ ਦੁਖੀ ਹੋ ਜਾਂਦੀ ਹੈ। ਮੈਂ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਰਾਬਰਟ ਵਾਡਰਾ ਦਾ ਡੀਐਨਏ ਟੈਸਟ ਕਰਵਾਇਆ ਜਾਵੇ ਕਿਉਂਕਿ ਘੱਟ ਗਿਣਤੀਆਂ ਦੇ ਇਸ ਕਤਲੇਆਮ ਦਾ ਸਖ਼ਤ ਵਿਰੋਧ ਕਰਦੇ ਹੋਏ ਨਮਾਜ਼ ਅਦਾ ਕਰਦੇ ਸਮੇਂ ਕਾਲੀਆਂ ਪੱਟੀਆਂ ਬੰਨ੍ਹ ਕੇ ਰਾਸ਼ਟਰੀ ਏਕਤਾ ਦੀ ਮਿਸਾਲ ਕਾਇਮ ਕੀਤੀ ਹੈ, ਕਿਉਂਕਿ ਭਾਰਤ ਦੀ ਮੁਸਲਿਮ ਘੱਟ ਗਿਣਤੀ ਅੱਲ੍ਹਾ ਤਾਲਾ ਦੀ ਔਲਾਦ ਹੈ, ਬਾਬਰ ਅਤੇ ਔਰੰਗਜ਼ੇਬ ਦੀ ਨਹੀਂ। ਇੱਥੇ ਵੀ ਗਾਂਧੀ ਪਰਿਵਾਰ ਨੂੰ ਸਿੱਖਾਂ 'ਤੇ ਹੋਏ ਅੱਤਿਆਚਾਰਾਂ 'ਤੇ ਸ਼ਾਂਤੀ ਨਹੀਂ ਮਿਲੀ ਅਤੇ 1984 ਵਿੱਚ ਸਿੱਖਾਂ ਦੀ ਨਸਲਕੁਸ਼ੀ ਕਰਕੇ ਉਨ੍ਹਾਂ ਨੇ ਔਰੰਗਜ਼ੇਬ ਅਤੇ ਬਾਬਰ ਦੀ ਵਿਚਾਰਧਾਰਾ ਨੂੰ ਸਾਬਤ ਕੀਤਾ ਉਸ ਵੇਲੇ, ਸਿੱਖ ਦੇਸ਼ ਵਿੱਚ ਘੱਟ ਗਿਣਤੀ ਨਹੀਂ ਸਨ? ਇਸ ਲਈ, ਰਾਸ਼ਟਰੀ ਹਿੱਤ ਵਿੱਚ, ਇਸ ਦੇਸ਼ ਵਿੱਚ ਔਰੰਗਜ਼ੇਬ ਅਤੇ ਬਾਬਰ ਜਿਵੇਂ ਕਿ ਰਾਬਰਟ ਵਾਡਰਾ ਅਤੇ ਗਾਂਧੀ ਪਰਿਵਾਰ ਦੇ ਬਾਕੀ ਰਹਿੰਦੇ ਡੀਐਨਏ ਨੂੰ ਬੇਨਕਾਬ ਕਰਕੇ ਭਾਰਤ ਦੇ ਘੱਟ ਗਿਣਤੀ ਸਿੱਖਾਂ ਅਤੇ ਸਨਾਤਨ ਧਰਮ ਦੇ ਕੱਟੜ ਦੁਸ਼ਮਣਾਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਅਰਜ਼ੀ ਦਿੱਤੀ ਜਾਂਦੀ ਹੈ। ਕਨੂੰਨੀ ਕਾਰਵਾਈ ਕੀਤੀ ਜਾਵੇ।

## ਨਾਮ ਸਿਮਰਨ ਅਭਿਆਸ ਸਮਾਗਮ

ਲੁਧਿਆਣਾ, 28 ਅਪ੍ਰੈਲ (ਕਰਨੈਲ ਸਿੰਘ ਐੱਮ ਏ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ, ਪਲਵਿੰਦਰ ਸਿੰਘ, ਸੁਰਿੰਦਰ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅਗਲਾ ਹਫਤਾਵਰੀ ਨਾਮ ਅਭਿਆਸ ਸਮਾਗਮ 4 ਮਈ ਦਿਨ ਐਤਵਾਰ ਨੂੰ ਰਾਤ 8 ਵਜੇ ਤੋਂ 9 ਵਜੇ ਤੱਕ ਹੋਵੇਗਾ। ਉਹਨਾਂ ਸੰਗਤਾਂ ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

## ਜਨਤਕ ਸੰਘਰਸ਼ਾਂ 'ਤੇ ਕੀਤੇ ਜਬਰ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਨੇ ਭੇਜੇ ਮੰਗ ਪੱਤਰ



ਡੇਹਲੋਂ, 28 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਕਿਸਾਨਾਂ ਦੇ ਹੱਕੀ ਜਨਤਕ ਸੰਘਰਸ਼ਾਂ ਵਿੱਚ ਸ਼ਾਮਲ ਕਿਸਾਨ ਆਗੂਆਂ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਉੱਪਰ ਪਿਛਲੇ ਦਿਨਾਂ ਵਿੱਚ ਕੀਤੇ ਗਏ ਜਾਬਰ ਪੁਲਿਸ ਹਮਲਿਆਂ ਅਤੇ ਗੁੰਡਾ ਹਮਲਿਆਂ ਵਿਰੁੱਧ ਮੰਗਾਂ ਬਾਰੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਭੇਜੇ ਮੰਗ ਪੱਤਰ ਦੀ ਕੜੀ ਵਜੋਂ ਅੱਜ ਲੁਧਿਆਣਾ ਡਿਪਟੀ ਕਮਿਸ਼ਨਰ ਦੇ ਅਫਸਰ ਜ਼ਿਲ੍ਹਾ ਮਾਲ ਅਫਸਰ ਅੰਕਿਤਾ ਅਗਰਵਾਲ ਰਾਹੀਂ ਮੰਗ ਪੱਤਰ ਭੇਜਿਆ ਗਿਆ।

ਇਸ ਮੌਕੇ 'ਤੇ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ), ਭਾਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ (ਹੰਨਨਮੁੱਲਾ), ਕੁੱਲ ਹਿੰਦ ਕਿਸਾਨ ਸਭਾ (1936), ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਰਘਵੀਰ ਸਿੰਘ ਬੈਨੀਪਾਲ, ਹਰਨੇਕ ਸਿੰਘ ਗੁੱਜਰਵਾਲ, ਚਰਨ ਸਿੰਘ ਨੂਰਪੁਰਾ, ਸੁਦਾਗਰ ਸਿੰਘ ਘੁਡਾਣੀ, ਇੰਦਰਜੀਤ ਸਿੰਘ ਧਾਲੀਵਾਲ, ਅਮਨਦੀਪ ਸਿੰਘ ਲੱਲਤੋ, ਚਮਕੌਰ ਸਿੰਘ ਬਰਮੀ, ਬਲਦੇਵ ਸਿੰਘ ਲਤਾਲਾ, ਭਾਈ ਸ਼ਮਸ਼ੇਰ ਸਿੰਘ ਆਸੀਕਲਾਂ, ਡਾ. ਬਲਵਿੰਦਰ ਸਿੰਘ ਔਲਖ ਨੇ ਆਖਿਆ ਕਿ ਸੂਬਾ ਤੇ ਕੇਂਦਰ ਸਰਕਾਰ ਇੱਕਮਤ ਹੋਕੇ ਸੰਘਰਸ਼ ਕਰ ਰਹੇ ਇਨਸਾਫ਼ ਪੰਸਦ ਲੋਕਾਂ ਉੱਪਰ ਜਬਰ ਦਾ ਕੁਹਾੜਾ ਤੇਜ਼ ਕੀਤਾ ਹੋਇਆ ਹੈ, ਜਿਸ ਕਰਕੇ ਲੋਕਾ ਵਿੱਚ ਖੌਫ ਦਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ। ਉਹਨਾ ਸੰਬੋਧਨ ਕਰਦਿਆਂ ਆਖਿਆ ਕਿ ਸਰਕਾਰਾਂ ਦੇ ਇਹ ਮਨਸੂਬੇ ਸੰਯੁਕਤ ਕਿਸਾਨ ਮੋਰਚਾ ਲੋਕਾ ਦੇ ਸਹਿਯੋਗ ਨਾਲ ਪੂਰੇ ਨਹੀਂ ਹੋਣ ਦੇਵੇਗਾ।

## ਹਾਊਸਿੰਗ ਬੋਰਡ ਕਲੋਨੀ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਤਿਸੰਗ ਸਭਾ ਹਾਊਸਿੰਗ ਬੋਰਡ ਕਲੋਨੀ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਹੀ ਸ਼ਰਧਾ ਸਤਿਕਾਰ ਸਹਿਤ ਮਨਾਇਆ ਗਿਆ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਭੋਗ ਉਪਰੰਤ ਰਾਗੀ ਸਿੰਘ ਭਾਈ ਗੁਰਵਿੰਦਰ ਸਿੰਘ ਲੁਧਿਆਣੇ ਵਾਲੇ ਅਤੇ ਭਾਈ ਸਾਹਿਬ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਗੁਰ ਸ਼ਬਦ ਨਾਲ ਜੋੜਿਆ। ਇਸ ਸਮੇਂ ਕਥਾ ਵਿਚਾਰਾਂ ਰਾਹੀਂ ਭਾਈ ਅਵਤਾਰ ਸਿੰਘ ਜੀ ਨੇ ਸਿੱਖ ਇਤਿਹਾਸ 'ਤੇ ਚਾਨਣਾ ਪਾਇਆ। ਭਾਈ ਅਵਤਾਰ ਸਿੰਘ ਜੀ ਵੱਲੋਂ ਅਰਦਾਸ ਕਰਨ ਉਪਰੰਤ ਭਾਈ ਗੁਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਹੁਕਮਨਾਮਾ ਸਰਬਣ ਕਰਾਇਆ। ਇਸ ਸਮੇਂ ਗੁਰੂ ਕਾ ਲੰਗਰ ਅਤੁੱਟ ਵਰਤਿਆ। ਗੁਰਦਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਨਛੱਤਰ ਸਿੰਘ ਸਿੱਧੂ ਅਤੇ ਜਨਰਲ ਸਕੱਤਰ ਗੁਰਦੀਪ ਸਿੰਘ ਲੀਲ ਨੇ ਸੰਗਤਾ ਨੂੰ ਜੀ ਆਇਆਂ ਕਿਹਾ ਤੇ ਗੁਰੂ ਸਹਿਬਾਨਾਂ ਦੇ ਪ੍ਰਕਾਸ਼ ਦਿਹਾੜੇ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਇਸ ਸਮੇਂ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਗੁਰਮੀਤ ਸਿੰਘ ਕੋਚਰ, ਮਾਸਟਰ ਬਲਰਾਜ ਸਿੰਘ, ਗੁਰਦੀਪ ਸਿੰਘ ਘੁਮਾਣ, ਜਥੇਦਾਰ ਜੋਰਾ ਸਿੰਘ, ਭਗਤ ਸਿੰਘ, ਅਵਤਾਰ ਸਿੰਘ ਨਿਰਬਾਣ, ਜਥੇਦਾਰ ਬੂਟਾ ਸਿੰਘ, ਜਥੇਦਾਰ ਚਰਨ ਸਿੰਘ, ਡਾਕਟਰ ਮੰਗਲ ਸਿੰਘ, ਕਮਲਜੀਤ ਸਿੰਘ ਕੋਚਰ, ਹਰਮਿੰਦਰ ਸਿੰਘ ਸੇਠੀ, ਕੁਲਵੰਤ ਸਿੰਘ ਕਨੇਡਾ, ਡਾਕਟਰ ਪ੍ਰਿਤਪਾਲ ਸਿੰਘ, ਸੁਖਬੀਰ ਸਿੰਘ ਬਿੱਟੂ ਆਦਿ ਹਾਜ਼ਰ ਸਨ।

## ਸੀਟੀ ਯੂਨੀਵਰਸਿਟੀ ਨੇ ਰਚਨਾਤਮਕਤਾ ਅਤੇ ਨਵੀਨਤਾ ਨਾਲ ਵਿਸ਼ਵ ਡਿਜ਼ਾਇਨ ਦਿਵਸ ਮਨਾਇਆ



ਲੁਧਿਆਣਾ, 28 ਅਪ੍ਰੈਲ (ਕਰਨੈਲ ਸਿੰਘ ਐੱਮ.ਏ./ਵਿਸ਼ਾਲ ਸ਼ਰਮਾ) : ਸੀਟੀ ਯੂਨੀਵਰਸਿਟੀ ਦੇ ਡਿਜ਼ਾਇਨ ਅਤੇ ਇਨੋਵੇਸ਼ਨ ਵਿਭਾਗ ਵੱਲੋਂ ਹਾਲ ਹੀ ਵਿੱਚ ਵਿਸ਼ਵ ਡਿਜ਼ਾਇਨ ਦਿਵਸ ਮੌਕੇ ਇੱਕ ਰੰਗੀਨ ਅਤੇ ਰਚਨਾਤਮਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਡਿਜ਼ਾਇਨ ਪ੍ਰੇਮੀਆਂ ਨੇ ਭਾਗ ਲੈ ਕੇ ਸਥਿਰਤਾ ਅਤੇ ਰਚਨਾਤਮਕਤਾ 'ਤੇ ਕੇਂਦਰਤ ਆਪਣੇ ਨਵੀਨਤਮ ਪ੍ਰੋਜੈਕਟ ਪੇਸ਼ ਕੀਤੇ। ਵਿਭਾਗ ਵੱਲੋਂ 'ਸਸਟੇਨੇਬਿਲਟੀ' (ਸਥਿਰਤਾ) ਥੀਮ ਹੇਠ ਇੱਕ ਸ਼ਾਨਦਾਰ ਕਲੈਕਸ਼ਨ ਪੇਸ਼ ਕੀਤਾ ਗਿਆ, ਜਿਸ ਵਿੱਚ ਅਖ਼ਬਾਰ, ਜੂਟ, ਕੱਪੜਿਆਂ ਦੇ ਬਚਤ ਹਿੱਸੇ, ਡੈਨਮ ਦੇ ਬਚਤ ਭਾਗ ਅਤੇ ਹੋਰ ਪੱਤਿਆਂ ਵਰਗੀਆਂ ਪਰਿਆਵਰਣ-ਅਨੁਕੂਲ ਸਮੱਗਰੀਆਂ ਦੀ ਵਰਤੋਂ ਕੀਤੀ ਗਈ।

ਵਿਦਿਆਰਥੀਆਂ ਨੇ ਪੋਸ਼ਾਕਾਂ, ਵੋਲ ਆਰਟ, ਹੋਮ ਡੈਕੋਰ ਆਈਟਮ ਅਤੇ ਫਲੋਰ ਮੈਟਸ ਵਰਗੀਆਂ ਵੱਖ-ਵੱਖ ਤੇ ਪਰਿਆਵਰਣ-ਸਚੇਤ ਕਲਾਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ, ਜੋ ਵਿਭਾਗ ਦੀ ਸਥਿਰ ਫੈਸ਼ਨ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਵਾਲੀ ਪ੍ਰਤੀਬੱਧਤਾ ਨੂੰ ਦਰਸਾਉਂਦੀਆਂ ਸਨ। ਸਮਾਗਮ ਵਿੱਚ ਇਲਸਟਰੇਸ਼ਨ, ਕਰੋਸ਼ਿਆ ਕਲਾ, ਫੈਬਰਿਕ ਮੈਨਿਪੁਲੇਸ਼ਨ ਅਤੇ ਸਰਫੇਸ ਓਰਨਾਮੈਂਟੇਸ਼ਨ ਵਿੱਚ ਵਿਦਿਆਰਥੀਆਂ ਦੀ ਮਹਾਰਤ ਵੀ ਦਰਸਾਈ ਗਈ। ਖ਼ਾਸ ਤੌਰ 'ਤੇ 'ਬੰਜਾਰਾ ਕਲੈਕਸ਼ਨ' ਨੇ ਰਵਾਇਤੀ ਨੂੰ ਆਧੁਨਿਕ ਸੁੰਦਰਤਾ ਨਾਲ ਮਿਲਾ ਕੇ ਇੱਕ ਵਿਲੱਖਣ ਸੱਭਿਆਚਾਰਕ ਸੰਯੋਜਨ ਪੇਸ਼ ਕੀਤਾ।

ਸਮਾਗਮ ਦਾ ਮਲਟੀਮੀਡੀਆ ਪੱਖ ਵੀ ਕਾਫੀ ਰੌਚਕ ਰਿਹਾ। ਵਿਦਿਆਰਥੀਆਂ ਨੇ ਆਪਣੀ ਫੋਟੋਗ੍ਰਾਫੀ ਕਲਾ ਫ੍ਰੇਮਡ ਪਿਕਚਰ ਡਿਸਪਲੇਅ ਅਤੇ ਇੱਕ ਜੀਵੰਤ ਫੋਟੋਬੂਥ ਕੋਨੇ ਰਾਹੀਂ ਦਿਖਾਈ। ਨਾਲ ਹੀ ਵਿਦਿਆਰਥੀਆਂ ਦੇ ਰਚਨਾਤਮਕ ਕੰਮ ਉੱਤੇ ਆਧਾਰਿਤ ਇੱਕ ਫਿਲਮ ਟ੍ਰੇਲਰ ਵੀ ਜਾਰੀ ਕੀਤਾ ਗਿਆ, ਜਿਸ ਵਿੱਚ ਬੈਕਸਟੇਜ ਦੀ ਮਿਹਨਤ, ਉਤਸ਼ਾਹ ਅਤੇ ਸਮਰਪਣ ਨੂੰ ਵੀ ਦਰਸਾਇਆ ਗਿਆ।

## ਮੀਡੀਆ ਹਾਊਸ ਦੀ ਵਰ੍ਹੇਗੰਢ 'ਤੇ ਐਮ.ਪੀ. ਅਰੋੜਾ ਨੇ ਜ਼ਿੰਮੇਵਾਰ ਅਤੇ ਪ੍ਰੇਰਨਾਦਾਇਕ ਪੱਤਰਕਾਰੀ ਦਾ ਸੱਦਾ ਦਿੱਤਾ



ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪਾਠਕਾਂ ਨੂੰ ਰਚਨਾਤਮਕ ਅਤੇ ਜਾਣਕਾਰੀ ਭਰਪੂਰ ਸਮੱਗਰੀ ਪ੍ਰਦਾਨ ਕਰਨ ਵਿੱਚ ਅਖ਼ਬਾਰਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਹੈ। ਇੱਕ ਸਥਾਨਕ ਮੀਡੀਆ ਹਾਊਸ ਦੇ 10ਵੇਂ ਵਰ੍ਹੇਗੰਢ ਸਮਾਰੋਹ ਵਿੱਚ ਬੋਲਦਿਆਂ ਅਰੋੜਾ ਨੇ ਚਿੰਤਾ ਜ਼ਾਹਰ ਕੀਤੀ ਕਿ ਨਕਾਰਾਤਮਕ ਖ਼ਬਰਾਂ ਅਕਸਰ ਸਕਾਰਾਤਮਕ ਵਿਕਾਸ ਨਾਲੋਂ ਵਧੇਰੇ ਪ੍ਰਮੁੱਖਤਾ ਪ੍ਰਾਪਤ ਕਰਦੀਆਂ ਹਨ ਜੋ ਉਨ੍ਹਾਂ ਕਿਹਾ ਸਮਾਜ ਵਿੱਚ ਨਕਾਰਾਤਮਕਤਾ ਫੈਲਾਉਣ ਵਿੱਚ ਯੋਗਦਾਨ ਪਾਉਂਦੀਆਂ ਹਨ।

ਉਨ੍ਹਾਂ ਕਿਹਾ ਕਿ ਵਿਕਾਸ ਜਾਂ ਸਕਾਰਾਤਮਕ ਪਹਿਲਕਦਮੀਆਂ ਨੂੰ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਅਕਸਰ ਅੰਦਰਲੇ ਪੰਨਿਆਂ 'ਤੇ ਜਾਂਦੀਆਂ ਹਨ ਜਦੋਂ ਕਿ ਨਕਾਰਾਤਮਕ ਜਾਂ ਅਪਰਾਧ ਨਾਲ ਸਬੰਧਤ ਖ਼ਬਰਾਂ ਬਹੁਤ ਸਾਰੇ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਹਾਵੀ ਹੁੰਦੀਆਂ ਹਨ। ਉਨ੍ਹਾਂ ਕਿਹਾ ਪੱਤਰਕਾਰੀ ਇੱਕ ਸਕਾਰਾਤਮਕ ਭਾਵਨਾ ਨਾਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵਿੱਚ ਇੱਕ ਸਿਹਤਮੰਦ ਅਤੇ ਵਧੇਰੇ ਪ੍ਰਗਤੀਸ਼ੀਲ ਸਮਾਜ ਬਣਾਉਣ ਦੀ ਸ਼ਕਤੀ ਹੈ। ਅਰੋੜਾ ਨੇ ਅੱਗੇ ਕਿਹਾ ਕਿ ਕਈ ਵਾਰ ਮੀਡੀਆ ਵੱਲੋਂ ਛੋਟੇ-ਮੋਟੇ ਮੁੱਦਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਜਿਸ ਨਾਲ ਨਿਰਾਸ਼ਾ ਦਾ ਬੇਲੋੜਾ ਮਾਹੌਲ ਪੈਦਾ ਹੁੰਦਾ ਹੈ। ਸਕਾਰਾਤਮਕ ਖ਼ਬਰਾਂ ਵਿੱਚ ਲੋਕਾਂ ਨੂੰ ਪ੍ਰੇਰਿਤ ਕਰਨ ਅਤੇ ਸਮਾਜ ਦੀ ਭਲਾਈ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨ ਦੀ ਸਮਰੱਥਾ ਹੁੰਦੀ ਹੈ ਉਨ੍ਹਾਂ ਕਿਹਾ। ਜ਼ਿੰਮੇਵਾਰ ਪੱਤਰਕਾਰੀ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਅਰੋੜਾ ਨੇ ਕਿਹਾ ਕਿ ਪੱਤਰਕਾਰੀ ਨੂੰ ਸਿਰਫ਼ ਇੱਕ ਵਪਾਰਕ ਉੱਦਮ ਵਜੋਂ ਨਹੀਂ ਸਗੋਂ ਇੱਕ ਮਿਸ਼ਨ ਵਜੋਂ ਅਪਣਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਮੀਡੀਆ ਘਰਾਣਿਆਂ ਨੂੰ ਗਿਣਤੀ ਨਾਲੋਂ ਗੁਣਵੱਤਾ ਨੂੰ ਪਹਿਲ ਦੇਣ ਦੀ ਅਪੀਲ ਕੀਤੀ, ਕਿਹਾ ਕਿ ਪੱਤਰਕਾਰੀ ਦੀ ਭਰੋਸੇਯੋਗਤਾ ਅਤੇ ਮਿਆਰਾਂ ਨੂੰ ਵਿਕਣ ਜਾਂ ਪ੍ਰਸਾਰਿਤ ਹੋਣ ਵਾਲੀਆਂ ਕਾਪੀਆਂ ਦੀ ਗਿਣਤੀ ਨਾਲੋਂ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਅਰੋੜਾ ਨੇ ਰੋਜ਼ਾਨਾ ਅਖ਼ਬਾਰਾਂ ਰਾਹੀਂ ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਰੋਕਥਾਮ ਸਿਹਤ ਸੰਭਾਲ, ਮਾਨਸਿਕ ਸਿਹਤ, ਪੋਸ਼ਣ, ਤੰਦਰੁਸਤੀ ਅਤੇ ਜਨਤਕ ਸਿਹਤ ਪਹਿਲਕਦਮੀਆਂ ਵਰਗੇ ਵਿਸ਼ਿਆਂ ਦੀ ਨਿਯਮਤ ਕਵਰੇਜ ਪਾਠਕਾਂ ਨੂੰ ਬਹੁਤ ਲਾਭ ਪਹੁੰਚਾ ਸਕਦੀ ਹੈ ਅਤੇ ਇੱਕ ਸਿਹਤਮੰਦ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾ ਸਕਦੀ ਹੈ।

## ਗਲਾਡਾ ਵੱਲੋਂ ਪ੍ਰਤਾਪ ਸਿੰਘ ਵਾਲਾ 'ਚ 30 ਨੂੰ ਵਿਸ਼ੇਸ਼ ਕੈਂਪ



ਲੁਧਿਆਣਾ, 28 ਅਪ੍ਰੈਲ (ਵਿਸ਼ਾਲ ਸ਼ਰਮਾ) : ਮੁੱਖ ਪ੍ਰਸ਼ਾਸਕ ਗਲਾਡਾ ਸੰਦੀਪ ਕੁਮਾਰ, ਆਈ.ਏ.ਐਸ. ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਗਲਾਡਾ ਵੱਲੋਂ 30 ਅਪ੍ਰੈਲ ਨੂੰ ਫਾਇਰ ਸਟੇਸ਼ਨ ਨੇੜੇ ਡੇਅਰੀ ਕੰਪਲੈਕਸ, ਹੰਬੜਾ ਰੋਡ, ਪ੍ਰਤਾਪ ਸਿੰਘ ਵਾਲਾ, ਲੁਧਿਆਣਾ ਵਿਖੇ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਮੁੱਖ ਪ੍ਰਸ਼ਾਸਕ ਗਲਾਡਾ ਨੇ ਦੱਸਿਆ ਕਿ ਅਣ-ਅਧਿਕਾਰਤ ਕਲੋਨੀਆਂ ਵਿੱਚ ਪੈਂਦੇ ਪਲਾਟਾਂ, ਬਿਲਡਿੰਗਾਂ ਨੂੰ ਰੈਗੂਲਰ ਕਰਨ ਸਬੰਧੀ ਆਨਲਾਈਨ, ਆਫਲਾਈਨ ਅਰਜ਼ੀਆਂ ਅਤੇ ਜਨਤਾ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਵੇਗਾ ਅਤੇ ਭਾਰੀ ਗਿਣਤੀ ਵਿੱਚ ਐਨ.ਓ.ਸੀ. ਜਾਰੀ ਕੀਤੇ ਜਾਣਗੇ। ਮੁੱਖ ਪ੍ਰਸ਼ਾਸਕ ਗਲਾਡਾ, ਸੰਦੀਪ ਕੁਮਾਰ ਵੱਲੋਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਗਲਾਡਾ ਵੱਲੋਂ ਲਗਾਏ ਜਾ ਰਹੇ ਇਸ ਵਿਸ਼ੇਸ਼ ਕੈਂਪ ਵਿੱਚ ਹਿੱਸਾ ਲੈਂਦੇ ਹੋਏ ਆਪਣੀ ਐਨ.ਓ.ਸੀ. ਨਾਲ ਸਬੰਧਤ ਅਤੇ ਹੋਰ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾ ਕੇ ਐਨ.ਓ.ਸੀ. ਪ੍ਰਾਪਤ ਕੀਤੀ ਜਾਵੇ।

## ਬਲੌਜ਼ਮਜ਼ ਕਾਨਵੈਂਟ ਸਕੂਲ ਨੇ ਗਤੀਵਿਧੀ ਰਾਹੀਂ ਰੰਗਾਂ ਦੀ ਕਰਵਾਈ ਪਹਿਚਾਣ



ਜਗਰਾਓਂ, 28 ਅਪ੍ਰੈਲ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਸਕੂਲ ਦੇ ਵਿਹੜੇ ਆਏ ਨਿੱਕੇ ਮਹਿਮਾਨ ਪਲੇਅ ਵੇਅ ਅਤੇ ਨਰਸਰੀ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੁਆਰਾ ਕਰਵਾਈ ਹੋਈ ਨਿੱਕੀ ਜਿਹੀ ਗਤੀਵਿਧੀ ਰਾਹੀਂ ਅੱਜ ਜਿੱਥੇ ਆਪਣੇ ਗਿਆਨ ਵਿੱਚ ਵਾਧਾ ਕੀਤਾ ਉੱਥੇ ਰੰਗਾ ਦੀ ਜੀਵਨ ਮਹੱਤਤਾ ਨੂੰ ਜਾਣਦੇ ਹੋਏ ਨੀਲੇ ਰੰਗ ਦੀ ਪਹਿਚਾਣ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਇਆ। ਉਹਨਾਂ ਵੱਲੋਂ ਜਿੱਥੇ ਨੀਲੇ ਰੰਗ ਦੀ ਆਪਣੀ ਸਕੂਲ ਦੀ ਵਰਦੀ ਨੂੰ ਪਹਿਚਾਣਿਆ ਉਸਦੇ ਨਾਲ ਹੀ ਹੋਰ ਵੀ ਨੀਲੇ ਰੰਗ ਦੇ ਕਈ ਪਦਾਰਥ ਸਕੂਲ ਵਿੱਚ ਲਿਆ ਕੇ ਇਸ ਗਤੀਵਿਧੀਦਾ ਅਨੰਦ ਮਾਣਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਇਹਨਾਂ ਵਿਦਿਆਰਥੀਆਂ ਨੂੰ ਹਲਾ ਸ਼ੇਰੀ ਦਿੰਦੇ ਹੋਏ ਕਿਹਾ ਕਿ ਮਾਪਿਆਂ ਨੇ ਸਾਡੇ ਭਰੋਸੇ ਉੱਤੇ ਇਨਾਂ ਨਿੱਕੇ ਨਿੱਕੇ ਵਿਦਿਆਰਥੀਆਂ ਨੂੰ ਆਪਣਾ ਜੀਵਨ ਬਣਾਉਣ ਲਈ ਸਾਡੇ ਵਿਹੜੇ ਦੇ ਮਹਿਮਾਨ ਬਣਾਇਆ ਹੈ ਅਸੀਂ ਇਹਨਾਂ ਨੂੰ ਬਿਨਾਂ ਕਿਸੇ ਬੋਝ ਤੋਂ ਪੜ੍ਹਾਈ ਨੂੰ ਨਵਾਂ ਰੰਗ ਦੇ ਕੇ ਇਹਨਾਂ ਨੂੰ ਗਿਆਨਵਾਨ ਬਣਾਉਣ ਦਾ ਬੀੜਾ ਚੁੱਕਿਆ ਹੈ। ਇਹਨਾਂ ਦੇ ਸਿੱਖੇ ਹੋਏ ਇਹਨਾਂ ਨਿੱਕੇ ਨਿੱਕੇ ਸ਼ਬਦਾਂ ਨੇ ਹੀ ਇਹਨਾਂ ਦੀ ਕਲਮ ਨੂੰ ਅੱਗੇ ਤੋਰਨਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਹਰਜਸ਼ਨ ਸਿੰਘ ਜੋਹਲ ਪ੍ਰੈਜ਼ੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਕਿਹਾ ਕਿ ਜੇਕਰ ਨੀਹਾਂ ਮਜਬੂਤ ਹੋਣਗੀਆਂ ਤਾਂ ਹੀ ਅਸੀਂ ਮੰਜ਼ਿਲਾਂ ਨੂੰ ਛੋਹ ਸਕਾਂਗੇ।

## ਸਰਾਭਾ ਲੇਡੀਜ਼ ਕਲੱਬ ਦੇ ਸਮਾਗਮ 'ਚ ਡਾਕਟਰ ਨੇ ਦਿੱਤੀ ਸਿਹਤ ਸਬੰਧੀ ਅਹਿਮ ਸਲਾਹ

ਲੁਧਿਆਣਾ, 28 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸਰਾਭਾ ਲੇਡੀਜ਼ ਕਲੱਬ ਨੇ ਇੱਕ ਸਥਾਨਕ ਹੋਟਲ ਵਿੱਚ "ਪੰਜਾਬ ਦੀ ਰੂਹ ਵਿਸਾਖੀ" ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਆਯੋਜਿਤ ਪ੍ਰੋਗਰਾਮ ਵਿੱਚ ਪੰਜਾਬੀ ਸੱਭਿਆਚਾਰ ਦੀ ਝਲਕ ਦੇਖਣ ਨੂੰ ਮਿਲੀ, ਜਿੱਥੇ ਕਲੱਬ ਦੀਆਂ ਮੈਂਬਰਾਂ ਨੇ ਰੰਗ-ਬਿਰੰਗੇ ਪੰਜਾਬੀ ਸੂਟ ਅਤੇ ਫੁਲਕਾਰੀਆਂ ਪਾ ਕੇ ਭੰਗੜਾ ਪਾ ਕੇ ਵਿਸਾਖੀ ਦਾ ਜਸ਼ਨ ਮਨਾਇਆ। ਪ੍ਰੋਗਰਾਮ ਵਿੱਚ, ਡਾ. ਹਰਪ੍ਰੀਤ ਸਿੰਘ ਜੌਲੀ ਨੇ ਔਰਤਾਂ ਨੂੰ ਮੋਟਾਪੇ ਅਤੇ ਇਸ ਤੋਂ ਸਬੰਧੀ ਮਹੱਤਵਪੂਰਨ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਵਾਇਤੀ ਖੁਰਾਕ ਵਿੱਚ ਬਹੁਤ ਜ਼ਿਆਦਾ ਚਰਬੀ ਅਤੇ ਕੈਲੋਰੀ ਹੁੰਦੀ ਹੈ, ਜੋ ਮੋਟਾਪੇ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਬਚਣ ਲਈ, ਸੰਤੁਲਿਤ ਖੁਰਾਕ ਅਪਣਾਉਣ ਅਤੇ ਨਿਯਮਿਤ ਕਸਰਤ ਕਰਨ 'ਤੇ ਜ਼ੋਰ ਦਿੱਤਾ ਗਿਆ।

## ਭਾਈ ਪਿੰਦਰਪਾਲ ਸਿੰਘ ਦੇ ਪਿਤਾ ਸ੍ਰ. ਹਰਦਿਆਲ ਸਿੰਘ ਨਮਿਤ ਅੰਤਿਮ ਅਰਦਾਸ 3 ਮਈ ਨੂੰ



ਲੁਧਿਆਣਾ, 28 ਅਪ੍ਰੈਲ (ਚ.ਨ.ਸ.) : ਪੰਥਕ ਵਿਦਵਾਨ ਅਤੇ ਸਿੱਖ ਪ੍ਰਚਾਰਕ ਸਤਿਕਾਰਯੋਗ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਪਿਤਾ ਸ੍ਰ.ਹਰਦਿਆਲ ਸਿੰਘ ਜੀ ਜੋ 24 ਅਪ੍ਰੈਲ ਨੂੰ ਪ੍ਰਮਾਤਮਾ ਵੱਲੋਂ ਮਿਲੇ ਸੁਆਸਾਂ ਦੀ ਪੂੰਜੀ ਪੂਰੀ ਕਰਦਿਆਂ ਰੱਬੀ ਹੁਕਮ ਅਨੁਸਾਰ ਇਸ ਮਾਤ ਲੋਕ ਤੋਂ ਸਦੀਵੀਂ ਵਿਛੋੜਾ ਦੇ ਗਏ ਸਨ। ਸ੍ਰ.ਹਰਦਿਆਲ ਸਿੰਘ ਸੰਤ ਅਮੀਰ ਸਿੰਘ ਜਵੱਦੀ ਟਕਸਾਲ ਵਾਲਿਆਂ ਦੇ ਚਾਚਾ ਜੀ ਵੀ ਸਨ। ਇਸ ਵਿਛੜੀ ਆਤਮਾ ਦੀ ਆਤਮਿਕ ਸ਼ਾਂਤੀ ਲਈ ਕੀਰਤਨ ਅਤੇ ਅੰਤਿਮ ਅਰਦਾਸ ਮਿਤੀ 3 ਮਈ 2025 ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਜਵੱਦੀ, ਲੁਧਿਆਣਾ ਵਿਖੇ ਹੋਵੇਗੀ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਪੀ.ਐੱਲ.ਸੀ. ਪ੍ਰੋਗਰਾਮਿੰਗ 'ਤੇ ਵਿਹਾਰਕ ਵਰਕਸ਼ਾਪ



ਮੰਡੀ ਗੋਬਿੰਦਗੜ੍ਹ, 28 ਅਪ੍ਰੈਲ (ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਇਲੈਕਟ੍ਰੀਕਲ ਇੰਜਨੀਅਰਿੰਗ ਵਿਭਾਗ ਵੱਲੋਂ ਪੀਐਲਸੀ ਪ੍ਰੋਗਰਾਮਿੰਗ 'ਤੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ, ਜਿਸ ਨਾਲ ਵਿਦਿਆਰਥੀਆਂ ਨੂੰ ਉਦਯੋਗਿਕ ਆਟੋਮੇਸ਼ਨ ਵਿੱਚ ਵਿਹਾਰਕ ਅਨੁਭਵ ਤੇ ਬੁਨਿਆਦੀ ਗਿਆਨ ਪ੍ਰਾਪਤ ਕਰਨ ਦਾ ਇੱਕ ਕੀਮਤੀ ਮੌਕਾ ਮਿਲਿਆ। ਇਸ ਵਰਕਸ਼ਾਪ ਵਿੱਚ ਵੱਖ-ਵੱਖ ਇੰਜੀਨੀਅਰਿੰਗ ਵਿਸ਼ਿਆਂ ਦੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹੀ ਭਾਗੀਦਾਰੀ ਕੀਤੀ। ਪ੍ਰੋਗਰਾਮੇਬਲ ਲਾਜਿਕ ਕੰਟਰੋਲਰ ਆਧੁਨਿਕ ਉਦਯੋਗਿਕ ਨਿਯੰਤਰਣ ਪ੍ਰਣਾਲੀਆਂ ਵਿੱਚ ਜ਼ਰੂਰੀ ਹਿੱਸੇ ਹਨ ਤੇ ਵਰਕਸ਼ਾਪ ਦਾ ਉਦੇਸ਼ ਭਾਗੀਦਾਰਾਂ ਨੂੰ ਉਨ੍ਹਾਂ ਦੇ ਅਸਲ-ਸੰਸਾਰ ਦੇ ਉਪਯੋਗਾਂ ਵਿੱਚ ਵਿਹਾਰਕ ਹੁਨਰ ਤੇ ਸੂਝ ਨਾਲ ਲੈਸ ਕਰਨਾ ਹੈ। ਇਸ ਸੈਸ਼ਨ ਵਿੱਚ ਆਰਕੀਟੈਕਚਰ, ਕਾਰਜਸ਼ੀਲ ਸਿਧਾਂਤ ਤੇ ਬੁਨਿਆਦੀ ਪ੍ਰੋਗਰਾਮਿੰਗ ਤਰਕ ਵਰਗੇ ਮੁੱਖ ਸੰਕਲਪਾਂ ਨੂੰ ਸ਼ਾਮਲ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਆਕਰਸ਼ਣਾਂ ਵਿੱਚੋਂ ਇੱਕ ਇੰਟਰਐਕਟਿਵ ਸੈਸ਼ਨ, ਹੱਥੀਂ ਸਿਖਲਾਈ ਭਾਗ ਸੀ। ਇਸ ਦੌਰਾਨ ਵਿਦਿਆਰਥੀਆਂ ਨੇ ਸਿੱਧੇ ਤੌਰ 'ਤੇ ਹਾਰਡਵੇਅਰ ਕਿੱਟਾਂ ਤੇ ਸਿਮੂਲੇਸ਼ਨ ਸੌਫਟਵੇਅਰ ਨਾਲ ਕੰਮ ਕੀਤਾ, ਜਿਸ ਨਾਲ ਉਹ ਬੁਨਿਆਦੀ ਪ੍ਰੋਗਰਾਮਾਂ ਨੂੰ ਲਿਖਣ, ਟੈਸਟ ਕਰਨ ਤੇ ਸਮੱਸਿਆ ਦਾ ਨਿਪਟਾਰਾ ਕਰਨ ਦੇ ਯੋਗ ਹੋਏ। ਵਰਕਸ਼ਾਪ ਵਿੱਚ ਜੀਵੰਤ ਵਿਚਾਰ-ਵਟਾਂਦਰੇ ਤੇ ਸਵਾਲ-ਜਵਾਬ ਸੈਸ਼ਨ ਵੀ ਸ਼ਾਮਲ ਸਨ, ਜਿਸ ਨਾਲ ਵਿਦਿਆਰਥੀਆਂ ਵਿੱਚ ਡੂੰਘੀ ਸਮਝ ਤੇ ਸ਼ਮੂਲੀਅਤ ਵਧੀ। ਇਸ ਮੌਕੇ 'ਤੇ ਇੰਜੀਨੀਅਰਿੰਗ, ਤਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਦੀ ਡਾਇਰੈਕਟਰ ਡਾ. ਖੁਸ਼ਬੂ ਬਾਂਸਲ ਨੇ ਸ਼ਿਰਕਤ ਕੀਤੀ। ਉਨ੍ਹਾਂ ਅਜਿਹੀਆਂ ਤਕਨੀਕੀ ਵਰਕਸ਼ਾਪਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਅੰਤ ਵਿੱਚ ਭਾਗੀਦਾਰਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

# ਈਰਾਨ ਬੰਦਰਗਾਹ ਧਮਾਕੇ 'ਚ 40 ਮੌਤਾਂ, ਮ੍ਰਿਤਕਾਂ 'ਚ 2 ਔਰਤਾਂ ਵੀ ਸ਼ਾਮਲ, 1000 ਜ਼ਖ਼ਮੀ

ਮਸਕਟ, 28 ਅਪ੍ਰੈਲ (ਚ.ਨ.ਸ): ਦੱਖਣੀ ਈਰਾਨ ਦੇ ਹੋਰਮੋਜ਼ਗਨ ਸੂਬੇ ਦੇ ਬੰਦਰ ਅੱਬਾਸ ਸ਼ਹਿਰ ਦੇ ਸ਼ਾਹਿਦ ਰਾਜਾਈ ਬੰਦਰਗਾਹ 'ਤੇ ਸ਼ਨਿਚਰਵਾਰ ਨੂੰ ਹੋਏ ਵੱਡੇ ਧਮਾਕੇ 'ਚ ਮਰਨ ਵਾਲਿਆਂ ਦੀ ਗਿਣਤੀ 40 ਹੋ ਗਈ ਹੈ ਜਦੋਂ ਕਿ 1000 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਮ੍ਰਿਤਕਾਂ 'ਚ ਦੋ ਔਰਤਾਂ ਵੀ ਸ਼ਾਮਲ ਹਨ। ਇਸ ਦੌਰਾਨ ਈਰਾਨ ਦੇ ਸਰਕਾਰੀ ਟੀਵੀ ਨੇ ਰਿਪੋਰਟ ਦਿੱਤੀ ਹੈ ਕਿ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਬੰਦਰਗਾਹ 'ਤੇ ਗਤੀਵਿਧੀਆਂ ਮੁੜ ਸ਼ੁਰੂ ਹੋ ਗਈਆਂ ਹਨ। ਟੀਵੀ ਰਿਪੋਰਟਾਂ 'ਚ ਇਕ ਵਪਾਰਕ ਜਹਾਜ਼ ਤੋਂ ਕੰਟੇਨਰਾਂ ਨੂੰ ਉਤਾਰੇ ਜਾਣ ਦੀ ਫੁਟੇਜ ਵਿਖਾਈ ਗਈ। ਇਹ ਧਮਾਕਾ ਸ਼ਨਿੱਚਰਵਾਰ ਨੂੰ ਉਸ ਸਮੇਂ ਹੋਇਆ ਜਦੋਂ ਈਰਾਨੀ ਤੇ ਅਮਰੀਕੀ ਅਧਿਕਾਰੀ ਤਹਿਰਾਨ ਦੇ ਤੇਜ਼ੀ ਨਾਲ ਵੱਧ ਰਹੇ ਪ੍ਰਮਾਣੂ ਪ੍ਰੋਗਰਾਮ 'ਤੇ ਤੀਜੇ ਦੌਰ ਦੀ ਗੱਲਬਾਤ ਲਈ ਓਮਾਨ 'ਚ ਮਿਲੇ ਸਨ। ਹਾਲਾਂਕਿ ਗੱਲਬਾਤ ਦੀ ਅਗਵਾਈ ਕਰ ਰਹੇ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਵੀ ਬੀਤੇ ਬੁੱਧਵਾਰ ਨੂੰ ਸਵੀਕਾਰ ਕੀਤਾ ਕਿ ਉਨ੍ਹਾਂ ਦੀਆਂ ਸੁਰੱਖਿਆ ਸੇਵਾਵਾਂ ਪਿਛਲੀਆਂ ਉਦਾਹਰਣਾਂ ਨੂੰ ਧਿਆਨ 'ਚ ਰੱਖਦੇ ਹੋਏ ਹਾਈ ਅਲਰਟ 'ਤੇ ਹਨ।

# ਪਹਿਲਗਾਮ 'ਚ ਮਾਰੇ ਗਏ 26 ਲੋਕਾਂ 'ਚ ਇਕ ਸਥਾਨਕ ਮੁਸਲਮਾਨ ਨੌਜਵਾਨ ਵੀ ਸੀ, ਜਿਸ ਨੇ ਆਖ਼ਰੀ ਸਾਹਾਂ ਤੱਕ ਮਹਿਮਾਨਾਂ ਦੀ ਹਿਫ਼ਾਜ਼ਤ ਕੀਤੀ

ਪਹਿਲਗਾਮ, 28 ਅਪ੍ਰੈਲ (ਚ.ਨ.ਸ): 22 ਅਪ੍ਰੈਲ 2025 ਨੂੰ ਪਹਿਲਗਾਮ ਵਿੱਚ ਅੱਤਵਾਦੀਆਂ ਨੇ ਬੇਕਸੂਰ ਲੋਕਾਂ 'ਤੇ ਹਮਲਾ ਕਰ ਦਿੱਤਾ ਸੀ। ਜਿਸ ਵਿੱਚ 26 ਲੋਕਾਂ ਦੀ ਮੌਤ ਹੋ ਗਈ ਸੀ ਤੇ ਕਈ ਲੋਕ ਜ਼ਖ਼ਮੀ ਵੀ ਹੋਏ ਸਨ। ਇਨ੍ਹਾਂ 26 ਲੋਕਾਂ ਵਿੱਚ ਇਕ ਮੁਸਲਮਾਨ ਨੌਜਵਾਨ ਆਦਿਲ ਸਈਅਦ ਵੀ ਸੀ ਜੋ ਕਿ ਜੰਮੂ ਕਸ਼ਮੀਰ ਦਾ ਹੀ ਰਹਿਣ ਵਾਲਾ ਸੀ,ਜੋ ਕਿ ਸੈਲਾਨੀਆਂ ਨੂੰ ਆਪਣੇ ਘੋੜੇ 'ਤੇ ਬਿਠਾ ਕੇ ਘੁੰਮਾਉਂਦਾ ਸੀ, ਜਿਸ ਨੇ ਸੈਲਾਨੀਆਂ ਨੂੰ ਬਚਾਉਣ ਲਈ ਆਪਣੀ ਜਾਨ ਦੀ ਪ੍ਰਵਾਹ ਵੀ ਨਹੀਂ ਕੀਤੀ ਤੇ ਅੱਤਵਾਦੀਆਂ ਦਾ ਸਾਹਮਣਾ ਕਰਦੇ ਹੋਏ ਮਾਰਿਆ ਗਿਆ। ਆਦਿਲ ਸਈਅਦ ਅੱਤਵਾਦੀਆਂ ਦਾ ਸਾਹਮਣਾ ਕਰਦੇ ਹੋਏ ਮਾਰਿਆ ਗਿਆ। ਆਦਿਲ ਸਈਅਦ ਅੱਤਵਾਦੀਆਂ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਇਹ ਸਾਡੇ ਮਹਿਮਾਨ ਹਨ, ਇਨ੍ਹਾਂ 'ਤੇ ਗੋਲੀ ਨਾ ਚਲਾਉ'। ਜਿਸ ਤੋਂ ਪ੍ਰਵਾਰ ਸੋਗ 'ਚ ਹੈ। ਆਦਿਲ ਸਈਅਦ ਦੇ ਪਿਤਾ ਸਈਅਦ ਹੈਦਰ ਸ਼ਾਹ ਨੇ ਕਿਹਾ ਕਿ ਸਾਨੂੰ ਆਦਿਲ ਦੇ ਜਾਣ ਦਾ ਬਹੁਤ ਦੁੱਖ ਹੈ ਪਰ ਸਾਨੂੰ ਫ਼ਖਰ ਵੀ ਹੈ। ਉਨ੍ਹਾਂ ਕਿਹਾ ਕਿ ਆਦਿਲ ਸੈਲਾਨੀਆਂ ਨੂੰ ਘੋੜੇ 'ਤੇ ਘੁੰਮਾ ਕੇ ਮਜ਼ਦੂਰੀ ਕਰਦਾ ਸੀ ਤੇ 22 ਅਪ੍ਰੈਲ ਨੂੰ ਵੀ ਉਹ ਸਵੇਰੇ ਮਜ਼ਦੂਰੀ ਕਰਨ ਲਈ ਚਲਿਆ ਗਿਆ ਤੇ ਪਹਿਲਗਾਮ ਪਹੁੰਚ ਗਿਆ। ਜਿਥੇ ਉਸ ਨੂੰ ਇਕ ਚੱਕਰ ਦੇ 300 ਰੁਪਏ ਦਿੱਤੇ ਜਾਂਦੇ ਸਨ, ਜੇ ਕਦੇ ਦੋ ਚੱਕਰ ਵੀ ਲੱਗ ਜਾਂਦੇ ਤਾਂ ਉਸ ਨੂੰ 600 ਰੁਪਏ ਵੀ ਮਿਲ ਜਾਂਦੇ ਸਨ ਤੇ ਕਈ ਵਾਰ ਤਾਂ ਖਾਲੀ ਵੀ ਮੁੜਨਾ ਪੈਂਦਾ ਸੀ। 22 ਅਪ੍ਰੈਲ ਨੂੰ ਦੁਪਹਿਰ ਵੇਲੇ ਜਦੋਂ ਸਾਨੂੰ ਪਤਾ ਚੱਲਿਆ ਕਿ ਪਹਿਲਗਾਮ ਵਿੱਚ ਗੋਲੀਆਂ ਚੱਲ ਗਈਆਂ ਤਾਂ ਸਾਨੂੰ ਬਹੁਤ ਫ਼ਿਕਰ ਹੋ ਗਿਆ। ਜਿਸ ਤੋਂ ਬਾਅਦ ਅਸੀਂ ਆਦਿਲ ਨੂੰ ਕਈ ਵਾਰ ਫ਼ੋਨ ਕੀਤਾ ਪਰ ਨੈੱਟਵਰਕ ਨਾ ਹੋਣ ਕਰ ਕੇ ਫ਼ੋਨ ਨਹੀਂ ਮਿਲਿਆ। ਇਸ ਤੋਂ ਬਾਅਦ ਅਸੀਂ ਪਹਿਲਗਾਮ ਪਹੁੰਚੇ, ਜਿਥੇ ਹਸਪਤਾਲ ਵਿਚ ਅਸੀਂ ਆਦਿਲ ਦੀ ਮ੍ਰਿਤਕ ਦੇਹ ਪਈ ਦੇਖੀ। ਉਨ੍ਹਾਂ ਕਿਹਾ ਕਿ ਮੇਰੀਆਂ ਅੱਖਾਂ ਵਿੱਚ ਇਸੇ ਕਰ ਕੇ ਹੰਝੂ ਨਹੀਂ ਹੈ ਕਿਉਂ ਕਿ ਮੈਨੂੰ ਆਪਣੇ ਪੁੱਤਰ 'ਤੇ ਮਾਣ ਹੈ ਕਿ ਮੇਰੇ ਪੁੱਤਰ ਨੇ ਬਿਨਾਂ ਜਾਤ ਪਾਤ ਦੇਖੇ ਸਭ ਦੀ ਜਾਨ ਬਚਾਉਣ ਲਈ ਆਪਣੀ ਜਾਨ ਗਵਾ ਦਿੱਤੀ, ਉਹ ਸਿੱਖ,ਹਿੰਦੂ,ਇਸਾਈ ਜਾਂ ਫਿਰ ਮੁਸਲਮਾਨ ਹੋਵੇ। ਉਸ ਨੇ ਅੱਤਵਾਦੀਆਂ ਦਾ ਸਾਹਮਣਾ ਕਰ ਕੇ ਸਾਬਤ ਕਰ ਦਿੱਤਾ ਕਿ ਮੇਰਾ ਪੁੱਤਰ ਦਲੇਰ ਸੀ।

# ਹਨੂੰਮਾਨਗੜ੍ਹੀ ਮੰਦਰ ਦੇ ਮੁੱਖ ਪੁਜਾਰੀ ਗੱਦੀਨਸ਼ੀਨ ਦੇ ਖਿਤਾਬ ਨਾਲ ਸਨਮਾਨਤ

ਅਯੁੱਧਿਆ, 28 ਅਪ੍ਰੈਲ (ਚ.ਨ.ਸ): ਹਨੂੰਮਾਨਗੜ੍ਹੀ ਮੰਦਰ ਦੇ ਮੁੱਖ ਪੁਜਾਰੀ 30 ਅਪ੍ਰੈਲ ਨੂੰ ਅਕਸ਼ੈ ਤ੍ਰਿਤਿਆ ਤੇ ਰਾਮ ਮੰਦਰ ਦੇ ਦਰਸ਼ਨ ਕਰਨ ਲਈ ਪਹਿਲੀ ਵਾਰ ਅਪਣੇ ਘਰ ਤੋਂ ਰਵਾਨਾ ਹੋਣਗੇ। 'ਗੱਦੀ ਨਸ਼ੀਨ' ਦੇ ਖਿਤਾਬ ਨਾਲ ਸਨਮਾਨਤ ਮਹੰਤ ਪ੍ਰੇਮ ਦਾਸ 70 ਸਾਲ ਦੇ ਹਨ ਤੇ ਉਨ੍ਹਾਂ ਨੇ ਅਯੁੱਧਿਆ 'ਚ 52 ਵਿੱਘੇ ਜ਼ਮੀਨ 'ਤੇ ਫੈਲੇ ਮੰਦਰ ਦੇ ਕੰਪਲੈਕਸ ਨੂੰ ਕਦੇ ਨਹੀਂ ਛੱਡਿਆ। ਸਦੀਆਂ ਪੁਰਾਣੀ ਰਵਾਇਤ ਅਨੁਸਾਰ ਗੱਦੀ ਨਸ਼ੀਨ ਦੇ ਸਾਰੀ ਉਮਰ ਮੰਦਰ ਤੋਂ ਬਾਹਰ ਜਾਣ 'ਤੇ ਪਾਬੰਦੀ ਹੈ। ਅਯੁੱਧਿਆ ਦੇ ਵਸਨੀਕ ਪ੍ਰਜਵਲ ਸਿੰਘ ਨੇ ਕਿਹਾ ਕਿ 18ਵੀਂ ਸਦੀ 'ਚ ਮੰਦਰ ਦੀ ਸਥਾਪਨਾ ਨਾਲ ਸ਼ੁਰੂ ਹੋਈ ਪਰੰਪਰਾ ਇੰਨੀ ਸਖਤ ਸੀ ਕਿ ਗੱਦੀ ਨਸ਼ੀਨ ਨੂੰ ਸਥਾਨਕ ਅਦਾਲਤਾਂ 'ਚ ਹੋਣ 'ਤੇ ਵੀ ਛੋਟ ਦਿੱਤੀ ਗਈ ਸੀ। ਪਰੰਪਰਾ ਤੋਂ ਟੁੱਟਣਾ ਮਹੰਤ ਪ੍ਰੇਮ ਦਾਸ ਵੱਲੋਂ ਰਾਮ ਮੰਦਰ ਜਾਣ ਦੀ ਇੱਛਾ ਜ਼ਾਹਰ ਕਰਨ ਤੋਂ ਬਾਅਦ ਆਇਆ ਹੈ। ਉਨ੍ਹਾਂ ਨੇ ਇਹ ਇੱਛਾ ਨਿਰਵਾਣੀ ਅਖਾੜੇ ਦੇ ਪੰਚਾਂ ਨੂੰ ਦੱਸੀ, ਜਿਨ੍ਹਾਂ ਨੇ ਸਰਬਸੰਮਤੀ ਨਾਲ ਉਨ੍ਹਾਂ ਨੂੰ ਯਾਤਰਾ ਦੀ ਇਜਾਜ਼ਤ ਦੇ ਦਿੱਤੀ। ਨਿਰਵਾਨੀ ਅਖਾੜੇ ਦੇ ਮੁੱਖ ਮਹੰਤ ਰਾਮਕੁਮਾਰ ਦਾਸ ਨੇ ਕਿਹਾ ਕਿ 30 ਅਪ੍ਰੈਲ ਨੂੰ ਅਕਸ਼ੇ ਤ੍ਰਿਤੀਆ 'ਤੇ ਗੱਦੀ ਨਸ਼ੀਨ ਇੱਕ ਜਲੂਸ ਦੀ ਅਗਵਾਈ ਕਰਨਗੇ, ਜਿਸ 'ਚ ਹਾਥੀ, ਊਠ ਅਤੇ ਘੋੜੇ ਵੀ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਪੁਜਾਰੀ ਦੇ ਨਾਲ ਨਾਗਾ ਸ਼ਰਧਾਲੂ ਤੇ ਸਥਾਨਕ ਵਪਾਰੀ ਵੀ ਹੋਣਗੇ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਅਨਾਜ ਮੰਡੀ ਸਰਹਿੰਦ 'ਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਨਿਰੀਖਣ

**☛ਮੁੱਖ ਮੰਤਰੀ ਮਾਨ ਨੇ ਹਮੇਸ਼ਾ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਵੱਡੇ ਫੈਸਲੇ ਕੀਤੇ : ਕਟਾਰੂਚੱਕ**



ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਅਨਾਜ ਮੰਡੀ ਸਰਹਿੰਦ ਵਿਖੇ ਕਣਕ ਦੀ ਚੱਲ ਰਹੀ ਖਰੀਦ ਪ੍ਰਕ੍ਰਿਆ ਦਾ ਜਾਇਜ਼ਾ ਲੈਣ ਮੌਕੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਹਮੇਸ਼ਾ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਵੱਡੇ ਫੈਸਲੇ ਕੀਤੇ ਹਨ ਅਤੇ ਮੌਜੂਦਾ ਸੀਜ਼ਨ ਦੌਰਾਨ ਕਣਕ ਦੇ ਖਰੀਦ ਪ੍ਰਬੰਧਾਂ ਨਾਲ ਜੁੜੇ ਸਾਰੇ ਹੀ ਵਰਗਾਂ ਦੀਆਂ ਸੁਵਿਧਾਵਾਂ ਨੂੰ ਯਕੀਨੀ ਬਣਾਉਣ ਲਈ ਮਿਆਰੀ ਪ੍ਰਬੰਧ ਯਕੀਨੀ ਬਣਾਏ ਗਏ ਹਨ, ਜਿਸ ਕਾਰਨ ਕਿਸਾਨ, ਮਜ਼ਦੂਰ ਅਤੇ ਆੜ੍ਹਤੀ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਉਹ ਕਣਕ ਦੇ ਸੀਜਨ ਦੀ ਸ਼ੁਰੂਆਤ ਤੋਂ ਹੀ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਜ਼ਮੀਨੀ ਪੱਧਰ ਉੱਤੇ ਨਿਰੀਖਣ ਕਰ ਰਹੇ ਹਨ ਅਤੇ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਕਿਸੇ ਵੀ ਜ਼ਿਲ੍ਹੇ ਵਿੱਚ ਦੌਰੇ ਦੌਰਾਨ ਕਿਸੇ ਕਿਸਾਨ ਨੇ ਅਨਾਜ ਮੰਡੀਆਂ ਵਿੱਚ ਕਿਸੇ ਸਮੱਸਿਆ ਹੋਣ ਦਾ ਮਾਮਲਾ ਨਹੀਂ ਉਠਾਇਆ। ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਸੂਬੇ ਦੀਆਂ 1864 ਮੰਡੀਆਂ ਵਿੱਚ ਹੁਣ ਤੱਕ 97 ਲੱਖ ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸੂਬੇ ਵਿੱਚ ਕਣਕ ਦੀ ਬੰਪਰ ਪੈਦਾਵਾਰ ਹੋਈ ਹੈ, ਜਿਸ ਦਾ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਵੱਡਾ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਵਿੱਚ 102 ਲੱਖ ਮੀਟਰਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ ਮੰਡੀਆਂ ਵਿੱਚ ਖਰੀਦੀ ਗਈ ਕਣਕ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ 18,000 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਵਾਰ ਕਣਕ ਦੀ ਹੋਈ ਬੰਪਰ ਪੈਦਾਵਾਰ ਕਾਰਨ ਕੇਂਦਰੀ ਪੂਲ ਵਿੱਚ ਹਿੱਸਾ ਪਾਉਣ ਲਈ ਮਿੱਥੇ ਗਏ 124 ਲੱਖ ਮੀਟਰਕ ਟਨ ਦੇ ਟੀਚੇ ਨੂੰ ਅਸਾਨੀ ਨਾਲ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ, ਮਾਰਕਿਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ, ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਅਰਵਿੰਦ ਗੁਪਤਾ, ਡੀ.ਐਫ.ਐਸ.ਸੀ. ਮੀਨਾਕਸ਼ੀ, ਜ਼ਿਲ੍ਹਾ ਮੰਡੀ ਅਫ਼ਸਰ ਅਸਲਮ ਮੁਹੰਮਦ, ਸਚਿਨ ਕੁਮਾਰ ਡੀਐਮ ਮਾਰਕਫੈਡ, ਕੇਵਲ ਸਿੰਘ ਏਐਫਐਸਓ ਤੋਂ ਇਲਾਵਾ ਤਰਸੇਮ ਲਾਲ ਉੱਪਲ ਪ੍ਰਧਾਨ ਆੜਤੀ ਐਸੋਸੀਏਸ਼ਨ ਸਰਹਿੰਦ, ਰਾਜੇਸ਼ ਉੱਪਲ ਪ੍ਰਧਾਨ ਆੜਤੀ ਐਸੋਸੀਏਸ਼ਨ ਮੂਲੇਪੁਰ, ਤਜਿੰਦਰ ਸਿੰਘ, ਬਲਵੀਰ ਸਿੰਘ ਸੋਢੀ, ਬਲਜਿੰਦਰ ਗੋਲਾ, ਰਮੇਸ਼ ਕੁਮਾਰ ਸੋਨੂੰ, ਪਵੇਲ ਹਾਂਡਾ, ਸਤਿੰਦਰ ਮਲਿਕਪੁਰ ਸਮੇਤ ਵੱਡੀ ਗਿਣਤੀ ਵਿੱਚ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

# 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਇਕ ਦਹੀਯਾ ਨੇ ਹਲਕੇ ਦੇ ਸਕੂਲਾਂ 'ਚ ਪ੍ਰੋਜੈਕਟਾਂ ਦੇ ਕੀਤੇ ਉਦਘਾਟਨ



ਫ਼ਿਰੋਜ਼ਪੁਰ, 28 ਅਪ੍ਰੈਲ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਰਾਜ 'ਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਵੱਲ ਇਕ ਠੋਸ ਕਦਮ ਪੁੱਟਦਿਆਂ ਪੰਜਾਬ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਪੂਰੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਅੱਜ ਵਿਧਾਇਕਾਂ ਵੱਲੋਂ ਵੱਖ ਵੱਖ ਸਰਕਾਰੀ ਸਕੂਲਾਂ ਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਫ਼ਿਰੋਜ਼ਪੁਰ ਸ਼੍ਰੀਮਤੀ ਸੁਨੀਤਾ ਰਾਣੀ, ਬੀ.ਪੀ.ਈ.ਓ ਅੰਮ੍ਰਿਤਪਾਲ ਸਿੰਘ ਬਰਾੜ ਹਾਜ਼ਰ ਸਨ। ਇਨ੍ਹਾਂ ਉਦਘਾਟਨਾਂ ਦੀ ਲੜੀ ਵਿੱਚ ਹਲਕਾ ਫ਼ਿਰੋਜ਼ਪੁਰ ਦਿਹਾਤੀ ਵਿਚ ਵਿਧਾਇਕ ਸ਼੍ਰੀ ਰਜਨੀਸ਼ ਦਹੀਯਾ ਵੱਲੋਂ ਸਰਕਾਰੀ ਪ੍ਰਾਇਮਰੀ/ ਮਿਡਲ ਸਕੂਲ ਕਬਰਵੱਛਾ, ਸਰਕਾਰੀ ਪ੍ਰਾਇਮਰੀ ਸਕੂਲ ਲੋਹਾਮ, ਸਰਕਾਰੀ ਪ੍ਰਾਇਮਰੀ ਸਕੂਲ ਤੂੰਬੜ ਭੰਨ, ਸਰਕਾਰੀ ਪ੍ਰਾਇਮਰੀ ਸਕੂਲ ਭੱਲੂ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਮਿਰਜ਼ੇ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਯਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸਿੱਖਿਆ ਨੂੰ ਅੰਤਰ ਰਾਸ਼ਟਰੀ ਵਿੱਦਿਅਕ ਸੰਸਥਾਵਾਂ ਦੇ ਹਾਣੀ ਬਣਾਉਣ ਲਈ ਕਲਾਸਰੂਮ, ਬੁਨਿਆਦੀ ਢਾਂਚਾ ਅਤੇ ਡਿਜੀਟਲ ਸਿਖਲਾਈ ਸਹੂਲਤਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਰਿਵਰਤਨ ਸਾਰੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਕੀਤੇ ਗਏ ਇਹ ਵਿਕਾਸ ਕਾਰਜ ਤੇ ਸੁਧਾਰ ਨੇ ਵਿਦਿਆਰਥੀਆਂ ਨੂੰ ਸਿੱਖਣ ਦਾ ਇੱਕ ਜੀਵੰਤ ਮਾਹੌਲ ਪ੍ਰਦਾਨ ਕਰਦੇ ਹਨ ਜੋ ਉਨ੍ਹਾਂ ਨੂੰ ਅਕਾਦਮਿਕ ਤੌਰ 'ਤੇ ਹਰ ਅੱਗੇ ਵਧਣ ਦੇ ਸਮਰੱਥ ਬਣਾਏਗਾ।

# ਜੱਚਾ-ਬੱਚਾ ਸਿਹਤ ਸੇਵਾਵਾਂ ਦੀ ਸਿਵਲ ਸਰਜਨ ਵੱਲੋਂ ਚੈਕਿੰਗ



ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਜੱਚਾ-ਬੱਚਾ ਨੂੰ ਚੰਗੀਆਂ ਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਿਹਤ ਵਿਭਾਗ ਦੀ ਮੁਢਲੀ ਜ਼ਿੰਮੇਵਾਰੀ ਹੈ, ਇਸ ਲਈ ਜ਼ਿਲ੍ਹੇ ਅੰਦਰ ਸਾਰੀਆਂ ਸਿਹਤ ਸੰਸਥਾਵਾਂ ਉੱਪਰ ਇਹ ਸਹੂਲਤਾਂ ਉਪਲਬਧ ਕਰਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹਾ ਹਸਪਤਾਲ ਵਿਚ ਸਿਹਤ ਵਿਭਾਗ ਵੱਲੋਂ ਜੱਚਾ-ਬੱਚਾ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਚੈਕਿੰਗ ਕਰਦਿਆਂ ਕੀਤਾ। ਇਸ ਚੈਕਿੰਗ ਦੌਰਾਨ ਉਹਨਾਂ ਮੌਕੇ 'ਤੇ ਹਾਜ਼ਰ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਦੀਪ ਸਿੰਘ ਨੂੰ ਨਾਲ ਲੈਕੇ ਲੇਬਰ ਰੂਮ, ਅਪ੍ਰੇਸ਼ਨ ਥੀਏਟਰ, ਜੱਚਾ-ਬੱਚਾ ਵਾਰਡ, ਬੱਚਿਆਂ ਦਾ ਵਾਰਡ ਤੇ ਜੱਚਾ-ਬੱਚਾ ਓਪੀਡੀ ਆਦਿ ਦੀ ਚੈਕਿੰਗ ਕਰਕੇ ਤਸੱਲੀ ਪ੍ਰਗਟ ਕੀਤੀ। ਸਿਵਲ ਸਰਜਨ ਨੇ ਵਾਰਡ ਵਿੱਚ ਦਾਖਲ ਗਰਭਵਤੀ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਮਿਲ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਉਹਨਾਂ ਦਾਖਲ ਮਰੀਜ਼ਾਂ ਨੂੰ ਕਿਹਾ ਕਿ ਜੇਕਰ ਉਹਨਾਂ ਨੂੰ ਸਿਹਤ ਸੇਵਾਵਾਂ ਲੈਣ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੋਵੇ ਤਾਂ ਉਹ ਉਹਨਾਂ ਦੇ ਧਿਆਨ ਵਿੱਚ ਜ਼ਰੂਰ ਲਿਆਉਣ ਕਿਉਂਕਿ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਹਨਾਂ ਮੌਕੇ 'ਤੇ ਹਾਜ਼ਰ ਸਮੂਹ ਸਟਾਫ ਨੂੰ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਤਨਦੇਹੀ ਨਾਲ ਕਰਨ ਅਤੇ ਉਹਨਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਔਰਤ ਰੋਗਾਂ ਦੇ ਮਾਹਰ ਡਾ. ਨੀਰੂ ਸਿਆਲ, ਨਰਸਿੰਗ ਸਿਸਟਰ ਪਰਮਿੰਦਰ ਕੌਰ, ਸਟਾਫ ਨਰਸ, ਫਾਰਮੇਸੀ ਅਫਸਰ ਜਗਜੀਤ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ ਆਦਿ ਵੀ ਹਾਜ਼ਰ ਸਨ।

# 10 ਮਈ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਸਬੰਧੀ ਬੈਂਕ ਅਧਿਕਾਰੀਆਂ ਨਾਲ ਮੀਟਿੰਗ



ਫਾਜ਼ਿਲਕਾ, 28 ਅਪ੍ਰੈਲ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਨੈਸ਼ਨਲ ਲੀਗਲ ਸਰਵਿਸ ਅਥਾਰਟੀ, ਨਵੀਂ ਦਿੱਲੀ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਅਵਤਾਰ ਸਿੰਘ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਮਾਣਯੋਗ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਅਤੇ ਮਾਰਗ ਦਰਸ਼ਨ ਹੇਠ ਮਿਤੀ 10 ਮਈ 2025 ਨੂੰ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਵਿਖੇ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਵਿਚ ਹਰ ਤਰ੍ਹਾਂ ਦੇ ਮਸਲੇ ਲਗਾਏ ਜਾ ਸਕਦੇ ਹਨ। ਇਸ ਸਬੰਧੀ ਬੈਂਕ ਦੇ ਅਧਿਕਾਰੀਆਂ ਨਾਲ ਲੋਕ ਅਦਾਲਤ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ ਅਤੇ ਉਹਨਾਂ ਨੂੰ ਹਦਾਇਤ ਵੀ ਕੀਤੀ ਗਈ ਕਿ ਜਿਹੜੇ ਲੋਕਾਂ ਵੱਲੋਂ ਆਪਣੇ ਬੈਂਕਾਂ ਦੇ ਨਾਲ ਚਲਦੇ ਕੇਸਾਂ ਦੇ ਨਿਪਟਾਰਾ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਲੋਕ ਅਦਾਲਤਾਂ ਰਾਹੀਂ ਕਰਵਾਇਆ ਜਾਵੇ ਤਾਂ ਜੋ ਉਹਨਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋ ਸਕੇ। ਰੂਚੀ ਸਵਪਨ ਸ਼ਰਮਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਫਾਜ਼ਿਲਕਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹਨਾਂ ਲੋਕ ਅਦਾਲਤਾਂ ਦੇ ਨਾਲ ਜਿੱਥੇ ਆਮ ਲੋਕਾਂ ਨੂੰ ਰਾਹਤ ਮਿਲਦੀ ਹੈ, ਉੱਥੇ ਉਹਨਾਂ ਲੋਕਾਂ ਦੇ ਸਮਾਂ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਲੋਕ ਅਦਾਲਤ ਦੁਆਰਾ ਦੋਨੋਂ ਪਾਰਟੀਆਂ ਵਿੱਚ ਆਪਸੀ ਦੁਸ਼ਮਣੀ ਖਤਮ ਹੋ ਜਾਂਦੀ ਹੈ ਅਤੇ ਭਾਈਚਾਰਾ ਵੱਧਦਾ ਹੈ। ਲੋਕ ਅਦਾਲਤ ਵਿੱਚ ਫੈਸਲਾ ਹੋਣ ਤੋਂ ਬਾਅਦ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵਾਪਿਸ ਮਿਲ ਜਾਂਦੀ ਹੈ। ਇਸਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ। ਇਸ ਦੇ ਫੈਸਲੇ ਦੇ ਖਿਲਾਫ਼ ਕੋਈ ਅਪੀਲ ਨਹੀਂ ਹੋ ਸਕਦੀ। ਉਹਨਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਕੇਸਾਂ ਦਾ ਲੋਕ ਅਦਾਲਤ ਵਿੱਚ ਫੈਸਲਾ ਕਰਾ ਕੇ ਵੱਧ ਤੋਂ ਵੱਧ ਲਾਭ ਉਠਾਉ।

# ਜੀਤ ਲਾਲ ਭੱਟੀ ਨੇ ਹਾਈ ਸਕੂਲ ਮਾਣਕੋ ਘੁੜਿਆਲ ਤੇ ਹੋਰ ਕੰਮਾਂ ਦਾ ਉਦਘਾਟਨ ਕੀਤਾ

ਭੋਗਪੁਰ, 28 ਅਪ੍ਰੈਲ (ਅਮਰਜੀਤ ਸਿੰਘ ਸੈਣੀ): ਸਿੱਖਿਆ ਕ੍ਰਾਂਤੀ ਤਹਿਤ ਹਲਕਾ ਇੰਚਾਰਜ ਤੇ ਡਾਇਰੈਕਟਰ ਪਨਬਸ ਪੰਜਾਬ ਜੀਤ ਲਾਲ ਭੱਟੀ ਨੇ ਸਰਕਾਰੀ ਹਾਈ ਸਕੂਲ ਮਾਣਕੋ ਵਿਖੇ ਚਾਰ ਦੀਵਾਰੀ ਦੀ ਰਿਪੇਅਰ ਤੇ ਸਰਕਾਰੀ ਹਾਈ ਸਕੂਲ ਘੁੜਿਆਲ 'ਚ ਬੈਡਮਿੰਟਨ ਕੋਰਟ ਤੇ ਪ੍ਰਾਇਮਰੀ ਸਕੂਲ ਡਰੋਲੀ ਕਲਾਂ 'ਚ ਉਦਘਾਟਨ ਕੀਤਾ। ਇਸ ਮੌਕੇ 'ਤੇ ਉਹਨਾਂ ਦੇ ਨਾਲ ਬੀ.ਐਨ.ਓ ਤੇ ਪ੍ਰਿੰਸੀਪਲ ਸਕੂਲ ਆਫ ਐਮੀਨੈਂਸ ਆਦਮਪੁਰ ਰਾਮ ਆਸਰਾ ਸਟੇਟ ਐਵਾਰਡੀ ਬੀਐਨਓ ਦੀਪਕ ਕੁਮਾਰ ਤੇ ਹੋਰ ਆਪ ਦੇ ਆਗੂ ਹਾਜ਼ਰ ਰਹੇ। ਸਕੂਲ ਪਹੁੰਚਣ 'ਤੇ ਹਾਈ ਸਕੂਲ ਮਾਣਕੋ ਮੁੱਖੀ ਰਿਪਲ ਬਸਰਾ



ਹਾਈ ਸਕੂਲ ਘੁੜਿਆਲ ਮੁਖੀ ਜਸਵੀਰ ਕੌਰ ਸਮੂਹ ਸਟਾਫ ਵਿਦਿਆਰਥੀਆਂ ਤੇ ਐਸ.ਐਮ.ਸੀ ਵੱਲੋਂ ਜੀਤ ਲਾਲ ਭੱਟੀ ਅਤੇ ਉਹਨਾਂ ਦੇ ਨਾਲ ਆਏ ਆਗੂਆਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਆਪ ਦੇ ਆਗੂ ਹਾਜ਼ਰ ਸਨ।

# ਸੀ.ਐੱਮ. ਦੀ ਯੋਗਸ਼ਾਲਾ ਲੋਕਾਂ ਲਈ ਵਰਦਾਨ ਸਾਬਿਤ : ਡੀ.ਸੀ.

ਫ਼ਿਰੋਜ਼ਪੁਰ, 28 ਅਪ੍ਰੈਲ (ਤਿਵਾੜੀ): ਸੀ.ਐਮ. ਦੀ ਯੋਗਸ਼ਾਲਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਅਤੇ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਰਾਹਤ ਦੇਣ ਲਈ ਸ਼ੁਰੂ ਕੀਤਾ ਗਿਆ ਬਹੁਤ ਹੀ ਵਧੀਆ ਉਪਰਾਲਾ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ 95 ਥਾਵਾਂ 'ਤੇ ਯੋਗ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿੱਥੇ ਹਰ ਰੋਜ਼ 3300 ਤੋਂ ਵੱਧ ਲੋਕ ਯੋਗਾ ਸਿੱਖਣ ਲਈ ਆ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਤਣਾਅ ਭਰੇ ਜੀਵਨ ਵਿੱਚ ਲੋਕ ਵੱਖ-ਵੱਖ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਹ ਯੋਗਾ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਰਾਹਤ ਦੇਣ ਲਈ ਇੱਕ ਸ਼ਾਨਦਾਰ ਤਰੀਕਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਲੋਕਾਂ ਲਈ ਸੱਚਮੁੱਚ ਇਕ ਵਰਦਾਨ ਸਾਬਿਤ ਹੋ ਰਹੀ ਹੈ। ਜ਼ਿਲ੍ਹੇ ਦੇ ਕਈ ਲੋਕ ਜੋ ਹਰ ਰੋਜ਼ ਯੋਗਾ ਅਭਿਆਸ ਕਰਨ ਆਉਂਦੇ ਹਨ, ਉਹ ਕਈ ਤਰ੍ਹਾਂ ਦੇ ਰੋਗਾਂ ਤੋਂ ਰਾਹਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਲੋਕ ਜੋ ਜੋੜਾਂ ਦੇ ਦਰਦ, ਫ੍ਰੋਜ਼ਨ ਸ਼ੋਲਡਰ, ਸਾਹ ਦੀਆਂ ਸਮੱਸਿਆਵਾਂ ਅਤੇ ਤਣਾਅ ਤੋਂ ਪੀੜਤ ਸਨ, ਉਹ ਯੋਗਾ ਕਰਨ ਨਾਲ ਠੀਕ ਹੋ ਗਏ ਹਨ। ਇਨ੍ਹਾਂ ਲੋਕਾਂ ਨੇ ਯੋਗਾ ਨੂੰ ਆਪਣੀ ਰੋਜ਼ਾਨਾ ਦੀ ਦਿਨਚਰਿਆ ਦਾ ਹਿੱਸਾ ਬਣਾ ਕੇ ਆਪਣੇ ਜੀਵਨ ਵਿੱਚ ਸ਼ਾਮਿਲ ਕਰ ਲਿਆ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੀ.ਐਮ. ਦੀ ਯੋਗਸ਼ਾਲਾ ਦਾ ਪੂਰੀ ਤਰ੍ਹਾਂ ਲਾਭ ਉਠਾਉਣ ਅਤੇ ਆਪਣੀ ਸਿਹਤ ਲਈ ਰੋਜ਼ਾਨਾ ਯੋਗਾ ਕਰਨ। ਜ਼ਿਲ੍ਹਾ ਯੋਗਾ ਕੋਆਰਡੀਨੇਟਰ ਅਮਨਪ੍ਰੀਤ ਕੌਰ ਨੇ ਹੋਰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜਦੋਂ ਅਸੀਂ ਯੋਗਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਹਾਂ, ਤਾਂ ਅਸੀਂ ਕਈ ਐਸੀਆਂ ਸਮੱਸਿਆਵਾਂ ਤੋਂ ਮੁਕਤੀ ਪਾ ਸਕਦੇ ਹਾਂ

# ਆਵਾਜ਼ ਪ੍ਰਦੂਸ਼ਣ ਰੋਕਣ ਲਈ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਦਿਸ਼ਾ-ਨਿਰਦੇਸ਼ ਜਾਰੀ

ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਮੈਜਿਸਟਰੇਟ ਫਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਸਿਆਸੀ ਜਲਸਿਆਂ, ਰੈਲੀਆਂ ਰੋਸ ਧਰਨੇ, ਸਮਾਜਿਕ, ਧਾਰਮਿਕ , ਵਪਾਰਕ ਸੰਸਥਾਵਾਂ ਵੱਲੋਂ ਵੱਖ-ਵੱਖ ਪ੍ਰੋਗਰਾਮ/ ਸਮਾਗਮਾਂ ਦੌਰਾਨ ਕਿਸੇ ਵੀ ਜਨਤਕ ਸਥਾਨ 'ਤੇ ਲਾਊਡ ਸਪੀਕਰ ਦੀ ਵਰਤੋਂ, ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨਾਂ ਵਿੱਚ ਡੀ.ਜੇ., ਆਰਕੈਸਟਰਾ ਜਾਂ ਸੰਗੀਤਕ ਯੰਤਰ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ ਨੁਆਇਜ਼) ਐਕਟ, 1956 ਵਿੱਚ ਦਰਜ ਸ਼ਰਤਾਂ ਤਹਿਤ ਲਿਖਤੀ ਪ੍ਰਵਾਨਗੀ ਤੋਂ ਬਿਨ੍ਹਾਂ ਨਹੀ ਚਲਾਏ ਜਾਣਗੇ। ਲਾਊਡ ਸਪੀਕਰ ਤੇ ਕਿਸੇ ਵੀ ਹੋਰ ਸੰਗੀਤਕ ਜਾਂ ਆਵਾਜ਼ੀ ਯੰਤਰ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਰਾਤ 10:00 ਵਜੇ ਤੋਂ ਸਵੇਰੇ 06:00 ਵਜੇ ਤੱਕ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਵੀ ਵਿਅਕਤੀ ਵੱਲੋਂ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪ੍ਰਵਾਨਗੀ ਲੈਣ ਦੇ ਬਾਵਜੂਦ ਜਿਨ੍ਹਾਂ ਥਾਵਾਂ 'ਤੇ ਇਹ ਲਾਊਡ ਸਪੀਕਰ, ਆਵਾਜ਼ੀ/ਸੰਗੀਤਕ ਯੰਤਰ ਆਦਿ ਚਲਾਏ ਜਾਣਗੇ, ਦੀ ਆਵਾਜ਼ ਪ੍ਰੋਗਰਾਮ/ਫੰਕਸ਼ਨ ਵਾਲੇ ਸਥਾਨ, ਧਾਰਮਿਕ ਸਥਾਨ ਤੇ ਇਮਾਰਤ ਦੀ ਚਾਰ ਦੀਵਾਰੀ ਦੇ ਦਾਇਰੇ ਅੰਦਰ ਹੀ ਰਹਿਣੀ ਚਾਹੀਦੀ ਹੈ। ਕਿਸੇ ਵੀ ਆਵਾਜ਼ੀ ਸੰਗੀਤਕ ਯੰਤਰ ਤੇ ਮਸ਼ੀਨ ਦੇ ਚੱਲਣ 'ਤੇ ਪੈਦਾ ਹੋਣ ਵਾਲੀ ਆਵਾਜ਼ ਸਨਅਤੀ ਖੇਤਰ ਵਿੱਚ ਦਿਨ ਵੇਲੇ 75 ਡੀਬੀਏ ਅਤੇ ਰਾਤ ਨੂੰ 70 ਡੀਬੀਏ, ਵਪਾਰਕ ਏਰੀਏ ਵਿੱਚ ਦਿਨ ਵੇਲੇ 65 ਡੀਬੀਏ ਤੇ ਰਾਤ ਵੇਲੇ 55 ਡੀਬੀਏ, ਰਿਹਾਇਸ਼ੀ ਖੇਤਰ ਵਿੱਚ ਦਿਨ ਵੇਲੇ 55 ਡੀਬੀਏ ਤੇ ਰਾਤ ਵੇਲੇ 45 ਡੀਬੀਏ ਅਤੇ ਸਾਈਲੈਂਸ ਜ਼ੋਨ ਵਿੱਚ ਦਿਨ ਵੇਲੇ 50 ਡੀਬੀਏ ਤੇ ਰਾਤ ਵੇਲੇ 40 ਡੀਬੀਏ ਦੀ ਸੀਮਾ ਤੋਂ ਵੱਧ ਨਹੀਂ ਹੋਣੀ ਚਾਹੀਦੀ।

# ਅਲਾਇੰਸ ਕਲੱਬ ਇੰਟਰਨੈਸ਼ਨਲ ਨੇ ਮੁਫ਼ਤ ਫਿਜ਼ੀਓਥਰੈਪੀ ਕੈਂਪ ਲਗਾਇਆ




ਸ੍ਰੀ ਅਨੰਦਪੁਰ ਸਾਹਿਬ, 28 ਅਪ੍ਰੈਲ (ਤਰਲੋਚਨ ਸਿੰਘ): ਪ੍ਰਸਿੱਧ ਸਮਾਜ ਸੇਵੀ ਸੰਸਥਾ ਅਲਾਇੰਸ ਕਲੱਬ ਇੰਟਰਨੈਸ਼ਨਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਸੀਸਗੰਜ ਸਾਹਿਬ (ਲੰਗਰ ਹਾਲ) ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਰੋਜ਼ਾ ਮੁਫ਼ਤ ਫਿਜ਼ੀਓਥਰੈਪੀ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮਾਹਿਰ ਡਾਕਟਰ ਡਾ. ਰੀਤੂ ਕੌਸ਼ਲ, ਡਾ. ਮਨਦੀਪ ਸਿੰਘ, ਡਾ. ਗੁਰਵਿੰਦਰ ਸਿੰਘ, ਡਾ. ਰਵਿੰਦਰ ਕੁਮਾਰ ਤੇ ਡਾ. ਸੰਨੀ ਭਾਰਤੀ ਵੱਲੋਂ ਮਰੀਜ਼ਾਂ ਦਾ ਚੈਕਅੱਪ ਕਰਕੇ ਫਿਜ਼ੀਓਥਰੈਪੀ ਰਾਹੀਂ ਇਲਾਜ ਕੀਤਾ ਗਿਆ। ਕੈਂਪ ਦਾ ਉਦਘਾਟਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਕੀਤਾ ਗਿਆ। ਇਸ ਕੈਂਪ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਤਨ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਲਗਭਗ 85 ਮਰੀਜ਼ਾਂ ਦਾ ਚੈਕਅੱਪ ਕਰਕੇ ਫਿਜ਼ੀਓਥਰੈਪੀ ਰਾਹੀਂ ਇਲਾਜ ਕੀਤਾ ਗਿਆ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਤ ਮੈਨੇਜਰ ਕਰਮਜੀਤ ਸਿੰਘ, ਡਾ. ਹਰਦਿਆਲ ਸਿੰਘ ਪੰਨੂ ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ, ਪ੍ਰਿੰ, ਨਿਰੰਜਣ ਸਿੰਘ ਰਾਣਾ ਰਿਜਨ ਚੇਅਰਮੈਨ, ਪ੍ਰੋ: ਹਰਦੀਪ ਸਿੰਘ ਅਸਿਸਟੈਂਟ ਗਵਰਨਰ, ਦਵਿੰਦਰਪਾਲ ਸਿੰਘ ਜ਼ੋਨ ਚੇਅਰਮੈਨ, ਇਕਬਾਲ ਸਿੰਘ ਸੂਰੀ ਪ੍ਰਧਾਨ ਚੱਕ ਅਗੰਮਪੁਰ, ਸਕੱਤਰ ਜਸਦੀਪ ਸਿੰਘ ਧਾਲੀਵਾਲ, ਕੈਸ਼ੀਅਰ ਅਵਤਾਰ ਸਿੰਘ, ਪੀ ਆਰ ਓ ਅੰਕੁਸ਼ ਕੁਮਾਰ, ਸੁਖਵਿੰਦਰ ਸਿੰਘ ਬਿੱਟੂ, ਮਹਿੰਦਰਮੋਹਨ ਸਿੰਘ, ਗੁਰਪ੍ਰੀਤਮ ਸਿੰਘ, ਆਤਮਾ ਸਿੰਘ ਘੱਟੀਵਾਲ ਸਾਬਕਾ ਬੈਂਕ ਅਫਸਰ, ਕੇਵਲ ਸਿੰਘ ਰਾਣਾ, ਕਮਲਦੀਪ ਸਿੰਘ ਰਾਣਾ, ਨਵੀਨ ਕੁਮਾਰ, ਮਾਸਟਰ ਸੰਜੀਵ ਧਰਮਾਣੀ, ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ, ਰਾਜ ਕੁਮਾਰ ਧੀਮਾਨ ਪੱਤਰਕਾਰ, ਭਾਈ ਮਨਦੀਪ ਸਿੰਘ, ਕੁਲਦੀਪ ਪਰਮਾਰ, ਗੁਰਪ੍ਰੀਤ ਸਿੰਘ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਜਸਵੰਤ ਕੌਰ ਆਦਿ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨਗਦ ਰਾਸ਼ੀ ਨਾਲ ਸਨਮਾਨਤ



ਮੁਕੇਰੀਆਂ, 28 ਅਪ੍ਰੈਲ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖਸ਼ ਮੁਕੇਰੀਆਂ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹੈ। ਇਸੇ ਤਹਿਤ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਨੈਤਿਕ ਸਿੱਖਿਆ ਅਤੇ ਧਰਮ ਸਿੱਖਿਆ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਵਿਦਿਆਰਥਣਾਂ ਪੜ੍ਹਾਈ ਦੇ ਨਾਲ ਨਾਲ ਸਹਿਪਾਠਕ੍ਰਮ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੁਆਰਾ ਆਯੋਜਿਤ ਧਰਮ ਸਿੱਖਿਆ ਦੀ ਪ੍ਰੀਖਿਆ ਦੌਰਾਨ ਲਵਦੀਪ ਕੌਰ ਅਤੇ ਜਸਪ੍ਰੀਤ ਕੌਰ ਨੂੰ ਅੱਵਲ ਰਹਿਣ 'ਤੇ 3100/- ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਵਿਦਿਆਰਥਣਾਂ ਦੀ ਇਸ ਪ੍ਰਾਪਤੀ ਨੂੰ ਸਰਾਹੁੰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸਰਦਾਰ ਰਵਿੰਦਰ ਸਿੰਘ ਚੱਕ ਨੇ ਵੀ ਵਿਦਿਆਰਥਣਾਂ ਨੂੰ ਨਕਦ ਰਾਸ਼ੀ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ 'ਤੇ ਧਰਮ ਅਧਿਐਨ ਸੈੱਲ ਦੇ ਇੰਚਾਰਜ ਡਾ. ਮਨਿੰਦਰਜੀਤ ਕੌਰ, ਡਾ. ਸੁਖਵਿੰਦਰ ਕੌਰ ਤੇ ਵਿਦਿਆਰਥਣਾਂ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟਰੇਟ ਨੇ ਪਿੰਡ ਮੀਰਪੁਰ ਵਿਖੇ ਸਥਿਤ ਗੈਸ ਸਟੇਸ਼ਨ ਨੂੰ ਫੋਟੋਗ੍ਰਾਫੀ ਲਈ ਵਰਜਿਤ ਏਰੀਆ ਐਲਾਨਿਆ

ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਮੈਜਿਸਟਰੇਟ, ਫਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੈਸ ਸਟੇਸ਼ਨ ਪਿੰਡ ਮੀਰਪੁਰ, ਤਹਿਸੀਲ ਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੂੰ ਫੋਟੋਗ੍ਰਾਫੀ ਲਈ ਵਰਜਿਤ ਸਥਾਨ ਘੋਸ਼ਿਤ ਕੀਤਾ ਹੈ। ਸੀਨੀਅਰ ਮੈਨੇਜਰ, ਗੇਲ ਇੰਡੀਆ ਲਿਮ:, ਗੇਲ ਭਵਨ, 16 ਬਿਕਾਜੀ ਕਾਮਾ ਪਲੇਸ ਨਵੀਂ ਦਿੱਲੀ ਦੇ ਬਿਨੈ ਪੱਤਰ ਨੂੰ ਮੁੱਖ ਰੱਖਦੇ ਹੋਏ ਪਿੰਡ ਮੀਰਪੁਰ ਵਿਖੇ ਸਥਾਪਿਤ ਗੈਸ ਸਟੇਸ਼ਨ ਦੀ ਸੁਰੱਖਿਆ ਨੂੰ ਵੇਖਦੇ ਹੋਏ ਪਿੰਡ ਮੀਰਪੁਰ ਦੇ ਗੈਸ ਸਟੇਸ਼ਨ ਨੂੰ ਫੋਟੋਗ੍ਰਾਫੀ ਲਈ ਵਰਜਿਤ ਸਥਾਨ ਐਲਾਨਿਆ ਗਿਆ ਹੈ। ਮਨਾਹੀ ਦੇ ਇਹ ਹੁਕਮ 16 ਜੂਨ, 2025 ਤੱਕ ਲਾਗੂ ਰਹਿਣਗੇ।



# ਕਾਮਰੇਡ ਸੋਹਣ ਸਿੰਘ ਬੰਗਾ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਸ੍ਰੀ ਅਨੰਦਪੁਰ ਸਾਹਿਬ, 28 ਅਪ੍ਰੈਲ (ਤਰਲੋਚਨ ਸਿੰਘ): ਸੀ.ਪੀ.ਆਈ ਦੇ ਜ਼ਿਲ੍ਹਾ ਐਗਜੈਕਟਿਵ ਦੇ ਮੈਂਬਰ ਕਾਮਰੇਡ ਸੋਹਣ ਸਿੰਘ ਬੰਗਾ 86 ਵਾਸੀ ਸ੍ਰੀ ਆਨੰਦਪੁਰ ਸਾਹਿਬ ਬੀਤੀ ਦਿਨੀਂ ਇੱਕ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਸਮੁੱਚਾ ਜੀਵਨ ਕਮਿਊਨਿਸਟ ਲਹਿਰ ਦੇ ਲੇਖੇ ਲੱਗ ਗਿਆ ਹੈ। ਉਹਨਾਂ ਨੇ ਹਰ ਪਾਰਟੀ ਦੇ ਸੰਘਰਸ਼ ਵਿੱਚ ਮੋਹਰੀ ਰੋਲ ਅਦਾ ਕੀਤਾ ਤੇ ਹਰ ਜਬਰ ਜ਼ੁਲਮ ਦਾ ਮੁਕਾਬਲਾ ਕਰਦੇ ਰਹੇ। ਕਿਸਾਨੀ ਅੰਦੋਲਨ ਵਿੱਚ ਉਹਨਾਂ ਦਾ ਵੱਡਾ ਯੋਗਦਾਨ ਰਿਹਾ। ਇਲਾਕੇ ਅੰਦਰ ਕੋਈ ਵੀ ਘੋਲ ਚੱਲਿਆ ਬੰਗਾ ਨੇ ਵੱਡਾ ਰੋਲ ਅਦਾ ਕੀਤਾ। ਉਹ ਦੇਸ਼ ਭਗਤ ਯਾਦਗਾਰ ਟਰੱਸਟ ਦੇ ਸਕੱਤਰ ਸਨ।



ਉਹਨਾਂ ਦੀ ਮੌਤ 'ਤੇ ਕਾਮਰੇਡ ਦਵਿੰਦਰ ਨੰਗਲੀ, ਸੁਖਵੀਰ ਸਿੰਘ ਸੁੱਖਾ, ਹਰੀ ਚੰਦ ਗੋਹਲਣੀ, ਸੁਸ਼ੀਲ ਕੁਮਾਰ, ਗੁਲਜਾਰ ਸਿੰਘ, ਮਹਿੰਗਾ ਰਾਮ ਐਮਏ, ਨਰਿੰਦਰ ਸਿੰਘ ਸੈਣੀ, ਰਾਮ ਪਾਲ ਤਾਰਾਪੁਰ, ਸੀਪੀਆਈਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਮਨਜਿੰਦਰ ਸਿੰਘ ਬਰਾੜ, ਅਕਾਲੀ ਆਗੂ ਸੰਦੀਪ ਸਿੰਘ ਕਲੋਤਾ, ਹਕੀਮ ਹਰਮਿੰਦਰ ਪਾਲ ਮਿਨਹਾਸ, ਜੈਮਲ ਸਿੰਘ ਭੜੀ, ਡਾਕਟਰ ਰਵਿੰਦਰ ਨਾਥ, ਰਾਮ ਕ੍ਰਿਸ਼ਨ ਦਬਖੇੜਾ, ਅਮਰਜੀਤ ਸਿੰਘ ਹੋਲਗੜ੍ਹ, ਬਿਕਰ ਸਿੰਘ ਗਿੱਲ ਮੋਠਾਪੁਰ, ਪ੍ਰੇਮ ਚੰਦ ਜੱਟਪੁਰ, ਗੀਤਾ ਰਾਮ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹ ਆਪਣੇ ਪਿੱਛੇ ਵੱਡਾ ਹੱਸਦਾ ਵੱਸਦਾ ਪਰਿਵਾਰ ਛੱਡ ਗਏ। ਉਹਨਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 4 ਮਈ ਨੂੰ ਗੁਰਦੁਆਰਾ ਸਾਹਿਬ ਸ੍ਰੀ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ।

# ਸਰਕਾਰੀ ਹਾਈ ਸਕੂਲ ਨੂਰਪੁਰਾ ਦੇ ਵਿਦਿਆਰਥੀਆਂ ਲਈ ਐੱਨ. ਆਰ. ਆਈ. ਵੱਲੋਂ ਏ.ਸੀ. ਦਾਨ




ਅਮਲੋਹ, 28 ਅਪ੍ਰੈਲ (ਜਸਵੰਤ ਸਿੰਘ): ਸਰਕਾਰੀ ਹਾਈ ਸਕੂਲ ਨੂਰਪੁਰਾ ਦੀ ਮੁੱਖ-ਅਧਿਆਪਕਾ ਤਲਵੀਰ ਕੌਰ, ਸਰਪੰਚ ਚਰਨਜੀਤ ਸਿੰਘ ਤੇ ਕੰਪਿਊਟਰ ਫ਼ੈਕਲਟੀ ਗੁਰਪ੍ਰੀਤ ਸਿੰਘ ਵੱਲੋਂ ਸਕੂਲ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਐਨਆਰਆਈ ਮੇਹਰਮਾਨ ਸਿੰਘ (ਇੰਗਲੈਂਡ) ਨੇ ਸਕੂਲ ਦੇ ਵਿਦਿਆਰਥੀਆਂ ਨੂੰ ਏਸੀ ਦਾਨ ਵੱਜੋਂ ਦਿੱਤਾ। ਉਨ੍ਹਾਂ ਭਵਿੱਖ ਵਿਚ ਵੀ ਸਕੂਲ ਨੂੰ ਸਹਿਯੋਗ ਦਾ ਭਰੋਸਾ ਦਿੱਤਾ। ਸਰਪੰਚ ਚਰਨਜੀਤ ਸਿੰਘ ਨੇ ਦੱਸਿਆ ਕਿ ਸਕੂਲ ਦੇ ਨਾਲ ਬਹੁਤ ਵਧੀਆ ਗਰਾਊਂਡ ਤਿਆਰ ਕੀਤਾ ਗਿਆ ਹੈ ਤੇ ਸਕੂਲ ਦੇ ਸਰਵਪੱਖੀ ਵਿਕਾਸ ਵਿੱਚ ਪੰਚਾਇਤ ਵੱਲੋਂ ਹਰ ਪੱਖੋਂ ਸਾਥ ਦਿੱਤਾ ਜਾਵੇਗਾ। ਇਸ ਮੌਕੇ ਪੰਚ ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਮੀਤ ਕੌਰ, ਹਰਦੇਵ ਸਿੰਘ ਗਰੇਵਾਲ, ਨਰਿੰਦਰ ਸਿੰਘ ਵਾਲੀਆ, ਅਨੀਤਾ ਬਾਂਸਲ, ਕਿਰਨ ਬਾਲਾ, ਹਰਜਿੰਦਰ ਕੌਰ, ਮਨਜਿੰਦਰ ਕੌਰ, ਸਿਮਰਨਜੀਤ ਕੌਰ, ਹਰਵਿੰਦਰ ਸਿੰਘ, ਤਰਸੇਮ ਸਿੰਘ, ਗੁਰਵਿੰਦਰ ਸਿੰਘ ਤੇ ਕੇਵਲ ਕ੍ਰਿਸ਼ਨ ਆਦਿ ਹਾਜ਼ਰ ਸਨ।

# ਰਿਮਟ ਯੂਨੀਵਰਸਿਟੀ ਲਿਮਕਾ ਬੁੱਕ ਆਫ਼ ਰਿਕਾਰਡਜ਼ 'ਚ ਚਮਕੀ



ਮੰਡੀ ਗੋਬਿੰਦਗੜ੍ਹ, 28 ਅਪ੍ਰੈਲ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਪਕੌੜਿਆਂ ਦੀਆਂ 225 ਕਿਸਮਾਂ ਤਿਆਰ ਕਰਨ ਲਈ ਵੱਕਾਰੀ ਲਿਮਕਾ ਬੁੱਕ ਆਫ਼ ਰਿਕਾਰਡਜ਼ ਵਿੱਚ ਸਥਾਨ ਪ੍ਰਾਪਤ ਕਰਕੇ ਆਪਣੀ ਮੋਢੇ ਉਪਰ ਵਿੱਚ ਇੱਕ ਹੋਰ ਖੰਭ ਜੋੜਿਆ ਹੈ। ਇਹ ਰਸੋਈ ਪ੍ਰਾਪਤੀ ਉਨ੍ਹਾਂ ਭਾਗੀਦਾਰਾਂ ਦੀ ਇੱਕ ਸਮਰਪਿਤ ਟੀਮ ਦੁਆਰਾ ਪ੍ਰਾਪਤ ਕੀਤੀ ਗਈ, ਜਿਨ੍ਹਾਂ ਨੇ ਯੂਨੀਵਰਸਿਟੀ ਦੇ ਅਹਾਤੇ ਵਿੱਚ ਸਵੇਰੇ 11:03 ਵਜੇ ਤੋਂ ਦੁਪਹਿਰ 12:13 ਵਜੇ ਤੱਕ ਸਿਰਫ਼ 70 ਮਿੰਟਾਂ ਵਿਚ ਸਾਰੇ ਪਕੌੜੇ ਤਿਆਰ ਕੀਤੇ। ਇਹ ਸ਼ਾਨਦਾਰ ਪ੍ਰਾਪਤੀ ਵਿਦਿਆਰਥੀਆਂ ਤੇ ਫੈਕਲਟੀ ਦੀ ਸਿਰਜਣਾਤਮਕਤਾ, ਟੀਮ ਵਰਕ ਅਤੇ ਸੱਭਿਆਚਾਰਕ ਜੀਵੰਤਤਾ ਦਾ ਪ੍ਰਮਾਣ ਹੈ। ਇਹ ਰਿਮਟ ਯੂਨੀਵਰਸਿਟੀ ਦੀ ਭਾਰਤ ਦੀ ਅਮੀਰ ਰਸੋਈ ਵਿਰਾਸਤ ਦਾ ਜਸ਼ਨ ਮਨਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਨਾਲ ਹੀ ਨਵੀਨਤਾ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸੰਸਥਾ ਦੀ ਸੰਪੂਰਨ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿੱਥੇ ਪ੍ਰਤਿਭਾ ਨੂੰ ਸਿਰਫ਼ ਕਲਾਸਰੂਮਾਂ ਵਿੱਚ ਹੀ ਨਹੀਂ ਸਗੋਂ ਵਿਹਾਰਕ, ਅਨੁਭਵੀ ਗਤੀਵਿਧੀਆਂ ਰਾਹੀਂ ਵੀ ਨਿਖਾਰਿਆ ਜਾਂਦਾ ਹੈ, ਜੋ ਸਹਿਯੋਗ ਨੂੰ ਉਤਸ਼ਾਹਿਤ ਕਰਦੀਆਂ ਹਨ। ਰਿਮਟ ਯੂਨੀਵਰਸਿਟੀ ਸੀਮਾਵਾਂ ਨੂੰ ਪਾਰ ਕਰਕੇ ਤੇ ਸਾਰੇ ਰੂਪਾਂ ਵਿੱਚ ਉੱਤਮਤਾ ਨੂੰ ਅਪਣਾ ਕੇ ਪ੍ਰੇਰਿਤ ਕਰਨਾ ਜਾਰੀ ਰੱਖਦੀ ਹੈ। ਇਹ ਸ਼ਾਨਦਾਰ ਮੀਲ ਪੱਥਰ ਸਿਰਫ਼ ਯੂਨੀਵਰਸਿਟੀ ਲਈ ਇੱਕ ਜਿੱਤ ਨਹੀਂ ਹੈ ਸਗੋਂ ਹਰ ਉਸ ਵਿਅਕਤੀ ਲਈ ਇੱਕ ਮਾਣ ਵਾਲਾ ਪਲ ਹੈ ਜੋ ਜਨੂੰਨ ਤੇ ਲਗਨ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਹੈ।

# ਗੁਰਦੁਆਰਾ ਸੀਸ ਮਹਿਲ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਸ੍ਰੀ ਕੀਰਤਪੁਰ ਸਾਹਿਬ, 28 ਅਪ੍ਰੈਲ (ਬੀ.ਐੱਸ. ਰਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਲਾਕੇ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਇਤਿਹਾਸਕ ਗੁਰਦੁਆਰਾ ਸੀਸ ਮਹਿਲ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਵਿਖੇ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਪਿਛਲੇ ਦਿਨ ਤੋਂ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਦੇ ਭੋਗ ਪਾਏ ਗਏ, ਉਪਰੰਤ ਧਾਰਮਿਕ ਦੀਵਾਨ ਸਜਾਇਆ ਗਿਆ, ਜਿਸ ਵਿਚ ਭਾਈ ਤਰਲੋਚਨ ਸਿੰਘ ਹਜ਼ੂਰੀ ਰਾਗੀ ਗੁ.ਪਤਾਲਪੁਰੀ ਸਾਹਿਬ, ਭਾਈ ਹਰਭਜਨ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਪਤਾਲਪੁਰੀ ਸਾਹਿਬ ਵੱਲੋਂ ਆਈਆਂ ਸੰਗਤਾਂ ਨੂੰ ਰਸਮਈ ਕੀਰਤਨ ਦੇ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਸਿੱਖ ਮਿਸ਼ਨਰੀ ਕਾਲਜ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਗਿਆਨੀ ਚਰਨਜੀਤ ਸਿੰਘ ਵੱਲੋਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਇਤਿਹਾਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਤੇ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ। ਇਸ ਸਮਾਗਮ ਦੀ ਸਮਾਪਤੀ 'ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹਾਜ਼ਰ ਸੰਗਤ ਵਿਚ ਭਾਈ ਸੰਦੀਪ ਸਿੰਘ ਕਲੋਤਾ ਮੈਨੇਜਰ ਗੁਰਦੁਆਰਾ ਪਤਾਲਪੁਰੀ ਸਾਹਿਬ, ਭਾਈ ਜਰਨੈਲ ਸਿੰਘ ਗੁੰਬੀ ਗੁਰਦੁਆਰਾ ਸੀਸ ਮਹਿਲ ਸਾਹਿਬ, ਸੁਖਦੇਵ ਸਿੰਘ ਰਾਣਾ, ਭਾਈ ਅੰਮ੍ਰਿਤਪਾਲ ਸਿੰਘ, ਭਾਈ ਭੁਪਿੰਦਰ ਸਿੰਘ ਇੰਚਾਰਜ ਰਾਗੀ, ਭਾਈ ਨਰਾਇਣ ਸਿੰਘ ਗੁੰਬੀ ਗੁਰਦੁਆਰਾ ਹਰਿਮੰਦਰ ਸਾਹਿਬ, ਠੇਕੇਦਾਰ ਜਗਬੀਰ ਸਿੰਘ, ਬੀਬੀ ਪਰਮਜੀਤ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ ਕੀਰਤਪੁਰ ਸਾਹਿਬ, ਬੀਬੀ ਗੁਰਜੀਤ ਕੌਰ, ਗਗਨ ਭਾਰਜ, ਹਾਕਮ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਵਿਧਾਇਕ ਰੰਧਾਵਾ ਨੇ ਚਾਰ ਸਾਲਾਂ ਤੋਂ ਡਿਊਟੀ 'ਚ ਕੁਤਾਹੀ ਕਰਨ ਵਾਲੇ ਅਧਿਆਪਕ ਦੀ ਲਗਾਈ ਕਲਾਸ

ਡੇਰਾ ਬਾਬਾ ਨਾਨਕ, 28 ਅਪ੍ਰੈਲ (ਹੈਪੀ ਕੋਟਲੀ): ਇੱਕ ਪਾਸੇ ਜਿੱਥੇ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਸਿੱਖਿਆ ਕ੍ਰਾਂਤੀ ਤਹਿਤ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਸਰਕਾਰੀ ਸਕੂਲ ਦਾ ਮੁੱਢਲਾ ਢਾਂਚਾ ਠੀਕ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਥੇ ਹੀ ਅੱਜ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਦੇ ਪਿੰਡ ਸਾਧਾਂਵਾਲੀ ਸਰਕਾਰੀ ਐਲੀਮੈਂਟਰੀ ਸਕੂਲ 'ਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਪਹੁੰਚੇ ਸਨ। ਇਸ ਮੌਕੇ ਪਿੰਡ ਸਾਧਾਂਵਾਲੀ ਵਾਸੀਆਂ ਦੇ ਕਹਿਣ ਮੁਤਾਬਿਕ ਸਰਕਾਰੀ ਐਲੀਮੈਂਟਰੀ ਸਕੂਲ 'ਚ ਜਿਸ ਅਧਿਆਪਕ ਦੀ ਡਿਊਟੀ ਹੈ, ਉਹ ਕਰੀਬ ਚਾਰ ਸਾਲਾਂ ਤੋਂ ਸਕੂਲ ਨਹੀਂ ਆ ਰਿਹਾ, ਆਪਣੇ ਸੰਬੋਧਨ ਦੌਰਾਨ ਵਿਧਾਇਕ ਰੰਧਾਵਾ ਨੇ ਕਿਹਾ ਕਿ ਪਿੰਡ ਵਾਸੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਅਧਿਆਪਕ ਵੱਲੋਂ ਚਾਰ ਸਾਲਾਂ ਆਪਣੀ ਡਿਊਟੀ 'ਚ ਕੁਤਾਹੀ ਕਰਨ ਦੇ ਨਾਲ-ਨਾਲ ਕੋਈ ਸਮੇਂ ਤੋਂ ਬੱਚਿਆਂ ਨੂੰ ਪੜ੍ਹਾਉਣ ਲਈ ਚਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ 'ਤੇ ਰੱਖੀ ਹੋਈ ਲੜਕੀ ਤੇ ਸਕੂਲ ਦੇ ਵਿਦਿਆਰਥੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਅਜਿਹੇ ਲਾਪ੍ਰਵਾਹੀ ਕਰਨ ਵਾਲੇ ਅਧਿਆਪਕ 'ਤੇ ਬਣਦੀ ਕਾਰਵਾਈ ਕਰਨ ਦੀ ਗੱਲ ਆਖੀ। ਉਧਰ ਇਸ ਮਾਮਲੇ ਨੂੰ ਲੈ ਕੇ ਜਦੋਂ ਪ੍ਰਾਇਮਰੀ ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਇਹ ਮਾਮਲਾ ਪਹਿਲਾਂ ਹੀ ਉਨ੍ਹਾਂ ਦੇ ਧਿਆਨ ਵਿਚ ਹੈ। ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਵੱਲੋਂ ਇਕ ਟੀਮ ਦਾ ਗਠਨ ਕੀਤਾ ਗਿਆ ਹੈ, ਜੋ ਵੀ ਤੱਥ ਸਾਹਮਣੇ ਆਉਣਗੇ ਉਸ ਮੁਤਾਬਿਕ ਇਸ ਅਧਿਆਪਕ 'ਤੇ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਮਹਿੰਦਰਾ ਕੰਪਨੀ ਦੀਆਂ ਗੱਡੀਆਂ ਲੈ ਕੇ ਪੂਨੇ ਤੋਂ ਮੰਡੀ ਜਾ ਰਿਹਾ ਕੰਟੇਨਰ ਹੋਇਆ ਹਾਦਸਾ ਗ੍ਰਸਤ



ਸ੍ਰੀ ਕੀਰਤਪੁਰ ਸਾਹਿਬ, 28 ਅਪ੍ਰੈਲ (ਬੀ.ਐੱਸ. ਰਾਣਾ): ਅੱਜ ਸਵੇਰੇ ਕਰੀਬ 5 ਵਜੇ ਕੌਮੀ ਮਾਰਗ ਨੰਬਰ 21 (205) ਰੂਪਨਗਰ-ਸ੍ਰੀ ਕੀਰਤਪੁਰ ਸਾਹਿਬ 'ਤੇ ਸਥਿਤ ਪਿੰਡ ਕਲਿਆਣਪੁਰ ਨੇੜੇ ਲੋਹੰਡ ਪੁਲ 'ਤੇ ਇੱਕ ਤੇਜ਼ ਰਫ਼ਤਾਰ ਕੰਟੇਨਰ ਹਾਦਸਾਗ੍ਰਸਤ ਹੋ ਗਿਆ। ਕੰਟੇਨਰ ਲੋਹੰਡ ਖੱਡ ਦਰਿਆ 'ਤੇ ਬਣੇ ਦੋਹਾਂ ਪੁਲਾਂ ਦੇ ਵਿਚਕਾਰ ਫਸ ਗਿਆ ਤੇ ਕੰਟੇਨਰ ਦਾ ਕੈਬਿਨ ਹਵਾ ਵਿੱਚ ਲਟਕ ਗਿਆ। ਇਸ ਹਾਦਸੇ ਵਿੱਚ ਕੰਟੇਨਰ ਚਾਲਕ ਦਾ ਵਾਲ-ਵਾਲ ਬਚਾਅ ਹੋ ਗਿਆ ਤੇ ਉਸ ਨੂੰ ਸਿਰਫ਼ ਮਾਮੂਲੀ ਸੱਟਾਂ ਲੱਗੀਆਂ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਤੋਂ ਇਸ ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ. ਰਾਮ ਕੁਮਾਰ ਨੇ ਦੱਸਿਆ ਕਿ ਕੰਟੇਨਰ ਨੰਬਰ ਪੀ.ਬੀ. 13 ਬੀ.ਬੀ. 5126, ਜਿਸ ਨੂੰ ਚਾਲਕ ਸਤੀਸ਼ ਕੁਮਾਰ ਵਾਸੀ ਪੂਨੇ (ਮਹਾਰਾਸ਼ਟਰ) ਚਲਾ ਰਿਹਾ ਸੀ, ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੀਆਂ ਗੱਡੀਆਂ ਲੋਡ ਕਰਕੇ ਪੂਨੇ ਤੋਂ ਮੰਡੀ (ਹਿਮਾਚਲ ਪ੍ਰਦੇਸ਼) ਵੱਲ ਜਾ ਰਿਹਾ ਸੀ। ਜਦੋਂ ਕੰਟੇਨਰ ਪਿੰਡ ਕਲਿਆਣਪੁਰ ਨੇੜੇ ਲੋਹੰਡ ਪੁਲ 'ਤੇ ਪਹੁੰਚਿਆ ਤਾਂ ਅਚਾਨਕ ਬੇਕਾਬੂ ਹੋ ਗਿਆ ਤੇ ਸੜਕ ਦੇ ਵਿਚਕਾਰ ਬਣੇ ਡਿਵਾਈਡਰ 'ਤੇ ਚੜ੍ਹ ਗਿਆ। ਫਿਰ ਪੁਲ ਦੀ ਰੇਲਿੰਗ ਨੂੰ ਤੋੜਦਿਆਂ ਦੋਹਾਂ ਪੁਲਾਂ ਦੇ ਵਿਚਕਾਰ ਫਸ ਗਿਆ। ਇਸ ਹਾਦਸੇ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਹਾਲਾਂਕਿ ਕੰਟੇਨਰ ਤੇ ਇਸ ਵਿੱਚ ਲੋਡ ਕੀਤੀਆਂ ਗੱਡੀਆਂ ਦਾ ਕਾਫੀ ਨੁਕਸਾਨ ਹੋਇਆ ਹੈ। ਹਾਦਸੇ ਤੋਂ ਬਾਅਦ ਕੰਟੇਨਰ ਚਾਲਕ ਸਤੀਸ਼ ਕੁਮਾਰ ਸੁਰੱਖਿਅਤ ਤਰੀਕੇ ਨਾਲ ਕੰਟੇਨਰ ਦੇ ਕੈਬਿਨ ਤੋਂ ਬਾਹਰ ਆ ਗਿਆ। ਕੰਟੇਨਰ ਚਾਲਕ ਨੂੰ ਮੌਕੇ 'ਤੇ ਹੀ ਫਸਟਏਡ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਇਹ ਹਾਦਸਾ ਚਾਲਕ ਨੂੰ ਅਚਾਨਕ ਨੀਂਦ ਆਉਣ ਕਾਰਨ ਵਾਪਰਿਆ। ਜਾਂਚ ਅਧਿਕਾਰੀ ਏ.ਐੱਸ.ਆਈ. ਰਾਮ ਕੁਮਾਰ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਣ 'ਤੇ ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਹਾਈਡਰੇ ਦੀ ਮਦਦ ਨਾਲ ਹਾਦਸਾਗ੍ਰਸਤ ਕੰਟੇਨਰ ਨੂੰ ਹਟਾ ਕੇ ਆਵਾਜਾਈ ਬਹਾਲ ਕਰਵਾਈ ਗਈ।

# ਅੱਤਵਾਦੀ ਹਮਲੇ ਦੇ ਵਿਰੋਧ 'ਚ ਅੱਡਾ ਝੁੰਗੀਆਂ ਵਿਖੇ ਨਿਮਿਸ਼ਾ ਮਹਿਤਾ ਨੇ ਕੀਤਾ ਕੈਂਡਲ ਮਾਰਚ



ਗੜ੍ਹਸ਼ੰਕਰ, 28 ਅਪ੍ਰੈਲ (ਅਜਮੇਰ ਸਿੰਘ ਭਰੋਟ): ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਅੱਜ ਗੜ੍ਹਸ਼ੰਕਰ ਦੇ ਕਸਬਾ ਝੁੰਗੀਆਂ ਦੇ ਅੱਡੇ ਦੇ ਵਿੱਚ ਨਿਮਿਸ਼ਾ ਮਹਿਤਾ ਹਲਕਾ ਇੰਚਾਰਜ ਬੀਜੇਪੀ ਦੀ ਅਗਵਾਈ ਦੇ ਵਿੱਚ ਕੈਂਡਲ ਮਾਰਚ ਕੱਢਿਆ ਗਿਆ। ਇਹ ਕੈਂਡਲ ਮਾਰਚ ਝੁੰਗੀਆਂ ਅੱਡੇ ਦੀ ਮਾਰਕੀਟ ਵਿੱਚ ਕੱਢਿਆ ਗਿਆ। ਇਸ ਮੌਕੇ ਬੀਜੇਪੀ ਦੇ ਵਰਕਰਾਂ ਵੱਲੋਂ ਹੱਥਾਂ ਵਿੱਚ ਮੋਮਬੱਤੀਆਂ ਫੜ੍ਹ ਕੇ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਨਿਮਿਸ਼ਾ ਮਹਿਤਾ ਬੀਜੇਪੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਵਿੱਚ ਸੈਲਾਨੀਆਂ ਦੇ ਉੱਪਰ ਜੋ ਕਾਇਰਤਾ ਹਮਲਾ ਕੀਤਾ ਹੈ, ਉਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਬੀਜੇਪੀ ਸਰਕਾਰ ਦੇ ਉੱਪਰ ਪੂਰਾ ਭਰੋਸਾ ਹੈ ਕਿ ਉਹ ਅੱਤਵਾਦ ਦੇ ਖ਼ਾਤਮੇ ਲਈ ਵੱਡਾ ਕਦਮ ਚੁੱਕਣਗੇ। ਨਿਮਿਸ਼ਾ ਮਹਿਤਾ ਨੇ ਦੋਸ਼ ਲਗਾਇਆ ਕਿ ਹਲਕਾ ਗੜ੍ਹਸ਼ੰਕਰ ਦੇ ਵਿੱਚ ਪਿਛਲੇ 3 ਦਿਨਾਂ ਤੋਂ ਪਹਿਲਗਾਮ ਦੀ ਘਟਨਾ ਦੇ ਰੋਸ ਵਜੋਂ ਲੋਕਾਂ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਆਪਣੇ ਆਪਣੇ ਪ੍ਰੋਗਰਾਮਾਂ ਦੇ ਉੱਪਰ ਰੋਕ ਲਗਾਈ ਹੋਈ ਹੈ, ਉੱਥੇ ਹੀ ਹਲਕੇ ਦੇ ਵਿਧਾਇਕ ਵੱਲੋਂ ਘਟਨਾ ਦੇ ਪ੍ਰਤੀ ਰੋਸ ਜ਼ਾਹਿਰ ਕਰਨ ਦੀ ਵਜਾਏ ਸਕੂਲਾਂ ਦੇ ਵਿੱਚ ਸਿੱਖਿਆ ਕ੍ਰਾਂਤੀ ਦੇ ਉਦਘਾਟਨ ਕੀਤੇ ਜਾ ਰਹੇ ਹਨ, ਜਿਹੜਾ ਕਿ ਗਲਤ ਹੈ।

# ਪੰਜਾਬ ਦੇ ਸਰਕਾਰੀ ਸਕੂਲ ਮਾਪਿਆਂ ਦੀ ਬਣੇ ਪਹਿਲੀ ਪਸੰਦ : ਵਿਧਾਇਕ ਰੰਧਾਵਾ



ਡੇਰਾ ਬਾਬਾ ਨਾਨਕ, 28 ਅਪ੍ਰੈਲ (ਹੈਪੀ ਕੋਟਲੀ): ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ 'ਚ ਹੋਏ ਕ੍ਰਾਂਤੀਕਾਰੀ ਬਦਲਾਅ ਸਦਕਾ ਹੁਣ ਸਰਕਾਰੀ ਸਕੂਲ ਮਾਪਿਆਂ ਦੀ ਪਹਿਲੀ ਪਸੰਦ ਬਣ ਗਏ ਹਨ, ਜਿਸ ਦੀ ਮਿਸਾਲ ਪਿਛਲੇ ਸਾਲਾਂ ਤੋਂ ਲਗਾਤਾਰ ਦਾਖ਼ਲਿਆਂ 'ਚ ਹੋ ਰਿਹਾ ਵਾਧਾ ਹੈ। ਇਹ ਪ੍ਰਗਟਾਵਾ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਦਲ ਪਤ ਰਾਏ, ਸਰਕਾਰੀ ਪ੍ਰਾਇਮਰੀ ਸਕੂਲ ਸਾਧਾਂਵਾਲੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਰੁਡਿਆਣਾ 'ਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਕੀਤਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੰਗਾਪੁਰ ਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਟ੍ਰੇਨਿੰਗ ਲੈ ਰਹੇ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਸਿੱਖਿਅਤ ਕੀਤਾ ਜਾ ਸਕੇ ਤੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਵਿਦੇਸ਼ੀ ਅਦਾਰਿਆਂ ਦੇ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਦੇਖ ਕੇ ਵਿਦਿਆਰਥੀ ਆਪਣੇ ਭਵਿੱਖ ਦੇ ਟੀਚੇ ਨਿਰਧਾਰਿਤ ਕਰ ਸਕਣ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ ਹੁਣ ਸਕੂਲ ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਪਹਿਲੇ ਦਿਨ ਤੋਂ ਇਹ ਵਿਸ਼ਵਾਸ ਹੈ ਕਿ ਸਿੱਖਿਆ ਨਾਲ ਹੀ ਵਿਕਸਿਤ ਸਮਾਜ ਬਣਾਇਆ ਜਾ ਸਕਦਾ ਹੈ ਤੇ ਇਸ 'ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਆਪਣੇ ਟੀਚੇ ਨਿਰਧਾਰਿਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਟੀਚਾ ਨਿਰਧਾਰਿਤ ਕਰਨ ਤੋਂ ਬਾਅਦ ਵਿਦਿਆਰਥੀ ਉਸ ਨੂੰ ਪ੍ਰਾਪਤ ਕਰਨ ਲਈ ਵਧੇਰੇ ਮਿਹਨਤ ਕਰਨ। ਉਨ੍ਹਾਂ ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਵੱਲੋਂ ਨਿਰਧਾਰਿਤ ਟੀਚਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੇ ਰਾਹ ਦਸੇਰੇ ਬਣਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਤੇ ਸਰਕਾਰੀ ਸਕੂਲਾਂ ਦੇ ਰੱਖ-ਰਖਾਅ 'ਤੇ ਸੂਬਾ ਸਰਕਾਰ ਵੱਲੋਂ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।

# ਕੈਬਨਿਟ ਮੰਤਰੀ ਈ.ਟੀ.ਓ. ਨੇ ਜੰਡਿਆਲਾ ਹਲਕੇ ਦੇ ਪਿੰਡਾਂ 'ਚ 80 ਲੱਖ ਰੁਪਏ ਤੋਂ ਵੱਧ ਦੇ ਕੰਮ ਕੀਤੇ ਬੱਚਿਆਂ ਨੂੰ ਸਮਰਪਿਤ



ਚੌਂਕ ਮਹਿਤਾ, 28 ਅਪ੍ਰੈਲ (ਬਲਜਿੰਦਰ ਸਿੰਘ ਰੰਧਾਵਾ): ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਆਪਣੇ ਹਲਕੇ ਜੰਡਿਆਲਾ ਗੁਰੂ ਵਿੱਚ ਵਿਕਾਸ ਕੰਮਾਂ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੇ ਹੋਏ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ 7 ਸਕੂਲਾਂ ਵਿੱਚ 80 ਲੱਖ ਰੁਪਏ ਤੋਂ ਵੱਧ ਦੇ ਕੰਮ ਬੱਚਿਆਂ ਨੂੰ ਸਮਰਪਿਤ ਕੀਤੇ। ਉਨ੍ਹਾਂ ਨੇ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਦਬੁਰਜੀ, ਸਰਕਾਰੀ ਐਲੀਮੈਂਟਰੀ ਸਕੂਲ ਚੁੰਗ, ਸਰਕਾਰੀ ਮਿਡਲ ਸਕੂਲ ਚੁੰਗ, ਸਰਕਾਰੀ ਐਲੀਮੈਂਟਰੀ ਸਕੂਲ ਸੇਦੋਕੇ, ਸਰਕਾਰੀ ਐਲੀਮੈਂਟਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਐਲੀਮੈਂਟਰੀ ਸਕੂਲ ਮਹਿਤਾ ਚੌਂਕ ਤੇ ਸਰਕਾਰੀ ਮਿਡਲ ਸਕੂਲ ਮਹਿਤਾ ਚੌਂਕ ਵਿਖੇ ਨਵੇਂ ਕਲਾਸ ਰੂਮ, ਸਕੂਲ ਦੀਆਂ ਚਾਰਦਵਾਰੀਆਂ ਤੇ ਹੋਰ ਨਵੇਂ ਹੋਏ ਕੰਮ ਬੱਚਿਆਂ ਨੂੰ ਸੌਂਪੇ। ਇਸ ਮੌਕੇ ਹੋਏ ਬੱਚਿਆਂ ਤੇ ਪਿੰਡ ਦੇ ਪਤਵੰਤਿਆਂ ਦੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੜ੍ਹਾਈ ਆਦਮੀ ਦੀ ਤਰੱਕੀ ਵਿੱਚ ਕਿੰਨਾ ਵੱਡਾ ਯੋਗਦਾਨ ਪਾ ਸਕਦੀ ਹੈ, ਇਹ ਮੇਰੇ ਵਰਗੇ ਆਦਮੀ ਤੋਂ ਪੁੱਛਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਮੈਂ ਜਿਸ ਵੀ ਰੁਤਬੇ ਉੱਤੇ ਹਾਂ, ਇਹ ਪੜ੍ਹਾਈ ਦੀ ਬਦੌਲਤ ਹੈ। ਸਰਪੰਚ ਲਖਵਿੰਦਰ ਸਿੰਘ ਉਸਮਾ ਠੇਕੇਦਾਰ, ਚੇਅਰਮੈਨ ਗੁਰਵਿੰਦਰ ਸਿੰਘ ਖੱਬੇ ਰਾਜਪੂਤਾਂ, ਸਰਪੰਚ ਨਿਸ਼ਾਨ ਸਿੰਘ ਗੋਲਡੀ ਦਬੁਰਜੀ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ ਫੁਹਾਟਵਿੰਡ, ਬਲਾਕ ਪ੍ਰਧਾਨ ਅਜੇ ਗਾਂਧੀ, ਬਲਾਕ ਜਰਮਨ ਉਦੋ ਨੰਗਲ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਬੁੱਟਰ, ਪ੍ਰਧਾਨ ਸੁੱਖ ਰੰਧਾਵਾ, ਜਥੇਦਾਰ ਹਰਜੀਤ ਸਿੰਘ ਖੱਬੇ ਰਾਜਪੂਤਾਂ, ਪ੍ਰਗਟ ਸਿੰਘ ਫੌਜੀ, ਮਾਸਟਰ ਜਤਿੰਦਰ ਸਿੰਘ, ਬਲਜੀਤ ਸਿੰਘ ਚਾਹਲ, ਸਰਪੰਚ ਡਾ. ਅਕਵਿੰਦਰ ਸਿੰਘ ਨਵਾਬਪੁਰ, ਬੂਟਾ ਸਿੰਘ ਜਲਾਲ, ਸਾਬਕਾ ਸਰਪੰਚ ਜੋਗਿੰਦਰ ਸਿੰਘ, ਕੈਪਟਨ ਸਿੰਘ, ਭਗਵੰਤ ਸਿੰਘ, ਰਣਜੀਤ ਸਿੰਘ ਦੀਪਕ (ਤਿੰਨੋ ਮੈਂਬਰ) ਮਾਸਟਰ ਮੁਖਤਿਆਰ, ਬਾਪੂ ਜਗੀਰ ਸਿੰਘ, ਮਨਜੀਤ ਸਿੰਘ, ਬਖਤਾਵਰ ਸਿੰਘ, ਰਵਿੰਦਰ ਸਿੰਘ, ਰਣਧੀਰ ਸਿੰਘ ਰਾਣਾ, ਅੰਮ੍ਰਿਤਪਾਲ ਸਿੰਘ, ਮਨਜੀਤ ਸਿੰਘ, ਇੰਸਪੈਕਟਰ ਬਲਰਾਜ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ, ਸੁਖਬੀਰ ਸਿੰਘ, ਗੁਰਵੇਲ ਸਿੰਘ, ਜਸਕਰਨ ਸਿੰਘ ਮਹਿਤਾ, ਰਾਜਵਿੰਦਰ ਸਿੰਘ ਲਾਡੀ ਸੂਰੋ ਪੱਡਾ, ਬਾਬਾ ਦਇਆ ਸਿੰਘ ਮਹਿਤਾ, ਮਨਪ੍ਰੀਤ ਸਿੰਘ ਬੌਬੀ, ਮਾਸਟਰ ਪ੍ਰਗਟ ਸਿੰਘ ਕਾਲਾ ਆਦਿ ਹਾਜ਼ਰ ਸਨ।

# ਪੰਜਾਬ ਸਿੱਖਿਆ ਕ੍ਰਾਂਤੀ ਨਾਲ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਹੋਈ : ਰਮਨ ਬਹਿਲ




ਗੁਰਦਾਸਪੁਰ, 28 ਅਪ੍ਰੈਲ (ਜਸਵਿੰਦਰ ਸਿੰਘ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਮੀਰਪੁਰ, ਸਰਕਾਰੀ ਪ੍ਰਾਇਮਰੀ ਸਕੂਲ ਲਿੱਤਰਾਂ ਤੇ ਸਰਕਾਰੀ ਪ੍ਰਾਇਮਰੀ ਸਕੂਲ ਭੁਕਰਾ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਇਨ੍ਹਾਂ ਸਕੂਲਾਂ ਵਿੱਚ ਨਵੇਂ ਸਮਾਰਟ ਕਲਾਸ ਰੂਮ ਬਣਾਉਣ ਤੋਂ ਇਲਾਵਾ ਸਕੂਲਾਂ ਦੀ ਚਾਰਦੀਵਾਰੀ ਤੇ ਬੁਨਿਆਦੀ ਢਾਂਚੇ ਦੇ ਹੋਰ ਕੰਮ ਕੀਤੇ ਗਏ ਹਨ। ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸਰਵੋਤਮ ਸੁਵਿਧਾਵਾਂ ਉਪਲਬਧ ਕਰਵਾਉਣ ਤੇ ਸਕੂਲੀ ਸਿੱਖਿਆ ਨੂੰ ਕੌਮਾਂਤਰੀ ਪੱਧਰ ਦਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੱਤਾ ਵਿੱਚ ਆਈ ਸੀ ਤਾਂ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਜਾਣਗੀਆਂ ਤੇ ਅਸੀਂ ਉਸ ਵਾਅਦੇ ਨੂੰ ਅਮਲੀਜਾਮਾ ਪਹਿਨਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਹਾਂ, ਜਿਸ ਤਹਿਤ ਪਿਛਲੇ 3 ਸਾਲਾਂ ਅੰਦਰ ਅਨੇਕਾਂ ਸਿੱਖਿਆ ਪ੍ਰੋਜੈਕਟ ਸਫ਼ਲਤਾ ਨਾਲ ਲਾਗੂ ਕੀਤੇ ਗਏ ਹਨ ਤੇ ਆਉਂਦੇ ਸਾਲਾਂ ਅੰਦਰ ਹੋਰ ਮਿਸਾਲੀ ਕਾਰਜ ਕਰਵਾਏ ਜਾਣਗੇ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ ਵਿਸ਼ਾ ਆਧਾਰਿਤ ਲੈਬ, ਨਵੇਂ ਸਮਾਰਟ ਕਲਾਸ-ਰੂਮ, ਲਾਇਬ੍ਰੇਰੀਆਂ, ਖੇਡ ਮੈਦਾਨ, ਬੈਂਚ ਤੇ ਹੋਰ ਫ਼ਰਨੀਚਰ ਮੁਹੱਈਆ ਕਰਵਾਇਆ ਗਿਆ ਹੈ, ਜਿਸ ਨਾਲ ਸਕੂਲਾਂ ਦੀ ਕਾਇਆ ਕਲਪ ਹੋਈ ਹੈ। ਚੇਅਰਮੈਨ ਬਹਿਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਵੱਧ ਤੋਂ ਵੱਧ ਸਮੇਂ ਨੂੰ ਪੜ੍ਹਾਈ ਵਿੱਚ ਲਗਾਇਆ ਜਾਵੇ ਕਿਉਂਕਿ ਪੜ੍ਹਾਈ ਨਾਲ ਕੋਈ ਵੀ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਚੇਅਰਮੈਨ ਰਮਨ ਬਹਿਲ ਸਮੇਤ ਹੋਰ ਸ਼ਖ਼ਸੀਅਤਾਂ ਨੂੰ ਵੀ ਸਨਮਾਨਤ ਕੀਤਾ ਗਿਆ।

# ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਹਮਲੇ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ : ਯੂਥ ਆਗੂ ਰੰਧਾਵਾ

ਧਾਰੀਵਾਲ, 28 ਅਪ੍ਰੈਲ (ਅਸ਼ੋਕ ਕੁਮਾਰ): ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀ ਵੱਲੋਂ 28 ਨਿਹੱਥੇ







ਸੈਲਾਨੀਆਂ ਦੀ ਹੱਤਿਆ ਕਰਨਾ ਅੱਤਵਾਦੀਆਂ ਦੀ ਘਟੀਆ ਹਰਕਤ ਦਾ ਭਾਰਤ ਸਰਕਾਰ ਮੂੰਹ-ਤੋੜ ਜਵਾਬ ਦੇਵੇਗੀ, ਜਦਕਿ ਭਾਰਤੀ ਸ਼ਾਂਤੀ ਦੇ ਪੁੰਜ ਹਨ ਪਰ ਕਿਸੇ ਵੀ ਅੱਤਵਾਦੀ ਜਾਂ ਵੱਖਵਾਦੀ ਕਾਰਵਾਈ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਆਗੂ ਪ੍ਰੇਮ ਰੰਧਾਵਾ ਅਹਿਮਦਾਬਾਦ, ਇੰਡੀਅਨ ਫੈੱਡਰੇਸ਼ਨ ਆਫ ਟਰੇਡ ਯੂਨੀਅਨ ਮੈਂਬਰ ਨਰੇਸ਼ ਪਾਲ ਅਹਿਮਾਦਾਬਾਦ ਤੇ ਐਂਟੀ ਕਰਾਈਮ ਇੰਟੈਲੀਜੈਂਸ ਸੰਗਠਨ ਜ਼ਿਲ੍ਹਾ ਚੇਅਰਮੈਨ ਰਜੇਸ਼ ਅਹਿਮਦਾਬਾਦ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਤਵਾਦੀ ਮਨੁੱਖਤਾ ਦੇ ਦੁਸ਼ਮਣ ਹੁੰਦੇ ਹਨ ਤੇ ਇਨ੍ਹਾਂ ਦਾ ਕੋਈ ਧਰਮ ਮਜ਼੍ਹਬ ਨਹੀਂ ਹੁੰਦਾ। ਯੂਥ ਆਗੂ ਪ੍ਰੇਮ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ, ਗ੍ਰਹਿ ਮੰਤਰੀ ਸ਼ਾਹ ਸਮੇਤ ਸਮੁੱਚਾ ਦੇਸ਼ ਇੱਕਜੁੱਟ ਹੈ ਤੇ ਦੇਸ਼ ਦੀ ਸ਼ਾਂਤੀ ਭੰਗ ਕਰਨ ਵਾਲੀਆਂ ਤਾਕਤਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਅੱਤਵਾਦੀਆਂ ਨੂੰ ਪਨਾਹ ਦਿੱਤਾ ਹੈ ਪੂਰੇ ਦੇਸ਼ ਅੰਦਰ ਪਾਕਿਸਤਾਨ ਵਿਰੁੱਧ ਰੋਸ ਪ੍ਰਦਰਸ਼ਨ ਹੋ ਰਹੇ ਹਨ, ਜਦਕਿ ਕੇਂਦਰ ਸਰਕਾਰ ਵੀ ਐਕਸ਼ਨ ਮੋਡ ਵਿੱਚ ਹੈ। ਆਗੂਆਂ ਨੇ ਮਾਰੇ ਗਏ ਸੈਲਾਨੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੌਨ ਧਾਰਿਆ।

# ਵਿਧਾਇਕ ਕਲਸੀ ਵੱਲੋਂ ਸਰਕਾਰੀ ਸਕੂਲਾਂ 'ਚ 40 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਕਲਾਸ ਰੂਮਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ



ਬਟਾਲਾ, 28 ਅਪ੍ਰੈਲ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸਹੋਲ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ, ਜਿਸ ਦੇ ਚੱਲਦਿਆਂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਨੂੰ ਲੈ ਕੇ ਭਾਰੀ ਵਾਧਾ ਹੋਇਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਨਵੇਂ ਬਣੇ ਕਲਾਸ ਰੂਮਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਰਾਜ ਦੀ ਕਮਾਨ ਸੰਭਾਲਣ ਉਪਰੰਤ ਹੀ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਰਕਾਰੀ ਪ੍ਰਾਇਮਰੀ ਸਕੂਲ ਤਾਰਾਗੜ੍ਹ ਅਰਾਈਆਂ ਵਿਖੇ 7 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਨਾਲ ਨਵੇਂ ਬਣੇ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਵਜੀਦਪੁਰ ਵਿਖੇ ਕਰੀਬ 7 ਲੱਖ 55 ਹਜ਼ਾਰ ਰੁਪਏ ਦੇ ਲਾਗਤ ਨਾਲ ਸ਼ਾਨਦਾਰ ਕਲਾਸਰੂਮ ਤੇ ਸਰਕਾਰੀ ਪ੍ਰਾਇਮਰੀ ਸਕੂਲ ਨੌਸ਼ਹਿਰਾ ਮੱਝਾ ਵਿਖੇ 24 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮਾਂ ਦਾ ਉਦਘਾਟਨ ਕੀਤਾ। ਇਸ ਮੌਕੇ ਬੀ.ਪੀ.ਈ.ਓ. ਬਲਵਿੰਦਰ ਸਿੰਘ, ਸੀ.ਐੱਚ.ਟੀ. ਸਟੇਟ ਐਵਾਰਡੀ ਲਾਡਵਿੰਦਰ ਕੌਰ, ਐੱਚ.ਟੀ. ਕੰਵਲ ਮਨਦੀਪ ਸਿੰਘ, ਸੀ.ਐੱਚ.ਟੀ. ਵਨੀਤ ਕੌਰ, ਪ੍ਰਧਾਨ ਮਨਦੀਪ ਸਿੰਘ ਗਿੱਲ, ਮੈਨੇਜਰ ਅਤਰ ਸਿੰਘ, ਮਲਕੀਤ ਸਿੰਘ, ਮਨਦੀਪ ਸਿੰਘ, ਰਜਿੰਦਰ ਕੁਮਾਰ, ਅਵਤਾਰ ਸਿੰਘ ਕਲਸੀ, ਸਰਪੰਚ ਬਚਿੱਤਰ ਸਿੰਘ, ਸਰਪੰਚ ਰਾਜਵੀਰ ਸਿੰਘ, ਹੈਪੀ ਸਰਪੰਚ, ਮਨਜੀਤ ਸਿੰਘ ਬੁਮਰਾਹ, ਸਰਪੰਚ ਅੰਗਰੇਜ ਸਿੰਘ ਹਾਜ਼ਰ ਸਨ।

# 'ਪੰਜਾਬ ਸਿੱਖਿਆ ਕ੍ਰਾਂਤੀ' ਸੂਬੇ ਦੇ ਭਵਿੱਖ ਦੀ ਨੀਂਹ ਨੂੰ ਮਜ਼ਬੂਤ ਕਰਨ ਵਾਲਾ ਕਦਮ : ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 28 ਅਪ੍ਰੈਲ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਦੀ ਪ੍ਰਮੁੱਖ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਅੱਜ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਤਲਵਾੜਾ, ਸਰਕਾਰੀ ਹਾਈ ਸਕੂਲ ਪੱਤੀ ਟਾਂਡਾ ਤੇ ਮਾੜੀ ਪੰਨਵਾਂ ਵਿਖੇ ਆਧੁਨਿਕ ਨਵੇਂ ਕਲਾਸ ਰੂਮਜ਼, ਚਾਰਦੀਵਾਰੀ ਤੇ ਇਮਾਰਤ ਦੇ ਨਵੀਨੀਕਰਨ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਸਰਕਾਰੀ ਸਕੂਲਾਂ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ। ਸਰਕਾਰੀ ਸਕੂਲਾਂ ਨੂੰ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕਰਕੇ ਵਿਦਿਆਰਥੀਆਂ ਨੂੰ ਡਿਜੀਟਲ ਤਕਨੀਕ ਨਾਲ ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ ਬੀ.ਪੀ.ਈ.ਓ. ਜਸਵਿੰਦਰ ਸਿੰਘ, ਬੀ.ਪੀ.ਈ.ਓ. ਤਰਸੇਮ ਸਿੰਘ ਰਿਆੜ, ਬੀ.ਐੱਨ.ਓ. ਰਾਮ ਲਾਲ, ਪੀ.ਏ. ਰਾਜੂ ਭਿੰਡਰ, ਪੀ.ਏ. ਸੁਖਦੇਵ ਸਿੰਘ ਰੋਮੀ, ਦਫ਼ਤਰ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ, ਸਿੱਖਿਆ ਸੁਧਾਰ ਕਮੇਟੀ ਦੇ ਕੋਆਰਡੀਨੇਟਰ ਜੋਨੀ ਘੁਮਾਣ, ਸੀਨੀਅਰ ਆਗੂ ਬਾਬਾ ਸੋਨੂੰ ਭੱਲਾ ਸ੍ਰੀ ਹਰਗੋਬਿੰਦਪੁਰ ਸਾਹਿਬ, ਸਰਪੰਚ ਸੁਖਰਾਜ ਸਿੰਘ ਕਾਹਲੋਂ, ਸਰਪੰਚ ਗੁਰਮੀਤ ਸਿੰਘ ਪੰਨੂੰ, ਸਾਬਕਾ ਸਰਪੰਚ ਮਨਜੀਤ ਸਿੰਘ ਹਰਦਾਨ, ਸਾਬਕਾ ਸਰਪੰਚ ਸਿਕੰਦਰ ਸਿੰਘ ਕਰਨਾਮਾ ਆਦਿ ਹਾਜ਼ਰ ਸਨ।

# ਮਹਿਰਾ ਬਰਾਦਰੀ ਗੋਤ ਢਿਗੀਂ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 18 ਮਈ ਨੂੰ



ਧਾਰੀਵਾਲ, 28 ਅਪ੍ਰੈਲ (ਅਸ਼ੋਕ ਕੁਮਾਰ): ਮਹਿਰਾ ਬਰਾਦਰੀ ਗੋਤ ਢਿਗੀਂ ਸਭਾ ਰਜਿ.ਕਾਹਨੂੰਵਾਨ ਦੀ ਅਹਿਮ ਮੀਟਿੰਗ ਪ੍ਰਧਾਨ ਰਾਮ ਲੁਭਾਇਆ ਦੀ ਅਗਵਾਈ ਹੇਠ ਢਿਗੀਂ ਗੋਤ ਦੇ ਜਠੇਰਿਆਂ ਢੇਹਰੀ ਕਾਹਨੂੰਵਾਨ ਵਿਖੇ ਸੱਦੀ ਗਈ। ਮੀਟਿੰਗ ਦੌਰਾਨ ਪ੍ਰਧਾਨ ਰਾਮ ਲੁਭਾਇਆ, ਜਨਰਲ ਸਕੱਤਰ ਇੰਦਰਜੀਤ, ਕੈਸ਼ੀਅਰ ਸੁਰਿੰਦਰ ਸਿੰਘ ਕਾਕਾ, ਸੀਨੀਅਰ ਮੀਤ ਪ੍ਰਧਾਨ ਡਾ. ਸੁਖਦੇਵ ਸਿੰਘ, ਮੀਤ ਪ੍ਰਧਾਨ ਗੁਲਜ਼ਾਰ ਸਿੰਘ ਤੇ ਮੈਂਬਰ ਹਰਜੀਤ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮਹਿਰਾ ਬਰਾਦਰੀ ਗੋਤ ਢਿਗੀਂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 18 ਮਈ ਦਿਨ ਐਤਵਾਰ ਨੂੰ ਸ਼ਰਧਾ ਸਤਿਕਾਰ ਸਾਹਿਤ ਕਾਹਨੂੰਵਾਨ ਵਿਖੇ ਮਨਾਇਆ ਜਾਵੇਗਾ ਤੇ ਇਸ ਸਾਲਾਨਾ ਜਠੇਰਿਆਂ ਦੀ ਮੇਲ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨ ਰਾਮ ਲੁਭਾਇਆ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਸਬੰਧੀ ਕਰੀਬ 20 ਵਿਅਕਤੀਆਂ ਨੂੰ ਫੋਨ ਕਰਕੇ ਸੱਦਾ ਦਿੱਤਾ ਗਿਆ ਪਰ ਮਾਤਰ ਛੇ ਸੇਵਾਦਾਰ ਹੀ ਹਾਜ਼ਰ ਹੋਏ। ਉਨ੍ਹਾਂ ਨੇ ਦੱਸਿਆ ਕਿ ਸਾਲਾਨਾ ਜਠੇਰਿਆਂ ਦੀ ਮੇਲਾ ਸਬੰਧੀ ਅਗਲੀ ਮੀਟਿੰਗ 4 ਮਈ ਨੂੰ ਸ਼ਾਮ ਚਾਰ ਵਜੇ ਰੱਖੀ ਗਈ ਹੈ ਤੇ ਸਮੂਹ ਮਹਿਰਾ ਬਰਾਦਰੀ ਗੋਤ ਢਿਗੀਂ ਦੇ ਮੈਂਬਰ ਵੱਡੀ ਗਿਣਤੀ 'ਚ ਸ਼ਿਰਕਤ ਕਰਨ ਤਾਂ ਜੋ 18 ਮਈ ਦੇ ਸਾਲਾਨਾ ਜਠੇਰਿਆਂ ਦੀ ਮੇਲ ਸੁਚਾਰੂ ਢੰਗ ਨਾਲ ਕਰਨ ਤੇ ਤੁਹਾਡੇ ਬਹੁਮੁੱਲੇ ਵਿਚਾਰ ਲੈ ਕੇ ਆਉਣ ਵਾਲੀਆਂ ਸੰਗਤਾਂ ਦੇ ਸੁੱਖ ਸਹੂਲਤ ਤੇ ਲੰਗਰ ਦੀ ਵਿਵਸਥਾ ਸਬੰਧੀ ਜ਼ਿੰਮੇਵਾਰੀਆਂ ਲਗਾਈਆਂ ਜਾਣ। ਪ੍ਰਧਾਨ ਰਾਮ ਲੁਭਾਇਆ ਨੇ ਕਿਹਾ ਕਿ ਜਿਹੜਾ ਵਿਅਕਤੀ 4 ਮਈ ਦੀ ਮੀਟਿੰਗ ਵਿੱਚ ਹਾਜ਼ਰ ਨਹੀਂ ਹੁੰਦਾ ਉਸਨੂੰ 18 ਮਈ ਦੇ ਸਾਲਾਨਾ ਮੇਲ ਦੇ ਪ੍ਰਬੰਧਾਂ 'ਤੇ ਕਿਸੇ ਵੀ ਕਿਸਮ ਦਾ ਕਿੰਤੂ-ਪ੍ਰੰਤੂ ਕਰਨ ਦਾ ਕੋਈ ਅਧਿਕਾਰ ਨਹੀਂ।

# ਚੇਅਰਮੈਨ ਮਹਿਤਾ ਨੇ ਵਡਾਲਾ ਗ੍ਰੰਥੀਆਂ ਦਾਨਾ ਮੰਡੀ ਦਾ ਦੌਰਾ ਕਰਕੇ ਖਰੀਦ ਤੇ ਚੁਕਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ



ਬਟਾਲਾ/ਅਲੀਵਾਲ, 28 ਅਪ੍ਰੈਲ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਤਨਾਮ ਸਿੰਘ ਸੰਧੂ): ਬਟਾਲਾ ਦੇ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਦੀ ਅਗਵਾਈ ਵਿੱਚ ਬਟਾਲਾ ਮਾਰਕੀਟ ਕਮੇਟੀ ਦੇ ਚੇਅਰਮੈਨ ਮਾਨਿਕ ਮਹਿਤਾ ਵੱਲੋਂ ਦਾਣਾ ਮੰਡੀ ਵਡਾਲਾ ਗ੍ਰੰਥੀਆਂ ਦਾ ਦੌਰਾ ਕਰਕੇ ਖਰੀਦ ਤੇ ਚੁਕਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਗੱਲ ਕਰਕੇ ਖਰੀਦ ਪ੍ਰਬੰਧਾਂ ਦੀ ਜਾਣਕਾਰੀ ਹਾਸਲ ਕੀਤੀ। ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਅਨਾਜ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਤੇ ਨਾਲ ਦੀ ਨਾਲ ਫਸਲ ਦੀ ਚੁਕਾਈ ਵੀ ਨਿਰਵਿਘਨ ਚੱਲ ਰਹੀ ਹੈ। ਉਨ੍ਹਾਂ ਕਿਹਾ ਮੰਡੀਆਂ ਵਿੱਚ ਕਿਸਾਨਾਂ ਲਈ ਪੀਣ ਵਾਲੇ ਪਾਣੀ, ਲਾਈਟਾਂ ਤੇ ਬੈਠਣ ਲਈ ਜਗ੍ਹਾ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਮੰਡੀ ਵਿੱਚ ਫਸਲ ਵੇਚਣ ਆਏ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਮੰਡੀ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁਕਾ ਕੇ ਲਿਆਂਦੀ ਜਾਵੇ, ਤਾਂ ਜੋ ਫਸਲ ਦੀ ਖਰੀਦ ਵਿੱਚ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਕਿਹਾ ਕਿ ਕਣਕਾਂ ਦੀ ਕਟਾਈ ਕੰਬਾਈਨਾਂ ਰਾਹੀਂ ਨਿਰਧਾਰਿਤ ਸਮੇਂ ਅੰਦਰ ਹੀ ਕਰਵਾਈ ਜਾਵੇ ਤੇ ਰਾਤ ਸਮੇਂ ਕਣਕ ਦੀ ਕਟਵਾਈ ਬਿਲਕੁਲ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਫਸਲ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ ਤੇ ਨਮੀ ਤੋਂ ਵੱਧ ਵਾਲੀ ਫਸਲ ਖਰੀਦਣ ਵਿੱਚ ਖਰੀਦ ਏਜੰਸੀਆਂ ਨੂੰ ਮੁਸ਼ਕਿਲ ਪੇਸ਼ ਹੁੰਦੀ ਹੈ। ਕਿਸਾਨਾਂ ਨੂੰ 871.52 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

# ਬਿਮਾਰੀਆਂ ਦੀ ਰੋਕਥਾਮ ਲਈ ਵਿਸ਼ੇਸ਼ ਯੋਗਦਾਨ ਪਾ ਰਹੀ ਹੈ ਸੀ.ਐੱਮ. ਦੀ ਯੋਗਸ਼ਾਲਾ



ਗੁਰਦਾਸਪੁਰ, 28 ਅਪ੍ਰੈਲ (ਜਗੀਰ ਸਿੰਘ ਮੰਡ) : ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਸੀ.ਐੱਮ. ਦੀ ਯੋਗਸ਼ਾਲਾ ਦਾ ਜ਼ਿਲ੍ਹਾ ਵਾਸੀ ਭਰਪੂਰ ਲਾਭ ਉਠਾ ਰਹੇ ਹਨ ਤੇ ਇਹ ਯੋਗਸ਼ਾਲਾ ਬਿਮਾਰੀਆਂ ਦੀ ਰੋਕਥਾਮ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਹੈ। ਸੀ.ਐੱਮ. ਦੀ ਯੋਗਸ਼ਾਲਾ ਦੇ ਅੰਤਰਗਤ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਗਤਪੁਰਾ, ਬਲਾਕ ਕਾਦੀਆਂ ਵਿਖੇ ਪਿਛਲੇ ਡੇਢ ਸਾਲ ਤੋਂ ਸੀ.ਐੱਮ. ਦੀ ਯੋਗਸ਼ਾਲਾ ਦੇ ਕੈਂਪ ਲਗਾਏ ਜਾ ਰਹੇ ਹਨ, ਜਿਸ ਵਿੱਚ ਵੱਖ-ਵੱਖ ਉਮਰ ਦੀਆਂ ਔਰਤਾਂ ਭਾਗ ਲੈ ਰਹੀਆਂ ਹਨ। ਇਹ ਔਰਤਾਂ ਜਿੱਥੇ ਹਰ ਰੋਜ਼ ਸੀ.ਐੱਮ. ਦੀ ਯੋਗਸ਼ਾਲਾ ਵਿੱਚ ਯੋਗਾ ਦੇ ਵੱਖ-ਵੱਖ ਆਸਣ ਕਰਕੇ ਆਪ ਨਿਰੋਗੀ ਜੀਵਨ ਬਤੀਤ ਕਰ ਰਹੀਆਂ ਹਨ, ਉਥੇ ਉਨ੍ਹਾਂ ਵੱਲੋਂ ਹੋਰਾਂ ਨੂੰ ਵੀ ਯੋਗਾ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੀ.ਐੱਮ. ਦੀ ਯੋਗਸ਼ਾਲਾ ਵਿੱਚ ਰੋਜ਼ਾਨਾ ਯੋਗਾ ਕਰਨ ਵਾਲੀ ਸੋਨੀਆ ਰਾਣੀ ਨੇ ਦੱਸਿਆ ਕਿ ਉਹ ਪਿਛਲੇ ਡੇਢ ਸਾਲ ਤੋਂ ਸੀ.ਐੱਮ. ਦੀ ਯੋਗਸ਼ਾਲਾ ਵਿੱਚ ਰੋਜ਼ਾਨਾ ਯੋਗਾ ਕਰ ਰਹੀ ਹੈ, ਜਿਸ ਨਾਲ ਉਸਦਾ ਮੋਟਾਪਾ ਤਾਂ ਘੱਟ ਹੋਇਆ ਹੀ ਹੈ ਨਾਲ ਹੀ ਥਾਇਰਾਇਡ ਯੂਰੀਆ ਵੀ ਕੰਟਰੋਲ ਵਿੱਚ ਹੋਇਆ ਹੈ। ਕੁਲਦੀਪ ਕੌਰ ਜਿਸ ਦੀ ਸ਼ੂਗਰ ਬਹੁਤ ਜ਼ਿਆਦਾ ਵੱਧ ਜਾਂਦੀ ਸੀ, ਉਹ ਯੋਗਾ ਕਰਨ ਨਾਲ ਹੁਣ ਠੀਕ ਹੈ। ਇਸੇ ਤਰ੍ਹਾਂ ਰਵਨੀਤ ਨੂੰ ਪੀਸੀਓਡੀ ਦੀ ਬਹੁਤ ਜ਼ਿਆਦਾ ਸਮੱਸਿਆ ਸੀ ਜੋ ਯੋਗਾ ਕਰਨ ਨਾਲ ਠੀਕ ਹੋ ਗਈ ਹੈ। ਸੀ.ਐੱਮ. ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਲਵਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਤੁਸੀਂ ਵੀ ਆਪਣੇ ਮੁਹੱਲੇ ਵਿੱਚ ਸੀ.ਐੱਮ. ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹੋ ਤਾਂ 7669400500 ਨੰਬਰ ਉੱਪਰ ਇੱਕ ਮਿਸ ਕਾਲ ਕਰ ਸਕਦੇ ਹੋ। ਰਾਜ ਸਰਕਾਰ ਵੱਲੋਂ ਤੁਹਾਡੇ ਕੋਲ ਯੋਗਾ ਕਲਾਸਾਂ ਲਈ ਟੀਚਰ ਵੱਲੋਂ ਭੇਜਿਆ ਜਾਵੇਗਾ ਜੋ ਰੋਜ਼ਾਨਾ ਮੁਫ਼ਤ ਯੋਗਾ ਕਰਵਾਏਗਾ। ਉਨ੍ਹਾਂ ਲੋਕਾਂ ਨੂੰ ਸੀ.ਐੱਮ. ਦੀ ਯੋਗਸ਼ਾਲਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਨੈਸ਼ਨਲ ਲਾਈਵਸਟਾਕ ਮਿਸ਼ਨ ਅਧੀਨ ਪਸ਼ੂਆਂ ਦੇ ਬੀਮੇ ਦੀ ਰਾਸ਼ੀ 'ਤੇ 70 ਫ਼ੀਸਦੀ ਤੱਕ ਸਬਸਿਡੀ ਉਪਲਬਧ



ਗੁਰਦਾਸਪੁਰ, 28 ਅਪ੍ਰੈਲ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਵਰਿਆਮ ਸਿੰਘ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਮੂੰਹਖੁਰ, ਲੰਪੀ ਸਕਿਨ, ਗਲਘੋਟੂ ਆਦਿ ਕਾਰਨ ਕਈ ਵਾਰ ਪਸ਼ੂਆਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਮੌਤਾਂ ਨਾਲ ਛੋਟੇ ਤੇ ਦਰਮਿਆਨੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ, ਭਾਵੇਂ ਕਿ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਪਸ਼ੂਆਂ ਦਾ ਸਮੇਂ-ਸਮੇਂ 'ਤੇ ਟੀਕਾਕਰਨ ਕੀਤਾ ਜਾਂਦਾ ਹੈ, ਪਰ ਫਿਰ ਵੀ ਸਰਕਾਰ ਵੱਲੋਂ ਪਸ਼ੂ-ਧਨ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਬੀਮੇ ਦੀ ਰਾਸ਼ੀ ਤੇ ਸਬਸਿਡੀ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ। ਪਸ਼ੂਆਂ ਦੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਨੈਸ਼ਨਲ ਲਾਈਵਸਟਾਕ ਮਿਸ਼ਨ ਸਕੀਮ ਅਧੀਨ ਮੱਝਾਂ ਤੇ ਗਾਵਾਂ ਦੇ ਬੀਮੇ ਦੀ ਰਾਸ਼ੀ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 70 ਪ੍ਰਤੀਸ਼ਤ ਸਬਸਿਡੀ ਤੇ ਜਨਰਲ ਜਾਤੀ ਲਾਭਪਾਤਰੀਆਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਸਕੀਮ ਤਹਿਤ ਫਾਰਮਰ 1 ਤੋਂ 5 ਪਸ਼ੂਆਂ ਦਾ ਬੀਮਾ ਕਰਵਾ ਸਕਦਾ ਹੈ। ਇਸ ਸਕੀਮ ਤਹਿਤ ਪ੍ਰਤੀ ਪਸ਼ੂ ਦੀ ਕੀਮਤ 70 ਹਜ਼ਾਰ ਰੁਪਏ ਨਿਰਧਾਰਿਤ ਕੀਤੀ ਗਈ ਹੈ। ਡਿਪਟੀ ਡਾਇਰੈਕਟਰ ਵਰਿਆਮ ਸਿੰਘ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਕੋਈ ਵੀ ਦੁੱਧ ਉਤਪਾਦਕ ਜਿਸ ਨੇ ਬੈਂਕ ਤੋਂ ਡੇਅਰੀ ਕਰਜ਼ਾ ਲਿਆ ਹੈ ਜਾਂ ਨਹੀਂ ਲਿਆ ਹੈ, ਕਿਸਾਨ ਕਰੈਡਿਟ ਕਾਰਡ ਸਕੀਮ ਲਈ ਹੈ ਜਾ ਨਹੀਂ ਲਈ ਹੈ, ਸਕੀਮ ਦਾ ਲਾਭ ਲੈ ਸਕਦਾ ਹੈ। ਇਸ ਤੋਂ ਇਲਾਵਾ ਸਿੱਧੇ ਤੌਰ 'ਤੇ ਡੇਅਰੀ ਕਿੱਤਾ ਕਰਨ ਵਾਲੇ ਕਿਸਾਨ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ।

# ਸਾਹਿਤਕ ਪਤ੍ਰਿਕਾ 'ਮੰਤਵ' ਦਾ ਪਲੇਠਾ ਅੰਕ ਰਿਲੀਜ਼




ਕਾਦੀਆਂ, 28 ਅਪ੍ਰੈਲ (ਸਲਾਮ ਤਾਰੀ/ਸਿਕੰਦਰ ਸੰਧੂ): ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਇੱਕ ਹੋਰ ਨਵਾਂ ਯੋਗਦਾਨ ਪਾਉਂਦੇ ਹੋਏ ਸੰਪਾਦਕ ਵਿਸ਼ਾਲ ਬਿਆਸ ਦੀ ਸਾਹਿਤਕ ਪਤ੍ਰਿਕਾ 'ਮੰਤਵ' ਦਾ ਪਲੇਠਾ ਅੰਕ ਇੱਕ ਸਾਹਿਤਕ ਮਿਲਣੀ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਹਿਤਕਾਰ ਵਿਸ਼ਾਲ ਬਿਆਸ ਜੋ ਕਿ ਇੱਕ ਕਵੀ, ਸੰਪਾਦਕ ਤੇ ਵਾਰਤਕਕਾਰ ਹਨ ਕਾਦੀਆਂ ਪੁੱਜੇ। ਸਾਹਿਤਕ ਸਮਾਗਮ ਵਿੱਚ ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਦੇ ਪੰਜਾਬੀ ਤੇ ਡੋਗਰੀ ਵਿਭਾਗ ਦੇ ਮੁਖੀ ਡਾ. ਨਰੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਡਾ. ਨਰੇਸ਼ ਕੁਮਾਰ ਵੱਲੋਂ ਸਾਹਿਤਕਾਰ ਵਿਸ਼ਾਲ ਬਿਆਸ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਦਿਆਂ ਕਿਹਾ ਕਿ ਉਹ ਪਿਛਲੇ ਤਿੰਨ ਦਹਾਕਿਆਂ ਤੋਂ ਇੰਡੋ-ਇਟਾਲੀਅਨ ਤੇ 'ਅੱਖ' ਵਰਗੇ ਸਾਹਿਤਕ ਮੈਗ਼ਜ਼ੀਨਾਂ ਦੀ ਸੰਪਾਦਨਾ ਕਰ ਚੁੱਕੇ ਹਨ, ਇਸੇ ਸਫ਼ਰ ਦੌਰਾਨ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਨੂੰ ਹੋਰ ਪ੍ਰਫ਼ੁੱਲਤ ਕਰਨ ਲਈ ਸਾਹਿਤਕ ਪਤ੍ਰਿਕਾ 'ਮੰਤਵ' ਦੀ ਪ੍ਰਕਾਸ਼ਨਾ ਸ਼ੁਰੂ ਕੀਤੀ ਹੈ। ਸਾਹਿਤਕਾਰ ਵਿਸ਼ਾਲ ਬਹੁਤ ਸਾਰੀਆਂ ਪਤ੍ਰਿਕਾਵਾਂ ਦੇ ਸੰਪਾਦਨ ਤੇ ਪੰਜਾਬੀ ਕਵਿਤਾ ਦੇ ਖ਼ੇਤਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਇਸ ਮੌਕੇ ਸਾਰੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕਰਦੇ ਵਿਸ਼ਾਲ ਨੇ ਕਿਹਾ ਕਿ ਉਹ ਹਮੇਸ਼ਾ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਹਾਜ਼ਰ ਹਨ ਤੇ ਆਪਣਾ ਯੋਗਦਾਨ ਵੱਧ ਚੜ੍ਹ ਕੇ ਪਾਉਂਦੇ ਰਹਿਣਗੇ। ਇਸ ਮੌਕੇ ਇਕੱਤਰ ਹੋਏ ਸਾਹਿਤਕਾਰਾਂ ਤੇ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਵੀ ਸੁਣਾਈਆਂ ਗਈਆਂ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਨੇ ਕਿਹਾ ਕਿ ਕਾਦੀਆਂ ਅੰਦਰ ਜਲਦ ਹੀ ਇੱਕ ਵੱਡਾ ਸਾਹਿਤਕ ਸਮਾਗਮ ਤੇ ਕਵੀ ਦਰਬਾਰ ਕਰਵਾਇਆ ਜਾਵੇਗਾ, ਜਿਸ ਵਿੱਚ ਇਲਾਕੇ ਤੇ ਪੰਜਾਬ ਦੇ ਪ੍ਰਸਿੱਧ ਕਵੀਆਂ ਨੂੰ ਸੱਦਾ-ਪੱਤਰ ਦਿੱਤਾ ਜਾਵੇਗਾ। ਸਾਹਿਤਕ ਮਿਲਣੀ ਦੌਰਾਨ ਹੋਰਨਾਂ ਤੋਂ ਇਲਾਵਾ ਅਮਿਤ ਕਾਦੀਆਂ, ਸੁਨੀਲ ਕਾਦੀਆਂ, ਕੁਲਭੂਸ਼ਨ ਸਲਹੋਤਰਾ, ਤੇਜਿੰਦਰ ਸਿੰਘ, ਕਰਨਦੀਪ ਸਿੰਘ ਧਾਲੀਵਾਲ, ਸੰਜੀਵ ਸੂਰੀ, ਅਸ਼ਵਨੀ ਕੁਮਾਰ ਸਮੇਤ ਸਾਹਿਤਕਾਰ ਹਾਜ਼ਰ ਸਨ।

# ਸਿਰਲੇਖਵਾਰ ਇਸ਼ਤਿਹਾਰ/Classified Advertisements

**In the Court of**
**Ms. Pallvi Rana**
**Civil Judge Junior Division, Ajnala**
CNR No:- PBASA0-000941-2023
Next Date:- 15-05-2025
CIS No: CS/723/2023
Punjab National Bank, Branch Office at Chogawan, Tehsil Ajnala, Distt. Amritsar Through its Branch Manager ......Plaintiff
Versus
Manjit Kaur W/o Harjinder Singh R/o Village Bhindi Saidan, Sub Tehsil, Lopoke, Tehsil Ajnala, Distt. Amritsar
Suit of Recovery
Notice to: Manjit Kaur W/o Harjinder Singh R/o Village Bhindi Saidan, Sub Tehsil, Lopoke, Tehsil Ajnala, Distt. Amritsar
In above titled suit the defendants could not be served. It is ordered that the defendants should appear in person or through counsel on 15.05.2025 at 10:00 A.M.
For details logon to https://highcourtchd.gov.in/?trs=district_notice&district=amritsar
**Sd/- Civil Judge Junior Division, Ajnala**

---

**In the Court of**
**Ms. Neelam Arora**
**Principal Judge Family Court Ludhiana**
CNR No. PBLD01-004171-2021
Next Date: 01.07.2025
Sukhwinder Kaur
Versus
Onkar Singh
Notice to: Onkar Singh S/o Late Gurmukh Singh R/o -House No. 369, Ward No. 2, Mundi, Kharar, Tehsil Kharar Distt. SAS Nagar, (Mohali)
In above titled Petition the accused could not be served. It is ordered that accused should appear in person or through counsel on 01.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-04-2025
**Sd/- Principal Judge Family Court Ludhiana**

---

**(U/o 5 Rule 20 CPC)**
**In the Court of**
**Ms. Karandeep Kaur**
**Additional Civil Judge (Senior Division), Jagraon**
CNR No. PBLDB0-000087-2025
Next Date:- 16-05-2025
Bank of India
Versus
Sarabjit Singh
Notice to: 2. Harinder Singh S/o Ishar Singh R/o Lohatbaddi Tehsil Raikot Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 16.05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-04-2025
**Sd/- Additional Civil Judge (Senior Division), Jagraon**

---

**(U/o 5 Rule 20 CPC)**
**In the Court of**
**Ms. Shikha Goel**
**Principal Judge Family Court, Nihal Singh Wala**
CNR No. PBMOF2-000003-2025
Next Date: 21.05.2025
Gurmukh Singh
Versus
Sunita Rani
Notice to: Sunita Rani Father:- Karamjit Singh Jagraon, Tehsil Jagraon, Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-03-2025
**Sd/- Principal Judge Family Court, Nihal Singh Wala**

---

**(U/o 5 Rule 20 CPC)**
**In the Court of**
**Sh. Rajesh Ahluwalia**
**Civil Judge (Senior Division), Gurdaspur**
CNR No. PBGD02-001184-2024
Next Date: 29.05.2025
CS-707-2024
Punjab and Sindh Bank
Versus
Simarjit Kaur
Notice to: 1) Simarjit Kaur W/o Jaspal Singh R/o village Khara, tehsil and Distt. Gurdaspur 2) Sukhdayal Singh S/o Diddar Singh R/o Vill Bhamri, Tehsil Qadian, Distt. Gurdapur 3) Satnam Singh s/o Baldev Singh r/o Vill Harchowal, Tehsil Qadian, Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 27-03-2025
**Sd/- Civil Judge (Senior Division), Gurdaspur**

---

**(U/o 5 Rule 20 CPC)**
**In the Court of**
**Sh. Gurpartap Singh**
**Additional Principal Judge Family Court, Ludhiana**
CNR No. PBLD01-018060-2022
Next Date: 29.05.2025
Satnam Kaur
Versus
Gurcharan Singh
Notice to: Gurcharan Singh Father:- Manohar Singh R/o -H.No. 1672/1, Ward No. 4, Giani Lal Singh Wali, Street No. 2 Near Bawa Madal School, Prem Nagar, Kotakpura, Faridkot Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-03-2025
**Sd/- Additional Principal Judge Family Court, Ludhiana**

---

**(U/o 5 Rule 20 CPC)**
**In the Court of**
**Sh. Baljinder Singh Maan**
**Principal Judge, Family Court, Shaheed Bhagat Singh Nagar**
CNR No:- PBSB01-004889-2023
Next Date:- 17-05-2025
GW/109/2023
Amandeep Kaur
Versus
Pavitar Singh
Petition Under Section 7 and 25 Guardian Ward act
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 17.05.2025 at 10:00 A.M.
For details logon to https://highcourtchd.gov.in/?mod=district_notice&district=sbsnagar
Dated this day of 24.04.2025
**Sd/- Principal Judge, Family Court, Shaheed Bhagat Singh Nagar**

---

**Sessions Court, Amritsar**
**In the Court of**
**Sh. Shatin Goyal**
**Additional District and Sessions Judge Amritsar**
CNR No. PBAS01-004989-2025
Next Date: 16.05.2025
Balhar Singh ..............Petitioner
Versus
General Public ..............Respondent
Notice to Respondent: 1. General Public
If any Person has any objection to grant of permission then he/she Should Appear Before this Court in Person or through counsel on 16-05-2025 at 10:00 AM Failing which Further Proceedings For the grant of permission to the Petitioner shall be taken.
For details logon to https://highcourtchd.gov.in/?trs=district_notice&district=amritsar
Given under my hand and the seal of the court, this 07-04-2025
**Sd/- Additional District and Sessions Judge Amritsar**

---

**(U/o 5 Rule 20 CPC)**
**In the Court of**
**Sh. Prabhjot Bhatti**
**Civil Judge (Junior Division), Ludhiana**
CNR No. PBLD02-005043-2022
Next Date: 15.05.2025
Punjab National Bank
Versus
M/s K.V. Enterprises
Notice to: 1. M/s K.V. EnterprisesB-IV-642, St No-1. Tilak Nagar, Chauri Sadak, Ludhiana Through its Proprietor 2. Proprietor of M/s K.V Enterprises Deepak Sharma S/o Sh. Balraj Sharma R/o E-12, 2608, Street No. 2, Guru Vihar, Rahon Road, Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15.05.2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 24-04-2025
**Sd/- Civil Judge (Junior Division), Ludhiana**

---

**(U/o 5 Rule 20 CPC)**
**In the Court of**
**Sh. Manpreet Sohi**
**Civil Judge (Junior Division), Jagraon**
CNR No. PBLDB0-001224-2023
Next Date: 23.05.2025
Avtar Singh
Versus
National Highway Authority Of India G-256
Suit For Mandatory Injunction
Notice to: 2. Land Acquire Collector, National Highway Authority Of India G-256, Sector 10, Dwarka, New Delhi-110075, Through Its Authorized Person/Collector/Deputy Commissioner.
3. The Ministry Of Home Affairs, Through Secretary. 8. Rajwinder Kaur Widow Of Harpal Singh S/o Karamjit Singh, 9. Upraj Singh S/O Harpal Singh S/O Karamjit Singh, 10. Manjit Kaur Widow Of Darshan Singh S/O Baldev Singh. 11. Kuljit Singh S/O Darshan Singh S/O Baldev Singh, 12. Inderpal Singh S/O Gursharanjit Singh S/O Gurdass Singh, 13. Manpreet Singh S/O Gursharanjit Singh S/O Gurdass Singh, All Resident Of Raikot, Tehsil Raikot, District Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**05.2025 at 10:00 A.M.
For details logon to https://highcourtchd.gov.in/?mod=district_notice&district=ludianacourt
Dated, this day of 23-04-2025
**Sd/- Civil Judge (Junior Division), Jagraon**

---

**THE DISRICT CONSUMER DISPUTES REDRESSAL COMMISSION-II UNION TERRITORY, CHANDIGARH**
PLOT NO 5-B, SECTOR 19-B, MADHYA MARG, CHANDIGARH-160019
PHONE NO. 0172-2700179
DCII/CP/2025/635
Dated: 22/04/2025
Subject:- Publication of notice in MA/177/2024 in CC/537/2013 Ansal Lotus Melange Projects Pvt. Ltd. Versus Niraj Kumar Sharma (Next Date:-09.05.2025).
Enclosed please find herewith a copy of notice, for service of opposite party.
(OP NO. 1)- Mr. Niraj Kumar Sharma S/o Sh. T.D Sharma R/o H.No. E-206, Ivory Towers, Sector 70, Mohali The expenses for payment shall be borne by the complainant. You are therefore, requested to get the notice aforesaid, published in your newspaper. A copy of the notice published in the newspaper may also be sent to this Commission for records.
**Sd/- President**
**District Consumer Disputes Redressal Commission-II, U.T., Chandigarh**

---

**THE DISRICT CONSUMER DISPUTES REDRESSAL COMMISSION-II UNION TERRITORY, CHANDIGARH**
PLOT NO 5-B, SECTOR 19-B, MADHYA MARG, CHANDIGARH-160019
PHONE NO. 0172-2700179
DCII/CP/2025/641
Dated: 22/04/2025
Subject:- Publication of notice in MA/178/2024 in CC/103/2014 Ansal Lotus Melange Projects Pvt. Ltd. Versus Mr. Hari Parkash (Next Date:-09.05.2025).
Enclosed please find herewith a copy of notice, for service of opposite party.
(OP NO. 1)- Mr. Hari Parkash Residents of Flat No. 19, Second Floor. Palm Grove, Sector 115, Mohall, Punjab, The expenses for payment shall be borne by the complainant. You are therefore, requested to get the notice aforesaid, published in your newspaper. A copy of the notice published in the newspaper may also be sent to this Commission for records.
**Sd/- President**
**District Consumer Disputes Redressal Commission-II, U.T., Chandigarh**

---

ਬਾ ਅਦਾਲਤ ਸਬ ਰਜਿਸਟਰਾਰ ਰਾਜਪੁਰਾ
ਨੋਟੀਸ ਬਨਾਮ ਆਮ ਪਬਲਿਕ
ਰਜਿਸਟਰਡ ਕਰਨੇ ਵਸੀਅਤ ਖਾਨਗੀ ਸ੍ਰੀ ਕੇਸਰ ਰਾਮ ਪੁਤਰ ਕਾਕਾ ਰਾਮ ਪੁਤਰ ਬੁੱਧ ਰਾਮ ਵਾਸੀ ਮਕਾਨ ਨੰ: 357, ਰਾਜਪੁਰਾ ਟਾਊਨ, ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਮਿਤੀ 28/04/2025 ਨੂੰ ਸ੍ਰੀਮਤੀ ਮਮਤਾ ਰਾਣੀ ਪਤਨੀ ਲੇਟ ਸੋਹਨ ਲਾਲ ਪੁਤਰ ਕੇਸਰ ਰਾਮ ਵਾਸੀ ਮਕਾਨ ਨੰ: 357, ਵਿਕਾਸ ਨਗਰ ਰਾਜਪੁਰਾ, ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਨੇ ਹੱਜਾ ਅਦਾਲਤ ਵਿਚ ਹਾਜ਼ਰ ਹੋਕੇ ਦਰਖਾਸਤ ਪੇਸ਼ ਕੀਤੀ ਹੈ ਕਿ ਸ੍ਰੀ ਕੇਸਰ ਰਾਮ ਪੁਤਰ ਕਾਕਾ ਰਾਮ ਪੁਤਰ ਬੁੱਧ ਰਾਮ ਵਾਸੀ ਮਕਾਨ ਨੰ: 357, ਰਾਜਪੁਰਾ ਟਾਊਨ, ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਵੱਲੋ ਇਕ ਵਸੀਅਤ ਮਿਤੀ 27/12/2011 ਨੂੰ ਬਹੱਕ ਅਮਿਤ ਕੁਮਾਰ ਪੁਤਰ ਕੇਸਰ ਰਾਮ ਵਾ ਨੀਨੂ ਪਤਨੀ ਅਮਿਤ ਕੁਮਾਰ ਪੁਤਰ ਕੇਸਰ ਰਾਮ ਵਾ ਮਮਤਾ ਰਾਣੀ ਪਤਨੀ ਲੇਟ ਸੋਹਨ ਲਾਲ ਪੁਤਰ ਕੇਸਰ ਰਾਮ ਵਾਸੀ ਮਕਾਨ ਨੰ: 357, ਵਿਕਾਸ ਨਗਰ ਰਾਜਪੁਰਾ, ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਦੇ ਹੱਕ ਵਿਚ ਕੀਤੀ ਹੋਈ ਹੈ। ਸ੍ਰੀ ਕੇਸਰ ਰਾਮ ਦੀ ਮੋਤ ਮਿਤੀ 02/06/2012 ਨੂੰ ਹੋ ਚੁੱਕੀ ਹੈ (ਮੌਤ ਸਰਟੀਫਿਕੇਟ ਨਾਲ ਨੱਥੀ ਹੈ)। ਇਹ ਵਸੀਅਤ ਰਜਿਸਟਰਡ ਹੋਣ ਹਿੱਤ ਮੇਰੇ ਪੇਸ਼ ਹੋਈ ਹੈ ਇਸ ਵਸੀਅਤ ਨੂੰ ਰਜਿਸਟਰਡ ਹੋਣ ਬਾਰੇ ਜੋ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਅਖਬਾਰ ਵਿੱਚ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਅਸਾਲਤਨ/ਵਕਾਲਤਨ ਹਾਜ਼ਰ ਹੋਕੇ ਆਪਣਾ ਉਜਰ ਪੇਸ਼ ਕਰ ਸਕਦਾ ਹੈ ਬਾਅਦ ਗੁਜਰਨੇ ਮਿਆਦ ਨੋਟਿਸ ਕਿਸੇ ਇਤਰਾਜ਼ ਤੇ ਕੋਈ ਗੋਰ ਨਹੀਂ ਕੀਤੀ ਜਾਵੇਗੀ। ਉਕਤ ਖਾਨਗੀ ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40/41 ਦੇ ਤਹਿਤ ਰਜਿਸਟਰਡ ਕਰ ਦਿਤੀ ਜਾਵੇਗੀ। ਇਹ ਇਤੀਹਾਰ ਮੇਰੇ ਦਸਤਖਤ ਅਤੇ ਮੋਹਰ ਦਫਤਰ ਰਾਹੀਂ ਜਾਰੀ ਕੀਤਾ ਗਿਆ
ਮਿਤੀ :- 28/04/2025
ਸਬ ਰਜਿਸਟਰਾਰ ਰਾਜਪੁਰਾ

---

**Change of Name**
I, Tonu S/o Krishan Dev R/o Shanti Nagar Bajwara, Distt Hoshiarpur have changed my name to Jasdeep Singh. Concerned Note.

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

## ਪੰਚਾਇਤੀ ਜ਼ਮੀਨਾਂ 'ਤੇ ਕੀਤੇ ਨਜਾਇਜ਼ ਕਬਜ਼ੇ ਬਰਦਾਸ਼ਤ ਨਹੀਂ ਕੀਤੇ ਜਾਣਗੇ: ਵਿਧਾਇਕ ਗੈਰੀ ਬੜਿੰਗ

ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ: (ਨਰਿੰਦਰ ਸਿੰਘ)

ਵਿਧਾਇਕ ਅਮਲੋਹ ਸ਼ ?ਰੀ ਗੁਰਿੰਦਰ ਸਿੰਘ ਗੈਰੀ ਬੜਿੰਗ ਦੇ ਯਤਨਾਂ ਸਦਕਾ ਅਧਿਕਾਰੀਆਂ ਦੀ ਟੀਮ ਨੇ ਪਿੰਡ ਕਲਾਲ ਮਾਜਰਾ ਦੀ ਧਰਮਸ਼ਾਲਾ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਗਏ ਨਜਾਇਜ਼ ਕਬਜੇ ਨੂੰ ਹਟਵਾ ਦਿੱਤਾ ਗਿਆ। ਵਰਨਣਯੋਗ ਹੈ ਕਿ ਪਿੰਡ ਕਲਾਲ ਮਾਜਰਾ ਵਿੱਚ ਜਨਰਲ ਵਰਗ ਦੇ ਲੋਕਾਂ ਲਈ ਬਣੀ ਧਰਮਸ਼ਾਲਾ 'ਤੇ ਕੁਝ ਵਿਅਕਤੀਆਂ ਵੱਲੋਂ ਨਜਾਇਜ਼ ਕਬਜਾ ਕੀਤਾ ਹੋਇਆ ਸੀ ਜਿਸ ਸਬੰਧੀ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਡੀ.ਡੀ.ਪੀ.ਓ. ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਵਿੱਚ ਕੇਸ ਲਗਾਇਆ ਗਿਆ ਸੀ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਦੀ ਅਦਾਲਤ ਵਿੱਚ ਕੇਸ ਦਾ ਫੈਸਲਾ ਗ੍ਰਾਮ ਪੰਚਾਇਤ ਦੇ ਹੱਕ ਵਿੱਚ ਹੋ ਗਿਆ ਸੀ ਜਿਸ ਉਪਰੰਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਮਾਲ ਵਿਭਾਗ ਤੇ ਪੁਲਿਸ ਪ੍ਰਸ਼ਾਸ਼ਨ ਦੀਆਂ ਟੀਮਾਂ ਨੇ ਇਹ ਕਬਜ਼ਾ ਹਟਵਾ ਕੇ ਧਰਮਸ਼ਾਲਾ ਪੰਚਾਇਤ ਦੇ ਸਪੁਰਦ ਕਰ ਦਿੱਤੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ 'ਤੇ ਕੀਤੇ ਨਜਾਇਜ਼ ਕਬਜੇ ਹਟਵਾਉਣ ਸਬੰਧੀ ਵੱਡੀ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਪੰਚਾਇਤੀ ਜਮੀਨਾਂ 'ਤੇ ਕੀਤੇ ਗਏ ਨਜਾਇਜ਼ ਕਬਜੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਹਲਕੇ ਵਿੱਚ ਕਿਸੇ ਵਿਅਕਤੀ ਵੱਲੋ ਪੰਚਾਇਤੀ ਜਮੀਨਾਂ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਤਾਂ ਉਹ ਇਹ ਕਬਜਾ ਛੱਡ ਕੇ ਜ਼ਮੀਨ ਪੰਚਾਇਤ ਦੇ ਸਪੁਰਦ ਕਰ ਦੇਣ ਨਹੀਂ ਤਾਂ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਬੀ.ਡੀ.ਪੀ.ਓ. ਅਮਲੋਹ ਮੋਹਿਤ ਕਲਿਆਣ ਨੇ ਦੱਸਿਆ ਕਿ ਪਿੰਡ ਕਲਾਲ ਮਾਜਰਾ ਵਿਖੇ ਸਥਿਤ ਜਨਰਲ ਵਰਗ ਦੀ ਧਰਮਸ਼ਾਲਾ 'ਤੇ ਪਿਛਲੇ ਲਗਭਗ 10 ਸਾਲਾਂ ਤੋਂ ਇੱਕ ਪਰਿਵਾਰ ਵੱਲੋਂ ਨਜਾਇਜ਼ ਕਬਜਾ ਕੀਤਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਬੰਧਤ ਪਰਿਵਾਰ ਨੂੰ ਕਈ ਵਾਰ ਲਿਖਤੀ ਤੇ ਜੁਬਾਨੀ ਤੌਰ 'ਤੇ ਕਬਜਾ ਛੱਡਣ ਲਈ ਕਿਹਾ ਗਿਆ ਸੀ ਪ੍ਰੰਤੂ ਉਹ ਕਬਜ਼ਾ ਨਹੀਂ ਛੱਡ ਰਹੇ ਸਨ। ਇਸ ਸਬੰਧੀ ਪਿੰਡ ਦੇ ਸਰਪੰਚ ਏਕਮ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਸਥਿਤ ਜਨਰਲ ਵਰਗ ਦੀ ਧਰਮਸ਼ਾਲਾ 'ਤੇ ਕੀਤੇ ਗਏ ਨਜਾਇਜ਼ ਕਬਜੇ ਨੂੰ ਹਟਵਾਉਣ ਲਈ ਪੰਚਾਇਤ ਵੱਲੋਂ ਕਈ ਵਾਰ ਸਬੰਧਤ ਵਿਅਕਤੀਆਂ ਨਾਲ ਗੱਲਬਾਤ ਕਰਕੇ ਨਜਾਇਜ਼ ਕਬਜਾ ਛੱਡਣ ਸਬੰਧੀ ਅਪੀਲ ਕੀਤੀ ਗਈ ਸੀ ਪ੍ਰੰਤੂ ਸਬੰਧਤ ਵਿਅਕਤੀ ਪੰਚਾਇਤ ਨੂੰ ਕੋਈ ਰਾਹ ਨਹੀਂ ਦੇ ਰਹੇ ਸਨ। ਡੀ.ਡੀ.ਪੀ.ਓ. ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਵਿੱਚ ਫੈਸਲਾ ਪੰਚਾਇਤ ਦੇ ਹੱਕ ਹੋਣ ਤੋਂ ਬਾਅਦ ਬੀਡੀਪੀਓ ਅਮਲੋਹ, ਨਾਇਬ ਤਹਸੀਲਦਾਰ ਚੇਤਇੰਦਰ ਕੁਮਾਰ, ਪੰਚਾਇਤ ਅਫਸਰ ਬਲਵਿੰਦਰ ਸਿੰਘ, ਸਕੱਤਰ ਗੁਰਦੀਪ ਸਿੰਘ, ਸਰਪੰਚ ਏਕਮ ਸਿੰਘ, ਪੰਚ ਬਹਾਦਰ ਸਿੰਘ, ਪੰਚ ਪਿਆਰਾ ਸਿੰਘ, ਪੰਚ ਬਲਵਿੰਦਰ ਸਿੰਘ, ਰਣਜੀਤ ਕੌਰ ਪੰਚ, ਰਜਿੰਦਰ ਕੌਰ ਪੰਚ ਦੀ ਹਾਜ਼ਰੀ ਵਿੱਚ ਇਹ ਕਬਜ਼ਾ ਲਿਆ ਗਿਆ।

---

## ਉਤਰ ਰੇਲਵੇ

**ਨਿਵਿਦਾ ਸੂਚਨਾ**

ਚੀਫ ਮੈਡੀਕਲ ਸੁਪਰਟੈਂਡੰਟ, ਉਤਰ ਰੇਲਵੇ, ਅੰਬਾਲਾ ਕੈਂਟ, ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਹੇਠਾਂ ਲਿਖਤ ਕੰਮ ਦੇ ਲਈ ਤੈਅ ਫਾਰਮੈਟ ਤੇ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕਰਦੇ ਹਨ।

| | |
|---|---|
| ਟੈਂਡਰ ਨੰਬਰ | ਐਲਪੀ-ਮੇਡਿਸਿਨ-ਡੀਐਚ-ਯੂਐਮਬੀ ਐਲਪੀ-ਸਰਜੀਕਲ-ਡੀਐਚ-ਯੂਐਮਬੀ ਐਲਪੀ-ਕਾਂਸੁਮੇਬਲ-ਡੀਐਚ-ਯੂਐਮਬੀ |
| ਕੰਮ ਦਾ ਨਾਮ | ਮੰਡਲ ਰੇਲਵੇ ਹਸਪਤਾਲ ਅੰਬਾਲਾ ਛਾਉਣੀ ਵਿਚ ਦਵਾਈਆਂ, ਸਰਜੀਕਲ ਆਈਟਮ ਅਤੇ ਕਾਂਸੁਮੇਬਲ ਦੀ ਦੈਨਿਕ ਸਥਾਨਕ ਖਰੀਦ ਦੇ ਲਈ ਰਿਟੇਲ ਸਪਲਾਇਰਸ ਨੂੰ ਦੋ ਸਾਲ ਦੇ ਲਈ ਦਰ ਕਾਟਰੈਕਟ ਵਿਚ ਐਂਟਰੀ ਕਰਨ ਦੇ ਲਈ ਆਵੇਦਨ। |
| ਬਿਆਨਾ ਰਾਸ਼ੀ | ਰੂ. 2,27,100/- ਮੇਡਿਸਿਨ ਦੇ ਲਈ ਰੂ. 57,100/- ਸਰਜੀਕਲ ਦੇ ਲਈ ਰੂ. 15,300/- ਕਾਂਸੁਮੇਬਲ ਦੇ ਲਈ IREPS Portal 'ਤੇ ਉਪਲਬਧ ਆਨਲਾਈਨ ਭੁਗਤਾਨ ਦੇ ਮਾਧਿਅਮ ਨਾਲ |
| ਕੰਮ ਸਮਾਂ | ਦੋ ਸਾਲ |
| ਟੈਂਡਰ ਪਾਉਣ ਤੇ ਖੋਹਲਣ ਦਾ ਅੰਤਮ ਮਿਤੀ ਤੇ ਸਮਾਂ | ਟੈਂਡਰ ਪਾਉਣ ਦਾ ਸਮਾਂ ਮਿਤੀ 19.05.2025 ਨੂੰ 15.00 ਵਜੇ ਤਕ ਅਤੇ ਟੈਂਡਰ ਮਿਤੀ 19.05.2025 ਨੂੰ 15.10 ਵਜੇ ਚੀਫ ਮੈਡੀਕਲ ਸੁਪਰਟੈਂਡੰਟ ਉਤਰ ਰੇਲਵੇ ਅੰਬਾਲਾ ਛਾਉਣੀ ਦੇ ਦਫਤਰ ਵਿਚ ਖੋਹਲਿਆ ਜਾਵੇਗਾ। |
| ਉਤਰ ਰੇਲਵੇ ਦੀ ਵੈਬਸਾਈਟ | https://ireps.gov.in ਨਿਵਿਦਾਕਾਰ ਮਿਤੀ 25.04.2025 ਤੋਂ ਆਪਣੇ ਖੁਦ ਦੇ ਰਿਸਕ ਤੇ ਬੋਲੀ ਸ਼ੁਰੂ ਕਰ ਸਕਦੇ ਹਨ। |

ਨੰ. ਐਨ.ਆਈ.ਟੀ./ਮੇਡ/ਐਲ.ਪੀ./ਅੰਬਾਲਾ/25 ਮਿਤੀ 25.04.2025
1244/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰ.: ਓਏ/1171/2020 ਫਾਰਮ ਨੰ.3
[ਦੇਖੋ ਨਿਯਮ-15 (I)(a)] 16 (3)

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਪੰਜਾਬ ਨੈਸ਼ਨਲ ਬੈਂਕ (ਓਰੀਐਂਟਲ ਬੈਂਕ ਆਫ ਕਾਮਰਸ)**
**ਬਨਾਮ**
**ਸ੍ਰੀ ਰਤਨ ਸਿੰਘ**

ਵੱਲ,
(1) **ਸ੍ਰੀ ਰਤਨ ਸਿੰਘ**
**ਪੁੱਤਰੀ/ਪਤਨੀ/ਸਪੁੱਤਰ- ਸਪੁੱਤਰ ਸ਼੍ਰੀ ਮੱਲ ਸਿੰਘ**
ਵਾਸੀ ਪਿੰਡ ਅਤੇ ਡਾਕਖਾਨਾ ਡੱਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ
**ਕਾਨੂੰਨੀ ਵਾਰਸ:** 1
**ਬਚਨ ਕੌਰ ਵਿਧਵਾ**
ਸਵਰਗੀ ਰਤਨ ਸਿੰਘ, ਪਿੰਡ ਡੱਲਾ, ਡਾਕਖਾਨਾ ਭੱਲੋਵਾਲ, ਨੂਰ ਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ।
**ਕਾਨੂੰਨੀ ਵਾਰਸ:** 2
**ਸ਼੍ਰੀਮਤੀ ਪਰਮਿੰਦਰ ਕੌਰ**
ਪੁੱਤਰੀ ਸਵਰਗੀ ਰਤਨ ਸਿੰਘ, ਪਿੰਡ ਡੱਲਾ, ਡਾਕਖਾਨਾ ਭੱਲੋਵਾਲ, ਨੂਰ ਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ
**ਕਾਨੂੰਨੀ ਵਾਰਸ:** 3
**ਸ਼੍ਰੀਮਤੀ ਕਸ਼ਮੀਰ ਕੌਰ**
ਪੁੱਤਰੀ ਸਵਰਗੀ ਰਤਨ ਸਿੰਘ, ਪਿੰਡ ਡੱਲਾ, ਡਾਕਖਾਨਾ ਭੱਲੋਵਾਲ, ਨੂਰ ਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ।
**ਕਾਨੂੰਨੀ ਵਾਰਸ:** 4
**ਸ਼੍ਰੀਮਤੀ ਪਰਮਜੀਤ ਕੌਰ**
ਪੁੱਤਰੀ ਸਵਰਗੀ ਰਤਨ ਸਿੰਘ, ਪਿੰਡ ਡੱਲਾ, ਡਾਕਖਾਨਾ ਭੱਲੋਵਾਲ, ਨੂਰ ਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ।
**ਸ਼੍ਰੀਮਤੀ ਰਣਜੀਤ ਕੌਰ**
ਪੁੱਤਰੀ ਸਵਰਗੀ ਰਤਨ ਸਿੰਘ, ਪਿੰਡ ਡੱਲਾ, ਡਾਕਖਾਨਾ ਭੱਲੋਵਾਲ, ਨੂਰ ਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ।

**ਸੰਮਨ**

**ਜਿਥੇ ਕਿ, ਓ. ਏ./1171/2020, 27.01.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 21,49,265/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **09.05.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 03.02.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

---

## ਦਫਤਰ ਸਿਵਲ ਜੱਜ ਸੀਨੀਅਰ ਡਵੀਜ਼ਨ, ਪਟਿਆਲਾ
**ਨਿਲਾਮੀ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੁਡੀਸ਼ੀਅਲ ਕੋਰਟ ਕੰਪਲੈਕਸ, ਨਾਭਾ ਅਤੇ ਰਾਜਪੁਰਾ ਵਿਖੇ ਕੰਟੀਨ ਅਤੇ ਸਾਈਕਲ ਸਟੈਂਡ ਦਾ ਠੇਕਾ ਸਾਲ 2025-2026 ਲਈ ਨਿਲਾਮੀ ਕਰਨ ਲਈ ਖੁੱਲ੍ਹੀ ਬੋਲੀ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੈ:
ਬੋਲੀ ਮਨਜ਼ੂਰ ਹੋਣ ਵਾਲੇ ਵਿਅਕਤੀ ਨੂੰ ਕੁੱਲ ਬੋਲੀ ਦਾ 1/4 ਹਿੱਸਾ ਮੌਕੇ 'ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਰਹਿੰਦੀ ਕੁੱਲ ਰਕਮ ਪ੍ਰਵਾਨਗੀ ਤੋਂ ਇਕ ਮਹੀਨੇ ਦੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਬੋਲੀ ਦੀ ਫਾਈਨਲ ਪ੍ਰਵਾਨਗੀ ਮਾਨਯੋਗ ਜ਼ਿਲ੍ਹਾ ਅਤੇ ਸ਼ੈਸਨ ਜੱਜ, ਪਟਿਆਲਾ ਵੱਲੋਂ ਤਿੰਨ ਦਿਨਾਂ ਦੇ ਅੰਦਰ ਕੀਤੀ ਜਾਵੇਗੀ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ ਜਾਂ ਨਿਮਨ ਲਿਖਤ ਹਸਤਾਖਰ ਦੇ ਦਫਤਰ ਵਿਚ ਅਤੇ ਪਟਿਆਲਾ ਕੋਰਟ ਦੀ ਵੈਬਸਾਇਟ 'ਤੇ ਵੇਖੀਆਂ ਜਾ ਸਕਦੀਆਂ ਹਨ। ਬੋਲੀ ਦੇਣ ਵਾਲੇ ਵਿਅਕਤੀ ਨੂੰ ਰੁ.10,000/- ਬਤੌਰ ਸਕਿਉਰਿਟੀ (ਮੋੜਨਯੋਗ) ਮੌਕੇ 'ਤੇ ਜਮ੍ਹਾਂ ਕਰਾਉਣੇ ਪੈਣਗੇ। ਕਿਸੇ ਵੀ ਸਾਬਕਾ ਠੇਕੇਦਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸਨੂੰ ਬੋਲੀ ਦੇਣ ਦਾ ਹੱਕ ਨਹੀਂ ਹੋਵੇਗਾ।

| ਲ ਨੰ. | ਮਿਤੀ | ਸਮਾਂ | ਬੋਲੀ ਦਾ ਸਥਾਨ | ਜਿਸ ਦਾ ਠੇਕਾ ਮੰਗਿਆ ਹੈ | ਰਿਜ਼ਰਵ ਕੀਮਤ | ਵਿਸ਼ੇਸ਼ ਕਥਨ |
|---|---|---|---|---|---|---|
| 1 | 13.05.2025 | 2:00 | ਜ਼ਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫਰੰਸ ਹਾਲ | ਸਾਇਕਲ ਸਟੈਂਡ, ਕੋਰਟ ਕੰਪਲੈਕਸ ਰਾਜਪੁਰਾ | ਰ_ 1,83,000/- | ਠੇਕੇ ਦੀ ਮਿਆਦ 15.05.2025 ਤੋਂ 31.03.2026 |
| 2 | 13.05.2025 | 2.15 | ਜ਼ਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫਰੰਸ ਹਾਲ | ਕੰਟੀਨ ਕੋਰਟ ਕੰਪਲੈਕਸ, ਨਾਭਾ। | ਰ_ 79,000/- | ਠੇਕੇ ਦੀ ਮਿਆਦ 15.05.2025 ਤੋਂ 31.03.2026 |

ਵਧੇਰੇ ਜਾਣਕਾਰੀ ਲਈ ਨਿਮਨ ਹਸਤਾਖਰੀ ਦੇ ਦਫਤਰ ਵਿਚ ਸੰਪਰਕ ਕਰ ਸਕਦੇ ਹੋ ਜਾਂ ecourts, Patiala ਦੀ ਵੈਬਸਾਇਟ ਤੇ ਦੇਖ ਸਕਦੇ ਹੋ।
ਸਹੀ/-
ਸਿਵਲ ਜੱਜ, ਸੀਨੀਅਰ ਡਵੀਜ਼ਨ, ਪਟਿਆਲਾ

---


**CHANDIGARH GROUP OF COLLEGES**
Building Careers. Transforming Lives.
**Jhanjeri, Mohali**
NAAC GRADE A+ FOR CHANDIGARH ENGINEERING COLLEGE
nirf NATIONAL INSTITUTIONAL RANKING FRAMEWORK 2024

**REQUIRES FOR**
**CHANDIGARH LAW COLLEGE**
- **PRINCIPAL**
- **PROFESSORS, ASSOC. PROFESSORS, ASSTT. PROFESSORS**

Corporate Law, Constitutional Law, Commercial Law, Public Law, International Law, English, Sociology, History, Political Science, Economics, MBA (Financial Management), Finance, Punjabi (Elementary & Advance).
**Qualifications:** As per Punjabi University and BCI norms: LLB, LLM, NET, Ph.D. API score required as per UGC norms.
**Pay Scale:** As per Govt. of Punjab/ BCI/ UGC/ Punjabi University.
Application Process: Apply online at **collegejobs.punjabiuniversity.ac.in** and **jobs@cgc.ac.in** within 10 days.
Mb.: 83603 67050, 95178 00145 | www.cgc.ac.in HR DEPARTMENT


---

## ਭਾਰਤੀਯ ਰੇਲ ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ—147 003
ਫੋਨ : 2396000, 2396001, ਫੈਕਸ: 91-0175-2306413

**ਈ-ਟੈਂਡਰ ਸੂਚਨਾ**

ਉਪ ਮੁੱਖ ਮੈਕੈਨੀਕਲ ਇੰਜੀਨੀਅਰ/LMS, ਪਟਿਆਲਾ ਰੇਲ ਇੰਜਣ ਕਾਰਖਾਨਾ, ਪਟਿਆਲਾ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਤਰਫੋਂ ਹੇਠ ਲਿਖੇ ਕੰਮਾਂ ਲਈ ਸਬੰਧਿਤ ਟੈਂਡਰਕਾਰਾਂ ਤੋਂ ਭਾਰਤੀ ਰੇਲਵੇ ਦੀ ਪ੍ਰੀਕਿਯੂਰਮੈਂਟ-ਪੋਰਟਲ www.ireps.gov.in ਦੇ ਰਾਹੀਂ ਖੁੱਲ੍ਹੇ ਟੈਂਡਰ ਸਿਸਟਮ ਦੇ ਆਧਾਰਿਤ ਆਨਲਾਈਨ ਈ-ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1. | N.I.T. No. | PLW-PCME-25-321A |
| 2. | ਕੰਮ ਦਾ ਨਾਮ | Comprehensive Annual Maintenance Contract Including Breakdown/ Repairs of Sealed Quench Furnaces (SQF) at HTS PLW as per Scope of Work No. PLW/M/HTS/CAMC/SQF-1512/2025-26. |
| 3. | ਅੰਦਾਜਨ ਲਾਗਤ | ₹ 42,24,542/- |
| 4. | ਧਰੋਹਰ ਰਾਸ਼ੀ | ₹ 84,500/- |
| 5. | ਕੰਮ ਖਤਮ ਕਰਨ ਦਾ ਸਮਾਂ | 365 ਦਿਨ |
| 6. | ਟੈਂਡਰ ਦਸਤਾਵੇਜ ਜਮ੍ਹਾ ਕਰਨ ਦੀਆਖਰੀ ਤਾਰੀਕ ਅਤੇ ਸਮਾਂ ਤੇ ਟੈਂਡਰ ਖੁਲਣੇ ਦੀ ਤਾਰੀਕ ਅਤੇ ਸਮਾਂ | 16.05.2025 up to 15:00 hrs. & opening on the same day at 15:30 hrs. |
| 7. | ਟੈਂਡਰ ਦਸਤਾਵੇਜ ਦੀ ਕੀਮਤ | Nil |

1248/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## ਸਟੇਟ ਬੈਂਕ ਆਫ ਇੰਡੀਆ
ਹੋਮ ਲੋਨ ਸੈਂਟਰ, ਦੂਜੀ ਮੰਜ਼ਿਲ, ਏਓ ਬਿਲਡਿੰਗ ਨੇੜੇ ਭਾਗੂ ਰੋਡ ਗੁਰਦੁਆਰਾ ਮਾਡਲ ਟਾਊਨ, ਫੇਜ਼-1 ਬਠਿੰਡਾ-151001

**ਮੰਗ ਸੂਚਨਾ**
ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ (ਾਂ)/ ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| **ਬਠਿੰਡਾ ਸ਼ਹਿਰ ਸ਼ਾਖਾ-50039** ਸ਼੍ਰੀ ਵਿਨੋਦ ਕੁਮਾਰ ਪੁੱਤਰ ਸ਼੍ਰੀ ਸਰੂਪ ਚੰਦ (ਕਰਜ਼ਦਾਰ), ਗਲੀ ਨੰ. 1/2ਏ, ਨੈਸ਼ਨਲ ਕਲੋਨੀ ਬਠਿੰਡਾ-151001 ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸ਼੍ਰੀ ਵਿਨੋਦ ਕੁਮਾਰ (ਸਹਿ-ਕਰਜ਼ਦਾਰ) ਗਲੀ ਨੰ. 1/2ਏ, ਨੈਸ਼ਨਲ ਕਲੋਨੀ ਬਠਿੰਡਾ-151001 | ਟਾਈਟਲ ਡੀਡ ਨੰਬਰ 7013 ਮਿਤੀ 03.10.2016 ਦੁਆਰਾ ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸ਼੍ਰੀ ਵਿਨੋਦ ਕੁਮਾਰ ਦੇ ਨਾਮ 'ਤੇ 63, 1/4 ਮੁਰੱਬਾ ਗਜ ਜਾਂ 0-1,1/4 ਬਿਸਵਾ ਦੇ ਪਲਾਟ 'ਤੇ ਬਣੇ ਰਿਹਾਇਸ਼ੀ ਘਰ ਦਾ ਬਰਾਬਰ ਗਿਰਵੀਨਾਮਾ ਯਾਨੀ 1,1/4/29 ਹਿੱਸੇ ਵਾਲੀ ਜ਼ਮੀਨ ਜਿਸ ਦਾ ਮਾਪ 1 ਬਿਘਾ 9 ਬਿਸਵਾ ਖਸਰਾ ਨੰਬਰ 1856 ਮਿਨ (1-9) ਖਾਤਾ ਨੰਬਰ 1224/5505 ਜਮ੍ਹਾਂਬੰਦੀ ਸਾਲ 2007-08 ਪੱਟੀ ਮਹਿਣਾ ਬਠਿੰਡਾ ਨੈਸ਼ਨਲ ਕਲੋਨੀ ਬਠਿੰਡਾ ਦੀ ਗਲੀ ਨੰਬਰ 1/2ਏ 'ਤੇ ਸਥਿਤ ਅਤੇ ਇਸ ਤਰ੍ਹਾਂ ਹੱਦਬੰਦੀ: ਪੂਰਬ: 34'6" ਖਾਲੀ ਪਲਾਟ ਪੱਛਮ: 34'6" ਦੀਪਕ ਕੁਮਾਰ, ਉੱਤਰ: 16'6" ਗਲੀ 20' ਚੌੜੀ, ਦੱਖਣ 16'6" ਸਤਵਿੰਦਰ ਸਿੰਘ | 01.04.2025 | 04.04.2025 | Rs. 4,41,677.57 04.04.2025 ਦੇ ਅਨੁਸਾਰ ਭਾਵੀ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ |
| **ਏਡੀਬੀ ਸ਼ਾਖਾ-3289** ਮਿਸ ਲਖਵੀਰ ਕੌਰ ਪੁੱਤਰੀ ਮਹਿੰਦਰ ਸਿੰਘ, ਮਕਾਨ ਨੰ. 16242 ਬੀ ਗਲੀ ਨੰ. 11 ਗੁਰੂ ਗੋਬਿੰਦ ਸਿੰਘ ਨਗਰ, ਬਠਿੰਡਾ-151001 | ਵਿਕਰੀ ਡੀਡ ਨੰ. 753 ਮਿਤੀ 16/04/2008 ਦੁਆਰਾ ਲਖਵੀਰ ਕੌਰ ਦੇ ਨਾਮ 'ਤੇ 78 ਵਰਗ ਗਜ਼ ਦਾ ਮਕਾਨ, ਭਾਵ, 0 ਬਿਘਾ 2 ਵਿੱਚੋਂ 1/2 ਹਿੱਸਾ ਬਿਸਵਾਸ ਅਰਥਾਤ 1 ਬਿਸਵਾਸ ਖਸਰਾ ਨੰਬਰ 2085/1 ਮਿਨ (0-2), ਖਾਤਾ ਨੰਬਰ 3717/19216 ਅਤੇ 0 ਬਿੱਘੇ 15 ਬਿਸਵਾਸ ਵਿੱਚੋਂ 1/30 ਹਿੱਸਾ ਭਾਵ, 1/2 ਬਿਸਵਾਸ ਖਸਰਾ ਨੰਬਰ (2085) ਮਿਨ (0-15) ਵਿੱਚ ਸ਼ਾਮਲ, ਖਾਤਾ ਨੰ. 3716/19204 ਕੁੱਲ 0 ਬਿੱਘੇ 1,1/2 ਬਿਸਵਾਸ, ਜਮਾਂਬੰਦੀ ਸਾਲ 2012-13 ਦੇ ਅਨੁਸਾਰ, | 23.03.2025 | 25.03.2025 | Rs. 19,48,673/- 24.03.2025 ਦੇ ਅਨੁਸਾਰ ਭਾਵੀ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ |

ਮਕਾਨ ਨੰ.16242-ਬੀ, ਗਲੀ ਨੰ. 11, ਗੁਰੂ ਗੋਬਿੰਦ ਸਿੰਘ ਨਗਰ, ਬਠਿੰਡਾ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ :- ਪੂਰਬ: 37' ਮਹਿੰਦਰ ਸਿੰਘ, ਪੱਛਮ: 37' ਗਲੀ 20' ਚੌੜੀ, ਉੱਤਰ: 19' ਗਲੀ 20' ਚੌੜੀ, ਅਤੇ ਦੱਖਣ: 19' ਸਰਮਿਸ਼ਟਾ ਭੱਟ।

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ (ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।
ਮਿਤੀ: 28.04.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ

---

## ਯੂਕੋ ਬੈਂਕ UCO BANK
ਯੂਕੋ ਬੈਂਕ ਜ਼ੋਨਲ ਦਫ਼ਤਰ, ਚੰਡੀਗੜ੍ਹ :-
ਐਸਸੀਓ ਨੰ. 55-56-57, ਬੈਂਕ ਸਕੁਏਅਰ ਸੈਕਟਰ 17 ਬੀ, ਚੰਡੀਗੜ੍ਹ-160017,
Ph.: 0172-5037339, 5037340, E-mail: zochng.rec@ucobank.co.in

**ਭੌਤਿਕ ਕਬਜ਼ਾ ਸੂਚਨਾ**
**[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਕੋ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 4 ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਖਾਤੇ ਅਧੀਨ ਨਿਮਨ ਦਰਸਾਈ ਰਕਮ ਦੇ ਲਈ **ਯੂਕੋ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਸ਼ਾਖਾ ਅਤੇ ਕਰਜ਼ਦਾਰ/ਜ਼ਾਮਨਾਂ ਅਤੇ ਗਿਰਵੀਕਾਰ ਦਾ ਨਾਮ ਅਤੇ ਪਤਾ | ਬਕਾਇਆ ਰਕਮ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਅਚੱਲ ਸੰਪੱਤੀ ਦੇ ਵੇਰਵੇ |
|---|---|---|---|---|
| **ਸ਼ਾਖਾ ਦਫਤਰ : ਫਾਜ਼ਿਲਕਾ** ਕਰਜ਼ਦਾਰ (ਾਂ):- ਸ੍ਰੀ ਮਹੇਸ਼ ਕੁਮਾਰ ਸਪੁੱਤਰ ਕੇਵਲ ਕ੍ਰਿਸ਼ਨ ਅਤੇ ਜ਼ਾਮਨ (ਾਂ): (1) ਸ੍ਰੀ ਕੇਵਲ ਕ੍ਰਿਸ਼ਨ ਸਪੁੱਤਰ ਸ਼ਿਵ ਦਿਆਲ (2) ਸ੍ਰੀ ਅਸ਼ੋਕ ਕੁਮਾਰ ਸਪੁੱਤਰ ਦਰਿਆ ਰਾਮ | Rs. 8,32,341.46 ਅਤੇ ਵਿਆਜ | 24.05.2024 | 25.04.2025 | ਮਹੇਸ਼ ਕੁਮਾਰ ਸਪੁੱਤਰ ਕੇਵਲ ਕ੍ਰਿਸ਼ਨ ਦੇ ਨਾਮ 'ਤੇ ਵਸੀਕਾ ਡੀਡ ਨੰ. 4355 ਮਿਤੀ 13.01.2014 ਦੇ ਅਧੀਨ ਦਾਖਲੀ ਮੁਹੱਲਾ, ਧੋਬੀ ਘਾਟ, ਫਾਜ਼ਿਲਕਾ ਦੀ ਸਾਲ 2009-2010 ਦੇ ਲਈ ਜਮ੍ਹਾਂਬੰਦੀ ਅਨੁਸਾਰ ਸੁਲਤਾਨਪੁਰਾ ਹੱਦਬਸਤ ਨੰ. 290, ਤਹਿਸੀਲ ਫਾਜ਼ਿਲਕਾ ਵਿਚ ਸਥਿਤ ਖਸਰਾ ਨੰ. 989 (5-14), ਖੇਵਟ ਨੰ. 202, ਖਤੌਨੀ ਨੰ. 405 ਵਿਚ 15 ਫੁੱਟX45 ਫੁੱਟ = 675 ਵਰਗ ਫੁੱਟ ਭਾਵ 2 ਮਰਲੇ 4-1/2 ਸਰਸਾਹੀ ਮਾਪ ਵਾਲੀ ਅਚੱਲ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। |

ਮਿਤੀ : 28.04.2025 ਸਥਾਨ : ਫਾਜ਼ਿਲਕਾ ਅਧਿਕਾਰਤ ਅਧਿਕਾਰੀ

---

## ਯੂਨੀਅਨ ਬੈਂਕ ਆਫ ਇੰਡੀਆ Union Bank of India
ਭਾਰਤ ਸਰਕਾਰ ਦੀ ਅਦਾਰਾ / A Government of India Undertaking
ਜ਼ੀਰਾ ਸ਼ਾਖਾ, ਸਾਹਮਣੇ ਸਰਕਾਰੀ ਬੁਆਏਜ਼ ਹਾਈ ਸਕੂਲ, ਫਿਰੋਜ਼ਪੁਰ ਰੋਡ, ਜ਼ੀਰਾ

**[ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਨੀਅਨ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ **ਨਿਯਮਾਂਵਲੀ** 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਯੂਨੀਅਨ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ ਜ਼ਾਮਨ (ਾਂ)/ ਦੇ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ 1(ਏ) ਸ਼੍ਰੀ ਜਸਪਾਲ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ (ਕਰਜ਼ਦਾਰ), ਪਤਾ: ਮਕਾਨ ਨੰਬਰ 8, ਗਲੀ ਨੰਬਰ 2, ਦਸਮੇਸ਼ ਨਗਰ, ਜ਼ੀਰਾ, ਤਹਿਸੀਲ। ਜ਼ੀਰਾ, ਜ਼ਿਲ੍ਹਾ-ਫਿਰੋਜ਼ਪੁਰ (ਪੰਜਾਬ)-142047 ਅਤੇ 1(ਬੀ) ਸ਼੍ਰੀਮਤੀ ਰੇਖਾ ਰਾਣੀ ਪਤਨੀ ਸ਼੍ਰੀ ਜਸਪਾਲ ਸਿੰਘ (ਸਹਿ-ਕਰਜ਼ਦਾਰ), ਪਤਾ: ਮਕਾਨ ਨੰ. 8, ਗਲੀ ਨੰ. 2, ਦਸਮੇਸ਼ ਨਗਰ, ਜ਼ੀਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ-ਫਿਰੋਜ਼ਪੁਰ (ਪੰਜਾਬ)-142047 | ਵਿਕਰੀ ਡੀਡ ਵਸੀਕਾ ਨੰਬਰ 2608 ਮਿਤੀ 12.02.1998 ਨੂੰ ਜਸਪਾਲ ਸਿੰਘ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ ਦਾ ਪਲਾਟ, ਜਿਸ ਦਾ ਮਾਪ 5 ਮਰਲੇ ਦਾ 5/176 ਹਿੱਸਾ, ਜ਼ਮੀਨ ਦਾ ਹਿੱਸਾ 8 ਕਨਾਲ 16 ਮਰਲੇ ਹੈ ਜਿਸ ਵਿੱਚ ਪੁਰਾਣਾ ਖੇਵਟ ਨੰਬਰ 2831 ਅਤੇ ਨਵਾਂ ਖੇਵਟ ਨੰਬਰ 3085-3086 ਹੈ, ਅਤੇ ਪੁਰਾਣੀ ਖਤੌਣੀ ਨੰਬਰ 3452-3453 ਅਤੇ ਨਵਾਂ 3794-3795, ਖਸਰਾ ਨੰਬਰ 111ਐਮ//16/1(0-16), 17/1(7-16), 17/2(0-4), ਸਾਲ 2010-11 ਲਈ ਜਮ੍ਹਾਂਬੰਦੀ ਵਿੱਚ ਦਾਖਲ, ਜ਼ੀਰਾ, ਤਹਿਸੀਲ-ਜ਼ੀਰਾ, ਜ਼ਿਲ੍ਹਾ- ਫਿਰੋਜ਼ਪੁਰ (ਪੰਜਾਬ) ਦੇ ਖੇਤਰ ਵਿੱਚ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿਸੇ। ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਖਾਲੀ ਪਲਾਟ, ਪੱਛਮ: ਗਲੀ, ਉੱਤਰ: ਜਗਜੀਤ ਸਿੰਘ ਦੀ ਜਾਇਦਾਦ, ਦੱਖਣ: ਸਕੱਤਰ ਸਿੰਘ ਦੀ ਜਾਇਦਾਦ। | 28/01/2025 | 25/04/2025 | Rs. 2,90,650.60 ਅਤੇ ਵਿਆਜ |

ਮਿਤੀ : 25.04.2025 ਅਧਿਕਾਰਤ ਅਧਿਕਾਰੀ

---

## ਪੰਜਾਬ ਨੈਸ਼ਨਲ ਬੈਂਕ pnb
...ਭਰੋਸੇ ਦਾ ਪ੍ਰਤੀਕ
ਸਰਕਲ ਸਾਸਤਰਾ ਮੋਗਾ
ਪਹਿਲੀ ਮੰਜ਼ਿਲ ਪ੍ਰਤਾਪ ਰੋਡ, ਮੋਗਾ

**ਮੰਗ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 3 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ) ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ।**
ਤੁਹਾਨੂੰ ਸਾਰੇ ਨਿਮਨ ਦਰਸਾਏ ਵਿਅਕਤੀਆਂ (ਕਰਜ਼ਦਾਰਾਂ/ਜ਼ਾਮਨ (ਾਂ)) ਨੂੰ ਸੂਚਨਾ ਤੋਂ 60 (ਸੱਠ) ਦਿਨਾਂ ਦੇ ਅੰਦਰ ਭੁਗਤਾਨ ਹੋਣ ਤੱਕ ਅਗਲੇਰੇ ਵਿਆਜ ਸਮੇਤ ਸੂਚਨਾਵਾਂ ਦੀ ਮਿਤੀ ਨੂੰ ਖਾਤੇ ਅਧੀਨ ਦਰਸਾਈ ਮੰਗ ਸੂਚਨਾ ਦੀ ਰਕਮ ਨੂੰ ਅਦਾ ਕਰਨ ਲਈ ਤੁਹਾਨੂੰ ਸਾਰਿਆਂ ਨੂੰ ਸੱਦਾ ਦਿੰਦੇ ਹੋਏ ਬੈਂਕ ਦੇ 'ਅਧਿਕਾਰਤ ਅਧਿਕਾਰੀ' ਵੱਲੋਂ ਨਿਮਨ ਦਰਸਾਈਆਂ ਮਿਤੀਆਂ ਨੂੰ ਸਰਫਾਇਸੀ ਐਕਟ-2002 ਦੀ ਧਾਰਾ 13 (2) ਦੇ ਅਧੀਨ ਪੰਜੀਕ੍ਰਿਤ ਮੰਗ ਸੂਚਨਾਵਾਂ ਭੇਜੀਆਂ ਗਈਆਂ ਸਨ। ਦਰਸਾਈ ਮੰਗ ਸੂਚਨਾ ਤੁਹਾਨੂੰ ਸਾਰਿਆਂ ਨੂੰ ਤਾਮੀਲ ਨਹੀਂ ਹੋ ਸਕੀ ਅਤੇ ਨਿਸ਼ਚਿਤ ਮਾਮਲਿਆਂ ਵਿਚ ਇਹ ਸੂਚਨਾ ਅਣਸੌਂਪੀ ਹੀ ਪਰਤ ਆਈ। ਨਿਮਨ ਹਸਤਾਖ਼ਰੀ ਕੋਲ ਸੁਰੱਖਿਅਤ ਕਰਜ਼ਦਾਤਾ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਇਹ ਮੰਨ ਲੈਣ ਦੇ ਕਾਰਨ ਹਨ ਕਿ ਤੁਹਾਨੂੰ ਸਭ ਨੂੰ ਵਿਕਲਪਿਕ ਤਾਮੀਲ ਦੀ ਵਿਧੀ ਤੋਂ ਬਿਨਾਂ ਸਧਾਰਨ ਢੰਗ ਨਾਲ ਮੰਗ ਸੂਚਨਾ ਦੀ ਤਾਮੀਲ ਨਹੀਂ ਕਰਵਾਈ ਜਾ ਸਕਦੀ। ਇਸ ਲਈ, ਤੁਹਾਡੇ ਵਿਚੋਂ ਹਰੇਕ ਨੂੰ ਇਸ ਜਨਤਕ ਸੂਚਨਾ ਰਾਹੀਂ ਇਥੇ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਤੁਹਾਡੇ ਵੱਲ ਬਣਦੀ ਰਕਮ ਭੁਗਤਾਨ ਦੀ ਮਿਤੀ ਤੱਕ ਅਗਲੇਰੇ ਵਿਆਜ ਸਮੇਤ ਨਿਮਨ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕ ਨਿਮਨ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਕਬਜ਼ਾ ਲੈਣ ਲਈ ਦਰਸਾਏ ਕਾਨੂੰਨ-2002 ਦੀ ਧਾਰਾ 13 (4) ਦੇ ਅਧੀਨ ਕਾਰਵਾਈ ਸ਼ੁਰੂ ਕਰੇਗਾ ਅਤੇ ਇਸ ਉਪਰੰਤ ਇਨ੍ਹਾਂ ਨੂੰ ਵੇਚਿਆ ਜਾਵੇਗਾ ਤਾਂ ਜੋ ਲਾਗਤਾਂ ਸਮੇਤ ਭਰਪਾਈ ਹੋਣ ਤੱਕ ਅਗਲੇਰੇ ਵਿਆਜ ਸਮੇਤ ਬਕਾਇਆਂ ਦੀ ਪੂਰਤੀ ਹੋ ਸਕੇ। ਕਰਜ਼ਦਾਰ ਵੱਲੋਂ ਬਕਾਇਆਂ ਦੀ ਭੁਗਤਾਨ ਨਾ ਕੀਤੇ ਜਾਣ ਕਾਰਨ ਜ਼ਾਮਨ/ਗਿਰਵੀਕਾਰ (ਾਂ) ਵੱਲੋਂ ਦਿੱਤੀ ਜ਼ਾਮਨੀ ਇਸ ਦੁਆਰਾ ਰੱਦ ਕੀਤੀ ਜਾਂਦੀ ਹੈ ਅਤੇ ਤੁਹਾਨੂੰ ਸਮੁੱਚੀ ਰਕਮ ਦਾ ਭੁਗਤਾਨ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਸੁਰੱਖਿਆ ਦੇ ਵੇਰਵੇ (ਸਾਰੇ ਭਾਗ ਅਤੇ ਹਿੱਸੇ) | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਬਕਾਇਆ ਰਕਮ |
|---|---|---|---|
| **ਬੀ/ਓ : ਮਖੂ (203810)** ਕਰਜ਼ਦਾਰ : ਸ੍ਰੀ ਸਾਜਨ ਗਿੱਲ ਪੁੱਤਰ ਸਰਵਨ ਗਿੱਲ, ਜੱਲਾ ਚੌਂਕੀ ਪਿੰਡ ਮੱਖੂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-142044। | ਤਬਾਦਲਾ ਡੀਡ 1127 ਮਿਤੀ 22.03.2018 ਦੇ ਅਧੀਨ ਸਾਜਨ ਗਿੱਲ ਦੇ ਨਾਮ 'ਤੇ ਪਿੰਡ ਵਾਰਡ ਨੰ. 04 ਵਪਾਰਕ ਦੋ ਮੰਜ਼ਿਲਾ ਇਮਾਰਤ ਨੇੜੇ ਜੱਲਾ ਚੌਂਕੀ, ਗੁਰਦੁਆਰਾ ਬਾਬਾ ਬਾਠਾਂ ਵਾਲਾ, ਮਖੂ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੇ ਰਕਬੇ ਵਿਚ ਸਥਿਤ ਸਾਲ 2014-15 ਦੇ ਲਈ ਜਮ੍ਹਾਂਬੰਦੀ ਅਧੀਨ ਖਸਰਾ ਨੰ. 43 ਐਮ//15 (1-14), ਖੇਵਟ ਨੰ. 125, ਖਤੌਨੀ ਨੰ. 204 ਦੇ ਅਧੀਨ 01 ਕਨਾਲ 14 ਮਰਲੇ ਮਾਪ ਵਾਲੀ ਜ਼ਮੀਨ ਦੇ 05/51 ਹਿੱਸੇ ਵਜੋਂ 03 ਮਰਲੇ 03 ਸਰਸਾਹੀ ਮਾਪ ਵਾਲੀ ਅਚੱਲ ਸੰਪੱਤੀ ਦੀ ਈਕਿਊਐਮ। | 23.04.2025 / 29.11.2024 | ਰੁ. 9.09.589.38 (ਨੌਂ ਲੱਖ ਨੌਂ ਹਜ਼ਾਰ ਪੰਜ ਸੌ ਉਨਾਸੀ ਅਤੇ ਅਠੱਤੀ ਪੈਸੇ ਸਿਰਫ਼) 31.03.2025 ਨੂੰ ਹੋਰ ਵਿਆਜ ਅਤੇ ਇਤਫਾਕੀਆ ਖਰਚਿਆਂ ਸਮੇਤ, ਉਸ ਉੱਤੇ ਲਾਗਤ। |
| **ਬੀ/ਓ : ਤਲਵੰਡੀ ਭਾਈ (009710)** ਕਰਜ਼ਦਾਰ 1. ਮੈਸਰਜ਼ ਨਿਊਗਲੋਬਲ ਆਈਸਬਰਗ ਪ੍ਰਾਈਵੇਟ ਲਿਮਟਿਡ, ਪਤਾ- ਮਕਾਨ ਨੰਬਰ 134 ਗੁਰਦੁਆਰਾ ਸਾਹਿਬ ਨੇੜੇ, ਪਿੰਡ ਤੇ ਡਾਕਖਾਨਾ ਤੁੰਬਰਭਾਨ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-142050 ਦੂਜਾ ਪਤਾ-ਘੁਮਾਰਾਂ ਵਾਲੀ ਗਲੀ, ਮੇਨ ਬਜ਼ਾਰ, ਮੋਗਾ- 142001. ਜ਼ਾਮਨ: 1. ਅਮਨਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ, ਪਤਾ- ਤੁੰਬੜਭਾਨ ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-142050 2. ਜਸਵਿੰਦਰ ਕੌਰ ਪਤਨੀ ਕਰਨੈਲ ਸਿੰਘ, ਪਤਾ- ਪਿੰਡ ਤੇ ਡਾਕਖਾਨਾ ਤੁੰਬਰਭਾਨ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-142050 3. ਕੁਲਬੀਰ ਸਿੰਘ ਪੁੱਤਰ ਸਵਰਨ ਸਿੰਘ, ਪਿੰਡ ਜੀਤ ਸਿੰਘ ਵਾਲਾ, ਜ਼ਿਲ੍ਹਾ ਫਿਰੋਜ਼ਪੁਰ-142060 4. ਕਰਨੈਲ ਸਿੰਘ ਪੁੱਤਰ ਭੱਲਾ ਸਿੰਘ, ਪਤਾ- ਪਿੰਡ ਤੇ ਡਾਕਖਾਨਾ ਤੁੰਬਰਭਾਨ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-142050। | 9 ਮਰਲੇ ਦੇ ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਅਤੇ ਪਾਰਸਲ 9/142 ਹਿੱਸਾ 7 ਕਨਾਲ 2 ਮਰਲੇ ਜ਼ਮੀਨ ਦਾ ਹੈ ਜੋ ਕਿ ਖੇਵਟ ਨੰਬਰ 2 ਖਤੌਣੀ ਨੰਬਰ 23, ਖਸਰਾ ਨੰਬਰ 95 (7-2) ਵਿੱਚ ਸਾਲ 2017-18 ਦੀ ਜਮਾਂਬੰਦੀ ਅਨੁਸਾਰ ਸ਼ਾਮਲ ਹੈ, ਜੋ ਕਿ ਜੀਤ ਸਿੰਘ ਵਾਲਾ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੀ ਮਾਲੀਆ ਜਾਇਦਾਦ ਦੇ ਅੰਦਰ ਸ਼੍ਰੀ ਕੁਲਬੀਰ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਮ 'ਤੇ 18.03.2016 ਦੇ ਤਬਾਦਲਾ ਡੀਡ ਨੰਬਰ 1182 ਦੇ ਅਨੁਸਾਰ ਸਥਿਤ ਹੈ। | 22.04.2025 / 03.04.2021 | ਰੁ. 14,83,434.60 (ਚੌਦਾਂ ਲੱਖ ਤਰਾਸੀ ਹਜ਼ਾਰ ਚਾਰ ਸੌ ਚੌਂਤੀ ਅਤੇ ਸੱਠ ਪੈਸੇ ਸਿਰਫ਼) 31.03.2025 ਨੂੰ ਹੋਰ ਵਿਆਜ ਅਤੇ ਇਤਫਾਕੀਆ ਖਰਚਿਆਂ ਸਮੇਤ, ਉਸ ਉੱਤੇ ਲਾਗਤ। |

ਸਥਾਨ : ਮੋਗਾ ਅਧਿਕਾਰਤ ਅਧਿਕਾਰੀ

---

## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਡਰਾਅ ਸਮਾਂ : ਸ਼ਾਮ 06:00 ਵਜੇ ਤੋਂ ਡਰਾਅ ਮਿਤੀ : 28.04.2025
ਪੰਜਾਬ ਸਟੇਟ ਡੀਅਰ 10 ਗੋਲਡ ਸੋਮਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ
ਮੁੱਲ ਰੁਪਏ 10/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (10) ਰੁਪਏ 10,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ.500/-, ਕੁੱਲ ਇਨਾਮੀ ਰਾਸ਼ੀ ਰੂ. 10,500/- ਹਰੇਕ)
**3129**

ਦੂਜੇ ਇਨਾਮ ਦੀ ਰਾਸ਼ੀ (10) ਰੁਪਏ 2,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ.200/-, ਕੁੱਲ ਇਨਾਮੀ ਰਾਸ਼ੀ ਰੂ. 2200/- ਹਰੇਕ)
**3335**

ਤੀਜੇ ਇਨਾਮ ਦੀ ਰਾਸ਼ੀ (100) ਰੁਪਏ 500/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ.50/-, ਕੁੱਲ ਇਨਾਮੀ ਰਾਸ਼ੀ ਰੂ. 550/- ਹਰੇਕ)

| | | | | | | | | | |
|---|---|---|---|---|---|---|---|---|---|
| 0979 | 2684 | 2730 | 2926 | 5424 | 7471 | 8457 | 8468 | 9304 | 9347 |

ਚੌਥੇ ਇਨਾਮ ਦੀ ਰਾਸ਼ੀ (100) ਰੁਪਏ 200/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ.20/-, ਕੁੱਲ ਇਨਾਮੀ ਰਾਸ਼ੀ ਰੂ. 220/- ਹਰੇਕ)

| | | | | | | | | | |
|---|---|---|---|---|---|---|---|---|---|
| 3030 | 4528 | 5754 | 7626 | 8148 | 8411 | 9290 | 9410 | 9643 | 9644 |

ਪੰਜਵੇਂ ਇਨਾਮ ਦੀ ਰਾਸ਼ੀ (2000) ਰੁਪਏ 100/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੂ.10/-, ਕੁੱਲ ਇਨਾਮੀ ਰਾਸ਼ੀ ਰੂ. 110/- ਹਰੇਕ)

| | | | | | | | | | |
|---|---|---|---|---|---|---|---|---|---|
| 0014 | 0076 | 0103 | 0229 | 0251 | 0271 | 0323 | 0466 | 0491 | 0608 |
| 0640 | 0648 | 0681 | 0708 | 0803 | 0883 | 0910 | 0952 | 0954 | 1269 |
| 1277 | 1342 | 1367 | 1529 | 1546 | 1567 | 1573 | 1574 | 1584 | 1592 |
| 1596 | 1600 | 1610 | 1675 | 1764 | 1853 | 2021 | 2064 | 2082 | 2101 |
| 2117 | 2190 | 2215 | 2323 | 2342 | 2532 | 2533 | 2692 | 2808 | 2909 |
| 2966 | 3137 | 3145 | 3228 | 3266 | 3399 | 3435 | 3457 | 3499 | 3524 |
| 3551 | 3639 | 3656 | 3673 | 3781 | 3784 | 3819 | 4024 | 4065 | 4083 |
| 4113 | 4136 | 4147 | 4178 | 4220 | 4311 | 4327 | 4340 | 4383 | 4418 |
| 4442 | 4470 | 4555 | 4650 | 4659 | 4714 | 4734 | 4866 | 4872 | 4953 |
| 4970 | 5045 | 5051 | 5069 | 5102 | 5109 | 5244 | 5276 | 5404 | 5446 |
| 5645 | 5667 | 5672 | 5785 | 5906 | 5928 | 5975 | 6043 | 6073 | 6090 |
| 6115 | 6176 | 6216 | 6242 | 6267 | 6289 | 6383 | 6404 | 6415 | 6433 |
| 6439 | 6444 | 6478 | 6492 | 6514 | 6535 | 6577 | 6634 | 6728 | 6765 |
| 6796 | 6861 | 6948 | 7004 | 7154 | 7163 | 7167 | 7176 | 7184 | 7262 |
| 7368 | 7393 | 7474 | 7505 | 7507 | 7510 | 7521 | 7532 | 7556 | 7701 |
| 7707 | 7849 | 7934 | 8032 | 8066 | 8070 | 8109 | 8112 | 8187 | 8224 |
| 8290 | 8299 | 8305 | 8340 | 8364 | 8397 | 8482 | 8572 | 8667 | 8677 |
| 8681 | 8810 | 8848 | 8888 | 8904 | 9009 | 9042 | 9057 | 9075 | 9159 |
| 9166 | 9182 | 9295 | 9358 | 9452 | 9494 | 9515 | 9568 | 9570 | 9610 |
| 9681 | 9694 | 9718 | 9732 | 9779 | 9800 | 9903 | 9906 | 9935 | 9953 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 26/11/187/2023/43623/Dated CHD 4.17.2025



# ਹੈਪੀ ਪਾਸੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਪੁਲਿਸ ਛੇ ਹੋਰ ਅਮਰੀਕਾ ਅਧਾਰਤ ਗੈਂਗਸਟਰਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਵਿੱਚ



ਪੰਜਾਬ ਦੀ ਪੁਲਿਸ ਹੁਣ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈਐਸਆਈ) ਦੇ ਇਸ਼ਾਰੇ 'ਤੇ ਭਾਰਤ ਵਿੱਚ ਅੱਤਵਾਦੀ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਿੱਚ ਸਰਗਰਮ ਤੌਰ 'ਤੇ ਸ਼ਾਮਲ ਅਮਰੀਕਾ ਅਧਾਰਤ ਛੇ ਵਿਅਕਤੀਆਂ ਦੇ ਕੇਸਾਂ ਦੀ ਸਰਗਰਮੀ ਨਾਲ ਪੈਰਵੀ ਕਰ ਰਹੀ ਹੈ। ਅਮਰੀਕਾ ਵਿਚ ਖਾਲਿਸਤਾਨੀ ਕਾਰਕੁੰਨ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਦੀ ਗ੍ਰਿਫਤਾਰੀ ਤੋਂ ਬਾਅਦ ਅਧਿਕਾਰੀਆਂ ਨੇ ਬਾਕੀਆਂ ਦੀ ਗ੍ਰਿਫ਼ਤਾਰੀ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ।

ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਕਸ਼ ਪਟੇਲ ਨੇ ਪਾਸੀਆ ਨੂੰ "ਵਿਦੇਸ਼ੀ ਅੱਤਵਾਦੀ ਗਿਰੋਹ" ਦਾ ਮੈਂਬਰ ਦੱਸਿਆ, ਅਤੇ ਕਿਹਾ ਕਿ "ਐਫਬੀਆਈ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਲੱਭਣਾ ਜਾਰੀ ਰੱਖੇਗੀ - ਭਾਵੇਂ ਉਹ ਕਿਤੇ ਵੀ ਹੋਣ"। ਅਮਰੀਕਾ ਦੀ ਪ੍ਰਮੁੱਖ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਅਗਵਾਈ ਕਰਨ ਵਾਲੇ ਪਹਿਲੇ ਭਾਰਤੀ-ਅਮਰੀਕੀ ਪਟੇਲ ਦੀ ਟਿੱਪਣੀ ਨੇ ਭਾਰਤ ਵਿੱਚ ਉਸ ਦੇਸ਼ ਵਿੱਚ ਲੁਕੇ ਗੈਂਗਸਟਰਾਂ ਅਤੇ ਅੱਤਵਾਦੀਆਂ ਦਾ ਪਤਾ ਲਗਾਉਣ ਵਿੱਚ ਵਧੇਰੇ ਸਹਿਯੋਗ ਅਤੇ ਯਤਨਾਂ ਦੀ ਉਮੀਦ ਜਗਾਈ ਹੈ।

ਪੰਜਾਬ ਪੁਲਿਸ ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਬੱਲ, ਗੁਰਦੇਵ ਸਿੰਘ ਉਰਫ਼ ਜੈਸਲ, ਸਤਬੀਰ ਸਿੰਘ ਉਰਫ਼ ਸਤਨਾਮ ਉਰਫ਼ ਸੱਤਾ, ਗੁਰਜੰਟ ਸਿੰਘ ਉਰਫ਼ ਭੋਲੂ, ਰਾਜੇਸ਼ ਕੁਮਾਰ ਉਰਫ਼ ਸੋਨੂੰ ਖੱਤਰੀ ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨਵਾਂਸ਼ਹਿਰ 'ਤੇ ਧਿਆਨ ਦੇ ਰਹੀ ਹੈ।

ਇਹ ਸਾਰੇ ਅਪਰਾਧੀ ਫਿਰੌਤੀ, ਕਤਲ ਅਤੇ ਅੱਤਵਾਦ ਦੇ ਜੁਰਮਾਂ ਵਿੱਚ ਸ਼ਾਮਲ ਰਹੇ ਹਨ, ਜਿਸ ਵਿੱਚ ਪੰਜਾਬ ਵਿੱਚ ਹੋਏ ਗ੍ਰਨੇਡ ਧਮਾਕਿਆਂ ਦੀ ਤਾਜ਼ਾ ਘਟਨਾ ਪਾਕਿਸਤਾਨ ਸਥਿਤ ਖਾਲਿਸਤਾਨੀ ਵੱਖਵਾਦੀਆਂ ਨਾਲ ਕੀਤੀ ਗਈ ਸੀ।

ਸੀਨੀਅਰ ਪੁਲਿਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਐਫਬੀਆਈ ਅਤੇ ਆਈਸੀਈ ਸਮੇਤ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੁਆਰਾ ਇਨ੍ਹਾਂ ਵਿਅਕਤੀਆਂ ਦੀ ਗ੍ਰਿਫਤਾਰੀ ਦਾ ਮੁੱਦਾ ਕੇਂਦਰ ਦੀਆਂ ਸਬੰਧਤ ਏਜੰਸੀਆਂ ਦੁਆਰਾ ਚੁੱਕਿਆ ਗਿਆ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ, "ਇਨ੍ਹਾਂ ਵਿਅਕਤੀਆਂ ਦੁਆਰਾ ਕੀਤੇ ਗਏ ਅਪਰਾਧਾਂ ਦੇ ਨਾਲ-ਨਾਲ ਇਹ ਤੱਥ ਕਿ ਉਹ ਜਾਅਲੀ ਦਸਤਾਵੇਜ਼ਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਹਨ, ਬਾਰੇ ਵਿਆਪਕ ਡੋਜ਼ੀਅਰ ਭਾਰਤ ਦੇ ਅਧਿਕਾਰੀਆਂ ਨੂੰ ਪੇਸ਼ ਕੀਤੇ ਗਏ ਹਨ ਅਤੇ ਬਦਲੇ ਵਿੱਚ, ਉਹ ਆਪਣੇ ਅਮਰੀਕੀ ਹਮਰੁਤਬਾ ਨਾਲ ਸਰਗਰਮੀ ਨਾਲ ਇਸ ਦੀ ਪਾਲਣਾ ਕਰ ਰਹੇ ਹਨ।"

ਇੰਡੀਅਨ ਐਕਸਪ੍ਰੈਸ ਨਾਲ ਗੱਲ ਕਰਦਿਆਂ, ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ, "ਅਸੀਂ ਕੇਂਦਰੀ ਏਜੰਸੀਆਂ ਦੇ ਸੰਪਰਕ ਵਿੱਚ ਹਾਂ ਅਤੇ ਕਾਨੂੰਨ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੂੰ ਭਾਰਤ ਵਾਪਸ ਲਿਆਉਣ ਲਈ ਕੋਸ਼ਿਸ਼ਾਂ ਕਰ ਰਹੇ ਹਾਂ।"

ਇਸ ਮਾਮਲੇ ਨਾਲ ਨਜਿੱਠਣ ਵਾਲੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਹੋਰ ਸਫ਼ਲਤਾ ਦੀ ਉਮੀਦ ਹੈ ਕਿਉਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਧੀਨ ਅਮਰੀਕੀ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਉਨ੍ਹਾਂ ਲੋਕਾਂ 'ਤੇ ਮੁੱਖ ਫੋਕਸ ਹੈ ਜੋ ਆਪਣੇ ਮੂਲ ਦੇਸ਼ਾਂ ਵਿੱਚ ਅਪਰਾਧ ਲਈ ਲੋੜੀਂਦੇ ਹਨ ਅਤੇ ਉਨ੍ਹਾਂ ਨੂੰ ਤੁਰੰਤ ਦੇਸ਼ ਨਿਕਾਲਾ ਦੇਣਾ ਹੈ। ਸਾਡੇ ਲਈ ਇਹ ਸੁਨਹਿਰੀ ਮੌਕਾ ਹੈ ਕਿ ਅਸੀਂ ਇਨ੍ਹਾਂ ਵਿਅਕਤੀਆਂ ਨੂੰ ਫੜੀਏ ਜੋ ਪੰਜਾਬ ਵਿੱਚ ਅਸ਼ਾਂਤੀ ਫੈਲਾਉਣ ਵਿੱਚ ਸਰਗਰਮੀ ਨਾਲ ਸ਼ਾਮਲ ਹਨ," ਇੱਕ ਸੀਨੀਅਰ ਅਧਿਕਾਰੀ ਨੇ ਕਿਹਾ।

## ਰਾਜੇਸ਼ ਕੁਮਾਰ ਉਰਫ ਸੋਨੂੰ ਖੱਤਰੀ

ਅਮਰੀਕਾ ਵਿੱਚ ਸਥਿਤ ਇੱਕ ਬਦਨਾਮ ਗੈਂਗਸਟਰ, ਖੱਤਰੀ ਮੂਲ ਰੂਪ ਵਿੱਚ ਪੰਜਾਬ ਦੇ ਬਲਾਚੌਰ ਦੇ ਪਿੰਡ ਰੱਕੜਾ ਢਾਹਾਂ ਦਾ ਰਹਿਣ ਵਾਲਾ ਹੈ। ਉਹ ਰਿੰਦਾ ਦਾ ਨਜ਼ਦੀਕੀ ਸਾਥੀ ਹੈ ਅਤੇ ਪੰਜਾਬ ਵਿੱਚ ਕਤਲ, ਜਬਰੀ ਵਸੂਲੀ, ਕਾਰਜੈਕਿੰਗ ਅਤੇ ਅੱਤਵਾਦੀ ਗਤੀਵਿਧੀਆਂ ਨਾਲ ਜੁੜਿਆ ਇੱਕ ਅਪਰਾਧਿਕ ਨੈੱਟਵਰਕ ਚਲਾਉਂਦਾ ਹੈ। ਮੰਨਿਆ ਜਾਂਦਾ ਹੈ ਕਿ ਉਹ ਵਿਦੇਸ਼ਾਂ ਤੋਂ ਜੁਰਮਾਂ ਨੂੰ ਅੰਜਾਮ ਦਿੰਦਾ ਹੈ, ਸੋਸ਼ਲ ਮੀਡੀਆ ਐਪਸ ਅਤੇ ਹਵਾਲਾ ਲੈਣ-ਦੇਣ ਦੀ ਵਰਤੋਂ ਕਰਕੇ ਭਾਰਤ ਵਿੱਚ ਸੰਚਾਲਕਾਂ ਨਾਲ ਤਾਲਮੇਲ ਬਣਾਉਂਦਾ ਹੈ, ਉਹਨਾਂ ਨੂੰ ਹਥਿਆਰ, ਫੰਡ ਅਤੇ ਲੁਕਣ ਦੇ ਸਥਾਨ ਪ੍ਰਦਾਨ ਕਰਦਾ ਹੈ।



ਮਾਰਚ 2022 ਵਿੱਚ, ਉਸ ਦੇ ਕਾਰਕੁਨ ਤਿੰਨ ਮੁੱਖ ਸਾਥੀਆਂ - ਅਮਨਦੀਪ ਕੁਮਾਰ ਉਰਫ ਰਾਂਚੋ, ਸ਼ਿਵਮ ਉਰਫ ਅਵਤਾਰ, ਅਤੇ ਗੁਰਮੁਖ ਸਿੰਘ ਉਰਫ ਗੋਰਾ - ਦੇ ਨਾਲ ਉਹ ਨਵਾਂਸ਼ਹਿਰ ਵਿੱਚ ਮੱਖਣ ਕੰਗ ਦੇ ਕਤਲ ਵਿੱਚ ਸ਼ਾਮਲ ਸਨ - ਨੂੰ ਜਨਵਰੀ 2023 ਵਿੱਚ ਠਾਣੇ, ਮਹਾਰਾਸ਼ਟਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਵਿਰੋਧੀ, ਮਹਾਰਾਸ਼ਟਰ ਏਜੇਂਸੀਆਂ (ਏ.ਟੀ.ਐਸ.ਐਫ.), ਕੇਂਦਰੀ ਏ.ਏ.ਜੀ.ਟੀ.ਐਫ.ਨੇ ਇਹ ਕਾਰਵਾਈ ਕੀਤੀ ਸੀ।



29 ਜੂਨ, 2024 ਨੂੰ, ਜਲੰਧਰ ਦਿਹਾਤੀ ਪੁਲਿਸ ਨੇ ਹੁਸ਼ਿਆਰਪੁਰ ਅਤੇ ਆਦਮਪੁਰ ਵਿੱਚ ਟਾਰਗੇਟ ਕੀਲਿੰਗ ਦੀ ਯੋਜਨਾ ਬਣਾਉਣ ਲਈ ਸੌਰਵ ਗੁੱਜਰ ਗੈਂਗ ਨਾਲ ਜੁੜੇ ਖੱਤਰੀ ਦੇ ਗਿਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ।

ਖੱਤਰੀ ਦੀਆਂ ਕਾਰਵਾਈਆਂ ਸੰਗਠਿਤ ਅਪਰਾਧ ਅਤੇ ਖਾਲਿਸਤਾਨੀ ਅੱਤਵਾਦ ਵਿਚਕਾਰ ਗਠਜੋੜ ਨੂੰ ਦਰਸਾਉਂਦੀਆਂ ਹਨ, ਜਿਸ ਵਿੱਚ ਵਿਰੋਧੀ ਗੈਂਗ ਦੇ ਮੈਂਬਰਾਂ, ਜਿਵੇਂ ਕਿ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰਾਂ, ਅਤੇ ਪੰਜਾਬ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਦੀ ਯੋਜਨਾ ਹੈ।

## ਗੁਰਪ੍ਰੀਤ ਸਿੰਘ ਉਰਫ ਗੋਪੀ ਨਵਾਂਸ਼ਹਿਰ



ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲੇ ਦੇ ਪਿੰਡ ਬੀਰੋਵਾਲ ਤੋਂ, ਨਵਾਂਸ਼ਹਿਰ ਕਤਲ, ਫਿਰੌਤੀ ਅਤੇ ਅੱਤਵਾਦੀ ਸਾਜ਼ਿਸ਼ਾਂ ਸਮੇਤ ਉੱਚ ਪੱਧਰੀ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਜਾਣਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਉਹ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਅਤੇ ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਨਾਲ ਸਬੰਧ ਰੱਖਣ ਵਾਲੇ ਨੈਟਵਰਕ ਵਿੱਚ ਇੱਕ ਪ੍ਰਮੁੱਖ ਵਿਅਕਤੀ ਹੈ। ਨਵਾਂਸ਼ਹਿਰ ਨੇ 3 ਅਪ੍ਰੈਲ, 2024 ਨੂੰ ਸ਼ਹੀਦ ਭਗਤ ਸਿੰਘ ਨਗਰ ਵਿੱਚ ਬੀਕੇਆਈ ਦੇ ਸਾਬਕਾ ਅੱਤਵਾਦੀ ਰਤਨਦੀਪ ਸਿੰਘ ਦੇ ਕਤਲ ਵਿੱਚ ਉਸਦੀ ਭੂਮਿਕਾ ਲਈ ਧਿਆਨ ਖਿੱਚਿਆ। ਉਹ ਮਈ 2024 ਵਿੱਚ ਜਾਅਲੀ ਪਾਸਪੋਰਟ ਦੀ ਵਰਤੋਂ ਕਰਕੇ ਅਮਰੀਕਾ ਭੱਜ ਗਿਆ ਸੀ ਅਤੇ ਕਥਿਤ ਤੌਰ 'ਤੇ ਕੈਲੀਫੋਰਨੀਆ ਵਿੱਚ ਲੁਕਿਆ ਹੋਇਆ ਹੈ।

ਨਵਾਂਸ਼ਹਿਰ ਦੇ ਅਪਰਾਧਿਕ ਇਤਿਹਾਸ ਵਿੱਚ ਪੁਲਿਸ ਬੁਨਿਆਦੀ ਢਾਂਚੇ 'ਤੇ ਹਮਲੇ ਸ਼ਾਮਲ ਹਨ, ਜਿਵੇਂ ਕਿ 13 ਦਸੰਬਰ, 2024 ਨੂੰ ਬਟਾਲਾ ਦੇ ਘਣੀਆ ਕੇ ਬਾਂਗਰ ਥਾਣੇ 'ਤੇ ਗ੍ਰਨੇਡ ਹਮਲਾ, ਪਾਸੀਆ ਦੇ ਨਾਲ ਸੋਸ਼ਲ ਮੀਡੀਆ ਰਾਹੀਂ ਦਾਅਵਾ ਕੀਤਾ ਗਿਆ ਸੀ। ਗ੍ਰੀਸ, ਯੂ.ਕੇ. ਅਤੇ ਪਾਕਿਸਤਾਨ ਦੇ ਸਹਿਯੋਗੀਆਂ ਦੇ ਨਾਲ ਉਸਦੇ ਕੰਮਕਾਜ ਕਈ ਦੇਸ਼ਾਂ ਵਿੱਚ ਫੈਲੇ ਹੋਏ ਹਨ, ਜੋ ਉਸਨੂੰ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਇੱਕ ਮਹੱਤਵਪੂਰਨ ਨਿਸ਼ਾਨਾ ਬਣਾਉਂਦੇ ਹਨ।

## ਗੁਰਜੰਟ ਸਿੰਘ ਉਰਫ ਭੋਲੂ



ਇੱਕ ਗਲੋਬਲ ਡਰੱਗ ਸਿੰਡੀਕੇਟ ਵਿੱਚ ਇੱਕ ਪ੍ਰਮੁੱਖ ਹਸਤੀ, ਭੋਲੂ ਪੰਜਾਬ ਦੇ ਤਰਨਤਾਰਨ ਦੇ ਪਿੰਡ ਹਵੇਲੀਆਂ ਨਾਲ ਸਬੰਧਤ ਹੈ। ਉਸ ਦੇ ਅੰਮ੍ਰਿਤਪਾਲ ਸਿੰਘ ਉਰਫ਼ ਬਾਠ ਅਤੇ ਸ਼ਹਿਨਾਜ਼ ਸਿੰਘ ਉਰਫ਼ ਸ਼ੌਨ ਭਿੰਡਰ, ਅੰਤਰਰਾਸ਼ਟਰੀ ਡਰੱਗ ਸਰਗਨਾ ਸਮੇਤ ਹੋਰ ਪ੍ਰਮੁੱਖ ਅਪਰਾਧੀਆਂ ਨਾਲ ਸਬੰਧ ਦੱਸੇ ਜਾਂਦੇ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਸੀ ਕਿ ਭਿੰਡਰ ਨੂੰ ਪੰਜਾਬ ਪੁਲਿਸ ਨੇ 10 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਐਫਬੀਆਈ ਨੂੰ ਲੋੜੀਂਦਾ ਸੀ।

ਭੋਲੂ ਦੀਆਂ ਗਤੀਵਿਧੀਆਂ ਮੁੱਖ ਤੌਰ 'ਤੇ ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਭਾਰਤ ਵਿੱਚ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨਾਲ-ਨਾਲ ਕੋਲੰਬੀਆ ਤੋਂ ਅਮਰੀਕਾ ਅਤੇ ਕੈਨੇਡਾ ਵਿੱਚ ਕੋਕੀਨ ਦੀ ਵੰਡ ਦੀ ਸਹੂਲਤ ਦੇਣ ਦੇ ਦੁਆਲੇ ਘੁੰਮਦੀਆਂ ਹਨ।

ਭੋਲੂ ਦਾ ਗਿਰੋਹ ਪੰਜਾਬ ਵਿੱਚ ਸੰਗਠਿਤ ਅਪਰਾਧ ਅਤੇ ਨਸ਼ਾ ਤਸਕਰੀ ਦੇ ਗਠਜੋੜ ਵਿੱਚ ਯੋਗਦਾਨ ਪਾਉਣ, ਜਬਰੀ ਵਸੂਲੀ ਅਤੇ ਹਥਿਆਰਾਂ ਦੀ ਤਸਕਰੀ ਸਮੇਤ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਵੀ ਸ਼ਾਮਲ ਹੈ।

## ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਬੱਲ

ਹੋਰ ਗੈਂਗਸਟਰਾਂ ਅਤੇ ਅੱਤਵਾਦੀ ਸੰਗਠਨਾਂ ਦੇ ਨਾਲ ਮਿਲ ਕੇ ਕਈ ਅਪਰਾਧਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਨਿਸ਼ਾਨਾ ਕਤਲ, ਫਿਰੌਤੀ, ਹਥਿਆਰਾਂ ਦੀ ਤਸਕਰੀ ਅਤੇ ਦਹਿਸ਼ਤੀ ਸਾਜ਼ਿਸ਼ਾਂ ਸ਼ਾਮਲ ਹਨ, ਅੰਮ੍ਰਿਤ ਬੱਲ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਡਾਲਾ ਨਾਲ ਸਬੰਧਤ ਹੈ। ਉਹ ਲਾਂਡਾ ਅਤੇ ਰਿੰਦਾ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਪਾਕਿਸਤਾਨ ਦੀ ਆਈਐਸਆਈ ਦੇ ਪ੍ਰਭਾਵ ਹੇਠ ਕੰਮ ਕਰ ਰਿਹਾ ਹੈ। ਉਹ ਜੱਗੂ ਭਗਵਾਨਪੁਰੀਆ ਗੈਂਗ ਨਾਲ ਵੀ ਜੁੜਿਆ ਹੋਇਆ ਹੈ ਅਤੇ ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਨਾਲ ਸਬੰਧ ਰੱਖਦਾ ਹੈ।

ਬਲ ਪੰਜਾਬ ਵਿੱਚ ਦਹਿਸ਼ਤਗਰਦੀ ਮਾਡਿਊਲਾਂ ਨੂੰ ਤਿਆਰ ਕਰਨ ਵਿੱਚ ਸ਼ਾਮਲ ਹੈ, ਉਸਦੇ ਕਾਰਕੁਨਾਂ ਨਾਲ ਪੁਲਿਸ ਅਦਾਰਿਆਂ, ਰਾਜਨੀਤਿਕ ਅਤੇ ਧਾਰਮਿਕ ਨੇਤਾਵਾਂ ਅਤੇ ਆਮ ਨਾਗਰਿਕਾਂ 'ਤੇ ਹਮਲਿਆਂ ਦੀ ਯੋਜਨਾ ਬਣਾਈ ਗਈ ਹੈ। ਬਲ ਅੰਤਰਰਾਸ਼ਟਰੀ ਪੱਧਰ 'ਤੇ ਕੰਮ ਕਰਦਾ ਹੈ, ਮੁੱਖ ਤੌਰ 'ਤੇ ਅਮਰੀਕਾ ਤੋਂ, ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਪੰਜਾਬ ਵਿੱਚ ਸਥਾਨਕ ਸੰਚਾਲਕਾਂ ਦੀ ਵਰਤੋਂ ਕਰਦਾ ਹੈ। ਉਹ ਗੁਪਤਤਾ ਬਣਾਈ ਰੱਖਣ ਲਈ ਭਰੋਸੇਯੋਗ ਸਹਾਇਕਾਂ ਨੂੰ ਖੋਜ ਅਤੇ ਹਥਿਆਰਾਂ ਦੀ ਵੰਡ ਵਰਗੇ ਕੰਮ ਸੌਂਪਦਾ ਹੈ।

## ਸਤਬੀਰ ਸਿੰਘ ਉਰਫ ਸਤਨਾਮ ਉਰਫ ਸੱਤਾ

ਤਰਨਤਾਰਨ ਜ਼ਿਲ੍ਹੇ ਦੇ ਨੌਸ਼ਹਿਰਾ ਪੰਨੂਆਂ ਦੇ ਇੱਕ ਬਦਨਾਮ ਗੈਂਗਸਟਰ ਸੱਤਾ 'ਤੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਨਾਲ ਜੁੜੀਆਂ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਉਹ ਇੱਕ ਅੰਤਰ-ਰਾਸ਼ਟਰੀ ਅਪਰਾਧੀ ਅਤੇ ਅੱਤਵਾਦੀ ਨੈੱਟਵਰਕ ਵਿੱਚ ਇੱਕ ਮੁੱਖ ਸੰਚਾਲਕ ਹੈ, ਜਿਸਨੂੰ ਕਥਿਤ ਤੌਰ 'ਤੇ ਰਿੰਦਾ ਅਤੇ ਕੈਨੇਡਾ-ਅਧਾਰਤ ਗੈਂਗਸਟਰ ਲਖਬੀਰ ਸਿੰਘ ਉਰਫ਼ ਲੰਡਾ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ।



Satbir Singh @ Satnam @ Satta

ਸੱਤਾ ਦਸੰਬਰ 2022 ਵਿੱਚ ਸਰਹਾਲੀ ਥਾਣੇ 'ਤੇ ਰਾਕੇਟ-ਪ੍ਰੋਪੇਲਡ ਗ੍ਰਨੇਡ (ਆਰਪੀਜੀ) ਹਮਲੇ ਸਮੇਤ ਕਈ ਹਾਈ-ਪ੍ਰੋਫਾਈਲ ਅਪਰਾਧਾਂ ਵਿੱਚ ਫਸਿਆ ਹੋਇਆ ਹੈ।ਇਸ ਮਹੀਨੇ, ਪੰਜਾਬ ਪੁਲਿਸ ਨੇ ਦੋ ਆਈਐਸਆਈ-ਸਮਰਥਿਤ ਦਹਿਸ਼ਤੀ ਮਾਡਿਊਲਾਂ ਦਾ ਪਰਦਾਫਾਸ਼ ਕੀਤਾ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਵਿਦੇਸ਼ (ਸੰਭਵ ਤੌਰ 'ਤੇ ਫਰਾਂਸ) ਤੋਂ ਸੱਤਾ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ ਅਤੇ ਗ੍ਰੀਸ ਸਥਿਤ ਜਸਵਿੰਦਰ ਉਰਫ਼ ਮੰਨੂ ਅਗਵਾਨ। ਬਰਾਮਦਗੀ ਵਿੱਚ ਆਰਪੀਜੀ, ਗ੍ਰਨੇਡ ਅਤੇ ਆਰਡੀਐਕਸ ਸ਼ਾਮਲ ਸਨ। ਇਨ੍ਹਾਂ ਮਾਡਿਊਲਾਂ ਨੇ ਪੁਲਿਸ ਅਧਿਕਾਰੀਆਂ ਅਤੇ ਸਟੇਸ਼ਨਾਂ 'ਤੇ ਹਮਲਿਆਂ ਦੀ ਯੋਜਨਾ ਬਣਾਈ ਸੀ।

ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਨੇ ਆਪਣੀ ਚਾਰਜਸ਼ੀਟ ਵਿੱਚ ਸੱਤਾ ਨੂੰ BKI ਦੇ ਅੱਤਵਾਦੀ ਨੈੱਟਵਰਕ ਵਿੱਚ ਉਸਦੀ ਭੂਮਿਕਾ ਲਈ ਨਾਮਜ਼ਦ ਕੀਤਾ ਹੈ, ਜੋ ਕੈਨੇਡਾ, ਅਮਰੀਕਾ, ਈਯੂ, ਯੂਏਈ, ਨੇਪਾਲ ਅਤੇ ਪਾਕਿਸਤਾਨ ਵਿੱਚ ਫੈਲਿਆ ਹੋਇਆ ਹੈ। ਉਸ 'ਤੇ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਰਾਹੀਂ ਬੀ.ਕੇ.ਆਈ. ਲਈ ਫੰਡ ਇਕੱਠਾ ਕਰਨ ਅਤੇ ਅੱਤਵਾਦੀ ਕਾਰਵਾਈਆਂ ਵਿਚ ਤਾਲਮੇਲ ਕਰਨ ਦਾ ਦੋਸ਼ ਹੈ।

ਸੱਤਾ ਦੇ ਸੰਚਾਲਨ ਵਟਸਐਪ ਅਤੇ ਜ਼ੈਂਗੀ ਵਰਗੀਆਂ ਐਨਕ੍ਰਿਪਟਡ ਸੰਚਾਰ ਐਪਾਂ 'ਤੇ ਨਿਰਭਰ ਕਰਦੇ ਹਨ - ਬਾਅਦ ਵਾਲੇ ਭਾਰਤ ਵਿੱਚ ਪਾਬੰਦੀਸ਼ੁਦਾ ਹਨ। ਉਹ ਫੜੇ ਜਾਣ ਤੋਂ ਬਚਣ ਲਈ "ਡੈੱਡ ਡ੍ਰੌਪ" ਤਕਨੀਕ ਦੀ ਵਰਤੋਂ ਕਰਦਾ ਹੈ। ਉਸਦੇ ਅਪਰਾਧਿਕ ਇਤਿਹਾਸ ਵਿੱਚ 2010 ਦਾ ਇੱਕ ਕੇਸ ਸ਼ਾਮਲ ਹੈ ਜਿਸ ਵਿੱਚ IED ਅਤੇ RDX ਰਿਕਵਰੀ ਸ਼ਾਮਲ ਹੈ।

## ਸਭ ਤੋਂ ਅਮੀਰ ਗੈਂਗਸਟਰ ਕੌਣ?




ਤੁਸੀਂ ਫਿਲਮਾਂ ਵਿੱਚ ਗੈਂਗਸਟਰਾਂ ਦੀਆਂ ਕਹਾਣੀਆਂ ਅਕਸਰ ਦੇਖੀਆਂ ਹੋਣਗੀਆਂ, ਬਿਲਕੁਲ ਉਸੇ ਅੰਦਾਜ਼ ਵਿੱਚ ਪੰਜਾਬ ਵਿੱਚ ਗੈਂਗ ਵਾਰ ਚੱਲਦੀ ਹੈ। ਇਹ ਸਮਾਂ ਹੈ ਆਪਣੇ ਆਪ ਨੂੰ ਨੰਬਰ ਇਕ ਉੱਤੇ ਦਿਖਾਉਣ ਦਾ ਹੈ। ਭਾਵੇਂ ਪੰਜਾਬ ਵਿੱਚ ਕਈ ਗੈਂਗ ਹਨ ਪਰ ਲਾਰੈਂਸ ਬਿਸ਼ਨੋਈ, ਬੰਬੀਹਾ ਅਤੇ ਜੱਗੂ ਭਗਵਾਨਪੁਰੀਆ ਦੇ ਗੈਂਗ ਦਾ ਬਹੁਤ ਖ਼ੌਫ਼ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਇਨ੍ਹਾਂ ਗੈਂਗਸਟਰਾਂ ਨੇ ਵਿਦੇਸ਼ਾਂ ਤੱਕ ਆਪਣਾ ਨੈੱਟਵਰਕ ਫੈਲਾ ਲਿਆ ਹੈ।ਸੂਤਰਾਂ ਮੁਤਾਬਿਕ ਭਾਵੇਂ ਪੰਜਾਬ ਦੇ ਇਹ ਸਾਰੇ ਗੈਂਗਸਟਰ ਆਪਣੇ ਕਾਲੇ ਕਾਰੋਬਾਰਾਂ ਰਾਹੀਂ ਕਰੋੜਾਂ ਰੁਪਏ ਦੇ ਮਾਲਕ ਬਣ ਚੁੱਕੇ ਹਨ ਪਰ ਇਨ੍ਹਾਂ ਸਾਰੇ ਗੈਂਗਸਟਰਾਂ ਵਿੱਚੋਂ ਸਭ ਤੋਂ ਅਮੀਰ ਜੱਗੂ ਭਗਵਾਨਪੁਰੀਆ ਹੈ।

**ਪੰਜਾਬ ਦੇ ਸਭ ਤੋਂ ਅਮੀਰ ਗੈਂਗਸਟਰ ਦੀ ਕਹਾਣੀ**

ਜੱਗੂ ਭਗਵਾਨਪੁਰੀਆ ਗੁਰਦਾਸਪੁਰ ਦੇ ਪਿੰਡ ਭਗਵਾਨਪੁਰ ਦਾ ਰਹਿਣ ਵਾਲਾ ਹੈ। ਜਦੋਂ ਉਹ ਪੈਦਾ ਹੋਇਆ ਤਾਂ ਉਸ ਦੇ ਮਾਤਾ-ਪਿਤਾ ਨੇ ਉਸ ਦਾ ਨਾਮ ਜਸਪ੍ਰੀਤ ਸਿੰਘ ਰੱਖਿਆ। ਜੱਗੂ ਕਬੱਡੀ ਦਾ ਚੰਗਾ ਖਿਡਾਰੀ ਸੀ। ਉਹ ਬਹੁਤ ਸਾਰੇ ਖਿਡਾਰੀਆਂ ਅਤੇ ਕਬੱਡੀ ਪ੍ਰੇਮੀਆਂ ਲਈ ਯੂਥ ਆਈਕਨ ਹੈ ਪਰ ਉਹ ਅਪਰਾਧ ਦੀ ਦੁਨੀਆ ਵਿਚ ਦਿਲਚਸਪੀ ਰੱਖਦਾ-ਰੱਖਦਾ ਖੁਦ ਇੱਕ ਅਪਰਾਧੀ ਬਣ ਗਿਆ। ਜਿਵੇਂ-ਜਿਵੇਂ ਉਹ ਵੱਡਾ ਹੋਇਆ, ਉਹ ਅਪਰਾਧ ਦੀ ਦੁਨੀਆ ਵਿੱਚ ਸ਼ਾਮਿਲ ਹੋਣ ਲੱਗਾ ਅਤੇ ਫਿਰ ਆਪਣਾ ਨਾਮ ਬਦਲ ਕੇ ਜੱਗੂ ਭਗਵਾਨਪੁਰੀਆ ਰੱਖ ਲਿਆ। ਉਹ ਆਪਣੇ ਪਿੰਡ ਦੇ ਨਾਂ ਭਗਵਾਨਪੁਰ ਦੇ ਨਾਲ ਆਪਣਾ ਨਾਂ ਜੋੜ ਕੇ ਗੈਂਗਸਟਰ ਦੀ ਦੁਨੀਆ ਵਿੱਚ ਦਾਖਲ ਹੋਇਆ। ਉਹ ਪੰਜਾਬ ਦੇ ਗੁਰੀ ਨਾਂ ਦੇ ਗੈਂਗਸਟਰ ਨਾਲ ਕੰਮ ਕਰਨ ਲੱਗਿਆ। ਪਹਿਲਾਂ ਉਸ ਨੇ ਲੁੱਟ-ਖੋਹ, ਕੁੱਟਮਾਰ ਅਤੇ ਜਬਰੀ ਵਸੂਲੀ ਦੀਆਂ ਛੋਟੀਆਂ-ਮੋਟੀਆਂ ਬਾਰਦਾਤਾਂ ਨੂੰ ਕਰਦਾ ਅੱਗੇ ਵਧਦਾ ਗਿਆ। ਇਸ ਤੋਂ ਬਾਅਦ ਜੱਗੂ ਨੇ ਪੈਸੇ ਲੈ ਕੇ ਕਤਲ ਕਰਵਾਉਣੇ ਸ਼ੁਰੂ ਕਰ ਦਿੱਤੇ। ਯਾਨੀ ਕਿ ਉਹ ਦੂਜਿਆਂ ਦੇ ਨਾਂ 'ਤੇ ਸੁਪਾਰੀ ਲੈ ਕੇ ਕਤਲ ਕਰਵਾ ਲੈਂਦਾ ਸੀ। ਇਸ ਕੰਮ ਵਿਚ ਉਸ ਨੂੰ ਕਾਫੀ ਪੈਸਾ ਮਿਲਣ ਲੱਗਾ। ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਗੈਂਗ ਪੰਜਾਬ ਦਾ ਜਾਣਿਆ-ਪਛਾਣਿਆ ਨਾਮ ਹੈ।

**ਹਥਿਆਰਾਂ ਦੀ ਸਪਲਾਈ ਦਾ ਸਭ ਤੋਂ ਵੱਡਾ ਨੈੱਟਵਰਕ**

ਜੱਗੂ ਭਗਵਾਨਪੁਰੀਆ ਨੇ ਵੀ ਆਪਣਾ ਵੱਡਾ ਨੈੱਟਵਰ ਬਣਾ ਲਿਆ ਸੀ। ਹੁਣ ਪੰਜਾਬ ਤੋਂ ਇਲਾਵਾ ਜੱਗੂ ਦੇ ਕੁਨੈਕਸ਼ਨ ਰਾਜਸਥਾਨ ਅਤੇ ਮੱਧ ਪ੍ਰਦੇਸ਼, ਦਿੱਲੀ, ਹਰਿਆਣਾ ਤੋਂ ਇਲਾਵਾ ਵਿਦੇਸ਼ਾਂ ਤੱਕ ਵੀ ਪਹੁੰਚ ਗਏ ਹਨ। ਜੱਗੂ ਦਾ ਮਕਸਦ ਵੱਧ ਤੋਂ ਵੱਧ ਪੈਸਾ ਕਮਾਉਣਾ ਸੀ। ਕਈ ਸ਼ਾਰਪ ਸ਼ੂਟਰ ਉਸ ਦੇ ਗਿਰੋਹ ਵਿਚ ਸ਼ਾਮਿਲ ਹੋ ਗਏ ਸਨ। ਉਹ ਪੈਸਿਆਂ ਲਈ ਕਿਸੇ ਨੂੰ ਵੀ ਮਾਰ ਸਕਦਾ ਸੀ। ਸੁਪਾਰੀ ਲੈਣ ਤੋਂ ਬਾਅਦ ਜੱਗੂ ਨੇ ਹਥਿਆਰਾਂ ਦੀ ਸਪਲਾਈ ਵਿੱਚ ਵੀ ਹੱਥ ਅਜ਼ਮਾਇਆ। ਜੱਗੂ ਭਗਵਾਨਪੁਰੀਆ ਨੇ ਸਰਹੱਦ ਪਾਰ ਤੋਂ ਹਥਿਆਰਾਂ ਦੀ ਸਪਲਾਈ ਕਰਕੇ ਦੇਸ਼ ਵਿੱਚ ਲਿਆ ਕੇ ਦੂਜੇ ਗੈਂਗਸਟਰਾਂ ਨੂੰ ਮਹਿੰਗੇ ਭਾਅ ਵੇਚਣੇ ਸ਼ੁਰੂ ਕਰ ਦਿੱਤੇ ਸਨ। ਇਸ ਕੰਮ ਵਿਚ ਉਹ ਕਾਫੀ ਕਮਾਈ ਕਰਦਾ ਸੀ। ਜੱਗੂ ਭਗਵਾਨਪੁਰੀਆ ਦਾ ਉੱਤਰੀ ਭਾਰਤ ਵਿੱਚ ਹਥਿਆਰਾਂ ਦੇ ਨੈੱਟਵਰ ਦਾ ਸਭ ਤੋਂ ਵੱਡਾ ਕਾਰੋਬਾਰ ਹੈ।

**ਲਾਰੈਂਸ ਦੇ ਗੈਂਗ ਨੂੰ ਹਥਿਆਰ ਸਪਲਾਈ ਕਰਨਾ**

ਜੱਗੂ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਹਥਿਆਰ ਵੀ ਸਪਲਾਈ ਕੀਤੇ ਸਨ। ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਹਥਿਆਰਾਂ ਦੀ ਸਪਲਾਈ ਤੋਂ ਲੈ ਕੇ ਗੱਡੀਆਂ ਮੁਹੱਈਆ ਕਰਵਾਉਣ ਤੱਕ ਸਭ ਕੁਝ ਜੱਗੂ ਭਗਵਾਨਪੁਰੀਆ ਦੇ ਗੈਂਗ ਨੇ ਕੀਤਾ ਸੀ। ਰਿਪੋਰਟਾਂ ਮੁਤਾਬਕ ਜੱਗੂ ਭਗਵਾਨਪੁਰੀਆ, ਲਾਰੈਂਸ ਬਿਸ਼ਨੋਈ ਗੈਂਗ ਨੂੰ ਆਧੁਨਿਕ ਹਥਿਆਰ ਸਪਲਾਈ ਕਰਦਾ ਸੀ ਪਰ ਬਦਲੇ 'ਚ ਹਰ ਹਥਿਆਰ ਦੇ ਘੱਟੋ-ਘੱਟ 5 ਲੱਖ ਰੁਪਏ ਲਏ ਜਾਂਦੇ ਸਨ ਜੋ ਕਿ ਬਹੁਤ ਜ਼ਿਆਦਾ ਰਕਮ ਸੀ। ਸਿੱਧ ਮੂਸੇਵਾਲਾ ਕੇਸ ਤੋਂ ਬਾਅਦ ਹਥਿਆਰਾਂ ਲਈ ਪੈਸਿਆਂ ਨੂੰ ਲੈ ਕੇ ਦੋ ਗਿਰੋਹਾਂ ਵਿੱਚ ਲੜਾਈ ਸ਼ੁਰੂ ਹੋ ਗਈ ਸੀ। ਲਾਰੈਂਸ ਬਿਸ਼ਨੋਈ ਗੈਂਗ ਨੂੰ ਸ਼ੱਕ ਸੀ ਕਿ ਜੱਗੂ ਭਗਵਾਨਪੁਰੀਆ ਪੈਸਿਆਂ ਲਈ ਆਪਣੇ ਵਿਰੋਧੀ ਗਿਰੋਹ ਨੂੰ ਹਥਿਆਰ ਵੀ ਮੁਹੱਈਆ ਕਰਵਾ ਰਿਹਾ ਸੀ। ਉਸਨੂੰ ਪੰਜਾਬ ਦਾ ਸੁਪਾਰੀ ਬਾਦਸ਼ਾਹ ਵੀ ਕਿਹਾ ਜਾਂਦਾ ਹੈ। ਜੱਗੂ ਭਗਵਾਨਪੁਰੀਆ ਲਾਰੈਂਸ ਬਿਸ਼ਨੋਈ ਦਾ ਕਰੀਬੀ ਮੰਨਿਆ ਜਾਂਦਾ ਸੀ।

**ਨਸ਼ੇ ਦੀ ਸਪਲਾਈ ਤੋਂ ਕਮਾਏ ਅਰਬਾਂ ਰੁਪਏ**

ਇੰਨਾ ਹੀ ਨਹੀਂ ਜੱਗੂ ਭਗਵਾਨਪੁਰੀਆ ਨਸ਼ੇ ਦਾ ਕਾਰੋਬਾਰ ਵੀ ਕਰਦਾ ਹੈ। ਜੱਗੂ ਦੇ ਗੈਂਗ ਨੇ ਪੰਜਾਬ ਦੇ ਹਰ ਖੇਤਰ 'ਚ ਨਸ਼ਾ ਸਪਲਾਈ ਕਰਨ 'ਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ, ਜਦਕਿ ਲਾਰੈਂਸ ਗੈਂਗ ਇਸ ਦੇ ਖਿਲਾਫ ਹੈ। ਇਹ ਵੀ ਦੋਵਾਂ ਵਿਚਾਲੇ ਤਕਰਾਰ ਦਾ ਵੱਡਾ ਕਾਰਨ ਸੀ। ਇੱਥੋਂ ਤੱਕ ਕਿ ਜਦੋਂ ਪੰਜਾਬ ਵਿੱਚ ਤਰਨਤਾਰਨ ਦੀ ਗੋਇੰਦਵਾਲਾ ਜੇਲ੍ਹ ਵਿੱਚ ਹੋਏ ਦੋ ਕਤਲਾਂ ਦੀ ਜ਼ਿੰਮੇਵਾਰੀ ਲਾਰੈਂਸ ਦੇ ਸਾਥੀ ਗੋਲਡੀ ਬਰਾੜ ਨੇ ਲਈ ਸੀ ਤਾਂ ਉਸ ਪੋਸਟ ਵਿੱਚ ਜੱਗੂ ਭਗਵਾਨਪੁਰੀਆ ਦੇ ਨਸ਼ਿਆਂ ਦੇ ਕਾਰੋਬਾਰ ਦਾ ਵੀ ਜ਼ਿਕਰ ਕੀਤਾ ਸੀ। ਜੱਗੂ ਨੇ ਡਰੱਗ ਸਪਲਾਈ ਤੋਂ ਵੀ ਕਰੋੜਾਂ ਰੁਪਏ ਕਮਾਏ ਹਨ।

**ਜੇਲ 'ਚ ਰਹਿੰਦਿਆਂ ਬਣਾਇਆ ਵੱਡਾ ਨੈੱਟਵਰਕ**

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜੱਗੂ ਸਾਲਾਂ ਤੋਂ ਤਿਹਾੜ ਜੇਲ 'ਚ ਬੰਦ ਹੈ ਅਤੇ ਇਹ ਸਾਰਾ ਨੈੱਟਵਰ ਉਹ ਜੇਲ ਦੇ ਅੰਦਰੋਂ ਹੀ ਚਲਾ ਰਿਹਾ ਹੈ। ਉਸ ਦੇ ਗੁਰਗੇ ਦੇਸ਼ ਭਰ ਵਿਚ ਫੈਲੇ ਹੋਏ ਹਨ। ਜੇਲ੍ਹ ਦੇ ਅੰਦਰ ਰਹਿੰਦਿਆਂ ਉਸ ਨੂੰ ਹਥਿਆਰਾਂ ਦਾ ਵੱਡਾ ਭੰਡਾਰ ਮਿਲਦਾ ਹੈ। ਕਾਂਟਰੈਕਟ ਕਿਲਿੰਗ ਜੇਲ੍ਹ ਦੇ ਅੰਦਰੋਂ ਹੁੰਦੀ ਹੈ ਅਤੇ ਨਸ਼ੇ ਦੀ ਸਪਲਾਈ ਦਾ ਕਾਰੋਬਾਰ ਤਿਹਾੜ ਦੀ ਚਾਰਦੀਵਾਰੀ ਤੋਂ ਹੀ ਹੁੰਦਾ ਹੈ।

**ਜੱਗੂ ਦੇ ਵੱਡੇ ਲੀਡਰਾਂ ਨਾਲ ਸਬੰਧ**

ਇਸ ਗੈਂਗਸਟਰ ਦੀ ਜਾਇਦਾਦ ਅਰਬਾਂ ਰੁਪਏ ਦੀ ਹੈ। ਕੁਝ ਸਾਲਾਂ ਵਿੱਚ ਹੀ ਉਹ ਪੰਜਾਬ ਦਾ ਸਭ ਤੋਂ ਅਮੀਰ ਗੈਂਗਸਟਰ ਬਣ ਗਿਆ ਹੈ। ਗੁਰਦਾਸਪੁਰ ਦੇ ਇੱਕ ਛੋਟੇ ਜਿਹੇ ਪਿੰਡ ਦਾ ਇੱਕ ਸਾਧਾਰਨ ਮੁੰਡਾ ਆਪਣੇ ਆਪ ਨੂੰ ਜੁਰਮ ਦੀ ਦੁਨੀਆ ਦਾ ਬੇਦਾਗ ਬਾਦਸ਼ਾਹ ਸਮਝਦਾ ਹੈ। ਜੱਗੂ ਖਿਲਾਫ 150 ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ। ਉਸ ਦੇ ਕਈ ਵੱਡੇ ਨੇਤਾਵਾਂ ਨਾਲ ਵੀ ਸਬੰਧ ਹਨ। ਮੰਨਿਆ ਜਾ ਰਿਹਾ ਹੈ ਕਿ ਸਿਆਸਤਦਾਨਾਂ ਨਾਲ ਸਬੰਧਾਂ ਕਾਰਨ ਉਹ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਵੱਡੇ ਅਪਰਾਧ ਕਰ ਰਿਹਾ ਹੈ।ਜਿਸ ਨੂੰ ਲੈ ਬਿਕਰਮ ਮਜੀਠੀਆ ਅਤੇ ਸੁਖਜਿੰਦਰ ਸਿੰਘ ਰੰਧਾਵਾ ਕਈ ਵਾਰ ਆਹਮੋ-ਸਾਹਮਣੇ ਹੋ ਚੁੱਕੇ ਹਨ।

**ਜੱਗੂ ਤੇ ਲਾਰੈਂਸ ਬਣੇ ਜਾਨੀ ਦੁਸ਼ਮਣ**

ਲਾਰੈਂਸ ਬਿਸ਼ਨੋਈ ਗੈਂਗ ਤੋਂ ਬਾਅਦ ਜੱਗੂ ਭਗਵਾਨਪੁਰੀਆ ਗੈਂਗ ਵੀ ਇਸ ਸੀਨ 'ਚ ਆ ਗਿਆ ਹੈ, ਜਿਸ ਨੇ ਇਸ ਪੂਰੇ ਮਾਮਲੇ ਦੀ ਜ਼ਿੰਮੇਵਾਰੀ ਲਈ ਹੈ ਅਤੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਪੋਸਟ ਵੀ ਲਿਖੀ ਹੈ। ਜੱਗੂ ਭਗਵਾਨਪੁਰੀਆ ਗੈਂਗ ਨੇ ਸੋਸ਼ਲ ਮੀਡੀਆ 'ਤੇ ਲਿਖਿਆ- ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ, ਮੈਂ ਤੁਹਾਨੂੰ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੈਨੇਡਾ ਦੇ ਵਿਨੀਪੈਗ ਵਿੱਚ ਹੋਏ ਸੁੱਖਾ ਦੁੱਨੇਕੇ ਦੇ ਕਤਲ ਦੀ ਜ਼ਿੰਮੇਵਾਰੀ ਮੈਂ ਜੱਗੂ ਭਗਵਾਨਪੁਰ, ਦਰਮਨ ਕਾਹਲੋਂ ਅਤੇ ਅੰਮ੍ਰਿਤ ਬੱਲ ਲੈਣਗੇ। ਸਾਡੇ ਭਰਾਵਾਂ ਨੇ ਇਹ ਕੰਮ ਕੀਤਾ ਹੈ। ਅਸੀਂ ਆਪਣੇ ਭਰਾ ਸੰਦੀਪ ਨੰਗਲ ਅੰਬੀਆ ਦੇ ਕਤਲ ਦਾ ਬਦਲਾ ਲੈ ਲਿਆ ਹੈ। ਇਸ ਤੋਂ ਪਹਿਲਾਂ ਗੋਲਡੀ ਬਰਾੜ, ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੋਸਤ ਸਨ, ਪਰ ਹੁਣ ਉਨ੍ਹਾਂ ਦੇ ਰਾਹ ਵੱਖਰੇ ਹਨ।ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨੇ ਜੱਗੂ 'ਤੇ ਇਲਜ਼ਾਮ ਲਾਇਆ ਸੀ ਕਿ ਜੱਗੂ ਨੇ ਹੀ ਪੰਜਾਬ ਪੁਲਿਸ ਨੂੰ ਸਿੱਧੂ ਮੂਸੇਵਾਲਾ ਦੇ ਦੋ ਕਾਤਲਾਂ ਦਾ ਸੁਰਾਗ ਦਿੱਤਾ ਸੀ।

**2015 ਤੋਂ ਜੇਲ੍ਹ 'ਚ ਹੈ ਜੱਗੂ ਭਗਵਾਨਪੁਰੀਆ**

ਜੱਗੂ ਭਗਵਾਨ ਪੁਰੀਆ 2015 ਤੋਂ ਜੇਲ੍ਹ ਵਿੱਚ ਹੈ। 2020 ਵਿੱਚ, ਅੰਮ੍ਰਿਤਸਰ ਦੀ ਇੱਕ ਅਦਾਲਤ ਨੇ ਉਸਨੂੰ ਨਸ਼ਾ ਤਸਕਰੀ ਅਤੇ ਅਸਲਾ ਐਕਟ ਦੇ ਕੇਸਾਂ ਵਿੱਚ 12 ਸਾਲ ਕੈਦ ਦੀ ਸਜ਼ਾ ਸੁਣਾਈ। ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੌਰਾਨ ਵੀ ਗੈਂਗਸਟਰ ਜੱਗੂ ਦਾ ਨਾਂ ਵੀ ਸੁਰਖੀਆਂ ਵਿੱਚ ਆਇਆ ਸੀ। ਕਤਲ ਕੇਸ ਦੌਰਾਨ ਮੁਲਜ਼ਮ ਲਾਰੈਂਸ ਦੇ ਨਾਲ ਤਿਹਾੜ ਜੇਲ੍ਹ ਵਿੱਚ ਬੰਦ ਸੀ। ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ। ਜਿਸ ਵਿਚ ਉਸ ਨੇ ਲਾਰੈਂਸ ਅਤੇ ਗੋਲਡੀ ਬਰਾੜ ਵਿਚਕਾਰ ਹੋਈ ਫੋਨ 'ਤੇ ਹੋਈ ਗੱਲਬਾਤ ਦੀ ਸੂਚਨਾ ਪੁਲਿਸ ਨੂੰ ਦਿੱਤੀ ਸੀ। ਇਸ ਤੋਂ ਬਾਅਦ ਲਾਰੈਂਸ ਅਤੇ ਜੱਗੂ ਦੋਵੇਂ ਜਾਨੀ ਦੁਸ਼ਮਣ ਬਣਗੇ।

# ਚਾਰ ਵਾਈਸ ਚਾਂਸਲਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਕੀਤਾ ਦੌਰਾ



ਫਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ) : ਪੰਜਾਬ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਚਾਰ ਵਾਈਸ ਚਾਂਸਲਰਾਂ ਦੀ ਇੱਕ ਟੀਮ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਦੁਆਰਾ ਸਿਫ਼ਾਰਸ਼ ਕੀਤੀ ਗਈ, ਪਹਿਲਕਦਮੀ ਦੇ ਹਿੱਸੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦਾ ਦੌਰਾ ਕੀਤਾ। ਇਹ ਪ੍ਰੋਗਰਾਮ ਰਾਜ ਭਰ ਦੀਆਂ ਯੂਨੀਵਰਸਿਟੀਆਂ ਨੂੰ ਉੱਚ ਸਿੱਖਿਆ ਦੇ ਖੇਤਰ ਵਿੱਚ ਸਭ ਤੋਂ ਵਧੀਆ ਅਭਿਆਸਾਂ ਨੂੰ ਮਾਨਤਾ ਦੇਣ ਅਤੇ ਅਪਣਾਉਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤ ਪਾਲ ਸਿੰਘ ਨੇ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ ਦੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ; ਜੀਐਨਏ ਯੂਨੀਵਰਸਿਟੀ, ਫਗਵਾੜਾ ਦੇ ਵਾਈਸ ਚਾਂਸਲਰ ਡਾ. ਹੇਮੰਤ ਸ਼ਰਮਾ; ਅਤੇ ਸੀਟੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ ਦਾ ਨਿੱਘਾ ਅਤੇ ਦਿਲੋਂ ਸਵਾਗਤ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਦੇ ਉਨ੍ਹਾਂ ਦੇ ਦੌਰੇ 'ਤੇ ਖੁਸ਼ੀ ਪ੍ਰਗਟ ਕੀਤੀ, ਜਿਸ ਨੇ ਯੂਨੀਵਰਸਿਟੀ ਨੂੰ ਉੱਚ ਸਿੱਖਿਆ ਵਿੱਚ ਗੁਣਵੱਤਾ ਅਤੇ ਉੱਤਮਤਾ ਦੇ ਮਿਆਰਾਂ ਨੂੰ ਬਣਾਈ ਰੱਖਣ ਅਤੇ ਉੱਚਾ ਚੁੱਕਣ ਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮੌਕਾ ਦਿੱਤਾ। ਇਹ ਦੌਰਾ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਦੀ ਨਿਗਰਾਨੀ ਹੇਠ ਯੋਜਨਾਬੱਧ ਕੀਤਾ ਗਿਆ ਸੀ। ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਵਾਈਸ ਚਾਂਸਲਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਟੀਮ ਨੇ ਯੂਨੀਵਰਸਿਟੀ ਦੀਆਂ ਸਕਾਲਰਸ਼ਿਪ ਸਕੀਮਾਂ ਦੀ ਵਿਸ਼ਾਲ ਸ਼੍ਰੇਣੀ ਅਤੇ ਭਾਈਚਾਰਕ ਭਲਾਈ ਪ੍ਰੋਗਰਾਮਾਂ ਦੀ ਵੀ ਸ਼ਲਾਘਾ ਕੀਤੀ। ਇਹ ਨੋਟ ਕੀਤਾ ਗਿਆ ਕਿ ਯੂਨੀਵਰਸਿਟੀ ਦੇ 70% ਤੋਂ ਵੱਧ ਵਿਦਿਆਰਥੀ ਕੁੜੀਆਂ ਹਨ, ਅਤੇ 80% ਤੋਂ ਵੱਧ ਵਿਦਿਆਰਥੀ ਆਰਥਿਕ ਤੌਰ 'ਤੇ ਪੱਛੜੇ ਪਿਛੋਕੜ ਵਾਲੇ ਹਨ। ਜ਼ਿਕਰਯੋਗ ਹੈ ਕਿ ਇਹ ਸਾਰੇ ਵਿਦਿਆਰਥੀ ਵੱਖ-ਵੱਖ ਸਕਾਲਰਸ਼ਿਪਾਂ ਰਾਹੀਂ ਮਿਆਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਟੀਮ ਨੇ ਇਸ ਗੱਲ 'ਤੇ ਖੁਸ਼ੀ ਜ਼ਾਹਿਰ ਕੀਤੀ ਕਿ ਸਿੱਖਿਆ ਰਾਹੀਂ ਮਨੁੱਖਤਾ ਦੀ ਸੇਵਾ ਕਰਨ ਦੇ ਆਪਣੇ ਮਿਸ਼ਨ ਦੇ ਅਨੁਸਾਰ, ਯੂਨੀਵਰਸਿਟੀ ਕਈ ਸਕਾਲਰਸ਼ਿਪ ਪ੍ਰੋਗਰਾਮ ਪੇਸ਼ ਕਰਦੀ ਹੈ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਕਾਲਰਸ਼ਿਪ, ਅੰਮ੍ਰਿਤਧਾਰੀ ਕੁੜੀਆਂ ਨੂੰ ਸਕਾਲਰਸ਼ਿਪ, ਜ਼ਰੂਰਤਮੰਦ ਅਤੇ ਹੋਣਹਾਰ ਵਿਦਿਆਰਥੀਆਂ ਲਈ ਫੀਸ ਮੁਆਫੀ ਸਕੀਮ, ਦੇ ਨਾਲ-ਨਾਲ ਐਮਏ ਧਾਰਮਿਕ ਅਧਿਐਨ ਵਿੱਚ ਮੁਫਤ ਸੀਟਾਂ, ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ, ਸੰਨੀ ਓਬਰਾਏ ਸਕਾਲਰਸ਼ਿਪ ਸਕੀਮ, ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਐਸਜੀਜੀਐਸਡਬਲਯੂਯੂ ਸਕਾਲਰਸ਼ਿਪ ਯੂਨੀਵਰਸਿਟੀ ਦੇ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਦੇ ਕੋਆਰਡੀਨੇਟਰ ਡਾ. ਅੰਕਦੀਪ ਕੌਰ ਅਟਵਾਲ ਨੇ ਟੀਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਪ੍ਰਜ਼ੈਂਟੇਸ਼ਨ ਦਿੱਤੀ।

# ਮਾਤਾ ਗੁਜਰੀ ਕਾਲਜ ਦੇ ਅਕਾਦਮਿਕ ਸੈਸ਼ਨ 2025-26 ਦਾ ਪ੍ਰਾਸਪੈਕਟਸ ਜਾਰੀ

ਫ਼ਤਹਿਗੜ੍ਹ ਸਾਹਿਬ, 28 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ) : ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਅਕਾਦਮਿਕ ਸੈਸ਼ਨ 2025-26 ਦਾ ਦਾਖ਼ਲਿਆਂ ਸਬੰਧੀ ਪ੍ਰਾਸਪੈਕਟਸ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਦਿਲਜੀਤ ਸਿੰਘ ਭਿੰਡਰ ਅਤੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਵੱਲੋਂ ਜਾਰੀ ਕੀਤਾ ਗਿਆ। ਸ੍ਰ. ਜਗਦੀਪ ਸਿੰਘ ਚੀਮਾ ਨੇ ਪ੍ਰਾਸਪੈਕਟਸ ਜਾਰੀ ਕਰਦਿਆਂ ਕਿਹਾ ਕਿ ਮਹਾਨ ਸ਼ਖ਼ਸੀਅਤ ਬੀਬੀ ਗੁਰਬਚਨ ਕੌਰ ਮਾਨ ਜੀ ਦੀ ਸੇਵਾ ਭਾਵਨਾ ਦੁਆਰਾ ਸ਼ੁਰੂ ਹੋਇਆ ਵਿੱਦਿਅਕ ਅਦਾਰਾ ਮਾਤਾ ਗੁਜਰੀ ਕਾਲਜ ਪਿਛਲੇ 68 ਸਾਲਾਂ ਤੋਂ ਲਗਾਤਾਰ ਅਕਾਦਮਿਕ, ਧਾਰਮਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਸ਼ਾਨਦਾਰ ਉਪਲੱਬਧੀਆਂ ਸਦਕਾ ਅੱਜ ਉੱਤਰ ਭਾਰਤ ਦੀਆਂ ਸਿਰਮੌਰ ਸਿੱਖਿਆ ਸੰਸਥਾਵਾਂ ਵਿੱਚ ਆਪਣੀ ਪਹਿਚਾਣ ਬਣਾ ਚੁੱਕਾ ਹੈ।ਉਨ੍ਹਾਂ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਰਹਿਨੁਮਾਈ ਅਧੀਨ ਸਫ਼ਲਤਾਪੂਰਵਕ ਚੱਲ ਰਹੇ ਮਾਤਾ ਗੁਜਰੀ ਕਾਲਜ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਲਜ ਦਾ ਨਵਾਂ ਪ੍ਰਾਸਪੈਕਟਸ ਨਵੀਂ ਸਿੱਖਿਆ ਨੀਤੀ ਨੂੰ ਮੱਦੇ-ਨਜ਼ਰ ਰੱਖਦਿਆਂ ਡਿਜ਼ਾਈਨ ਕੀਤਾ ਗਿਆ ਹੈ, ਜਿਸ ਵਿੱਚ ਵਿਦਿਆਰਥੀਆਂ ਦੀ ਬਹੁ-ਪੱਖੀ ਸ਼ਖ਼ਸੀਅਤ ਉਸਾਰੀ ਅਤੇ ਆਧੁਨਿਕ ਉਦਯੋਗਾਂ ਦੀਆਂ ਜ਼ਰੂਰਤਾਂ ਮੁਤਾਬਿਕ ਵੱਖ-ਵੱਖ ਕੋਰਸ ਅਤੇ ਸਲੇਬਸ ਤਿਆਰ ਕੀਤੇ ਗਏ ਹਨ ਤਾਂ ਜੋ ਵਿਦਿਆਰਥੀ ਆਪਣੇ ਬਿਹਤਰ ਭਵਿੱਖ ਦੀ ਉਸਾਰੀ ਕਰ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਕਾਲਜ ਵਿੱਚ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਦਾਖਲਿਆਂ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ, ਜਿਸ ਤਹਿਤ ਕਾਲਜ ਵੱਲੋਂ ਵਿਸ਼ੇਸ਼ ਦਾਖ਼ਲਾ ਸੈੱਲ ਸਥਾਪਤ ਕੀਤਾ ਗਿਆ ਹੈ, ਜਿਸ ਦੁਆਰਾ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਦਾਖਲਿਆਂ ਸਬੰਧੀ ਲੋੜੀਂਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਹਰਵੀਨ ਕੌਰ, ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡੀਨ ਅਕਾਦਮਿਕ ਡਾ. ਕਮਲਪ੍ਰੀਤ ਕੌਰ, ਡਾ. ਸੁਖਜੀਤ ਕੌਰ, ਡਾ. ਕਮਲਪ੍ਰੀਤ ਕੌਰ, ਡਾ. ਗੌਰੀ ਹਾਂਡਾ, ਡਾ. ਰਤਨੇਸ਼ਪਾਲ ਸਿੰਘ, ਡਾ. ਸ਼ਵੇਤਾ, ਪ੍ਰੋ. ਮਨਪ੍ਰੀਤ ਕੌਰ ਅਤੇ ਕਾਲਜ ਦੇ ਹੋਰ ਸਟਾਫ਼ ਮੈਂਬਰ ਮੌਜੂਦ ਸਨ।



# ਪੰਜਾਬ ਅਤੇ ਐਸੋਏਸ਼ਨ ਆਫ ਯੂਨੀਅਨ ਇਜੀਨੀਅਰ ਦੇ ਸੱਦੇ 'ਤੇ ਸਮੁੱਚੇ ਪੰਜਾਬ ਅੰਦਰ ਅਰਥੀ ਫੂਕ ਮੁਜਾਹਰਾ

ਚੌਂਕ ਮਹਿਤਾ, 28 ਅਪ੍ਰੈਲ (ਬਲਜਿੰਦਰ ਸਿੰਘ ਰੰਧਾਵਾ) : ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਪਾਵਰਕੌਮ ਅਦਾਰੇ ਦੇ ਸ਼ੁਰੂ ਕੀਤੇ ਨਿਜੀਕਰਨ ਖਿਲਾਫ ਸਾਂਝੇ ਸੰਘਰਸ਼ ਪੀਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਯੂਨੀਅਨ ਇੰਜੀਨੀਅਰ ਦੇ ਸੱਦੇ ਤੇ ਸਮੁੱਚੇ ਪੰਜਾਬ ਅੰਦਰ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ, ਜਿਸ ਅਨੁਸਾਰ ਸਬ ਡਵੀਜਨ ਮਹਿਤਾ ਚੌਂਕ ਵਿਖੇ ਤੇਜਿੰਦਰ ਸਿੰਘ ਸੇਖੋਂ ਸੀਨੀਅਰ ਮੀਤ ਪ੍ਰਧਾਨ ਕਰਮਚਾਰੀ ਦਲ ਪੰਜਾਬ ਅਤੇ ਜੁਆਇੰਟ ਫੋਰਮ ਮੈਂਬਰ ਦੀ ਅਗਵਾਈ ਹੇਠ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਅਰਥੀ ਫੂਕੀ ਗਈ। ਸ੍ਰ. ਸੇਖੋਂ ਨੇ ਪੰਜਾਬ ਸਰਕਾਰ ਤੇ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪਾਵਰਕੌਮ ਦੇ ਅਦਾਰੇ ਅੰਦਰ ਕਿਸੇ ਵੀ ਕਿਸਮ ਦਾ ਨਿੱਜੀਕਰਨ ਕਰਨ ਦੀ ਬਜਾਏ ਹਜ਼ਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਾਰ ਕੇ ਅਦਾਰੇ ਦੇ ਕੰਮ ਨੂੰ ਸਚਾਰੂ ਤਰੀਕੇ ਨਾਲ ਚਲਾਇਆ ਜਾਵੇ।ਆਗੂਆਂ ਨੇ ਲਾਲੜੂ ਅਤੇ ਖਰੜ ਦਵੀਜਨ ਦੇ 11 ਕੇ ਵੀ ਫੀਡਰ ਪ੍ਰਬੰਧਾਂ ਅਤੇ ਰੈਗੂਲਰ ਮੇਨਟੀਨੈਸ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਡਵੀਜ਼ਨਾ ਦੇ ਨਿੱਜੀਕਰਨ ਨੂੰ ਤੁਰੰਤ ਪ੍ਰਭਾਵ ਤੋਂ ਰੋਕ ਕੇ ਅਦਾਰੇ ਵਿੱਚ ਦਹਾਕਿਆਂ ਤੋਂ ਕੰਮ ਕਰ ਰਹੇ ਇਨ ਹਾਊਸ ਕੰਟਰੈਕਟ ਵਰਕਰ ਅਤੇ ਸਮੁੱਚੇ ਠੇਕਾ ਆਧਾਰਤ ਕਾਮਿਆਂ ਨੂੰ ਰੈਗੂਲਰ ਕਰਕੇ ਪਬਲਿਕ ਸੈਕਟਰ ਦੇ ਅਦਾਰੇ ਵਿੱਚ ਸਮਾਇਆ ਜਾਵੇ। ਸੇਖੋਂ ਨੇ ਆਖਿਆ ਕਿ ਸਰਕਾਰ ਤੇ ਮੈਨੇਜਮੈਂਟ ਲੋਕਾਂ ਦੇ ਵੱਡੇ ਅਦਾਰੇ ਨੂੰ ਪੂਜੀਪਤੀਆਂ ਦੇ ਹਵਾਲੇ ਕਰਨ ਲਈ ਪੱਬਾ ਭਾਰ ਹੋ ਕੇ ਬਹੁਤ ਕਾਲੇ ਕਦਮੀ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਨੂੰ ਸੰਘਰਸ਼ੀ ਲੋਕ ਬਰਦਾਸਤ ਨਹੀਂ ਕਰਨਗੇ। ਇਸ ਸਮੇਂ ਸੇਖੋਂ ਤੋਂ ਇਲਾਵਾ ਸ੍ਰੀ ਮਲਕੀਤ ਸਿੰਘ ਸੇਖਵਾਂ ਸਬ ਡਵੀਜ਼ਨ ਪ੍ਰਧਾਨ ਕਰਮਚਾਰੀ ਦਲ ਸ੍ਰੀ ਪ੍ਰਗਟ ਸਿੰਘ ਮੀਤ ਪ੍ਰਧਾਨ ਕਰਮਚਾਰੀ ਦਲ ਸ੍ਰੀ ਸਿਮਰਜੀਤ ਸਿੰਘ ਸਕੱਤਰ ਕਰਮਚਾਰੀ ਦਲ ਸ੍ਰੀ ਸੁਖਬੀਰ ਸਿੰਘ ਮੀਤ ਪ੍ਰਧਾਨ ਕਰਮਚਾਰੀ ਦਲ ਮਹਿਤਾ ਚੌਂਕ ਸ੍ਰੀ ਕੁਲਬੀਰ ਸਿੰਘ ਜੱਥੇਵਾਲ ਸ੍ਰੀ ਅਵਤਾਰ ਸਿੰਘ ਮਹਿਜੀਵਨਜੋਤ ਸਿੰਘ ਕਾਲੇਕੇ ਸ੍ਰੀ ਸਤਸੰਗਤ ਕਰਮਚਾਰੀ ਦਲ ਸ੍ਰੀ ਹਰਿੰਦਰ ਸਿੰਘ ਤੇ ਸ੍ਰੀ ਸਤਨਾਮ ਸਿੰਘ ਕੰਪਲਾਈ ਫੈਡਰੇਸ਼ਨ ਸਮੇਤ ਭਾਰੀ ਗਿਣਤੀ ਵਿੱਚ ਮੁਲਾਜ਼ਮ ਇਸ ਅਰਥੀ ਫੂਕ ਮੁਜ਼ਾਹਰੇ ਵਿੱਚ ਸ਼ਾਮਲ ਹੋਏ। ਇਸ ਮੌਕੇ ਅਗਰੇਜ ਸਿੰਘ ਘੁਨਸਾਮਪੁਰ ਅਵਤਾਰ ਸਿੰਘ ਮਹਿਤਾ ਜੀਵਨਜੋਤ ਸਿੰਘ ਕਾਲੇਕੇ ਸਮੇਤ ਵੱਡੀ ਗਿਣਤੀ ਵਿਚ ਮੁਲਾਜ਼ਮ ਇਸ ਅਰਥੀ ਫੂਕ ਮੁਜ਼ਾਹਰੇ ਵਿੱਚ ਸ਼ਾਮਲ ਹੋਏ।



# ਰਈਆ ਆੜ੍ਹਤੀ ਯੂਨੀਅਨ ਦੇ ਪ੍ਰਧਾਨ ਕੋਮਲ ਸਿੰਘ ਚੁਣੇ



ਬਾਬਾ ਬਕਾਲਾ, 28 ਅਪ੍ਰੈਲ (ਬਲਰਾਜ ਸਿੰਘ ਰਾਜਾ) : ਆੜ੍ਹਤੀਆ ਐਸੋਸੀਏਸ਼ਨ ਰਈਆ ਮੰਡੀ ਵਿਚ ਪ੍ਰਧਾਨ ਦੀ ਚੋਣ ਵਿਚ ਕੋਮਲ ਸਿੰਘ ਢੱਡੂ ਮਾਨ ਨੂੰ ਮੰਡੀ ਪ੍ਰਧਾਨ ਚੁਣ ਲਿਆ ਗਿਆ ਅਤੇ ਪਹਿਲੇ ਪ੍ਰਧਾਨ ਦੀ ਕਾਰਗੁਜ਼ਾਰੀ ਠੀਕ ਨਾ ਹੋਣ ਕਾਰਨ ਉਸ ਨੂੰ ਅਹੁਦੇ ਤੋਂ ਫ਼ਾਰਗ ਕਰ ਦਿੱਤਾ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਦੀ ਮੀਟਿੰਗ ਵਿਚ ਵਿੱਚ 55 ਦੀ ਕਰੀਬ ਆੜ੍ਹਤੀਆਂ ਨੇ ਭਾਗ ਲਿਆ ਜਿਸ ਵਿੱਚ ਕੋਮਲ ਸਿੰਘ ਢੱਡੂਮਾਨ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ 9 ਮੈਂਬਰੀ ਕਮੇਟੀ ਚੁਣੀ ਗਈ ਜਿਨ੍ਹਾਂ ਵਿੱਚ ਗੁਰਮੇਲ ਸਿੰਘ ਕੱਟ ਮਹਿਤਾਬ, ਤਿਲਕ ਰਾਜ, ਅਤੀਸ਼ ਜੋਸ਼ੀ, ਜੈਮਲ ਸਿੰਘ ਖੱਜਕੀਪੁਰ, ਰਾਜੇਸ਼ ਟਾਂਗਰੀ ,ਜਸਵਿੰਦਰ ਸਿੰਘ ਢਿੱਲੋਂ ,ਨਿਰਮਲ ਸਿੰਘ ਪੱਡਾ ਗੁਰਸ਼ਰਨ ਸਿੰਘ ਸੈਣੀ ਅਤੇ ਦਵਿੰਦਰ ਸਿੰਘ ਭੰਗੂ ਮੈਂਬਰ ਚੁਣੇ ਗਏ। ਸ੍ਰੀ ਸੁਰਿੰਦਰ ਕੁਮਾਰ ਸਾਬਕਾ ਪ੍ਰਧਾਨ ਨੂੰ ਸਰਪ੍ਰਸਤ ਬਣਾਇਆ ਗਿਆ ਹੈ।ਇਸ ਮੌਕੇ ਚੋਣ ਉਪਰੰਤ ਸਮੂਹ ਆੜ੍ਹਤੀਆਂ ਨੇ ਕੋਮਲ ਸਿੰਘ ਢੱਡੂ ਮਾਨ ਨੂੰ ਹਾਰ ਪਾ ਕਿ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਕੰਗ ਨੇ ਨਵੇਂ ਚੁਣੇ ਪ੍ਰਧਾਨ ਨੂੰ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ।ਨਵੇਂ ਚੁਣੇ ਪ੍ਰਧਾਨ ਨੇ ਸਮੂਹ ਆੜ੍ਹਤੀ ਭਰਾਵਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਮੰਡੀ ਦੀ ਬਿਹਤਰੀ ਲਈ ਕੰਮ ਕਰਨਗੇ।

# ਨਹਿਰ ਵਿੱਚ ਛਾਲ ਮਾਰ ਕੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਦੀ ਬਚਾਈ ਜਾਨ



ਸ੍ਰੀ ਕੀਰਤਪੁਰ ਸਾਹਿਬ, 28 ਅਪ੍ਰੈਲ (ਬੀ ਐਸ ਰਾਣਾ) : ਅੱਜ ਦੁਪਹਿਰ ਨੂੰ ਪੁਲਿਸ ਕੰਟਰੋਲ ਰੂਮ ਰੂਪਨਗਰ ਤੋਂ ਮਿਲੀ ਸੂਚਨਾ ਤੋਂ ਬਾਅਦ, ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਨੇ ਸਮੇਂ ਸਿਰ ਪਹੁੰਚ ਕੇ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕਰ ਰਹੇ ਇਕ ਨੌਜਵਾਨ ਦੀ ਜਾਨ ਬਚਾ ਲਈ ਹੈ। ਉਕਤ ਵਿਅਕਤੀ ਆਪਣੇ ਵੱਡੇ ਭਰਾ ਦੀ ਮੌਤ ਤੋਂ ਬਾਅਦ ਮਾਨਸਿਕ ਤਣਾਅ 'ਚ ਸੀ ਅਤੇ ਆਤਮਹੱਤਿਆ ਕਰਨ ਲਈ ਇੱਥੇ ਆਇਆ ਸੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਕੀਰਤਪੁਰ ਸਾਹਿਬ ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ 25 ਅਪ੍ਰੈਲ ਨੂੰ ਤਲਵਿੰਦਰ ਸਿੰਘ ਉਮਰ ਲੱਗਭੱਗ 40 ਸਾਲ ਪੁੱਤਰ ਮਾਨ ਸਿੰਘ ਨਿਵਾਸੀ ਪਿੰਡ ਦੁਰਗਾਪੁਰ ਨਵਾਂਸ਼ਹਿਰ, ਆਪਣੇ ਘਰ ਤੋਂ ਸ਼ੱਕੀ ਹਾਲਤ ਵਿੱਚ ਲਾਪਤਾ ਹੋ ਗਿਆ ਸੀ, ਜਿਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਸਟੇਸ਼ਨ ਰਾਹੋਂ ਵਿੱਚ ਦਰਜ ਕਰਵਾਈ ਗਈ ਸੀ। ਇਸ ਦੌਰਾਨ ਤਲਵਿੰਦਰ ਸਿੰਘ ਨੇ ਪਿੰਡ ਨੱਕੀਆਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਭਾਖੜਾ ਨਹਿਰ ਦੇ ਕਿਨਾਰੇ ਪਹੁੰਚ ਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀਡੀਓ ਕਾਲ ਕਰਕੇ ਦੱਸਿਆ ਸੀ ਕਿ ਉਹ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਰਿਹਾ ਹੈ। ਉਸ ਦੀ ਮੋਟਰਸਾਈਕਲ 27 ਅਪਰੈਲ ਨੂੰ ਥਾਣਾ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ ਪਿੰਡ ਨੱਕੀਆਂ ਭਾਖੜਾ ਨਹਿਰ ਦੇ ਕਿਨਾਰੇ ਤੋਂ ਬਰਾਮਦ ਕੀਤੀ ਗਈ ਸੀ।ਆਪਣੇ ਵੱਡੇ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ, ਤਲਵਿੰਦਰ ਸਿੰਘ ਦਾ ਛੋਟਾ ਭਰਾ ਸੰਦੀਪ ਸਿੰਘ ਉਮਰ 36 ਸਾਲ ਵੀ ਸੋਮਵਾਰ ਨੂੰ ਆਪਣੇ ਘਰ ਤੋਂ ਚਲਾ ਗਿਆ ਅਤੇ ਪਰਿਵਾਰਕ ਮੈਂਬਰਾਂ ਨੂੰ ਫ਼ੋਨ ਕਰਕੇ ਦੱਸਿਆ ਕਿ ਉਹ ਵੀ ਆਤਮਹੱਤਿਆ ਕਰਨ ਲਈ ਉਥੇ ਜਾ ਰਿਹਾ ਹੈ, ਜਿੱਥੇ ਉਸਦੇ ਵੱਡੇ ਭਰਾ ਨੇ ਆਪਣੀ ਜ਼ਿੰਦਗੀ ਖ਼ਤਮ ਕੀਤੀ ਸੀ। ਇਸ ਉਪਰੰਤ ਪਰਿਵਾਰਕ ਮੈਂਬਰਾਂ ਵੱਲੋਂ ਪੁਲਿਸ ਕੰਟਰੋਲ ਰੂਮ ਰੂਪਨਗਰ ਨੂੰ ਸੂਚਨਾ ਦਿੱਤੀ ਗਈ, ਜਿੱਥੋਂ ਇਹ ਜਾਣਕਾਰੀ ਪੁਲਿਸ ਥਾਣਾ ਕੀਰਤਪੁਰ ਸਾਹਿਬ ਨੂੰ ਦਿੱਤੀ ਗਈ। ਉਕਤ ਵਿਅਕਤੀ ਦੇ ਮੋਬਾਈਲ ਨੰਬਰ ਰਾਹੀਂ ਉਸਦੀ ਲੋਕੇਸ਼ਨ ਦਾ ਪਤਾ ਲਗਾ ਕੇ, ਥਾਣਾ ਮੁਖੀ ਇੰਸਪੈਕਟਰ ਜਤਿਨ ਕਪੂਰ ਦੀ ਅਗਵਾਈ ਹੇਠ ਏਐੱਸਆਈ ਕੁਲਵੀਰ ਸਿੰਘ ਅਤੇ ਹੋਮਗਾਰਡ ਜਵਾਨ ਕਸਤੂਰੀ ਲਾਲ ਨੇ ਸਮੇਂ ਸਿਰ ਮੌਕੇ ਤੇ ਪਹੁੰਚ ਕੇ ਸੰਦੀਪ ਸਿੰਘ ਦੀ ਜ਼ਿੰਦਗੀ ਬਚਾ ਲਈ ਅਤੇ ਮਾਨਸਿਕ ਤਣਾਅ 'ਚ ਘਿਰੇ ਸੰਦੀਪ ਸਿੰਘ ਨੂੰ ਸੁਰੱਖਿਅਤ ਤੌਰ 'ਤੇ ਉਸਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ। ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਪਹਿਲਾਂ ਹੀ ਆਪਣਾ ਇੱਕ ਪੁੱਤਰ ਖੋ ਚੁੱਕੇ ਹਨ, ਪਰ ਅੱਜ ਕੀਰਤਪੁਰ ਸਾਹਿਬ ਪੁਲਿਸ ਦੀ ਬਹਾਦਰੀ , ਸੂਝ ਬੂਝ ਅਤੇ ਜਲਦੀ ਨਾਲ ਕੀਤੀ ਕਾਰਵਾਈ ਨਾਲ ਉਹਨਾਂ ਦਾ ਦੂਜਾ ਪੁੱਤਰ ਬਚ ਗਿਆ, ਜਿਸ ਲਈ ਉਹ ਥਾਣਾ ਮੁਖੀ ਇੰਸਪੈਕਟਰ ਜਤਿਨ ਕਪੂਰ ਅਤੇ ਹੋਰ ਪੁਲਿਸ ਕਰਮਚਾਰੀਆਂ ਦੇ ਧੰਨਵਾਦੀ ਹਨ।

# ਬੱਬੂ ਸ਼ਾਹ ਦੀ ਤਾਜ ਪੋਸ਼ੀ ਦੇ ਸਮਾਗਮ

ਚੌਗਾਵਾਂ, 28 ਅਪ੍ਰੈਲ (ਸੁਬੇਗ ਸਿੰਘ ਸੋਨਾ): ਕੁੱਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ



ਨਗਰ ਪੰਚਾਇਤ ਰਾਜਾਸਾਸੀ ਦੇ ਨਵ ਨਿਯੁਕਤ ਬਣੇ ਪ੍ਰਧਾਨ ਬੱਬੂ ਸ਼ਾਹ ਦੀ ਤਾਜ ਪੋਸ਼ੀ ਦੇ ਲਈ ਹਲਕਾ ਇੰਚਾਰਜ ਤੇ ਪਨਗਰੇਨ ਪੰਜਾਬ ਦੇ ਚੇਅਰਮੈਨ ਸਰਦਾਰ ਬਲਦੇਵ ਸਿੰਘ ਮਿਆਦੀਆਂ ਜੀ ਦੀ ਅਗਵਾਈ ਹੇਠ ਅੱਜ ਸਮਾਗਮ ਸਮਾਰੋਹ ਰੱਖਿਆ ਗਿਆ। ਇਸ ਨੂੰ ਮੁੱਖ ਰੱਖਦੇ ਹੋਏ ਅੱਜ ਨਵ ਨਿਯੁਕਤ ਨਗਰ ਪੰਚਾਇਤ ਰਾਜਾਸਾਸੀ ਦੇ ਪ੍ਰਧਾਨ ਬੱਬੂ ਸ਼ਾਹ ਜੀ ਤਾਜ ਪੋਸ਼ੀ ਕੀਤੀ ਅਤੇ ਉਹਨਾਂ ਨੇ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ 'ਤੇ ਨਵ ਨਿਯੁਕਤ ਪ੍ਰਧਾਨ ਬੱਬੂ ਸ਼ਾਹ ਵੱਲੋਂ ਰਾਜਾਸਾਂਸੀ ਦਫਤਰ ਵਿਖੇ ਆਪਣਾ ਅਹੁਦਾ ਸੰਭਾਲਣ 'ਤੇ ਹਲਕਾ ਇੰਚਾਰਜ ਅਤੇ ਪਨਗਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਿ ਜੋ ਅਹੁਦਾ ਦੇ ਕੇ ਮੈਨੂੰ ਨਿਵਾਜਿਆ ਹੈ, ਮੈ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਅਤੇ ਸਮੁੱਚੀ ਲੀਡਰਸ਼ਿਪ ਅਤੇ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਇਸ ਮੌਕੇ ਨਵ ਨਿਯੁਕਤ ਨਗਰ ਪੰਚਾਇਤ ਰਾਜਾਸਾਸੀ ਦੇ ਪ੍ਰਧਾਨ ਬੱਬੂ ਸ਼ਾਹ ਨੇ ਕਿਹਾ ਕਿ ਜੋ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਉਸ ਨੂੰ ਮੈਂ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ। ਅਤੇ ਆਮ ਆਦਮੀ ਪਾਰਟੀ ਦਾ ਸੱਚਾ ਸਿਪਾਹੀ ਬਣ ਕੇ ਸੇਵਾ ਕਰਾਂਗਾ। ਇਸ ਮੌਕੇ 'ਤੇ ਰਾਜਾਸਾਂਸੀ ਦੇ ਨਵ ਨਿਯੁਕਤ ਬਣੇ ਕੁਆਰਡੀਨੇਟਰ , ਸਮੂਹ ਹਲਕਾ ਰਾਜਾਸਾਂਸੀ ਦੇ ਸਰਪੰਚ ਪੰਚ ਅਤੇ ਬਲਾਕ ਪ੍ਰਧਾਨ ਸਾਹਿਬਾਨ ਆਦਿ ਹਾਜਰ ਸਨ।

# ਲੋਕਾਂ ਵਿਚ ਜਾਗਰੂਕਤਾ ਨਾਲ਼ ਹੀ ਮਲੇਰੀਏ ਦਾ ਕੀਤਾ ਜਾ ਸਕਦੈ ਖ਼ਾਤਮਾ

ਨਵਾਂਸ਼ਹਿਰ, 28 ਅਪ੍ਰੈਲ (ਸੁਖਦੇਵ ਸਿੰਘ ਉੜਾਪੜ) : ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਦੀ ਅਗਵਾਈ ਵਿਚ ਅੱਜ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਦੇ ਸਹਿਯੋਗ ਨਾਲ ਵਿਸ਼ਵ ਮਲੇਰੀਆ ਦਿਵਸ਼ ਮਨਾਇਆ ਗਿਆ। ਇਸ ਮੌਕੇ ਹੈਲਥ ਇੰਸਪੈਕਟਰ ਜੋਗਿੰਦਰ ਪਾਲ ਨੇ ਕਿਹਾ ਕਿ ਵਿਸ਼ਵ ਮਲੇਰੀਆ ਦਿਵਸ਼ ਦਾ ਥੀਮ 2030 ਤੱਕ ਮਲੇਰੀਆ ਨੂੰ ਖ਼ਤਮ ਕਰਨ ਲਈ ਦੇਸ਼ ਦੀ ਵਚਨਬੱਧਤਾ ਤੇ ਜ਼ੋਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਮਲੇਰੀਆ ਦੇ ਮਾਮਲਿਆਂ ਅਤੇ ਮੌਤਾਂ ਨੂੰ ਘਟਾਉਣ ਵਿਚ ਮਹੱਤਵਪੂਰਨ ਤਰੱਕੀ ਕੀਤੀ ਹੈ, ਪਰ ਕੁਝ ਖੇਤਰਾਂ, ਖਾਸ ਕਰਕੇ ਕਬਾਇਲੀ, ਪਹਾੜੀ ਅਤੇ ਪਹੁੰਚ ਤੋਂ ਬਾਹਰਲੇ ਖੇਤਰਾਂ ਵਿਚ ਚੁਣੌਤੀਆਂ ਅਜੇ ਵੀ ਹਨ। ਇਸ ਮੌਕੇ ਹੈਲਥ ਇੰਸਪੈਕਟਰ ਜੋਗਿੰਦਰ ਪਾਲ ਅਤੇ ਪ੍ਰਿੰਸੀਪਲ ਰਾਜਿੰਦਰ ਸਿੰਘ ਗਿੱਲ ਨੇ ਕਿਹਾ ਕਿ ਮੌਜੂਦਾ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨਾ ਲਈ ਭਾਰਤ ਆਪਣੇ ਰਾਸ਼ਟਰੀ ਮਲੇਰੀਆ ਖਾਤਮਾ ਪ੍ਰੋਗਰਾਮ ਨੂੰ ਏਕੀਕ੍ਰਿਤ ਵੈਕਟਰ ਪ੍ਰਬੰਧਨ ਵਰਗੀਆਂ ਰਣਨੀਤੀਆਂ ਨਾਲ ਮਜ਼ਬੂਤ ਕਰ ਰਿਹਾ ਹੈ, ਜਿਸ ਵਿਚ ਅੰਦਰੂਨੀ ਅਵਸ਼ੇਸ਼ ਛਿੜਕਾਅ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਕੀਟਨਾਸ਼ਕ ਜਾਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮਲੇਰੀਆ ਦੇ ਮਾਮਲਿਆਂ ਦਾ ਜਲਦੀ ਨਿਦਾਨ ਅਤੇ ਪ੍ਰਭਾਵਸ਼ਾਲੀ ਇਲਾਜ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਆਪਣੀਆਂ ਸਿਹਤ ਪ੍ਰਣਾਲੀਆਂ ਨੂੰ ਮਜ਼ਬੂਤ ਕਰ ਰਿਹਾ ਹੈ, ਜਿਸ ਨਾਲ ਗੰਭੀਰ ਪੇਚੀਦਗੀਆਂ ਅਤੇ ਮੌਤਾਂ ਦੇ ਜ਼ੋਖਮ ਨੂੰ ਘਟਾਇਆ ਜਾ ਸਕਦਾ ਹੈ ਅਤੇ ਕਿਹਾ ਪਾਣੀ ਖੜ੍ਹੇਗਾ ਜਿਥੇ, ਮਲੇਰੀਆ ਤੇ ਡੇਂਗੂ ਫੈਲਾਉਣ ਵਾਲਾ ਮੱਛਰ ਪਲੇਗਾ ਉੱਥੇ। ਉਨ੍ਹਾਂ ਕਿਹਾ ਕਿ ਸਾਨੂੰ ਹਰੇਕ ਸ਼ੁੱਕਰਵਾਰ ਨੂੰ ਡਰਾਈ ਡੇ ਮਨਾਉਂਦਿਆਂ ਖੜ੍ਹੇ ਪਾਣੀ ਨੂੰ ਸਾਫ਼ ਕਰਨਾ ਚਾਹੀਦਾ ਹੈ। ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਮੌਕੇ ਸਕੂਲ ਦੇ ਸਟਾਫ, ਆਸ਼ਾ ਵਰਕਰ ਚਰਨਜੀਤ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਬਰੀਡਿੰਗ ਚੈਕਰ ਗੁਰਪ੍ਰੀਤ, ਰੋਮੀ ਸਿੰਘ ਅਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ।



# ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਹਮਲੇ ਨੇ ਦੇਸ਼ ਨੂੰ ਝਿੰਝੋਰ ਕੇ ਰੱਖ ਦਿੱਤਾ: ਰੰਧਾਵਾ

ਧਾਰੀਵਾਲ, 28 ਅਪ੍ਰੈਲ (ਅਸ਼ੋਕ ਕੁਮਾਰ ) : ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਖੇ ਅੱਤਵਾਦੀ ਵੱਲੋਂ 28 ਨਿਹੱਥੇ ਸੈਲਾਨੀਆਂ ਦੀ ਹੱਤਿਆ ਕਰਨਾ ਅੱਤਵਾਦੀਆਂ ਦੀ ਘਨੌਣੀ ਹਰਕਤ ਦਾ ਭਾਰਤ ਸਰਕਾਰ ਮੂੰਹ ਤੋੜ ਜਵਾਬ ਦੇਵੇਗੀ, ਜਦਕਿ ਭਾਰਤੀ ਸਾਂਤੀ ਦੇ ਪੂੰਜ ਹਨ, ਪਰ ਕਿਸੇ ਵੀ ਅੱਤਵਾਦੀ ਜਾਂ ਵੱਖਵਾਦੀ ਕਾਰਵਾਈ ਨੂੰ ਸਹਿਣ ਨਹੀ ਕੀਤਾ ਜਾਵੇਗਾ । ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਯੂਥ ਆਗੂ ਪ੍ਰੇਮ ਰੰਧਾਵਾ ਅਹਿਮਦਾਬਾਦ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਮੈਂਬਰ ਨਰੇਸ਼ ਪਾਲ ਅਹਿਮਾਦਾਬਾਦ ਅਤੇ ਐਂਟੀ ਕਰਾਇਮ ਇੰਟੈਲੀਜੰਸ ਸੰਗਠਨ ਜ਼ਿਲ੍ਹਾ ਚੇਅਰਮੈਨ ਰਜੇਸ਼ ਅਹਿਮਦਾਬਾਦ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ । ਉਨ੍ਹਾਂ ਨੇ ਕਿਹਾ ਕਿ ਅੱਤਵਾਦੀ ਮਨੁੱਖਤਾ ਦੇ ਦੁਸ਼ਮਣ ਹੁੰਦੇ ਹਨ ਅਤੇ ਇਨ੍ਹਾਂ ਦਾ ਕੋਈ ਧਰਮ ਮਜਬ ਨਹੀਂ ਹੁੰਦਾ । ਯੂਥ ਆਗੂ ਪ੍ਰੇਮ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸਾਹ ਸਮੇਤ ਸਮੁੱਚਾ ਦੇਸ਼ ਇੱਕ ਜੁੱਟ ਹਨ ਅਤੇ ਦੇਸ਼ ਦੀ ਸਾਂਤੀ ਭੰਗ ਕਰਨ ਵਾਲੀਆਂ ਤਾਕਤਾਂ ਨੂੰ ਬਖਸ਼ਿਆ ਨਹੀਂ ਜਾਵੇਗਾ । ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਅੱਤਵਾਦੀਆਂ ਨੂੰ ਪਨਾਹ ਦਿੱਤਾ ਹੈ। ਪੂਰੇ ਦੇਸ਼ ਅੰਦਰ ਪਾਕਿਸਤਾਨ ਵਿਰੁੱਧ ਰੋਸ ਪ੍ਰਦਰਸ਼ਨ ਹੋ ਰਹੇ ਹਨ, ਜਦਕਿ ਕੇਂਦਰ ਸਰਕਾਰ ਵੀ ਐਕਸ਼ਨ ਮੂਡ ਵਿੱਚ ਹੈ । ਆਗੂਆਂ ਨੇ ਮਾਰੇ ਗਏ ਸੈਲਾਨੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਿਆਂ ।


## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ.: ਓਏ/1890/2021

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ.: 23543

ਯੂਕੋ ਬੈਂਕ

ਬਨਾਮ

ਮੈਸ. ਨਿਵੀਆਜ਼ ਐਨਸੈਂਬਲ ਅਤੇ ਹੋਰ

ਵੱਲ,

1) **ਮੈਸ. ਨਿਵੀਆਜ਼ ਐਨਸੈਂਬਲ**, ਐਸਸੀਓ 38, ਪਹਿਲੀ ਮੰਜ਼ਿਲ, ਅੰਦਰੂਨੀ ਮਾਰਕੀਟ, ਸੈਕਟਰ 8-ਡੀ, ਚੰਡੀਗੜ੍ਹ ਅਤੇ ਮਕਾਨ ਨੰ. 609, ਸੈਕਟਰ 16-ਡੀ, ਚੰਡੀਗੜ੍ਹ, ਹੁਣ ਪਲਾਟ ਨੰ. 798, ਸੈਕਟਰ 82, ਜੇਐਲਪੀਐਲ ਇੰਡਸਟ੍ਰੀਅਲ ਏਰੀਆ, ਐਸਏਐਸ ਨਗਰ, ਮੋਹਾਲੀ, ਪੰਜਾਬ, ਰਾਹੀਂ ਇਸ ਦੇ ਪ੍ਰੋਪ. ਮਿਸ ਨਿਵੇਦਿਤਾ ਸ਼ਰਮਾ ਸੁਪਤਨੀ ਸ੍ਰੀ ਅਨਮੋਲ ਸ਼ਰਮਾ।

(2) **ਮਿਸ ਨਿਵੇਦਿਤਾ ਸ਼ਰਮਾ** ਸੁਪਤਨੀ ਅਨਮੋਲ ਸ਼ਰਮਾ, ਵਾਸੀ ਮਕਾਨ ਨੰ. 13, ਸੈਕਟਰ 7, ਪੰਚਕੂਲਾ, ਹਰਿਆਣਾ।

ਸੰਮਨ

**ਜਿਥੇ ਕਿ, ਓ. ਏ./1890/2021, 31.12.2024 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 26,57,044.25 ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।(**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 03.05.2025 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 08.01.2025 ਨੂੰ ਜਾਰੀ।**

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)**



## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰ.: ਓਏ/289/2022

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ.: 27900

ਇੰਡੀਅਨ ਬੈਂਕ

ਬਨਾਮ

ਐਸ ਪੀ ਐਂਟਰਪ੍ਰਾਇਜ਼ਜ਼

ਵੱਲ,

2) **ਪ੍ਰਵੇਸ਼ ਕੁਮਾਰ ਸਪੁੱਤਰ ਸ੍ਰੀ ਜਸਪਾਲ**, ਵਾਸੀ ਮਕਾਨ ਨੰ. 752 ਠਠਾਰੀ ਗੇਟ ਡੋਗਰਾ ਮੁਹੱਲਾ ਬਟਾਲਾ, ਹੋਰ ਪਤਾ : ਐਸਸੀਐਫ 24 ਦੁਕਾਨ ਨੰ. 3 ਧਰਮਪੁਰਾ ਕਲੋਨੀ ਜ਼ਿਲ੍ਹਾ ਗੁਰਦਾਸਪੁਰ ਪੰਜਾਬ

ਸੰਮਨ

**ਜਿਥੇ ਕਿ, ਓ. ਏ./289/2022, 22.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 22,30,821/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।(**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 15.07.2025 **ਨੂੰ ਸਵੇਰੇ** 10.30 **ਵਜੇ ਸਹਾਇਕ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 24.04.2025 ਨੂੰ ਜਾਰੀ।**

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

ਨੋਟ : ਛੱਡ ਦਿਓ, ਜੋ ਵੀ ਲਾਗੂ ਨਾ ਹੋਵੇ।



## ਸਟੇਟ ਬੈਂਕ ਆਫ ਇੰਡੀਆ

ਐਸਐਮਈਸੀਸੀ, ਪਹਿਲੀ ਮੰਜ਼ਿਲ, ਮੁੱਖ ਸ਼ਾਖਾ ਬਿਲਡਿੰਗ ਸਿਵਲ ਲਾਈਨ, ਜਲੰਧਰ

**[ਨਿਯਮ (8-1)] ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀਆਂ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਨੰ. 3) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ(ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ(ਾਂ)/ਜ਼ਾਮਨ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 **ਦੀ ਉਪ ਧਾਰਾ** (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਵੇਰਵਿਆਂ ਅਨੁਸਾਰ ਹਰੇਕ ਦੇ ਅਧੀਨ ਦਰਸਾਈ ਰਕਮ, ਮਨਫੀ ਵਸੂਲੀ, ਜੇਕਰ ਕੋਈ ਹੈ ਜਮ੍ਹਾਂ ਭਾਵੀ ਵਿਆਜ, ਖਰਚਿਆਂ, ਲਾਗਤਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਐਸਐਮਈਸੀਸੀ, ਪਹਿਲੀ ਮੰਜ਼ਿਲ, ਮੁੱਖ ਸ਼ਾਖਾ ਇਮਾਰਤ ਸਿਵਲ ਲਾਈਨ, ਜਲੰਧਰ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਕਰਜ਼ਦਾਰ (ਾਂ) / ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਮੈਸ. ਨਿਸ਼ਾ ਕਲੈਕਸ਼ਨ ਰਾਹੀਂ ਇਸ ਦੇ ਪ੍ਰੋਪ. ਸ਼੍ਰੀਮਤੀ ਨਿਸ਼ਾ ਸ਼ਰਮਾ ਵਾਸੀ ਮਕਾਨ ਨੰ. 200/ਏ, ਗਲੀ ਨੰ. 6, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਪੰਜਾਬ | ਵਿਕਰੀ ਡੀਡ ਨੰਬਰ 2018-19/186/1/7525 ਮਿਤੀ 11.03.2019 ਐਸ.ਆਰ. ਜਲੰਧਰ, ਸ਼੍ਰੀਮਤੀ ਨਿਸ਼ਾ ਸ਼ਰਮਾ ਦੇ ਨਾਮ 'ਤੇ ਲਗਭਗ 2 ਮਰਲੇ (ਛੱਤ ਦੇ ਨਾਲ) ਮਾਪ ਵਾਲੀ ਜਾਇਦਾਦ ਦੀ ਦੁਕਾਨ ਦਾ ਈ.ਐਮ. 12'X34' ਹਰੇਕ ਮਰਲੇ 207 ਵਰਗ ਫੁੱਟ, ਖਸਰਾ ਨੰਬਰ 1709, ਆਬਾਦੀ ਆਰੀਆ ਨਗਰ ਜਲੰਧਰ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਹੋਰ, ਪੱਛਮ: ਨਹਿਰ ਅਤੇ ਸੜਕ, ਉੱਤਰ: ਕਮਲ ਸ਼ਰਮਾ, ਦੱਖਣ: ਰਮਨ ਕੁਮਾਰ ਥਾਪਰ | 19.02.2025 | 24.04.2025 | Rs. 17,71,403.00 18.02.2025 ਦੇ ਅਨੁਸਾਰ ਭਾਵੀ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ |

ਮਿਤੀ : 29.04.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ



## ਸੈਂਟਰਲ ਬੈਂਕ ਆਫ ਇੰਡੀਆ

ਸੈਂਟਰਲ ਬੈਂਕ ਆਫ ਇੰਡੀਆ Central Bank of India 1911 से आपके लिए "केंद्रित" "CENTRAL TO YOU SINCE 1911"

ਖੇਤਰੀ ਦਫ਼ਤਰ : ਕੇ. ਪੀ ਕੰਪਲੈਕਸ ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ-141001

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ) ਅਤੇ ਜ਼ਾਮਨਾਂ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਮਿਲਰਗੰਜ ਲੁਧਿਆਣਾ** ਸ਼੍ਰੀ ਗੋਪਾਲ ਸਿੰਘ ਪੁੱਤਰ ਸ਼੍ਰੀ ਤਰਲੋਕ ਸਿੰਘ, ਮਕਾਨ ਨੰ. 7014/68 ਗਲੀ ਨੰ. 2 ਗੁਰੂ ਤੇਗ ਬਹਾਦਰ ਨਗਰ ਫੋਕਲ ਪੁਆਇੰਟ, ਲੁਧਿਆਣਾ 141010, ਸ਼੍ਰੀਮਤੀ ਸ਼ਾਂਤੀ ਦੇਵੀ ਪਤਨੀ ਸ਼੍ਰੀ ਗੋਪਾਲ ਸਿੰਘ, ਮਕਾਨ ਨੰ. 7014/68 ਗਲੀ ਨੰ. 2 ਗੁਰੂ ਤੇਗ ਬਹਾਦਰ ਨਗਰ ਫੋਕਲ ਪੁਆਇੰਟ, ਲੁਧਿਆਣਾ 141010 | ਜਾਇਦਾਦ ਪਲਾਟ ਨੰ. 67 ਮਿਨ ਅਤੇ 68 ਮਿੰਟ, 100 ਵਰਗ ਗਜ਼, ਸਾਲ 2008-09 ਦੀ ਜਮਾਂਬੰਦੀ ਅਨੁਸਾਰ ਖਸਰਾ ਨੰ. 50// 18,15,16,25 ਖਾਤਾ ਨੰ. 435,502 ਨਾਲ ਬਣਿਆ ਹੈ, ਜੋ ਕਿ ਭਾਮੀਆਂ ਕਲਾਂ ਹੱਦਬਸਤ ਨੰ. 181, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ: - ਪੂਰਬ: - ਗਲੀ 22 ਚੌੜੀ 20', ਪੱਛਮ: - ਗੁਆਂਢੀ 20', ਉੱਤਰ: - ਗੁਆਂਢੀ 45', ਦੱਖਣ: - ਗੁਆਂਢੀ 45', ਜਾਇਦਾਦ ਦੀ ਮਾਲਕਣ ਸ਼੍ਰੀਮਤੀ ਸ਼ਾਂਤੀ ਦੇਵੀ ਪਤਨੀ ਗੋਪਾਲ ਸਿੰਘ ਹੈ, ਵਿਕਰੀ ਡੀਡ ਅਨੁਸਾਰ ਵਸੀਕਾ ਨੰ. 2023-24/106/1/508 ਮਿਤੀ 10/04/2023 ਹੈ। | 20.04.2025 | 22.04.2025 | ਰੁ. 36,69,466.00 (ਛੱਤੀ ਲੱਖ ਉਨਾਹਠ ਹਜ਼ਾਰ ਚਾਰ ਸੌ ਛਿਆਹਠ ਰੁਪਏ ਸਿਰਫ਼) 21.04.2025 ਤੋਂ ਗਣਨਾ ਕੀਤੇ ਜਾਣ ਵਾਲੇ ਮਾਸਿਕ ਬਕਾਏ 'ਤੇ 8.55% ਸਾਲਾਨਾ ਵਿਆਜ ਸਮੇਤ ਸਾਡੇ ਵੱਲ ਬਕਾਇਆ ਹੈ ਅਤੇ ਤੁਸੀਂ 36,69,466.00 ਰੁਪਏ ਦੀ ਰਕਮ ਅਤੇ ਵਿਆਜ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ। |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖ਼ਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।

ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।

**ਤੁਹਾਡਾ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

ਮਿਤੀ : 22.04.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ



## ਐਮਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ

AMBIT Finvest Pragati ke partner

ਕਾਰਪੋਰੇਟ ਆਫ: ਕਨਕੀਆ ਵਾਲ ਸਟਰੀਟ, 5ਵੀਂ ਮੰਜ਼ਿਲ, ਏ 506-510, ਅੰਧੇਰੀ-ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093

**ਮੰਗ ਸੂਚਨਾ**

**ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਐਕਟ") ਅਤੇ ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮ, 2002 ("ਨਿਯਮ") ਦੇ ਉਪਬੰਧਾਂ ਦੇ ਤਹਿਤ**

ਐਕਟ ਦੇ ਅਧੀਨ ਐਮਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਨਿਯਮ 3 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 (12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਐਕਟ ਦੀ ਧਾਰਾ 13 (2) ਦੇ ਤਹਿਤ ਮੰਗ ਨੋਟਿਸ (ਾਂ) ਜਾਰੀ ਕੀਤੇ, ਜਿਸ ਵਿੱਚ ਹੇਠ ਲਿਖੇ ਕਰਜ਼ਦਾਰ (ਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਨੋਟਿਸ (ਾਂ) ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ। ਹੇਠ ਲਿਖੇ ਵਿਅਕਤੀ ਦਾ ਮੰਨਣਾ ਹੈ ਕਿ ਕਰਜ਼ਦਾਰ (ਾਂ) ਮੰਗ ਨੋਟਿਸ (ਾਂ) ਦੀ ਸੇਵਾ ਤੋਂ ਬਚ ਰਹੇ ਹਨ/ਰਹੇ ਹਨ, ਇਸ ਲਈ ਨੋਟਿਸ ਦੀ ਸੇਵਾ ਨਿਯਮਾਂ ਅਨੁਸਾਰ ਲਗਾਉਣ ਅਤੇ ਪ੍ਰਕਾਸ਼ਨ ਦੁਆਰਾ ਲਾਗੂ ਕੀਤੀ ਜਾ ਰਹੀ ਹੈ। ਮੰਗ ਨੋਟਿਸ (ਾਂ) ਦੀ ਸਮੱਗਰੀ ਇੱਥੇ ਹੇਠਾਂ ਦਿੱਤੀ ਗਈ ਹੈ:

| ਕਰਜ਼ਦਾਰ (ਾਂ) ਦਾ ਨਾਮ | ਮੰਗ ਸੂਚਨਾ ਦੀ ਮਿਤੀ ਅਤੇ ਰਕਮ |
|---|---|
| **1. ਗੁਰਬਖਸ਼ ਟੁਆਇਜ਼ 2. ਧਨਵੰਤ ਸਿੰਘ 3. ਹਰਪ੍ਰੀਤ ਕੌਰ 4. ਉਰਿੰਦਰ ਸਿੰਘ** ਲੋਨ ਨੰਬਰ : **LUI00000094009** | **18.04.2025, ਰੁ. 1,26,11,372.05/- (ਰੁਪਏ ਇੱਕ ਕਰੋੜ ਛੱਬੀ ਲੱਖ ਗਿਆਰਾਂ ਹਜ਼ਾਰ ਤਿੰਨ ਸੌ ਬਹੱਤਰ ਅਤੇ ਪੰਜ ਪੈਸੇ ਕੇਵਲ) ਮਿਤੀ 18.04.2025 ਅਨੁਸਾਰ** |

ਗਿਰਵੀ ਰੱਖੀ ਗਈ ਅਚੱਲ ਜਾਇਦਾਦ/ਜਾਇਦਾਦਾਂ ਦਾ ਵੇਰਵਾ: ਸੁਰੱਖਿਅਤ ਜਾਇਦਾਦ (ਾਂ) ਦੀ ਅਨੁਸੂਚੀ: ਜਾਇਦਾਦ 1 ਵਪਾਰਕ ਜਾਇਦਾਦ ਬੇਅਰਿੰਗ ਦੇ ਸਾਰੇ ਟੁਕੜੇ ਅਤੇ ਪਾਰਸਲ ਐਮ.ਸੀ. ਨੰ. ਬੀ-9-53/1, 37.5 ਵਰਗ ਗਜ਼ ਸਿਰਫ ਜ਼ਮੀਨੀ ਮੰਜ਼ਿਲ ਨੂੰ ਮਾਪਦੇ ਹੋਏ, ਗਲੀ ਤੇਲੀਆ, ਗੁੜ ਮੰਡੀ, ਚੌੜਾ ਬਾਜ਼ਾਰ, ਤਹਿਸੀਲ ਅਤੇ ਜ਼ਿਲ੍ਹਾ - ਲੁਧਿਆਣਾ, ਪੰਜਾਬ-141008 ਵਿਖੇ ਸਥਿਤ। ਦਰਸਾਈ ਸੰਪੱਤੀ ਦੀ ਹੱਦਬੰਦੀ :-ਪੂਰਬ: ਜਗਨ ਨਾਥ ਮਾਪ 45'0", ਪੱਛਮ: ਮਹਿੰਦਰਪਾਲ ਮਾਪ 45'0", ਉੱਤਰ: ਸੜਕ ਮਾਪ 7'6", ਦੱਖਣ: ਮਾਪ 7'6" ਸੰਪੱਤੀ 2 ਵਪਾਰਕ ਜਾਇਦਾਦ ਬੇਅਰਿੰਗ ਦਾ ਸਾਰਾ ਟੁਕੜਾ ਅਤੇ ਪਾਰਸਲ ਐਮ.ਸੀ. ਨੰਬਰ ਬੀ-9-1700, 84 ਵਰਗ ਗਜ਼ ਸਿਰਫ ਜ਼ਮੀਨੀ ਮੰਜ਼ਿਲ ਨੂੰ ਮਾਪਦਾ ਹੋਇਆ, ਗਲੀ ਤੇਲੀਆ, ਗੁਰੂ ਮੰਡੀ, ਚੌੜਾ ਬਾਜ਼ਾਰ, ਤਹਿਸੀਲ ਅਤੇ ਜ਼ਿਲ੍ਹਾ - ਲੁਧਿਆਣਾ, ਪੰਜਾਬ - 141008 ਵਿਖੇ ਸਥਿਤ। ਉਕਤ ਜਾਇਦਾਦ ਦੀ ਸੀਮਾ: - ਪੂਰਬ: ਬਲਵਿੰਦਰ ਸਿੰਘ ਐਡਮ। 20'-0' ਪੱਛਮ: ਰਾਵਲ ਜਨਰਲ ਸਟੋਰ ਆਦਿ ਐਡਮ 19'-04' ਉੱਤਰ: ਉਰਿੰਦਰ ਸਿੰਘ ਅਤੇ ਗੋਇਲ ਜਨਰਲ ਸਟੋਰ ਐਡਮ। 38'-04 ਦੱਖਣ: ਏਡੀਐਮ 7'6" ਦੱਖਣ: ਬਸੰਤ ਸਿੰਘ ਆਦਿ 38'-0" ਪ੍ਰਤੀ ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ 16723 ਮਿਤੀ 19/01/2022 ਦੇ ਤੌਰ 'ਤੇ।

ਕਾਜ਼ਦਾਰ (ਾਂ) ਨੂੰ ਇਸ ਦੁਆਰਾ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੰਗ ਨੋਟਿਸ (ਾਂ) ਦੀ ਪਾਲਣਾ ਕਰਨ ਅਤੇ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜ, ਲਾਗਤ ਅਤੇ ਖਰਚਿਆਂ ਦੇ ਨਾਲ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਤੱਕ ਭੁਗਤਾਨ ਕਰਨ। ਕਾਜ਼ਦਾਰ (ਾਂ) ਇਹ ਨੋਟ ਕਰ ਸਕਦੇ ਹਨ ਕਿ AFPL ਇੱਕ ਸੁਰੱਖਿਅਤ ਲੈਣਦਾਰ ਹੈ ਅਤੇ ਕਰਜ਼ਦਾਰ (ਾਂ) ਦੁਆਰਾ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਅਚੱਲ ਜਾਇਦਾਦ/ਸੰਪੱਤੀਆਂ ਦੇ ਵਿਰੁੱਧ ਇੱਕ ਸੁਰੱਖਿਅਤ ਕਰਜ਼ਾ ਹੈ ਜੋ ਕਾਜ਼ਦਾਰ (ਾਂ) ਦੁਆਰਾ ਗਿਰਵੀ ਰੱਖੀ ਗਈ ਸੁਰੱਖਿਅਤ ਸੰਪਤੀ (ਾਂ) ਹੈ। ਜੇਕਰ ਕਾਜ਼ਦਾਰ (ਾਂ) ਨਿਰਧਾਰਤ ਸਮੇਂ ਦੇ ਅੰਦਰ ਆਪਣੀਆਂ ਦੇਣਦਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਫਲ ਰਹਿੰਦੇ ਹਨ, ਤਾਂ AFPL ਐਕਟ ਦੀ ਧਾਰਾ 13(4) ਦੇ ਤਹਿਤ ਸੁਰੱਖਿਅਤ ਸੰਪਤੀ (ਾਂ) ਦਾ ਕਬਜ਼ਾ ਲੈਣ ਲਈ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ, ਜਿਸ ਵਿੱਚ ਵਿਕਰੀ ਦੁਆਰਾ ਜਾਂ ਐਕਟ ਅਤੇ ਇਸਦੇ ਅਧੀਨ ਨਿਯਮਾਂ ਦੇ ਅਧੀਨ ਉਪਲਬਧ ਕਿਸੇ ਹੋਰ ਉਪਾਅ ਦੀ ਵਰਤੋਂ ਕਰਕੇ ਟਰਾਂਸਫਰ ਕਰਨਾ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ। AFPL ਨੂੰ ਵਿਕਰੀ ਜਾਂ ਟਰਾਂਸਫਰ ਦੇ ਅਧਿਕਾਰ ਨੂੰ ਲਾਗੂ ਕਰਨ ਤੋਂ ਪਹਿਲਾਂ ਸੁਰੱਖਿਅਤ ਸੰਪਤੀ (ਾਂ) ਨੂੰ ਜੋੜਨ ਅਤੇ/ਜਾਂ ਸੀਲ ਕਰਨ ਦਾ ਵੀ ਅਧਿਕਾਰ ਹੈ। ਸੁਰੱਖਿਅਤ ਸੰਪਤੀ (ਾਂ) ਦੀ ਵਿਕਰੀ ਤੋਂ ਬਾਅਦ, AFPL ਨੂੰ ਬਕਾਇਆ ਬਕਾਇਆ ਵਸੂਲੀ ਲਈ ਵੱਖਰੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਵੀ ਅਧਿਕਾਰ ਹੈ, ਜੇਕਰ ਗਿਰਵੀ ਰੱਖੀ ਗਈ ਜਾਇਦਾਦ ਦਾ ਮੁੱਲ AMPL ਨੂੰ ਦੇਣਯੋਗ ਬਕਾਇਆ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ। ਇਹ ਉਪਾਅ ਕਿਸੇ ਹੋਰ ਕਾਨੂੰਨ ਦੇ ਤਹਿਤ AFPL ਨੂੰ ਉਪਲਬਧ ਹੋਰ ਸਾਰੇ ਉਪਾਵਾਂ ਤੋਂ ਇਲਾਵਾ ਅਤੇ ਸੁਤੰਤਰ ਹੈ। ਕਰਜ਼ਦਾਰ (ਾਂ) ਦਾ ਧਿਆਨ ਐਕਟ ਦੀ ਧਾਰਾ 13(8) ਵੱਲ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪੱਤੀਆਂ ਨੂੰ ਛੁਡਾਉਣ ਲਈ ਅਤੇ ਐਕਟ ਦੀ ਧਾਰਾ 13(13) ਵੱਲ ਖਿੱਚਿਆ ਜਾਂਦਾ ਹੈ, ਜਿਸਦੇ ਤਹਿਤ ਕਰਜ਼ਦਾਰ (ਾਂ) ਨੂੰ ਸੁਰੱਖਿਅਤ ਸੰਪਤੀ (ਾਂ) ਦਾ ਨਿਪਟਾਰਾ ਕਰਨ ਜਾਂ ਉਨ੍ਹਾਂ ਨਾਲ ਨਜਿੱਠਣ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ (ਕਾਰੋਬਾਰ ਦੇ ਆਮ ਕੋਰਸ ਤੋਂ ਇਲਾਵਾ) ਕਿਸੇ ਵੀ ਸੁਰੱਖਿਅਤ ਸੰਪਤੀ (ਾਂ) ਨੂੰ ਟਰਾਂਸਫਰ ਕਰਨ ਤੋਂ ਰੋਕਿਆ/ਮਨਾਹੀ ਕੀਤੀ ਜਾਂਦੀ ਹੈ, AFPL ਦੀ ਪਹਿਲਾਂ ਲਿਖਤੀ ਸਹਿਮਤੀ ਤੋਂ ਬਿਨਾਂ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਉਕਤ ਐਕਟ ਦੀ ਧਾਰਾ 29 ਦੇ ਤਹਿਤ ਸਜ਼ਾਯੋਗ ਅਪਰਾਧ ਹੈ। ਡਿਮਾਂਡ ਨੋਟਿਸ ਦੀ ਕਾਪੀ ਹੇਠ ਹਸਤਾਖਰ ਕਰਨ ਵਾਲੇ ਕੋਲ ਉਪਲਬਧ ਹੈ ਅਤੇ ਕਰਜ਼ਾ ਲੈਣ ਵਾਲੇ, ਜੇਕਰ ਉਹ ਚਾਹੁਣ, ਤਾਂ ਆਮ ਦਫ਼ਤਰੀ ਸਮੇਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਹੇਠ ਹਸਤਾਖਰ ਕਰਨ ਵਾਲੇ ਤੋਂ ਇਸਨੂੰ ਪ੍ਰਾਪਤ ਕਰ ਸਕਦੇ ਹਨ। ਸਹੀ/- ਪ੍ਰਸ਼ਾਂਤ ਓਹਾਲ, ਅਧਿਕਾਰਤ ਅਧਿਕਾਰੀ

ਮਿਤੀ ; 29.04.2025, ਸਥਾਨ : ਪੰਜਾਬ ਐਮਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਤਰਬੂਜ਼ ਖਾਣ ਤੋਂ ਬਾਅਦ ਇਨ੍ਹਾਂ ਚੀਜ਼ਾਂ ਤੋਂ ਰਹੋ ਦੂਰ



ਗਰਮੀ ਦੇ ਮੌਸਮ ਵਿਚ ਜੇਕਰ ਕਿਸੇ ਚੀਜ਼ ਨੂੰ ਸਭ ਤੋਂ ਵੱਧ ਖਾਧਾ ਜਾਂਦਾ ਹੈ, ਤਾਂ ਉਹ ਹੈ ਤਰਬੂਜ਼। ਇਸ ਮੌਸਮ ਵਿਚ ਪਾਣੀ ਨਾਲ ਭਰਪੂਰ ਫਲਾਂ ਅਤੇ ਹਰੀ ਸਬਜ਼ੀਆਂ ਨੂੰ ਆਪਣੇ ਖੁਰਾਕ ਵਿਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਫਲਾਂ ਦੀ ਗੱਲ ਕਰੀਏ, ਤਾਂ ਤਰਬੂਜ਼ ਵਿਚ 90 ਫੀਸਦ ਤੋਂ ਵੱਧ ਪਾਣੀ ਹੁੰਦਾ ਹੈ। ਇਹ ਫਲ ਨਾ ਸਿਰਫ ਪਿਆਸ ਬੁਝਾਉਂਦਾ ਹੈ, ਸਗੋਂ ਸਰੀਰ ਨੂੰ ਠੰਢਕ ਵੀ ਪਹੁੰਚਾਉਂਦਾ ਹੈ ਤਰਬੂਜ਼ ਸਰੀਰ ਨੂੰ ਹਾਈਡਰੇਟ ਰੱਖਣ ਵਿਚ ਮਦਦਗਾਰ ਹੈ ਅਤੇ ਥਕਾਵਟ ਨੂੰ ਦੂਰ ਕਰਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਤਰਬੂਜ਼ ਖਾਣ ਦੇ ਬਾਅਦ ਕੁਝ ਚੀਜ਼ਾਂ ਤੁਰੰਤ ਖਾਣ ਨਾਲ ਸਿਹਤ 'ਤੇ ਬੁਰਾ ਅਸਰ ਪੈ ਸਕਦਾ ਹੈ?

**ਸ਼ਰਾਬ** ; ਜੇ ਤੁਸੀਂ ਤਰਬੂਜ਼ ਖਾਣ ਤੋਂ ਪਹਿਲਾਂ ਜਾਂ ਬਾਅਦ ਸ਼ਰਾਬ ਪੀਣ ਦੀ ਸੋਚ ਰਹੇ ਹੋ, ਤਾਂ ਇਹ ਗਲਤੀ ਨਾ ਕਰੋ। ਇਹ ਦੋਹਾਂ ਸਰੀਰ 'ਤੇ ਵੱਖ-ਵੱਖ ਤਰੀਕਿਆਂ ਨਾਲ ਅਸਰ ਕਰਦੇ ਹਨ। ਇਸ ਨਾਲ ਲਿਵਰ ਤੇ ਦਬਾਅ ਵਧ ਸਕਦਾ ਹੈ। ਤੁਹਾਨੂੰ ਉਲਟੀ, ਚੱਕਰ ਆਉਣਾ ਅਤੇ ਸਰੀਰ ਵਿਚ ਪਾਣੀ ਦੀ ਕਮੀ (ਡਿਹਾਈਡ੍ਰੇਸ਼ਨ) ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਪ੍ਰੋਟੀਨ ਵਾਲੀਆਂ ਚੀਜ਼ਾਂ** : ਤਰਬੂਜ਼ ਖਾਣ ਦੇ ਬਾਅਦ ਉੱਚ ਪ੍ਰੋਟੀਨ ਵਾਲੇ ਫੂਡਜ਼ ਨੂੰ ਨਜ਼ਰਅੰਦਾਜ਼ ਕਰਨਾ ਹੀ ਬਿਹਤਰ ਮੰਨਿਆ ਜਾਂਦਾ ਹੈ। ਤਰਬੂਜ਼ ਵਿਚ ਵਿਟਾਮਿਨ ਅਤੇ ਰਫੇਜ਼ ਦੇ ਨਾਲ ਨਾਲ ਸਟਾਰਚ ਦੀ ਵੀ ਥੋੜੀ ਮਾਤਰਾ ਹੁੰਦੀ ਹੈ। ਇਸ ਲਈ, ਪ੍ਰੋਟੀਨ ਵਾਲੀਆਂ ਚੀਜ਼ਾਂ ਪਚਾਉਣ ਤੰਤਰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਖੱਟੀਆਂ ਚੀਜ਼ਾਂ** : ਤਰਬੂਜ਼ ਦੇ ਨਾਲ ਜਾਂ ਤੁਰੰਤ ਬਾਅਦ ਖੱਟੀਆਂ ਚੀਜ਼ਾਂ ਖਾਣ ਨਾਲ ਪੇਟ ਵਿਚ ਐਸਿਡਿਟੀ ਵਧ ਸਕਦੀ ਹੈ। ਇਹ ਪਚਾਉਣ ਨੂੰ ਖਰਾਬ ਕਰ ਸਕਦੀ ਹੈ। ਤੁਹਾਨੂੰ ਪੇਟ ਦਰਦ ਜਾਂ ਜਲਨ ਦੀ ਸਮੱਸਿਆ ਹੋ ਸਕਦੀ ਹੈ। ਤਰਬੂਜ਼ ਦੇ ਬਾਅਦ ਕੋਈ ਵੀ ਖੱਟੀ ਚੀਜ਼ ਜਿਵੇਂ ਅਚਾਰ, ਨਿੰਬੂ ਪਾਣੀ ਜਾਂ ਇਮਲੀ ਬਿਲਕੁਲ ਨਾ ਖਾਓ।

**ਦੁੱਧ:** ਤਰਬੂਜ਼ ਖਾਣ ਦੇ ਬਾਅਦ ਦੁੱਧ ਜਾਂ ਦੁੱਧ ਨਾਲ ਬਣੀਆਂ ਚੀਜ਼ਾਂ ਖਾਣ ਨਾਲ ਸਰੀਰ ਵਿਚ ਜ਼ਹਿਰੀਲੇ ਤੱਤ ਬਣ ਸਕਦੇ ਹਨ। ਇਸ ਨਾਲ ਉਲਟੀ, ਦਸਤ ਜਾਂ ਚਮੜੀ ਤੇ ਐਲਰਜੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਆਂਡਾ:** ਤਰਬੂਜ਼ ਦੀ ਤਾਸੀਰ ਜਿੱਥੇ ਠੰਢੀ ਹੁੰਦੀ ਹੈ, ਉਥੇ ਆਂਡਾ ਗਰਮ ਤਾਸੀਰ ਦਾ ਹੁੰਦਾ ਹੈ। ਇਸ ਲਈ, ਤਰਬੂਜ਼ ਖਾਣ ਦੇ ਬਾਅਦ ਆਂਡਾ ਖਾਣ ਤੋਂ ਬਚਣਾ ਚਾਹੀਦਾ ਹੈ। ਇਹ ਦੋਹਾਂ ਮਿਲ ਕੇ ਬਲੋਟਿੰਗ ਅਤੇ ਕਬਜ਼ ਦਾ ਕਾਰਨ ਬਣ ਸਕਦੇ ਹਨ।

# ਕੈਨੇਡਾ ਚੋਣਾਂ 'ਚ ਪੰਜਾਬੀ ਕਰਵਾਉਣਗੇ ਬੱਲੇ-ਬੱਲੇ ! ਇਨ੍ਹਾਂ ਸਿੱਖ ਚਿਹਰਿਆਂ 'ਤੇ ਰਹੇਗੀ ਸਭ ਦੀ ਨਜ਼ਰ







ਟੋਰਾਂਟੋ, 28 ਅਪ੍ਰੈਲ (ਚ.ਨ.ਸ.): ਕੈਨੇਡਾ ਵਿਚ ਸੰਘੀ ਚੋਣਾਂ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਦੌਰਾਨ ਮੁੱਖ ਤੌਰ ਉੱਤੇ ਲਿਬਰਲਾਂ ਤੇ ਕੰਜ਼ਰਵੇਟਿਵ ਪਾਰਟੀ ਵਿਚਾਲੇ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਪਰ ਇਸੇ ਵਿਚਾਲੇ ਭਾਰਤ ਨਾਲ ਸਬੰਧਿਤ ਕੁਝ ਸਿੱਖ ਚਿਹਰੇ ਵੀ ਹਨ, ਜਿਨ੍ਹਾਂ ਉੱਤੇ ਭਾਰਤ ਹੀ ਨਹੀਂ ਦੁਨੀਆ ਭਰ ਦੀ ਨਜ਼ਰ ਰਹੇਗੀ। ਇਨ੍ਹਾਂ ਵਿਚ ਜਗਮੀਤ ਸਿੰਘ, ਟਿਮ ਉੱਪਲ, ਸੁੱਖ ਧਾਲੀਵਾਲ, ਕਮਲ ਖਹਿਰਾ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ, ਸੋਨੀਆ ਸਿੱਧੂ ਮੁੱਖ ਹਨ।

**ਪੰਜਾਬੀ ਤੇ ਭਾਰਤੀ ਮੂਲ ਦੇ ਚਿਹਰਿਆਂ 'ਤੇ ਹੋਵੇਗੀ ਨਜ਼ਰ ?**

**ਜਗਮੀਤ ਸਿੰਘ** ; ਪੰਜਾਬੀ ਮੂਲ ਦੇ ਸਭ ਤੋਂ ਚਰਚਿਤ ਉਮੀਦਵਾਰ ਜਗਮੀਤ ਸਿੰਘ ਬਰਨਬੀ ਸੈਂਟਰ ਤੋਂ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਹਨ। ਵੱਖ-ਵੱਖ ਪੋਲਜ਼ ਵਿੱਚ ਉਨ੍ਹਾਂ ਨੂੰ ਲਿਬਰਲ ਪਾਰਟੀ ਦੇ ਉਮੀਦਵਾਰ ਤੋਂ ਪਿੱਛੇ ਵਿਖਾਇਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਦੀਆਂ ਸੀਟਾਂ ਵਿਚ ਕਮੀ ਆ ਸਕਦੀ ਹੈ। ਜਗਮੀਤ ਸਿੰਘ ਤਿੰਨ ਵਾਰ ਐੱਮਪੀ ਦੀ ਚੋਣ ਜਿੱਤ ਚੁੱਕੇ ਹਨ, ਇਸ ਵਾਰ ਦੀਆਂ ਚੋਣਾਂ ਉਨ੍ਹਾਂ ਲਈ ਫ਼ੈਸਲਾਕੁੰਨ ਹੋਣਗੀਆਂ। ਜਗਮੀਤ ਸਿੰਘ ਜਿਸ ਹਲਕੇ ਤੋਂ ਪਿਛਲੀਆਂ ਚੋਣਾਂ ਜਿੱਤੇ ਸਨ, ਉਹ ਹਲਕਾ ਭੰਗ ਹੋ ਚੁੱਕਾ ਹੈ ਤੇ ਹੁਣ ਉਹ ਬਰਨਬੀ ਸੈਂਟਰ ਤੋਂ ਚੋਣ ਲੜ ਰਹੇ ਹਨ।

**ਟਿਮ ਉਪਲ** : ਐਡਮੰਟਨ ਮਿੱਲ ਵੁੱਡਸ ਤੋਂ ਐੱਮਪੀ ਟਿਮ ਉੱਪਲ ਵੀ ਕੈਨੇਡਾ 'ਚ ਪੰਜਾਬੀ ਮੂਲ ਦੇ ਚਰਚਿਤ ਆਗੂਆਂ ਵਿੱਚੋਂ ਇੱਕ ਹਨ। ਉਹ ਇਸ ਵੇਲੇ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ। ਉਨ੍ਹਾਂ ਦੀ ਵੈੱਬਸਾਈਟ ਦੇ ਮੁਤਾਬਕ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਹ ਰੈਜ਼ੀਡੈਂਸ਼ੀਅਲ ਮੌਰਟਗੇਜ ਮੈਨੇਜਰ ਵਜੋਂ ਕੰਮ ਕਰਦੇ ਸਨ। ਉਹ ਕੰਜ਼ਰਵੇਟਿਵ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਈਵੀ ਸਕੂਲ ਆਫ ਬਿਜ਼ਨਸ ਤੋਂ ਐੱਮਬੀਏ ਦੀ ਡਿਗਰੀ ਕੀਤੀ ਹੋਈ ਹੈ।

**ਸੁੱਖ ਧਾਲੀਵਾਲ** ; ਸੁੱਖ ਧਾਲੀਵਾਲ ਬ੍ਰਿਟਿਸ਼ ਕੋਲੰਬੀਆ ਦੀ ਸਰੀ-ਨਿਊਟਨ ਸੀਟ ਤੋਂ ਲਿਬਰਲ ਪਾਰਟੀ ਦੇ ਐੱਮਪੀ ਹਨ। ਉਹ ਸਾਲ 2015 ਤੋਂ ਐੱਮਪੀ ਦੀ ਚੋਣ ਜਿੱਤਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਨਿਊਟਨ-ਨੌਰਥ ਡੈਲਟਾ ਤੋਂ ਸਾਲ 2006 ਤੋਂ 2011 ਤੱਕ ਐੱਮਪੀ ਰਹਿ ਚੁੱਕੇ ਹਨ। ਉਹ ਇੱਕ ਪੇਸ਼ੇਵਰ ਇੰਜੀਨੀਅਰ ਵਜੋਂ ਵੀ ਕੰਮ ਕਰਦੇ ਰਹੇ ਹਨ। ਉਹ ਆਪਣੇ ਹਲਕੇ ਵਿੱਚ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿੱਚ ਅਕਸਰ ਨਜ਼ਰ ਆਉਂਦੇ ਹਨ।

**ਕਮਲ ਖਹਿਰਾ** ; ਬਰੈਂਪਟਨ ਵੈੱਸਟ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਕਮਲ ਖਹਿਰਾ ਨੂੰ ਮਾਰਕ ਕਾਰਨੀ ਵੱਲੋਂ ਸਿਹਤ ਮੰਤਰੀ ਬਣਾਇਆ ਗਿਆ ਹੈ। ਕਮਲ ਖਹਿਰਾ ਪਹਿਲੀ ਵਾਰ 2015 ਵਿੱਚ ਸੰਸਦ ਮੈਂਬਰ ਚੁਣੇ ਗਏ ਸਨ। ਉਹ ਪਹਿਲਾਂ ਮਿਨਿਸਟਰ ਆਫ਼ ਸੀਨੀਅਰਜ਼, ਅੰਤਰਰਾਸ਼ਟਰੀ ਵਿਕਾਸ ਮੰਤਰੀ ਦੇ ਸੰਸਦੀ ਸਕੱਤਰ, ਰਾਸ਼ਟਰੀ ਮਾਲ ਮੰਤਰੀ ਦੇ ਸੰਸਦੀ ਸਕੱਤਰ ਅਤੇ ਸਿਹਤ ਮੰਤਰੀ ਦੇ ਸੰਸਦੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਵਿੱਚ ਉਹ ਸਭ ਤੋਂ ਛੋਟੀ ਉਮਰ ਦੇ ਮੈਂਬਰ ਸਨ ਅਤੇ ਉਨ੍ਹਾਂ ਨੂੰ ਸੀਨੀਅਰ ਮੰਤਰੀ ਵਜੋਂ ਕੈਨੇਡਾ ਦੀ ਬਜ਼ੁਰਗ ਆਬਾਦੀ ਦੀ ਦੇਖਭਾਲ ਕਰਨ ਦਾ ਕੰਮ ਸੌਂਪਿਆ ਗਿਆ ਸੀ।

**ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ, ਸੋਨੀਆ ਸਿੱਧੂ** ; ਰਣਦੀਪ ਸਿੰਘ ਸਰਾਏ ਸਰੀ ਸੈਂਟਰ ਹਲਕੇ ਤੋਂ 2015 ਤੋਂ ਐੱਮਪੀ ਹਨ। ਉਨ੍ਹਾਂ ਦੇ ਪਰਿਵਾਰ ਨੇ ਜਲੰਧਰ ਤੋਂ ਕੈਨੇਡਾ ਪਰਵਾਸ ਕੀਤਾ ਸੀ। ਰਣਦੀਪ ਸਰਾਏ ਪੇਸ਼ੇ ਵਜੋਂ ਵਕੀਲ ਵੀ ਰਹੇ ਹਨ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਬੈਚਲਰਜ਼ ਅਤੇ ਕੁਈਨਜ਼ ਯੂਨੀਵਰਸਿਟੀ ਤੋਂ ਐੱਲਐੱਲਬੀ ਦੀ ਡਿਗਰੀ ਕੀਤੀ ਹੈ। ਇਸ ਤੋਂ ਇਲਾਵਾ ਬਰੈਂਪਟਨ ਸਾਊਥ ਤੋਂ ਉਮੀਦਵਾਰ ਸੋਨੀਆ ਸਿੱਧੂ ਅਤੇ ਬਰੈਂਪਟਨ ਨੌਰਥ ਤੋਂ ਉਮੀਦਵਾਰ ਰੂਬੀ ਸਹੋਤਾ ਵੀ ਮੁੱਖ ਪੰਜਾਬੀ ਉਮੀਦਵਾਰਾਂ ਵਿੱਚੋਂ ਇੱਕ ਹਨ।

## ਖ਼ਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ



ਰੋਮ (ਇਟਲੀ), 28 ਅਪ੍ਰੈਲ (ਗੁਰਸ਼ਰਨ ਸਿੰਘ ਸੋਨੀ): ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਟਲੀ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਆਏ ਹਫਤੇ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ ਉਥੇ ਹੀ ਇਟਲੀ ਦੀ ਰਾਜਧਾਨੀ ਰੋਮ ਦੇ ਪ੍ਰਸਿੱਧ ਸ਼ਹਿਰ ਲਵੀਨੀਓ ਵਿੱਚ ਸਥਿਤ ਪੁਰਾਤਨ ਗੁਰਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾ, ਸੇਵਾਦਾਰਾਂ ਦੇ ਸਹਿਯੋਗ ਨਾਲ ਲਵੀਨੀਓ ਸ਼ਹਿਰ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਸ਼ੁੱਕਰਵਾਰ ਨੂੰ ਇਲਾਹੀ ਬਾਣੀ ਦੇ ਸ੍ਰੀ ਆਖੰਡ ਪਾਠ ਆਰੰਭ ਕਰਵਾਏ ਗਏ ਸਨ ਜਿਨ੍ਹਾਂ ਦੇ ਸੰਪੂਰਨਤਾਂ ਦੇ ਨਾਲ ਐਤਵਾਰ ਸਵੇਰੇ ਭੋਗ ਪਾਏ ਗਏ। ਭੋਗ ਉਪਰੰਤ ਗੁਰਦੁਆਰਾ ਸਾਹਿਬ ਤੋ ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆਂ ਹੇਠ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾਂ ਕੀਤੀ ਗਈ। ਜੋ ਕਿ ਲਵੀਨੀਓ ਸ਼ਹਿਰ ਦੀਆਂ ਵੱਖ ਵੱਖ ਗਲੀਆਂ ਵਿਚੋ ਹੁੰਦਾ ਹੋਇਆ ਸ਼ਹਿਰ ਦੇ ਸ਼ਟੇਸ਼ਨ ਵਾਲੀ ਪਾਰਕਿੰਗ ਵਿੱਚ ਪਹੁੰਚਕੇ ਖੁੱਲੇ ਪੰਡਾਲ ਸਜਾਏ ਗਏ। ਇਸ ਮੌਕੇ ਪੰਥ ਦੇ ਪ੍ਰਸਿੱਧ ਢਾਡੀ, ਰਾਗੀ, ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ ਸਰਵਣ ਕਰਵਾਈ। ਇਸ ਮੌਕੇ ਗੱਤਕੇ ਦੇ ਹੈਰਤ ਮਈ ਜੌਹਰ ਵੀ ਦਿਖਾਏ ਗਏ। ਦੂਰੋਂ ਨੇੜਿਓਂ ਨਗਰ ਕੀਰਤਨ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਜੀ ਆਇਆਂ ਆਖਿਆ ਗਿਆ ਤੇ ਸੇਵਾਦਾਰਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰਾਂ ਦੇ ਸਟਾਲ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਤੇ ਹੋਰ ਨੌਜਵਾਨ ਸੇਵਾਦਾਰਾਂ ਵਲੋ ਲਗਾਏ ਗਏ ਸਨ।

## ਪੁਤਿਨ ਨੇ ਉੱਤਰੀ ਕੋਰੀਆਈ ਸੈਨਿਕਾਂ ਦਾ ਕੀਤਾ ਧੰਨਵਾਦ

ਸਿਓਲ, 28 ਅਪ੍ਰੈਲ (ਚ.ਨ.ਸ.) : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸੋਮਵਾਰ ਨੂੰ ਦੇਸ਼ ਦੇ ਕੁਰਸਕ ਖੇਤਰ ਵਿੱਚ ਯੂਕ੍ਰੇਨੀ ਫੌਜਾਂ ਵਿਰੁੱਧ ਲੜਨ ਲਈ ਉੱਤਰੀ ਕੋਰੀਆਈ ਫੌਜਾਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਉੱਤਰੀ ਕੋਰੀਆ ਨੇ ਸੋਮਵਾਰ ਨੂੰ ਪਹਿਲੀ ਵਾਰ ਪੁਸ਼ਟੀ ਕੀਤੀ ਕਿ ਉਸਨੇ ਯੂਕ੍ਰੇਨ ਵਿਰੁੱਧ ਜੰਗ ਵਿੱਚ ਸਹਾਇਤਾ ਲਈ ਰੂਸ ਨੂੰ ਫੌਜ ਭੇਜੀ ਹੈ। ਸੋਮਵਾਰ ਸਵੇਰੇ ਕ੍ਰੇਮਲਿਨ (ਰੂਸੀ ਰਾਸ਼ਟਰਪਤੀ ਦਫ਼ਤਰ) ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਦੇ ਅਨੁਸਾਰ ਪੁਤਿਨ ਨੇ ਉਤਰੀ ਕੋਰੀਆਈ ਲੜਾਕਿਆਂ ਦੀ ਬਹਾਦਰੀ, ਉੱਚ ਪੱਧਰੀ ਵਿਸ਼ੇਸ਼ ਸਿਖਲਾਈ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ, ਜੋ ਰੂਸੀ ਲੜਾਕਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਡੀ ਮਾਤ ਭੂਮੀ ਦੀ ਰੱਖਿਆ ਕਰਦੇ ਹਨ। ਰੂਸ ਨੇ



ਸ਼ਨੀਵਾਰ ਨੂੰ ਐਲਾਨ ਕੀਤਾ ਕਿ ਉਸਨੇ ਪੱਛਮੀ ਕੁਰਸਕ ਖੇਤਰ ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਹੈ। ਯੂਕ੍ਰੇਨ ਨੇ ਰੂਸ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਯੂਕ੍ਰੇਨੀ ਹਥਿਆਰਬੰਦ ਬਲਾਂ ਨੇ ਅਗਸਤ 2024 ਵਿੱਚ ਕੁਰਸਕ ਖੇਤਰ ਦੇ ਕੁਝ ਹਿੱਸਿਆਂ ਤੇ ਮੁੜ ਕੰਟਰੋਲ ਹਾਸਲ ਕਰ ਲਿਆ। ਅਮਰੀਕਾ, ਦੱਖਣੀ ਕੋਰੀਆ ਅਤੇ ਯੂਕ੍ਰੇਨ ਦੇ ਖੁਫੀਆ ਅਧਿਕਾਰੀਆਂ ਨੇ ਕਿਹਾ ਸੀ ਕਿ ਉੱਤਰੀ ਕੋਰੀਆ ਨੇ ਪਿਛਲੇ ਸਾਲ ਰੂਸ ਵਿੱਚ ਲਗਭਗ 10,000-12,000 ਸੈਨਿਕ ਭੇਜੇ ਸਨ। ਉੱਤਰੀ ਕੋਰੀਆ ਨੇ ਪਹਿਲਾਂ ਰੂਸ ਵਿੱਚ ਆਪਣੇ ਸੈਨਿਕਾਂ ਦੀ ਤਾਇਨਾਤੀ ਦੀ ਨਾ ਤਾਂ ਪੁਸ਼ਟੀ ਕੀਤੀ ਸੀ ਅਤੇ ਨਾ ਹੀ ਇਨਕਾਰ ਕੀਤਾ ਸੀ। ਕਿਮ ਨੇ ਕਿਹਾ, ਜਿਨ੍ਹਾਂ ਨੇ ਨਿਆਂ ਲਈ ਲੜਾਈ ਲੜੀ, ਉਹ ਸਾਰੇ ਹੀਰੋ ਹਨ ਅਤੇ ਮਾਤ ਭੂਮੀ ਦੇ ਸਨਮਾਨ ਦੇ ਪ੍ਰਤੀਨਿਧੀ ਹਨ।

## ਪੰਜਾਬ ਐਂਡ ਸਿੰਧ ਬੈਂਕ ਵੱਲੋਂ ਨਵੀਂ ਸ਼ਾਖਾ ਦੇ ਉਦਘਾਟਨ ਲਈ ਰੈਲੀ



ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.) :ਪੰਜਾਬ ਐਂਡ ਸਿੰਧ ਬੈਂਕ ਜਲੰਧਰ ਜ਼ੋਨ ਨੇ ਅੱਜ ਫੁੱਟਬਾਲ ਚੌਂਕ ਜਲੰਧਰ ਵਿਖੇ ਆਪਣੀ ਨਵੀਂ ਸ਼ਾਖਾ ਦੇ ਉਦਘਾਟਨ ਲਈ ਇੱਕ ਸਫਲ ਰੈਲੀ ਕੱਢੀ। ਇਸ ਸਮਾਗਮ ਨੂੰ ਵੱਡੀ ਸਫਲਤਾ ਬਣਾਉਣ ਲਈ ਜਲੰਧਰ ਜ਼ੋਨਲ ਦਫ਼ਤਰ ਅਤੇ ਨੇੜਲੀਆਂ ਸ਼ਾਖਾਵਾਂ ਦੇ ਸਟਾਫ਼ ਮੈਂਬਰ ਮੌਜੂਦ ਸਨ। ਘਰ-ਘਰ ਪਹੁੰਚ ਅਪਣਾਈ ਗਈ ਅਤੇ ਸ਼ਾਖਾ ਦੇ ਨੇੜਲੇ ਖੇਤਰਾਂ ਵਿੱਚ ਐਮ.ਐਸ.ਐਮ.ਈ ਅਤੇ ਪ੍ਰਚੂਨ ਯੋਜਨਾਵਾਂ ਦੀਆਂ ਵੱਖ-ਵੱਖ ਯੋਜਨਾਵਾਂ ਦੇ ਆਰ.ਓ.ਆਈ. ਵਾਲੇ ਪੈਂਫਲੇਟ ਵੰਡੇ ਗਏ। ਬਹੁਤ ਸਾਰੇ ਗਾਹਕਾਂ ਨੇ ਆਪਣੇ ਦਰਵਾਜ਼ੇ ਖੋਲ੍ਹੇ ਅਤੇ ਰੈਲੀ ਦੌਰਾਨ ਜ਼ੈਡ.ਐਮ. ਸ੍ਰੀ ਮਿਲਿੰਦ ਬੁਚਕੇ, ਦੂਜੇ ਵਿਅਕਤੀ ਸ਼੍ਰੀ ਗਿਆਨ ਚੰਦ ਦਾ ਸਵਾਗਤ ਕੀਤਾ ਤਾਂ ਜੋ ਉਨ੍ਹਾਂ ਦੀਆਂ ਮੰਗਾਂ ਸੁਣਨ ਅਤੇ ਉਨ੍ਹਾਂ ਦੇ ਨੇੜੇ ਇੱਕ ਸ਼ਾਖਾ ਖੋਲ੍ਹਣ ਲਈ ਅਥਾਰਟੀ ਦਾ ਧੰਨਵਾਦ ਕੀਤਾ ਜਾ ਸਕੇ ਅਤੇ ਬੈਂਕ ਨੂੰ ਨਿਰੰਤਰ ਸਮਰਥਨ ਦੇਣ ਦਾ ਵਾਅਦਾ ਕੀਤਾ ਜਾ ਸਕੇ। ਇਹ ਸ਼ਾਖਾ ਵਿਸ਼ੇਸ਼ ਤੌਰ ਤੇ ਜਲੰਧਰ ਦੇ ਸਪੋਰਟਸ/ ਐਮ.ਐਸ.ਐਮ.ਈ ਬਾਜ਼ਾਰ ਦੀ ਦੇਖਭਾਲ ਕਰਨ ਵਾਲੇ ਉੱਦਮੀਆਂ ਲਈ ਖੋਲ੍ਹੀ ਗਈ ਹੈ ਅਤੇ ਜਲੰਧਰ ਨੂੰ ਭਾਰਤ ਦਾ ਸਭ ਤੋਂ ਵੱਡਾ ਖੇਡ ਬਾਜ਼ਾਰ ਬਣਾਇਆ ਜਾ ਰਿਹਾ ਹੈ। ਰੈਲੀ ਜ਼ੈਡ.ਐਮ. ਸਰ ਸ਼੍ਰੀ ਮਿਲਿੰਦ ਬੁਚਕੇ ਦੁਆਰਾ ਬੈਂਕ ਨੂੰ ਨਵੀਆਂ ਉਚਾਈਆਂ ਤੇ ਲਿਜਾਣ ਲਈ ਮੌਜੂਦ ਸਟਾਫ ਨੂੰ ਪ੍ਰੇਰਨਾਦਾਇਕ ਭਾਸ਼ਣ ਦੇਣ ਨਾਲ ਸਮਾਪਤ ਹੋਈ। ਪੰਜਾਬ ਐਂਡ ਸਿੰਧ ਬੈਂਕ 375 ਦਿਨਾਂ ਦੀ ਐਫ.ਡੀ.ਆਰ. ਲਈ ਵੱਧ ਤੋਂ ਵੱਧ ਦਰਾਂ 7.25% ਪ੍ਰਦਾਨ ਕਰ ਰਿਹਾ ਹੈ ਜਿਸ ਵਿੱਚ ਸੀਨੀਅਰ ਸਿਟੀਜ਼ਨਜ਼ ਨੂੰ 0.50% ਅਤੇ ਸੁਪਰ ਸੀਨੀਅਰ ਸਿਟੀਜ਼ਨਜ਼ ਨੂੰ 0.65% ਵਾਧੂ ਮਿਲ ਰਿਹਾ ਹੈ।

## ਤਖ਼ਤ ਪਟਨਾ ਸਾਹਿਬ ਕਮੇਟੀ ਵਿਰੁੱਧ ਪ੍ਰਚਾਰ ਕਰਨ ਲਈ ਸਨਮਾਨ ਕਮੇਟੀ ਨੇ ਮੰਗੀ ਮੁਆਫ਼ੀ

ਪਟਨਾ, 28 ਅਪ੍ਰੈਲ (ਚ.ਨ.ਸ.) : ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਕੁਝ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਪੰਜਾਬ ਤੋਂ ਆ ਕੇ ਸਤਕਾਰ ਕਮੇਟੀ ਦੇ ਲੋਕ ਬਿਹਾਰ ਦੇ ਰਾਜੌਲੀ ਵਿੱਚ ਗਤੀਵਿਧੀਆਂ ਕਰ ਰਹੇ ਹਨ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਵੀ ਬਦਨਾਮ ਕਰ ਰਹੇ ਹਨ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਇਸ ਸਬੰਧੀ ਉਨ੍ਹਾਂ ਨੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਹਿੰਦਰਪਾਲ ਸਿੰਘ ਢਿੱਲੋਂ ਅਤੇ ਮੈਂਬਰ ਹਰਪਾਲ ਸਿੰਘ ਜੌਹਲ ਨੂੰ ਰਾਜੌਲੀ ਜਾ ਕੇ ਅਸਲ ਸੱਚਾਈ ਦਾ ਪਤਾ ਲਗਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ। ਜਿਸ ਤੋਂ ਬਾਅਦ ਉਹ ਰਾਜੌਲੀ ਜਾਣ ਦੇ ਯੋਗ ਹੋਇਆ ਅਤੇ ਉਸਨੂੰ ਪਤਾ ਲੱਗਾ ਕਿ ਪੰਜਾਬ ਤੋਂ ਆਉਣ ਵਾਲੇ ਸਤਕਾਰ ਕਮੇਟੀ ਦੇ ਲੋਕ ਧਰਮ ਅਤੇ ਮਾਣ ਦੇ ਨਾਮ 'ਤੇ ਸਥਾਨਕ ਲੋਕਾਂ ਨੂੰ ਤੰਗ ਕਰਦੇ ਹਨ ਅਤੇ ਤਖ਼ਤ ਪਟਨਾ ਕਮੇਟੀ ਵਿਰੁੱਧ ਬਿਆਨ ਵੀ ਦਿੰਦੇ ਹਨ।



ਉਨ੍ਹਾਂ ਕਿਹਾ ਕਿ ਇਸ ਸਭ ਕਾਰਨ ਰਾਜੌਲੀ ਵਿੱਚ ਸ਼ਾਂਤੀ ਭੰਗ ਹੋਣ ਅਤੇ ਮਾਹੌਲ ਖਰਾਬ ਹੋਣ ਦੇ ਨਾਲ-ਨਾਲ ਲੜਾਈ-ਝਗੜੇ ਹੋਣ ਦੀ ਸੰਭਾਵਨਾ ਸੀ।ਸ੍ਰੀ ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਪੂਰਬੀ ਭਾਰਤ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧਨ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਅਧੀਨ ਆਉਂਦਾ ਹੈ; ਇਸ ਲਈ, ਜੇਕਰ ਕਿਸੇ ਨੂੰ ਸਜਾਵਟ ਵਿੱਚ ਕੋਈ ਕਮੀ ਜਾਂ ਕੋਈ ਹੋਰ ਸ਼ਿਕਾਇਤ ਹੈ, ਤਾਂ ਇਸਨੂੰ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਧਿਆਨ ਵਿੱਚ ਲਿਆਉਣਾ ਜ਼ਰੂਰੀ ਹੈ; ਪਰ ਸਤਕਾਰ ਕਮੇਟੀ ਦੇ ਲੋਕ ਤਖ਼ਤ ਸਾਹਿਬ ਕਮੇਟੀ ਨੂੰ ਦੱਸੇ ਬਿਨਾਂ ਰਾਜੌਲੀ ਵਿੱਚ ਕੰਮ ਕਰ ਰਹੇ ਸਨ, ਜਿਸ ਤੋਂ ਬਾਅਦ ਤਖ਼ਤ ਪਟਨਾ ਸਾਹਿਬ ਕਮੇਟੀ ਨੇ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੀ ਗਲਤੀ ਸਵੀਕਾਰ ਕੀਤੀ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਤੋਂ ਮੁਆਫੀ ਮੰਗੀ ਅਤੇ ਭਵਿੱਖ ਵਿੱਚ ਅਜਿਹੀ ਗਲਤੀ ਨਾ ਦੁਹਰਾਉਣ ਦਾ ਵਾਅਦਾ ਕੀਤਾ।



ਗੁਰਦੁਆਰਾ ਦਮਦਮਾ ਸਾਹਿਬ ਜੀ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਮੈਨੇਜਰ ਜਥੇਦਾਰ ਮਲਕੀਅਤ ਸਿੰਘ ਭੱਟੀ ਚੜ੍ਹਦੀਕਲਾ ਅਦਾਰੇ ਦੇ ਸਰਕੂਲਰ ਮੈਨੇਜਰ ਪ੍ਰਮਜੀਤ ਸਿੰਘ ਅਤੇ ਮਨਪ੍ਰੀਤ ਸਿੰਘ ਰਠੌਰ ਅਸਿਸਟੈਂਟ ਮੈਨੇਜਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ ਹੋਏ। ਇਸ ਮੌਕੇ ਜ਼ਿਲ੍ਹਾ ਇੰਚਾਰਜ ਗੁਰਦਾਸਪੁਰ ਜਗੀਰ ਸਿੰਘ ਮੰਡ, ਜ਼ਿਲ੍ਹਾ ਇੰਚਾਰਜ ਬਟਾਲਾ ਡਾ. ਨਰਿੰਦਰ ਸਿੰਘ ਘੁਮਾਣ, ਪੱਤਰਕਾਰ ਸੁਖਅੰਮ੍ਰਿਤ ਸੋਨੂੰ ਘੁਮਾਣ, ਪ੍ਰੈਸ ਫੋਟੋਗਰਾਫ਼ਰ ਡਾ. ਸਰਬਜੀਤ ਸਿੰਘ ਭਿੰਡਰ।

## ਯੂਕੋ ਬੈਂਕ ਦੇ ਸਾਲਾਨਾ ਕੁਲ ਕਾਰੋਬਾਰ 'ਚ ਕੁੱਲ 14.12 ਪ੍ਰਤੀਸ਼ਤ ਦਾ ਵਾਧਾ ਦਰਜ

ਨਵੀਂ ਦਿਲੀ, 28 ਅਪ੍ਰੈਲ (ਚ.ਨ.ਸ.) : ਯੂਕੋ ਬੈਂਕ ਵੱਲੋਂ 31 ਮਾਰਚ,2025 ਨੂੰ ਸਮਾਪਿਤ ਤਿਮਾਹੀ ਅਤੇ ਵਿੱਤੀ ਸਾਲ ਦੇ ਨਤੀਜੇ ਐਲਾਨੇ ਗਏ। ਜਿਸ ਵਿੱਚ ਯੂਕੋ ਬੈਂਕ ਨੇ ਸਾਲਾਨਾ ਕੁੱਲ ਕਾਰੋਬਾਰ 'ਚ 14.12 ਪ੍ਰਤੀਸ਼ਤ ਦਾ ਵਾਧਾ ਦਰਜ ਕਰ ਕੇ ਇਕ ਨਵਾਂ ਰਿਕਾਰਡ ਬਣਾਇਆ ਹੈ। ਇਹ ਜਾਣਕਾਰੀ ਬੈਂਕ ਵੱਲੋਂ ਜਾਰੀ ਸਾਲਾਨਾ ਰਿਪੋਰਟ ਵਿੱਚ ਕੀਤੀ ਗਈ। ਬੈਂਕ ਵੱਲੋਂ ਸਮਾਪਤ ਤਿਮਾਹੀ ਦੇ ਨਿਵਲ ਲਾਭ 652 ਕਰੋੜ ਰੁਪਏ ਰਿਹਾ,ਜਦੋਂਕਿ ਪਿਛਲੇ ਸਾਲ 526 ਕਰੋੜ ਰੁਪਏ ਸੀ। ਬੈਂਕ ਨੇ ਆਰ.ਏ.ਐਮ. ਵਿੱਚ ਸਾਲ ਦਰ ਸਾਲ 25.74 ਪ੍ਰਤੀਸ਼ਤ ਦਾ ਵਾਧਾ ਦਰਜ ਕਰਦੇ ਹੋਏ 1,22,613 ਕਰੋੜ ਰੁਪਏ ਕਰ ਲਿਆ ਹੈ। ਐਨਪੀਏ ਵਿੱਚ ਸਾਲ ਦਰ ਸਾਲ 77 ਬੀਪੀਐਸ ਘੱਟ ਕੇ 2.69 ਹੋ ਗਿਆ ਹੈ। ਕਾਰੋਬਾਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੁੱਲ ਕਾਰੋਬਾਰ ਮਿਤੀ 31.3.2024 ਦੇ ਰੁਪਏ 4,50,007 ਕਰੋੜ ਤੋਂ ਸਾਲ ਦਰ ਸਾਲ 14.12 ਪ੍ਰਤੀਸ਼ਤ ਵੱਧ ਕੇ 5,13,527 ਕਰੋੜ ਹੋ ਗਿਆ ਹੈ। ਕੁੱਲ ਰਾਸ਼ੀ ਵੱਧ ਕੇ 2,93,542 ਕਰੋੜ ਹੋ ਗਿਆ ਹੈ। ਬੈਂਕ ਦੇ ਕੋਲ 3302 ਘਰੇਲੂ ਸ਼ਾਖਾਵਾਂ ਅਤੇ ਹਾਂਗਕਾਂਗ ਅਤੇ ਸਿੰਗਾਪੁਰ ਕੇਂਦਰ ਵਿੱਚ ਦੋ ਵਿਦੇਸ਼ੀ ਸ਼ਾਖਾਵਾਂ ਅਤੇ ਈਰਾਨ ਵਿੱਚ ਇਕ ਪ੍ਰਤੀਨਿੱਧ ਦਫਤਰ ਦਾ ਨੈਟਵਰਕ ਹੈ। ਕੁੱਲ ਸ਼ਾਖਾਵਾਂ ਵਿੱਚ ਬੈਂਕ ਦੀਆਂ 2031 ਸ਼ਾਖਾਵਾਂ ਦਿਹਾਤ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਹਨ। ਬੈਂਕ ਦੇ ਕੋਲ ਮਿਤੀ 31.3.2025 ਤੱਕ 2522 ਏਟੀਐਮ ਅਤੇ 10,653 ਡੀਸੀ ਪੁਆਇੰਟ ਹਨ। ਜਿਸ ਵਿੱਚ ਕੁੱਲ 16480 ਟੱਚ ਪੁਆਇੰਟ ਹੋ ਗਏ ਹਨ।



## ਆਮਿਰ ਖ਼ਾਨ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ 'ਚ ਪੋਸਟਰ ਨਕਲੀ ਅਤੇ ਏ.ਆਈ. ਸਿਰਜਤ ਹੋਣ ਦਾ ਦਾਅਵਾ

ਨਵੀਂ ਦਿੱਲੀ, 28 ਅਪ੍ਰੈਲ (ਚ.ਨ.ਸ.) : ਬਾਲੀਵੁੱਡ ਸੁਪਰਸਟਾਰ ਆਮਿਰ ਖ਼ਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਦਰਸਾਉਂਦਾ ਇੱਕ ਪੋਸਟਰ ਪੂਰੀ ਤਰ੍ਹਾਂ ਨਕਲੀ ਅਤੇ ਏਆਈ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਦਾਅਵਾ ਸੋਮਵਾਰ ਨੂੰ ਅਦਾਕਾਰ ਦੇ ਇੱਕ ਬੁਲਾਰੇ ਕੀਤਾ ਅਤੇ ਕਿਹਾ ਕਿ ਇਹ ਸੋਸ਼ਲ ਮੀਡੀਆ 'ਤੇ ਵਾਇਰਲ ਹੋਣਾ ਸ਼ੁਰੂ ਹੋ ਗਿਆ ਹੈ।ਪੋਸਟਰ ਵਿੱਚ ਆਮਿਰ ਨੂੰ ਗੁਰੂ ਨਾਨਕ ਦੇ ਰੂਪ ਵਿੱਚ ਦਿਖਾਇਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਦਾ ਟੀਜ਼ਰ ਟ੍ਰੇਲਰ ਛੇਤੀ ਹੀ ਆਉਣ ਵਾਲਾ ਹੈ। ਇੱਕ ਬਿਆਨ ਵਿੱਚ, ਅਦਾਕਾਰ ਦੇ ਬੁਲਾਰੇ ਨੇ ਪ੍ਰਸ਼ੰਸਕਾਂ ਨੂੰ ਸੋਸ਼ਲ ਮੀਡੀਆ 'ਤੇ ਜਾਅਲੀ ਖ਼ਬਰਾਂ ਤੋਂ ਚੌਕਸ ਰਹਿਣ ਲਈ ਕਿਹਾ ਹੈ।ਬੁਲਾਰੇ ਨੇ ਬਿਆਨ ਵਿੱਚ ਕਿਹਾ, ਆਮਿਰ ਖ਼ਾਨ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਦਿਖਾਉਂਦਾ ਪੋਸਟਰ ਪੂਰੀ ਤਰ੍ਹਾਂ ਜਾਅਲੀ ਅਤੇ ਏਆਈ ਦੁਆਰਾ ਤਿਆਰ ਕੀਤਾ ਗਿਆ ਹੈ। ਆਮਿਰ ਖ਼ਾਨ ਦਾ ਅਜਿਹੇ ਕਿਸੇ ਵੀ ਪ੍ਰੋਜੈਕਟ ਨਾਲ ਕੋਈ ਸਬੰਧ ਨਹੀਂ ਹੈ। ਉਹ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਧ ਸਤਿਕਾਰ ਕਰਦਾ ਹੈ ਅਤੇ ਕਦੇ ਵੀ ਕਿਸੇ ਵੀ ਨਿਰਾਦਰ ਵਾਲੀ ਚੀਜ਼ ਦਾ ਹਿੱਸਾ ਨਹੀਂ ਬਣੇਗਾ।

## ਦੋ ਭਾਰਤੀ ਨਾਗਰਿਕਾਂ 'ਤੇ ਔਰਤ ਨੂੰ ਲੁੱਟਣ ਦਾ ਦੋਸ਼

ਸਿੰਗਾਪੁਰ, 28 ਅਪ੍ਰੈਲ (ਚ.ਨ.ਸ.) : ਸਿੰਗਾਪੁਰ ਦੀ ਇੱਕ ਜ਼ਿਲ੍ਹਾ ਅਦਾਲਤ ਨੇ ਸੋਮਵਾਰ ਨੂੰ ਦੋ ਭਾਰਤੀਆਂ ਤੇ ਇੱਕ ਹੋਟਲ ਦੇ ਕਮਰੇ ਵਿੱਚ ਇੱਕ ਔਰਤ ਦੇ ਹੱਥ-ਪੈਰ ਬੰਨ੍ਹ ਕੇ ਲੁੱਟਣ ਦੇ ਦੋਸ਼ ਲਗਾਏ। ਅਰੋਕੀਆਸਾਮੀ ਡੇਸਨ (22) ਅਤੇ ਰਾਜੇਂਦਰਨ ਮਾਇਲਾਰਾਸਨ (28) ਤੇ ਡਕੈਤੀ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਕੇਂਦਰੀ ਪੁਲਸ ਡਿਵੀਜ਼ਨ ਨੂੰ ਰਿਮਾਂਡ 'ਤੇ ਭੇਜਣ ਦਾ ਹੁਕਮ ਵੀ ਦਿੱਤਾ ਗਿਆ ਹੈ। ਦ ਸਟ੍ਰੇਟਸ ਟਾਈਮਜ਼ ਅਨੁਸਾਰ ਇਹ ਘਟਨਾ 26 ਅਪ੍ਰੈਲ ਨੂੰ ਸ਼ਾਮ 7 ਵਜੇ ਦੇ ਕਰੀਬ ਵਾਪਰੀ, ਜਦੋਂ ਦੋਵਾਂ ਮੁਲਜ਼ਮਾਂ ਨੇ ਜਾਲਾਨ ਬੇਸਰ ਦੇ ਐਮਰੀਜ਼ ਹੋਟਲ ਕਿਚਨਰ ਦੇ ਇੱਕ ਕਮਰੇ ਵਿੱਚ 38 ਸਾਲਾ ਔਰਤ ਦੇ ਹੱਥ ਅਤੇ ਲੱਤਾਂ ਕਥਿਤ ਤੌਰ ਤੇ ਬੰਨ੍ਹ ਦਿੱਤੀਆਂ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋ ਭਾਰਤੀ ਨਾਗਰਿਕਾਂ ਤੇ ਔਰਤ ਨੂੰ ਥੱਪੜ ਮਾਰਨ ਅਤੇ ਉਸਦਾ ਪਾਸਪੋਰਟ, ਬੈਂਕ ਕਾਰਡ ਅਤੇ ਹੋਰ ਸਮਾਨ, ਜਿਸ ਵਿੱਚ 2,000 ਸਿੰਗਾਪੁਰ ਡਾਲਰ ਦੀ ਨਕਦੀ ਵੀ ਸ਼ਾਮਲ ਹੈ, ਲੈ ਕੇ ਭੱਜਣ ਦਾ ਵੀ ਦੋਸ਼ ਹੈ। ਪੁਲਸ ਨੇ ਪਹਿਲਾਂ ਦਿੱਤੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੂੰ 26 ਅਪ੍ਰੈਲ ਨੂੰ ਰਾਤ 9 ਵਜੇ ਦੇ ਕਰੀਬ ਮਾਮਲੇ ਬਾਰੇ ਸੂਚਿਤ ਕੀਤਾ ਗਿਆ ਸੀ। ਪੁਲਸ ਬੁਲਾਰੇ ਨੇ ਦੱਸਿਆ ਕਿ ਔਰਤ ਦਾ ਸਾਰਾ ਸਮਾਨ ਬਰਾਮਦ ਕਰ ਲਿਆ ਗਿਆ ਹੈ।

## ਮਾਰਸ਼ਲ ਅਰਜਨ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ-2025 ਦਾ 6ਵਾਂ ਐਡੀਸ਼ਨ 29 ਤੋਂ



ਚੰਡੀਗੜ੍ਹ, 28 ਅਪ੍ਰੈਲ (ਚ.ਨ.ਸ.) : ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ-2025 ਦਾ 6ਵਾਂ ਐਡੀਸ਼ਨ 29 ਅਪ੍ਰੈਲ, 2025 ਨੂੰ ਰਘਬੀਰ ਸਿੰਘ ਭੋਲਾ ਹਾਕੀ ਸਟੇਡੀਅਮ, ਨੰਬਰ 3 ਬੇਸ ਰਿਪੇਅਰ ਡਿਪੂ (ਬੀਆਰਡੀ), ਏਅਰ ਫੋਰਸ ਸਟੇਸ਼ਨ, ਚੰਡੀਗੜ੍ਹ ਵਿਖੇ ਸ਼ੁਰੂ ਹੋਣ ਵਾਲਾ ਹੈ। ਏਅਰ ਫੋਰਸ ਸਪੋਰਟਸ ਕੰਟਰੋਲ ਬੋਰਡ (ਏਐਫਐਸਸੀਬੀ) ਦੁਆਰਾ ਆਯੋਜਿਤ ਇਹ ਟੂਰਨਾਮੈਂਟ 6 ਮਈ, 2025 ਨੂੰ ਸਮਾਪਤ ਹੋਵੇਗਾ। ਟੂਰਨਾਮੈਂਟ ਦਾ ਉਦੇਸ਼ ਹਾਕੀ ਅਤੇ ਖੇਡ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ, ਜੋ ਕਿ ਮਾਰਸ਼ਲ ਅਰਜਨ ਸਿੰਘ ਦੀ ਵਿਰਾਸਤ ਅਤੇ ਭਾਰਤੀ ਹਵਾਈ ਸੈਨਾ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਦੇ ਹਨ। ਟੂਰਨਾਮੈਂਟ ਬਾਰੇ ਮੀਡੀਆ ਨੂੰ ਜਾਣਕਾਰੀ ਦੇਣ ਲਈ ਅੱਜ ਇੱਥੇ ਇੱਕ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿੱਥੇ ਏਅਰ ਮਾਰਸ਼ਲ ਐਸ ਸ਼ਿਵਕੁਮਾਰ, ਡਾਇਰੈਕਟਰ ਜਨਰਲ (ਪ੍ਰਸ਼ਾਸਨ) ਨੇ ਮੈਚਾਂ ਬਾਰੇ ਵੇਰਵੇ ਪ੍ਰਦਾਨ ਕੀਤੇ। ਪ੍ਰੈਸ ਕਾਨਫਰੰਸ ਦੌਰਾਨ, ਆਉਣ ਵਾਲੇ ਮੈਚਾਂ ਪ੍ਰਤੀ ਉਤਸ਼ਾਹ ਹੋਰ ਵਧਾਉਂਦਿਆ ਟੂਰਨਾਮੈਂਟ ਦੀ ਟਰਾਫੀ ਦਾ ਵੀ ਉਦਘਾਟਨ ਕੀਤਾ ਗਿਆ। ਟੂਰਨਾਮੈਂਟ ਦੇ ਇਤਿਹਾਸਕ ਪਿਛੋਕੜ ਤੇ ਚਾਨਣਾ ਪਾਉਂਦੇ ਹੋਏ, ਏਅਰ ਮਾਰਸ਼ਲ ਐਸ. ਸ਼ਿਵਕੁਮਾਰ ਨੇ ਕਿਹਾ ਕਿ ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ 2018 ਵਿੱਚ ਮਹਾਨ ਹਵਾਈ ਸੈਨਾ ਅਧਿਕਾਰੀ, ਮਾਰਸ਼ਲ ਅਰਜਨ ਸਿੰਘ, ਇੱਕ ਜੋਸ਼ੀਲੇ ਹਾਕੀ ਖਿਡਾਰੀ ਅਤੇ ਪ੍ਰੇਰਨਾਦਾਇਕ ਨੇਤਾ ਸਨ, ਜਿਨ੍ਹਾਂ ਨੇ ਯੁੱਧ ਅਤੇ ਖੇਡਾਂ ਦੋਵਾਂ ਵਿੱਚ ਅਗਵਾਈ ਦੀ ਮਿਸਾਲ ਕਾਇਮ ਕੀਤੀ, ਦੇ ਸਨਮਾਨ ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਮੌਕੇ ਜਾਣਕਾਰੀ ਦਿੰਦਿਆਂ ਗਰੁੱਪ ਕੈਪਟਨ ਵਾਈ ਐਸ ਪੰਘਾਲ ਨੇ ਕਿਹਾ ਕਿ ਇਸ ਸਾਲ ਦੇ ਐਡੀਸ਼ਨ ਵਿੱਚ 12 ਬੇਹਤਰੀਨ ਟੀਮਾਂ ਹਿੱਸਾ ਲੈਣਗੀਆਂ, ਜਿਨ੍ਹਾਂ ਵਿੱਚੋਂ 11 ਭਾਰਤ ਦੀਆਂ ਅਤੇ ਇੱਕ ਬੰਗਲਾਦੇਸ਼ ਦੀ ਹੈ, ਜੋ ਲੀਗ-ਕਮ-ਨਾਕਆਊਟ ਆਧਾਰ ਤੇ ਇਸ ਵੱਕਾਰੀ ਖਿਤਾਬ ਲਈ ਮੁਕਾਬਲਾ ਕਰਨਗੀਆਂ। ਹਿੱਸਾ ਲੈਣ ਵਾਲੀਆਂ ਟੀਮਾਂ ਵਿੱਚ ਚੰਡੀਗੜ੍ਹ ਇਲੈਵਨ, ਟਾਟਾ ਨੇਵਲ ਹਾਕੀ ਅਕੈਡਮੀ, ਸੈਂਟਰਲ ਇੰਡਸਟਰੀਅਲ ਸਿਕਿਓਰਿਟੀ ਫੋਰਸ, ਇੰਡੀਅਨ ਰੇਲਵੇ, ਇੰਡੀਅਨ ਆਰਮੀ, ਇੰਡੀਅਨ ਨੇਵੀ, ਰਾਊਂਡ ਗਲਾਸ, ਪੰਜਾਬ ਐਂਡ ਸਿੰਧ ਬੈਂਕ, ਰੇਲ ਕੋਚ ਫੈਕਟਰੀ ਕਪੂਰਥਲਾ, ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸ, ਇੰਡੀਅਨ ਏਅਰ ਫੋਰਸ ਅਤੇ ਬੰਗਲਾਦੇਸ਼ ਏਅਰ ਫੋਰਸ ਸ਼ਾਮਲ ਹਨ। ਇਸ ਟੂਰਨਾਮੈਂਟ ਵਿੱਚ ਆਕਰਸ਼ਕ ਇਨਾਮੀ ਰਾਸ਼ੀ ਦਿੱਤੀ ਜਾਂਦੀ ਹੈ, ਜਿਸ ਵਿੱਚ ਜੇਤੂਆਂ ਨੂੰ 3,00,000 ਰੁਪਏ, ਉਪ ਜੇਤੂ ਨੂੰ 2,00,000 ਰੁਪਏ, ਮੈਨ ਆਫ ਦਿ ਮੈਚ 10,000 ਰੁਪਏ (ਹਰੇਕ ਮੈਚ) ਅਤੇ ਟੂਰਨਾਮੈਂਟ ਦੇ ਖਿਡਾਰੀ ਨੂੰ 25,000 ਰੁਪਏ ਇਨਾਮ ਵੱਜੋਂ ਦਿੱਤੇ ਜਾਣਗੇ। ਉਦਘਾਟਨੀ ਸਮਾਰੋਹ ਵਿੱਚ 29 ਅਪ੍ਰੈਲ, 2025 ਨੂੰ ਏਅਰ ਮਾਰਸ਼ਲ ਵਿਜੇ ਕੁਮਾਰ ਗਰਗ, ਏਓਸੀ-ਇਨ-ਸੀ, ਮੇਨਟੇਨੈਂਸ ਕਮਾਂਡ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਸਮਾਪਤੀ ਸਮਾਰੋਹ ਵਿੱਚ 6 ਮਈ, 2025 ਨੂੰ ਏਅਰ ਚੀਫ ਮਾਰਸ਼ਲ ਏਪੀ ਸਿੰਘ, ਏਅਰ ਸਟਾਫ ਦੇ ਮੁਖੀ, ਸਮਾਗਮ ਦੀ ਪ੍ਰਧਾਨਗੀ ਕਰਨਗੇ।

## ਪਤੰਜਲੀ ਯੂਨੀਵਰਸਿਟੀ ਅਤੇ ਵੀਰ ਮਾਧੋ ਸਿੰਘ ਭੰਡਾਰੀ ਉਤਰਾਖੰਡ ਟੈਕਨੀਕਲ ਯੂਨੀਵਰਸਿਟੀ ਵਿਚਕਾਰ ਮਹੱਤਵਪੂਰਨ ਸਮਝੌਤਾ ਸਹੀਬੰਦ

### ਖੇਤੀਬਾੜੀ, ਖੋਜ ਅਤੇ ਨਵੀਨਤਾ ਨੂੰ ਮਿਲੇਗਾ ਹੁਲਾਰਾ, ਉਦਮਸ਼ੀਲਤਾ ਨੂੰ ਮਿਲੇਗੀ ਨਵੀਂ ਉਡਾਣ

ਹਰਿਦੁਆਰ, 28 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਅਕਾਦਮਿਕ ਅਤੇ ਖੋਜ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਅੱਜ ਪਤੰਜਲੀ ਯੂਨੀਵਰਸਿਟੀ, ਹਰਿਦੁਆਰ ਅਤੇ ਵੀਰ ਮਾਧੋ ਸਿੰਘ ਭੰਡਾਰੀ ਉੱਤਰਾਖੰਡ ਤਕਨੀਕੀ ਯੂਨੀਵਰਸਿਟੀ, ਦੇਹਰਾਦੂਨ ਵਿਚਕਾਰ ਇੱਕ ਮਹੱਤਵਪੂਰਨ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ ਗਏ। ਇਸ ਮੌਕੇ ਪਤੰਜਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਚਾਰੀਆ ਬਾਲਕ੍ਰਿਸ਼ਨ ਅਤੇ ਉੱਤਰਾਖੰਡ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.ਓਮਕਾਰ ਸਿੰਘ ਨੇ ਸਮਝੌਤੇ 'ਤੇ ਹਸਤਾਖਰ ਕਰਦੇ ਹੋਏ ਵਿਸ਼ਵਾਸ ਪ੍ਰਗਟਾਇਆ ਕਿ ਇਹ ਸਾਂਝੇਦਾਰੀ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਮੁਕਾਬਲੇ ਲਈ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।ਇਸ



ਸਮਝੌਤੇ ਤਹਿਤ ਯੋਗ ਵਿਗਿਆਨ, ਆਯੁਰਵੇਦ, ਨੈਚਰੋਪੈਥੀ, ਸਹਾਇਕ ਅਤੇ ਉਪਯੁਕਤ ਵਿਗਿਆਨ ਅਤੇ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੇ ਏਕੀਕਰਣ ਰਾਹੀਂ ਖੇਤੀਬਾੜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਾਂਝੀ ਸਿਖਲਾਈ, ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ।ਖਾਸ ਕਰਕੇ ਪਤੰਜਲੀ ਯੂਨੀਵਰਸਿਟੀ ਵੱਲੋਂ ਖੇਤੀਬਾੜੀ ਖੇਤਰ ਵਿੱਚ ਕੀਤੇ ਜਾ ਰਹੇ ਖੋਜ ਕਾਰਜਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਉੱਤਰਾਖੰਡ ਟੈਕਨੀਕਲ ਯੂਨੀਵਰਸਿਟੀ ਨਾਲ ਸਬੰਧਤ ਕਾਲਜ ਕੈਂਪਸਾਂ ਵਿੱਚ ਕਿਸਾਨਾਂ ਲਈ ਸਿਖਲਾਈ ਪ੍ਰੋਗਰਾਮ ਵੀ ਕਰਵਾਏ ਜਾਣਗੇ।ਇਸ ਸਹਿਮਤੀ ਪੱਤਰ ਦੇ ਮੌਕੇ 'ਤੇ ਪਤੰਜਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਮਯੰਕ ਕੁਮਾਰ ਅਗਰਵਾਲ, ਪ੍ਰੀਖਿਆ ਕੰਟਰੋਲਰ ਪ੍ਰੋ: ਅਰਵਿੰਦ ਕੁਮਾਰ ਸਿੰਘ ਅਤੇ ਉੱਤਰਾਖੰਡ ਟੈਕਨੀਕਲ ਯੂਨੀਵਰਸਿਟੀ ਦੇ ਰਜਿਸਟਰਾਰ ਸਮੇਤ ਦੋਵੇਂ ਯੂਨੀਵਰਸਿਟੀਆਂ ਦੇ ਸੀਨੀਅਰ ਅਧਿਕਾਰੀ, ਪ੍ਰੀਖਿਆ ਕੰਟਰੋਲਰ ਡਾ: ਵੀ.ਕੇ. ਪਟੇਲ ਅਤੇ ਵਿੱਤ ਕੰਟਰੋਲਰ ਵਿਕਰਮ ਸਿੰਘ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਦਿੱਤੀ ਗ੍ਰਾਂਟ ਅਧੀਨ ਹੋਏ ਕੰਮਾਂ ਵਿੱਚ ਵਰਤੇ ਘਟੀਆ ਮਟੀਰੀਅਲ ਦੀ ਜਾਂਚ ਸ਼ੁਰੂ



ਧਨੌਲਾ, 28 ਅਪ੍ਰੈਲ (ਚਮਕੌਰ ਸਿੰਘ ਗੱਗੀ)-ਮੁੱਖ ਮੰਤਰੀ ਪੰਜਾਬ ਵੱਲੋਂ ਧਨੌਲਾ ਦੇ ਵਿਕਾਸ ਕਾਰਜਾਂ ਲਈ ਦਿੱਤੀ 20 ਕਰੋੜ ਦੀ ਗ੍ਰਾਂਟ ਅਧੀਨ ਹੋਏ ਵੱਖ ਵੱਖ ਕੰਮਾਂ ਵਿੱਚ ਵਰਤੇ ਗਏ ਅਤਿ ਦਰਜੇ ਦੇ ਘਟੀਆ ਮਟੀਰੀਅਲ ਸਬੰਧੀ ਕੀਤੀ ਸ਼ਿਕਾਇਤ ਤੇ ਅਮਲ ਕਰਦੇ ਹੋਏ ਬਰਨਾਲਾ ਦੇ ਪੰਜਾਬ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੰਮਾਂ ਦੀ ਚੈਕਿੰਗ ਕੀਤੀ ਗਈ। ਜਿਕਰਯੋਗ ਹੈ ਕਿ ਨਗਰ ਕੌਂਸਲ ਧਨੌਲਾ ਨੂੰ ਕਰੀਬ ਵੀਹ ਕਰੋੜ ਰੁਪਏ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਸਨ, ਜਿਸ ਸਬੰਧੀ ਧਨੌਲਾ ਦੇ ਵੱਖ ਵੱਖ ਕੰਮਾਂ ਦੇ ਟੈਂਡਰ ਜਾਰੀ ਹੋਏ, ਜਿਸ ਵਿੱਚ ਸਭ ਤੋਂ ਜਿਆਦਾ ਕੰਮ ਡੀਐਮਕੇ ਬਿਲਡਰਜ ਅਤੇ ਦੀ ਭੁੱਚੋ ਸੁਸਾਇਟੀ ਦੇ ਹਿੱਸੇ ਆਇਆ ਸੀ ਜਿਨ੍ਹਾਂ ਵੱਲੋਂ ਧਨੌਲਾ ਦੇ ਵੱਖ ਵੱਖ ਗਲੀਆਂ ਵਿੱਚ ਘਟੀਆ ਦਰਜੇ ਦਾ ਮਟੀਰੀਅਲ ਵਰਤਿਆ ਗਿਆ, ਜਿਸ ਸਬੰਧੀ ਧਨੌਲਾ ਦੇ ਪੱਤਰਕਾਰ ਚਮਕੌਰ ਸਿੰਘ ਗੱਗੀ ਵੱਲੋਂ ਮੁੱਖ ਮੰਤਰੀ ਪੰਜਾਬ ਸਮੇਤ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕੀਤੀ ਗਈ ਅਤੇ ਜਿਸ ਤੋਂ ਬਾਅਦ ਡਿਪਟੀ ਕਮਿਸ਼ਨਰ ਬਰਨਾਲਾ ਵਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਏਡੀਸੀ ਜਨਰਲ ਦੀ ਅਗਵਾਈ ਹੇਠ ਤਿੰਨ ਮੈਂਬਰੀ ਸਿੱਟ ਬਣਾਈ ਗਈ। ਜਿਸ ਵਿੱਚ ਐਕਸੀਅਨ ਅਤੇ ਐਸਡੀਓ ਲੋਕ ਨਿਰਮਾਣ ਵਿਭਾਗ ਦੀ ਡਿਊਟੀ ਲਾਈ ਗਈ, ਜਿਨ੍ਹਾਂ ਵੱਲੋਂ ਠੇਕੇਦਾਰਾਂ ਵੱਲੋਂ ਕੀਤੀ ਕੰਮਾਂ ਡੀ ਜਾਂਚ ਕੀਤੀ ਗਈ। ਜਿਸ ਵਿੱਚ ਪੱਪੂ ਐੱਸ ਟੀ ਡੀ ਤੋ ਸੰਗਰੂਰ ਰੋਡ ਤੱਕ ਲੱਗੀਆਂ ਇੱਟਾਂ ਨੂੰ ਚੈੱਕ ਕੀਤਾ ਗਿਆ ਤੇ ਜਿਸ ਦੇ ਪਾਏ ਗਏ ਘਟੀਆ ਮਟੀਰੀਅਲ ਸਮੇਤ ਕੀਤੀਆਂ ਅਦਾਇਗੀਆਂ ਦਾ ਮਲਾਨ ਵੀ ਸਹੀ ਨਹੀਂ ਪਾਇਆ ਅਤੇ ਕਰੀਬ 7 ਲੱਖ ਰੁਪਏ ਦਾ ਗਟਕਾ ਦੀ ਅਦਾਇਗੀ ਕੀਤੀ ਗਈ ਜਦੋਂ ਕਿ ਵੇਪਕੋਸ ਦੀ ਰਿਪੋਰਟ ਮੁਤਾਬਿਕ ਜਿੱਥੇ ਪ੍ਰੀਮਿਕਸ ਪਈ ਹੋਈ ਹੈ ਉਥੇ ਗਟਕਾ ਨਾ ਪਾਇਆ ਜਾਵੇ ਪਰ ਗਟਕਾ ਪਾਇਆ ਵੀ ਨਹੀਂ ਤੇ 7 ਲੱਖ ਰੁਪਏ ਦਾ ਬਿੱਲ ਗਟਕੇ ਦਾ ਪਾ ਕੇ ਠੇਕੇਦਾਰਾਂ ਨੂੰ ਅਦਾਇਗੀ ਕੀਤੀ ਗਈ, ਇਸ ਸਾਰੇ ਘਪਲੇ ਵਿੱਚ ਸ਼ਾਮਿਲ ਨਗਰ ਕੌਂਸਲ ਧਨੌਲਾ ਦਾ ਜੇਈ ਮਹੇਸ਼ ਕੁਮਾਰ ਜਿਸ ਵੱਲੋਂ ਠੇਕੇਦਾਰਾਂ ਨਾਲ ਮਿਲੀਭੁਗਤ ਕਰਕੇ ਪੰਜਾਬ ਸਰਕਾਰ ਦਾ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਅਤੇ ਅਤੇ ਲੰਮੀ ਛੁੱਟੀ ਤੇ ਚਲਾ ਗਿਆ ਅਤੇ ਪੀ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਰਿਟਾਇਰਮੈਂਟ ਵੀ ਲਿਖ ਦਿੱਤੀ ਕਿ ਮੇਰਾ ਘਪਲਾ ਜੱਗ ਜਾਹਰ ਨਾ ਹੋਵੇ ਤੇ ਬਚ ਜਾਵਾਂ ਤੇ ਅੱਜ ਜਦੋਂ ਕਰੀਬ ਚਾਰ ਮਹੀਨਿਆਂ ਦੀ ਲੰਮੀ ਛੁੱਟੀ ਤੋਂ ਬਾਅਦ ਜੇਈ ਮਹੇਸ਼ ਕੁਮਾਰ ਨੇ ਨਗਰ ਕੌਂਸਲ ਧਨੌਲਾ ਵਿੱਚ ਹਾਜਰੀ ਪਾਈ ਤਾਂ ਜਾਂਚ ਟੀਮ ਵੀ ਪੁੱਜ ਗਈ ਜਿਸ ਵੱਲੋਂ ਮਹੇਸ਼ ਕੁਮਾਰ ਜੇਈ ਨੂੰ ਨਾਲ ਲੈ ਕੇ ਕੰਮਾਂ ਦੀ ਜਾਂਚ ਕੀਤੀ ਗਈ ਤਾਂ ਮਹੇਸ਼ ਕੁਮਾਰ ਜੇਈ ਦੀ ਧੜਕਣ ਤੇਜ਼ ਹੋ ਗਈ। ਕੰਮਾਂ ਵਿੱਚ ਕੀਤੇ ਗਏ ਘਪਲੇ ਸਬੰਧੀ ਅਤੇ ਵਰਤੇ ਗਏ ਘਟੀਆ ਮਟੀਰੀਅਲ ਸਬੰਧੀ ਜੇਕਰ ਜਾਂਚ ਟੀਮ ਸਹੀ ਰਿਪੋਰਟ ਪੇਸ਼ ਕਰੇ ਤਾਂ ਮਹੇਸ਼ ਕੁਮਾਰ ਜੇਈ ਸਮੇਤ ਹੋਰ ਅਧਿਕਾਰੀਆਂ ਖਿਲਾਫ ਕਾਰਵਾਈ ਹੋ ਸਕਦੀ ਹੈ। ਇਸ ਸਬੰਧੀ ਜਾਂਚ ਟੀਮ ਦੇ ਅਧਿਕਾਰੀ ਐਸਡੀਓ ਬਲਵਿੰਦਰ ਸਿੰਘ ਨੇ ਕਿਹਾ ਕਿ ਜਾਂਚ ਬਿਲਕੁਲ ਪਾਰਦਰਸ਼ੀ ਤਰੀਕੇ ਨਾਲ ਕੀਤੀ ਜਾਵੇਗੀ ਜੇਕਰ ਕੋਈ ਵੀ ਇਸ ਵਿੱਚ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਪਰ ਜੇਕਰ ਜੋ ਹੈ ਕਿ ਮਹੇਸ਼ ਕੁਮਾਰ ਜਈ ਪਹਿਲਾਂ ਵੀ ਸਨਾਮ ਵਿਖੇ ਇਸੇ ਤਰ੍ਹਾਂ ਹੀ ਕਥਿਤ ਤੌਰ ਤੇ ਘਪਲੇ ਕੀਤੇ ਗਏ ਸਨ ਤੇ ਉੱਥੇ ਵੀ ਲੰਮੀ ਚੁੱਟੀ ਜਾਣ ਤੇ ਪ੍ਰੀ ਮਚਿਓਰ ਰਿਟਾਇਰਮੈਂਟ ਲਿਖ ਦਿੱਤੀ ਗਈ ਸੀ ਜਦੋਂ ਮਾਮਲਾ ਠੰਡੇ ਪੈ ਗਿਆ ਤਾਂ ਰਿਟਾਇਰਮੈਂਟ ਕੈਂਸਲ ਕਰਵਾ ਕੇ ਨੌਕਰੀ ਜੁਆਇਨ ਕੀਤੀ ਗਈ ਜੇਕਰ ਇਮਾਨਦਾਰ ਸਰਕਾਰ ਅਜਿਹੇ ਭਰਿਸ਼ਟ ਅਧਿਕਾਰੀਆਂ ਖਿਲਾਫ ਸਖਤੀ ਨਾਲ ਜਾਂਚ ਕਰੇ ਤਾਂ ਕਾਫੀ ਖੁਲਾਸੇ ਹੋ ਸਕਦੇ ਹਨ ਅਤੇ ਮੁੱਖ ਮੰਤਰੀ ਪੰਜਾਬ ਦੀ 20 ਕਰੋੜ ਰੁਪਏ ਦੀ ਗਰਾਂਟ ਨਾਲ ਧਨੌਲਾ ਦੀ ਨੁਹਾਰ ਬਦਲ ਸਕਦੀ ਹੈ।

## ਸਬ-ਡਵੀਜ਼ਨ ਤਪਾ ਵਿਖੇ ਐਸਡੀਐਮ ਸਿਮਰਪ੍ਰੀਤ ਕੌਰ ਨੇ ਅਹੁਦਾ ਸੰਭਾਲਿਆ



ਤਪਾ ਮੰਡੀ,28 ਅਪ੍ਰੈਲ (ਰਾਜੂ ਮਹਿਰਾ)-ਸਬ-ਡਵੀਜ਼ਨ ਤਹਿਸੀਲ ਕੰਪਲੈਕਸ ਤਪਾ ਵਿਖੇ ਸਿਮਰਪ੍ਰੀਤ ਕੌਰ ਪੀ.ਸੀ.ਐਸ. ਨੇ ਬਤੌਰ ਐਸ.ਡੀ.ਐਮ. ਵਜੋਂ ਅਹੁਦਾ ਸੰਭਾਲ ਕੇ ਕੰਮਕਾਜ ਕਰਨਾ ਸ਼ੁਰੂ ਕਰ ਦਿੱਤਾ ਹੈ। ਨਵ-ਨਿਯੁਕਤ ਐਸ.ਡੀ.ਐਮ. ਦੇ ਤਪਾ ਪਹੁੰਚਣ 'ਤੇ ਸਮੁੱਚੇ ਸਟਾਫ਼ ਨੇ ਬੁੱਕੇ ਦੇ ਕੇ ਭਰਵਾਂ ਸਵਾਗਤ ਕੀਤਾ। ਗੱਲਬਾਤ ਦੌਰਾਨ ਐਸ.ਡੀ.ਐਮ. ਸਿਮਰਪ੍ਰੀਤ ਕੌਰ ਨੇ ਕਿਹਾ ਉਨ੍ਹਾਂ ਵਲੋਂ ਤਹਿਸੀਲ ਕੰਪਲੈਕਸ ਵਿਖੇ ਆਪਣੇ ਕੰਮਾਂ ਸਬੰਧੀ ਆਏ ਲੋਕਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਸਟਾਫ਼ ਨੂੰ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ ਲਈ ਕਿਹਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ। ਇਸ ਮੌਕੇ ਭਗਵਾਨ ਸਿੰਘ,ਹਰਜਿੰਦਰ ਸਿੰਘ ਹੈਰੀ, ਨਨਪਾਲ ਸਿੰਘ, ਗੁਰਲਾਲ ਸਿੰਘ, ਅਵਤਾਰ ਸਿੰਘ ਬਾਹੀਆ,ਜਗਸੀਰ ਭੁੱਲਰ ਆਦਿ ਸਮੁੱਚਾ ਸਟਾਫ਼ ਮੌਜੂਦ ਸੀ।

## ਐਸ.ਡੀ.ਐਮ ਸਿਮਰਪ੍ਰੀਤ ਕੌਰ ਵੱਲੋਂ ਬਾਹਰਲੀ ਅਨਾਜ ਮੰਡੀ ਦਾ ਦੌਰਾ



ਤਪਾ ਮੰਡੀ,28 ਅਪ੍ਰੈਲ (ਰਾਜੂ ਮਹਿਰਾ)-ਐਸ.ਡੀ.ਐਮ ਤਪਾ ਮੈਡਮ ਸਿਮਰਪ੍ਰੀਤ ਕੌਰ ਨੇ ਅਹੁਦਾ ਸੰਭਾਲਦਿਆਂ ਹੀ ਬਾਹਰਲੀ ਅਨਾਜ ਮੰਡੀ ਦਾ ਦੌਰਾ ਕੀਤਾ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਮੰਡੀਆਂ 'ਚ ਕਿਸਾਨਾਂ,ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ। ਉਪਰੰਤ ਸਬੰਧਤ ਏਜੰਸੀਆਂ ਦੇ ਸਮੂਹ ਅਧਿਕਾਰੀਆਂ ਨੂੰ ਸਖਤ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਮੰਡੀਆਂ ਵਿਚ ਲਿਫਟਿੰਗ ਦੀ ਵੱਡੀ ਘਾਟ ਸਾਹਮਣੇ ਆਈ ਹੈ, ਤੇਜੀ ਲਿਆਂਦੀ ਜਾਵੇ ਤਾਂ ਜੋ ਮੰਡੀਆਂ 'ਚ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਕਿਸਾਨਾਂ ਦੀ ਕਣਕ ਦੇ ਇੱਕ ਇੱਕ ਦਾਣੇ ਨਿਰਵਿਘਨ ਅਤੇ ਸੁਚਾਰੂ ਢੰਗ ਖਰੀਦ ਕੇ ਉਸਦੀ ਚੁਕਾਈ ਯਕੀਨੀ ਬਣਾਈ ਜਾਵੇ। ਇਸ ਮੌਕੇ ਮਾਰਕੀਟ ਕਮੇਟੀ ਤਪਾ ਦੇ ਸੈਕਟਰੀ ਹਰਦੀਪ ਸਿੰਘ ਗਿੱਲ, ਧਰਮਿੰਦਰ ਸਿੰਘ ਸੋਨੂ ਮਾਂਗਟ ਤੋਂ ਇਲਾਵਾ ਹਰਜਿੰਦਰ ਸਿੰਘ ਹੈਰੀ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਆਈਓਐਲ ਹਾਦਸੇ 'ਚ ਜ਼ਖ਼ਮੀ ਇਕ ਮੁਲਾਜ਼ਮ ਆਈਸੀਯੂ ਤੋਂ ਡਿਸਚਾਰਜ, ਦੂਸਰੇ ਦੀ ਹਾਲਤ ਬਿਹਤਰ



ਬਰਨਾਲਾ, 28 ਅਪ੍ਰੈਲ (ਬਘੇਲ ਸਿੰਘ ਧਾਲੀਵਾਲ)-ਆਈ ਓ ਐੱਲ ਫੈਕਟਰੀ ਹਾਦਸੇ 'ਚ ਜ਼ਖ਼ਮੀ ਹੋਏ ਦੋ ਕਰਮਚਾਰੀਆਂ 'ਚੋਂ ਇਕ ਨੂੰ ਸੀਐਮਸੀ ਹਸਪਤਾਲ ਦੇ ਆਈਸੀਯੂ ਵਾਰਡ ਚੋਂ ਡਿਸਚਾਰਜ ਕਰ ਦਿੱਤਾ ਗਿਆ ਹੈ ਅਤੇ ਦੂਸਰੇ ਕਰਮਚਾਰੀ ਦੀ ਹਾਲਤ 'ਚ ਸੁਧਾਰ ਹੈ। ਇਸ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਆਈਓਐਲ ਫੈਕਟਰੀ ਪਿੰਡ ਛੰਨਾ ਦੇ ਯੂਨਿਟ ਨੰਬਰ 3 'ਚ ਗੈਸ ਲੀਕ ਹੋਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ ਜਦਕਿ ਦੋ ਲੋਕ ਜ਼ਖ਼ਮੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਗੈਸ ਲੀਕ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਆਈਓਐਲ ਦਾ ਕਰਮਚਾਰੀ ਯੁਗਮ ਖੰਨਾ, ਜਿਸਨੂੰ ਸੀਐਮਸੀ ਹਸਪਤਾਲ ਲੁਧਿਆਣਾ ਵਿਖੇ ਦਾਖਲ ਕੀਤਾ ਗਿਆ ਸੀ, ਉਸਦੀ ਹਾਲਤ ਵਿਚ ਸੁਧਾਰ ਹੋਣ ਕਾਰਨ ਉਸਨੂੰ ਆਈਸੀਯੂ ਵਾਰਡ 'ਚੋਂ ਜਨਰਲ ਵਾਰਡ 'ਚ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਕਰਮਚਾਰੀ ਵਿਕਾਸ ਸ਼ਰਮਾ, ਜੋ ਸੀਐਮਸੀ ਹਸਪਤਾਲ 'ਚ ਦਾਖਲ ਹੈ, ਉਸ ਦੀ ਹਾਲਤ ਵਿੱਚ ਵੀ ਸੁਧਾਰ ਹੈ ਅਤੇ ਉਸ ਨੂੰ ਵਜੇ ਜਲਦ ਹੀ ਜਨਰਲ ਵਾਰਡ ਚ ਤਬਦੀਲ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਦੇ ਹੀ ਉੱਪ ਮੰਡਲ ਮਜਿਸਟ੍ਰੇਟ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ ਅਤੇ ਡਿਪਟੀ ਡਾਇਰੈਕਟਰ ਫੈਕਟਰੀ ਸਾਹਿਲ ਗੋਇਲ ਮੌਕੇ ਉੱਤੇ ਫੈਕਟਰੀ ਪੁੱਜੇ ਅਤੇ ਮੌਕੇ ਦਾ ਜਾਇਜ਼ਾ ਲਿਆ। ਉਹ ਪ੍ਰਭਾਵਤ ਕਰਮਚਾਰੀਆਂ ਦੇ ਪਰਿਵਾਰ ਨੂੰ ਵੀ ਮਿਲੇ। ਡਿਪਟੀ ਡਾਇਰੈਕਟਰ ਫੈਕਟਰੀ ਗੋਇਲ ਨੇ ਦੱਸਿਆ ਕਿ ਸਾਰੇ ਪ੍ਰਭਾਵਤ ਕਰਮਚਾਰੀ ਫੈਕਟਰੀ 'ਚ ਪੱਕੇ ਮੁਲਾਜ਼ਮ ਸਨ ਅਤੇ ਪਿਛਲੇ 3-4 ਸਾਲ ਤੋਂ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ 'ਚ ਇਹ ਘਟਨਾ ਹਾਈਡਰੋਜਨ ਸਲਫਾਈਅਡ ਗੈਸ ਦੇ ਲੀਕ ਹੋਣ ਕਰਕੇ ਵਾਪਰੀ ਲੱਗਦੀ ਹੈ।

## ਲੋਕ ਭਲਾਈ ਮੰਚ ਨੇ ਕੱਢਿਆ ਮੋਮਬੱਤੀ ਮਾਰਚ



ਮਲੋਟ 28 ਅਪ੍ਰੈਲ (ਅਮਨਦੀਪ ਸਿੰਘ ਮਹਿਰਾ ) ਅੱਤਵਾਦੀਆਂ ਵੱਲੋਂ ਪਹਿਲਗਾਮ ਵਿਚ ਸੈਲਾਨੀਆਂ ਦੇ ਕੀਤੇ ਸਮੂਹਿਕ ਕਤਲਾਂ ਨੂੰ ਲੈ ਕੇ ਹਰ ਦੇਸ਼ ਵਾਸੀ ਗੁੱਸੇ ਵਿਚ ਹੈ ਅਤੇ ਹਮਲਾਵਰਾਂ ਲਈ ਮਿਸਾਲੀ ਸਜਾ ਦੀ ਮੰਗ ਕਰ ਰਿਹਾ ਹੈ ਪਹਿਲਗਾਮ ਵਿਚ ਹੋਏ ਹਮਲੇ ਦੇ ਵਿਰੋਧ ਵਿੱਚ ਅੱਜ ਲੋਕ ਭਲਾਈ ਮੰਚ ਰਜਿ ਪਿੰਡ ਮਲੋਟ ਵੱਲੋਂ ਦੇਸ਼ ਦੇ ਲੋਕਾਂ ਦੀ ਸੁਰੱਖਿਆ ਦੀ ਮੰਗ ਅਤੇ ਘਿਨਾਉਣੇ ਕਤਲ ਕਾਂਡ ਨੂੰ ਅੰਜ਼ਾਮ ਦੇਣ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਸਮੂਹਿਕ ਹੱਤਿਆ ਕਾਂਡ ਵਿਚ ਮਾਰੇ ਗਏ ਲੋਕਾਂਲਈ ਮੋਮਬੱਤੀ ਮਾਰਚ ਕਰਕੇ ਉਨਾਂ ਨੂੰ ਸਰਧਾਂਜਲੀ ਦਿੱਤੀ ਗਈ ਅੱਜ ਮਲੋਟ ਪਿੰਡ ਵਿਖੇ ਮੋਮਬੱਤੀ ਮਾਰਚ ਦੋਰਾਨ ਮੰਚ ਦੇ ਸਮੂਹ ਮੈਂਬਰਾਂ ਵੱਲੋਂ ਇਸ ਘਟਨਾਂ ਦੀ ਸ਼ਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਗਹਿਰਾ ਦੁੱਖ ਪ੍ਰਗਟ ਕੀਤਾ। ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਲਈ ਸਖਤ ਕਦਮ ਚੁੱਕੇ ਜਾਣ ਅਤੇ ਇਸ ਘਟਨਾ ਦੇ ਜਿੰਮੇਵਾਰਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਆਪਸੀ ਭਾਈਚਾਰਾ ਬਣਾ ਕੇ ਰੱਖਣ ਦੀ ਵੀ ਅਪੀਲ ਕੀਤੀ ਗਈ। ਇਸ ਮੌਕੇ ਲੋਕ ਭਲਾਈ ਮੰਚ ਰਜਿ ਪਿੰਡ ਮਲੋਟ ਦੇ ਪ੍ਰਧਾਨ ਜਗਜੀਤ ਸਿੰਘ ਔਲਖ, ਇਕਬਾਲ ਸਿੰਘ ਡੀਪੀ ਜਨਰਲ ਸਕੱਤਰ, ਗੁਰਮੁਖ ਸਿੰਘ ਗੋਪੀ ਗਿੱਲ, ਕੁਲਵੀਰ ਸਿੰਘ ਗਿੱਲ, ਰਾਮ ਕ੍ਰਿਸ਼ਨ ਸ਼ਰਮਾ, ਹਰਦੀਪ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਬਲਦੇਵ ਸਿੰਘ, ਇਕਬਾਲ ਸਿੰਘ ਗਿੱਲ ਅਕਾਲੀ, ਧਰਮਪਾਲ ਸਾਬਕਾ ਸਰਪੰਚ, ਬਲਕਰਨ ਸਿੰਘ ਭੋਲਾ ਗਿੱਲ, ਰਮਨਦੀਪ ਸਿੰਘ ਕੰਗ, ਸੁਨੀਲ ਕੁਮਾਰ, ਨਰਿੰਦਰ ਸਿੰਘ ਢਿੱਲੋਂ ਅਤੇ ਜਸਵਿੰਦਰ ਸਿੰਘ ਸੋਨੀ ਸੰਧੂ ਮੌਜੂਦ ਸਨ

## ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਮੌਕੇ ਦੇਣੇ ਚਾਹੀਦੇ ਹਨ : ਡਾ. ਬਲਜੀਤ ਕੌਰ



ਮਲੋਟ, 28 ਅਪ੍ਰੈਲ (ਅਮਨਦੀਪ ਸਿੰਘ ਮਹਿਰਾ )ਸਮਾਜਿਕ ਸੁਰੱਖਿਆ, ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਉਲੰਪਿਕ ਐਸੋਸੀਏਸ਼ਨ ਦੇ ਸਹਿਯੋਗ ਨਾਲ ਮਲੋਟ ਵਿਖੇ ਵਿੱਦਿਆ ਦੇ ਖੇਤਰ ਵਿੱਚ ਮੱਲ੍ਹਾਂ ਮਾਰਨ ਵਾਲੀਆਂ ਲੜਕੀਆਂ ਨੂੰ ਡਾ. ਬਲਜੀਤ ਕੌਰ ਮੰਤਰੀ ਸਮਾਜਿਕ ਸੁਰੱਖਿਆ, ਇਸਤਰੀ ਬਾਲ ਵਿਕਾਸ ਵੱਲੋਂ ਸਨਮਾਨਿਤ ਕੀਤਾ ਗਿਆ।ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ- ਬਠਿੰਡਾ ਰੋਡ ਸਥਿਤ ਚੌਕ ਵਿਖੇ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦਿੰਦਿਆਂ 2.24 ਲੱਖ ਰੁਪਏ ਨਾਲ ਬਣਾਏ ਗਏ ਬੁੱਤ ਨੂੰ ਵੀ ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਬੁੱਤ ਰਾਹੀਂ ਸ਼ਹਿਰ 'ਚ ਆਉਣ ਜਾਣ ਵਾਲਿਆਂ ਨੂੰ ਲੜਕੀਆਂ ਦੀ ਪੜਾਈ ਸਬੰਧੀ ਚੰਗੀ ਸੇਧ ਮਿਲੇਗੀ।ਡਾ. ਬਲਜੀਤ ਕੌਰ ਨੇ ਸਰਕਾਰੀ ਸਕੂਲਾਂ ਦੀਆਂ ਗਿਆਰਵੀਂ ਜਮਾਤ ਦੀਆਂ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਸਾਈਕਲ ਦੇ ਕੇ ਸਨਮਾਨਿਤ ਕੀਤਾ ਤਾਂ ਜੋ ਇਹ ਲੜਕੀਆਂ ਨੂੰ ਸਕੂਲ ਵਿਖੇ ਪੜ੍ਹਨ ਆਉਣ ਲਈ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣੇ ਨਾ ਕਰਨਾ ਪਵੇ। ਗਿਆਰਵੀਂ ਜਮਾਤ ਦੀਆਂ 81 ਲੜਕੀਆਂ ਅਤੇ 11 ਖਿਡਾਰਨਾਂ ਨੂੰ ਵੀ ਸਕੂਲ ਆਉਣ ਜਾਣ ਵਿੱਚ ਆਉਂਦੀ ਅੱਕੜ ਨੂੰ ਦੂਰ ਕਰਨ ਲਈ ਸਾਈਕਲਾਂ ਵੰਡੀਆਂ ਗਈਆਂ। ਪੰਜਾਬ ਸਰਕਾਰ ਵੱਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੜਕੀਆਂ ਨੂੰ ਖੇਡਾਂ ਪ੍ਰਤੀ ਜੋੜਨ ਲਈ 200 ਲੜਕੀਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ ਗਈਆਂ ਅਤੇ ਬੱਚਿਆਂ ਨੂੰ ਸਕੂਲ ਬੈਗ ਵੀ ਦਿੱਤੇ ਗਏ।ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕੈਬਨਿਟ ਮੰਤਰੀ ਨੇ ਧੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਪਣੀ ਸੋਚ ਨੂੰ ਬਦਲਣਾ ਚਾਹੀਦਾ ਹੈ ਅਤੇ ਆਪਣੀਆਂ ਬੇਟੀਆਂ ਨੂੰ ਪੁੱਤਰਾਂ ਬਰਾਬਰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧੀਆਂ ਹਰ ਖੇਤਰ ਵਿੱਚ ਤਰੱਕੀਆਂ ਕਰਕੇ ਮਾਪਿਆਂ ਦਾ ਨਾਮ ਰੋਸ਼ਨ ਕਰ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਮਾਜ ਨੂੰ ਅਜਿਹੇ ਮਾਪਿਆਂ ਤੋਂ ਸੇਧ ਲੈਣੀ ਚਾਹੀਦੀ ਹੈ ਜੋ ਆਪਣੀਆਂ ਧੀਆਂ ਨੂੰ ਅੱਗੇ ਵਧਣ ਲਈ ਹਰ ਪ੍ਰਕਾਰ ਦੀ ਸਹਾਇਤਾ ਕਰ ਰਹੇ ਹਨ ਅਤੇ ਧੀਆਂ ਵੀ ਸਮਾਜ ਵਿੱਚ ਰਹਿ ਕੇ ਘੁੱਟਣ ਮਹਿਸੂਸ ਨਹੀਂ ਕਰ ਰਹੀਆਂ। ਇਸ ਮੌਕੇ ਸ. ਜਗਦੇਵ ਸਿੰਘ ਬਾਮ ਚੇਅਰਮੈਨ ਕੋਅਪਰੇਟਿਵ ਸੋਸਾਇਟੀ, ਸ.ਜਸਨ ਬਰਾੜ ਚੇਅਰਮੈਨ, ਸ.ਮਨਜਿੰਦਰ ਸਿੰਘ ਉੜਾਂਗ, ਸ੍ਰੀਮਤੀ ਰਤਨਦੀਪ ਸੰਧੂ ਜ਼ਿਲ੍ਹਾ ਪ੍ਰੋਗਰਾਮ ਅਫਸਰ, ਡਾ. ਸ਼ਿਵਾਨੀ ਨਾਗਪਾਲ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪੰਕਜ ਕੁਮਾਰ ਸੀਡੀਪੀਓ, ਸਤਿਗੁਰ ਦੇਵ ਪੱਪੀ, ਗਗਨਦੀਪ ਸਿੰਘ ਔਲਖ, ਪਰਮਜੀਤ ਸਿੰਘ ਗਿੱਲ ਦਫਤਰ ਇੰਚਾਰਜ, ਰਮੇਸ਼ ਅਰਨੀਵਾਲਾ, ਅਰਸ਼ ਭੂਲਰ, ਯਾਦਵਿੰਦਰ ਸਿੰਘ ਸੋਹਨਾ, ਲਵ ਬੱਤਰਾ, ਕਰਮਜੀਤ ਸ਼ਰਮਾ, ਸਤਪਾਲ ਗਿੱਰਧਰ, ਨਵਦੀਪ ਔਲਖ, ਜੋਨੀ ਗਰਗ ਅਤੇ ਪਤਵੰਤੇ ਵਿਅਕਤੀ ਮੌਜੂਦ ਸਨ।

## ਸਾਬਕਾ ਫੌਜੀ ਨੂੰ ਬੰਧਕ ਬਣਾਕੇ ਚੋਰ ਗਹਿਣੇ ਅਤੇ ਕੱਪੜੇ ਲੈ ਗਏ



ਮੁੱਲਾਂਪੁਰ ਦਾਖਾ, 27 ਅਪ੍ਰੈਲ = (ਦਵਿੰਦਰ ਸਿੰਘ ਲੰਮੇ)= ਬੀਤੀ ਰਾਤ ਸਥਾਨਕ ਰਾਏਕੋਟ ਰੋਡ 'ਤੇ ਸਥਿਤ ਅਜੀਤਸਰ ਨਗਰ ਵਿਖੇ ਸਾਬਕਾ ਫੌਜੀ ਸੁਰਿੰਦਰਜੀਤ ਸਿੰਘ ਪੁੱਤਰ ਉਜਾਗਰ ਸਿੰਘ ਦੇ ਘਰ ਚੋਰਾਂ ਨੇ ਉਸਨੂੰ ਘਰ ਦੇ ਕਮਰੇ ਵਿੱਚ ਹੀ ਬੰਧਕ ਬਣਾ ਕੇ ਘਰ ਵਿੱਚ ਪਏ ਸੋਨੇ-ਚਾਂਦੀ ਦੇ ਗਹਿਣੇ, ਮਹਿੰਗੇ ਕੱਪੜੇ , 10 ਹਜਾਰ ਦੀ ਨਗਦੀ ਅਤੇ ਕਰਿਆਨੇ ਦਾ ਸਮਾਨ ਚੋਰੀ ਕਰਕੇ ਫਰਾਰ ਹੋ ਗਏ। ਜਿਸਦੀ ਜਾਣਕਾਰੀ ਉਸਨੇ ਥਾਣਾ ਦਾਖਾ ਦੀ ਪੁਲਿਸ ਦਿੱਤੀ । ਮੌਕੇ 'ਤੇ ਡੀ.ਐੱਸ.ਪੀ ਵਰਿੰਦਰ ਸਿੰਘ ਖੋਸਾ, ਐੱਸ.ਐੱਚ.ਓ ਅੰਮ੍ਰਿਤਪਾਲ ਸਿੰਘ ਆਪਣੀ ਪੁਲਿਸ ਪਾਰਟੀ ਨਾਲ ਪੁੱਜੇ, ਜਿਨ੍ਹਾਂ ਨੇ ਘਟਨਾ ਦਾ ਜਾਇਜਾ ਲੈਣ ਉਪਰੰਤ ਚੋਰਾਂ ਨੂੰ ਜਲਦੀ ਹੀ ਕਾਬੂ ਕਰ ਲੈਣ ਦਾ ਭਰੋਸਾ ਦਿੱਤਾ । ਸੁਰਿੰਦਰਜੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਦਾ ਪਰਿਵਾਰ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗਿਆ ਹੋਇਆ ਸੀ ਅਤੇ ਉਹ ਘਰ ਵਿੱਚ ਇਕੱਲਾ ਹੀ ਸੀ। ਉਸਨੇ ਦੱਸਿਆ ਕਿ ਬੀਤੀ ਰਾਤ ਉਹ ਘਰ ਦੇ ਮੇਨ ਦਰਵਾਜੇ ਨੂੰ ਕੁੰਡੀ ਜਿੰਦਰਾ ਲਾ ਕੇ ਕਮਰੇ ਵਿੱਚ ਸੌਂ ਗਿਆ, ਜਦੋਂ ਰਾਤ ਦੇ ਢਾਈ ਕੁ ਵਜੇ ਉਸਦੀ ਅੱਖ ਖੁੱਲ੍ਹੀ ਤਾਂ ਉਹ ਪਿਸ਼ਾਬ ਕਰਨ ਲਈ ਉਠਿਆ ਤਾਂ ਕਮਰੇ ਵਿੱਚ ਦੋਵੇ ਦਰਵਾਜ਼ੇ ਬਾਹਰੋਂ ਕਿਸੇ ਨੇ ਬੰਦ ਕੀਤੇ ਹੋਏ ਸਨ। ਜਦੋ ਉਸਦੇ ਜ਼ੋਰ ਦੇਣ ਨਾਲ ਵੀ ਦਰਵਾਜ਼ਾ ਨਹੀਂ ਖੁੱਲ੍ਹਿਆ ਤਾਂ ਉਸਨੇ ਫੋਨ ਕਰਕੇ ਆਪਣੇ ਆਂਢੀ-ਗੁਆਂਢੀਆਂ ਨੂੰ ਦੱਸਿਆ ਜਿਨ੍ਹਾਂ ਨੇ ਘਰ ਦੀ ਛੱਤ ਉਪਰੋਂ ਆ ਕੇ ਉਸਨੂੰ ਕਮਰੇ ਵਿੱਚੋਂ ਬਾਹਰ ਕੱਢਿਆ। ਜਦ ਉਸਨੇ ਉਪਰ ਜਾ ਕੇ ਕਮਰੇ ਵਿੱਚੋਂ ਦੇਖਿਆ ਤਾਂ ਸਮਾਨ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ, ਅਲਮਾਰੀ ਅਤੇ ਪੇਟੀ ਦੇ ਜਿੰਦਰੇ ਟੁੱਟੇ ਹੋਏ ਸਨ। ਉਸਨੇ ਦੱਸਿਆ ਕਿ ਅਜੇ ਕੱਲ੍ਹ ਹੀ ਕਣਕ ਅਤੇ ਹੋਰ ਜ਼ਰੂਰੀ ਵਸਤਾਂ ਲੈਣ ਲਈ ਏ.ਟੀ.ਐਮ ਵਿੱਚੋਂ 10 ਹਜ਼ਾਰ ਦੀ ਨਗਦੀ ਕਢਵਾਈ ਸੀ , ਜਿਹੜੀ ਗ਼ਾਇਬ ਹੋ ਚੁੱਕੀ ਸੀ 'ਤੇ ਇਸ ਤੋਂ ਇਲਾਵਾ ਘਰ ਵਿੱਚੋਂ ਸੋਨੇ ਦੀਆਂ ਵਾਲੀਆ ਦਾ ਜੋੜਾ, ਇੱਕ ਟਾੱਪਸ ਦਾ ਜੋੜਾ, ਇੱਕ ਮੁੰਦਰੀ , ਦੋ ਸੋਨੇ ਦੀਆਂ ਚੈਨੀਆਂ, ਚਾਂਦੀ ਦੇ ਗਹਿਣੇ, ਅਣਸੀਤੇ ਕੱਪੜਿਆ ਤੋਂ ਇਲਾਵਾ ਰਸੋਈ ਵਿੱਚ ਪਿਆ ਖਾਣ ਪੀਣ ਦਾ ਸਮਾਨ ਵੀ ਨਹੀਂ ਛੱਡਿਆ । ਸੁਰਿੰਦਰ ਸਿੰਘ ਅਨੁਸਾਰ ਉਸਦਾ ਚਾਰ ਲੱਖ ਦਾ ਆਰਥਿਕ ਨੁਕਸਾਨ ਹੋਇਆ ਹੈ। ਮੁੱਹਲਾ ਨਿਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਪੁਲਿਸ ਦੀ ਗਸ਼ਤ ਤੇਜ਼ ਕੀਤੀ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ।

## 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ

ਲੁਧਿਆਣਾ( ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਹਫਤਾਵਾਰੀ 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ । ਜਿਨ੍ਹਾਂ ਵਿੱਚ ਸ਼ਨੀਵਾਰ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ । ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਗਗਨਦੀਪ ਸਿੰਘ, ਅਮਨਦੀਪ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ । ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਰਹਿਰਾਸ ਸੋਦਰ ਦੀ ਚੌਂਕੀ ਤੋਂ ਬਾਅਦ ਗਿਆਨੀ ਸਰਬਜੀਤ ਸਿੰਘ ਔਲਖ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਸੁਖਮਨੀ ਸਾਹਿਬ ਜੀ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਇਤਿਹਾਸਕ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ । ਸਮਾਗਮ ਦੇ ਦੂਸਰੇ ਅਤੇ ਆਖਰੀ ਦਿਨ ਹਮੇਸ਼ਾਂ ਦੀ ਤਰ੍ਹਾਂ ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ ।

## ਪੰਛੀ ਬਚਾਓ ਮੁਹਿੰਮ ਦੇ ਤਹਿਤ ਮਿੱਟੀ ਦੇ ਬਰਤਨਾਂ ਚ ਰੱਖਿਆ ਪਾਣੀ

ਸੰਗਰੂਰ 28 ਅਪ੍ਰੈਲ (ਹਰਕੰਵਲ ਸਿੰਘ ਹੈਪੀ) ਡੈਮੋਕ੍ਰੇਟਿਕ ਹਿਊਮਨ ਪਾਵਰ ਆਰਗੇਨਾਈਜ਼ੇਸ਼ਨ ਪੰਜਾਬ ਦੇ ਵੱਲੋਂ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਪੰਛੀ ਬਚਾਓ ਮੁਹਿੰਮ ਦੇ ਤਹਿਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੇਜੁਬਾਨ ਪਸ਼ੂਆਂ ਅਤੇ ਪੰਛੀਆਂ ਦੇ ਲਈ ਸ਼ਹਿਰ ਸੰਗਰੂਰ ਦੀਆਂ ਵੱਖ ਵੱਖ ਜਨਤਕ ਥਾਵਾਂ ਉੱਤੇ ਮਿੱਟੀ ਦੇ ਬਰਤਨ ਰੱਖ ਕੇ ਉਹਨਾਂ ਦੇ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਸੰਬੰਧੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੰਸਥਾਂ ਦੇ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ ਨੇ ਦੱਸਿਆ ਕਿ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਪੰਛੀ ਬਚਾਓ ਮੁਹਿੰਮ ਦੇ ਤਹਿਤ ਪਿੱਛਲੇ ਚਾਰ ਸਾਲਾਂ ਤੋਂ ਲਗਾਤਾਰ ਸੂਬੇ ਦੇ ਵੱਖ ਵੱਖ ਜਿਲ੍ਹਿਆ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮਿੱਟੀ ਦੇ ਬਰਤਨਾਂ ਵਿੱਚ ਪਾਣੀ ਰੱਖ ਕੇ ਇਹ ਸੇਵਾ ਨਿਭਾਈ ਜਾ ਰਹੀ ਹੈ, ਇਸੇ ਲੜੀ ਦੇ ਤਹਿਤ ਅੱਜ ਸ਼ਹਿਰ ਸੰਗਰੂਰ ਤੋਂ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਸੰਸਥਾਂ ਦੀ ਟੀਮ ਵੱਲੋਂ ਸ਼ਹਿਰ ਸੰਗਰੂਰ ਦੇ ਵੱਖ ਵੱਖ ਚੌਂਕ, ਬੱਸ ਅੱਡਾ, ਰੇਲਵੇ ਸਟੇਸ਼ਨ, ਪਾਰਕ ਅਤੇ ਹੋਰਨਾਂ ਅਜਿਹੀਆਂ ਜਨਤਕ ਥਾਵਾਂ ਉੱਤੇ 80 ਦੇ ਕਰੀਬ ਮਿੱਟੀ ਦੇ ਬਰਤਨਾਂ ਨੂੰ ਰੱਖਿਆ ਗਿਆ ਹੈ ਜਿੱਥੇ ਲੋਕਾਂ ਦੀ ਆਵਾਜਾਈ ਹੋਣ ਕਰਕੇ ਰੋਜ਼ਾਨਾ ਪਸ਼ੂ ਪੰਛੀਆਂ ਦੇ ਲਈ ਪੀਣ ਵਾਲਾ ਪਾਣੀ ਮੁਹਈਆ ਹੋ ਸਕੇ।ਇਸ ਦੌਰਾਨ ਕੁਲਦੀਪ ਸ਼ਰਮਾ ਨੇ ਆਪਣੀ ਸੰਸਥਾਂ ਦੀ ਸਮੁੱਚੀ ਟੀਮ ਵੱਲੋਂਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪੋ ਆਪਣੇ ਘਰ ਦੀਆਂ ਛੱਤਾ ਅਤੇ ਗਲੀ, ਮੁਹੱਲੇ ਚ ਮਿੱਟੀ ਦੇ ਬਰਤਨਾਂ ਨੂੰ ਰੱਖ ਕੇ ਉਸ ਵਿੱਚ ਬੇਜੁਬਾਨ ਪਸ਼ੂ ਪੰਛੀਆਂ ਦੇ ਲਈ ਰੋਜ਼ਾਨਾ ਪੀਣ ਵਾਲਾ ਪਾਣੀ ਰੱਖਣ ਤਾਂਕਿ ਉਹਨਾਂ ਨੂੰ ਗਰਮੀ ਤੋਂ ਕੁੱਝ ਰਾਹਤ ਮਿਲ ਸਕੇ।ਇਸ ਮੌਕੇ ਸੂਬਾ ਸੈਕਟਰੀ ਵਿਕਰਾਂਤ ਕੁਮਾਰ ਨੇ ਦੱਸਿਆ ਕਿ ਉਹਨਾਂ ਦੀ ਸੰਸਥਾਂ ਵੱਲੋਂ ਸਮੇਂ ਸਮੇਂ ਤੇ ਖੂਨ ਦਾਨ ਕੈਂਪ, ਅੱਖਾਂ ਦਾ ਚੈੱਕਅਪ ਕੈਂਪ, ਬੂਟੇ ਲਗਾਉਣ, ਸਰਦੀਆਂ ਚ ਗਰਮ ਕੰਬਲ, ਬੂਟ ਤੇ ਜੁਰਾਬਾਂ ਵੰਡਣ, ਬੱਚਿਆਂ ਨੂੰ ਸਟੇਸ਼ਨਰੀ ਵੰਡਣ ਆਦਿ ਅਨੇਕਾਂ ਕਾਰਜ਼ ਕੀਤੇ ਜਾਂਦੇ ਹਨ।ਇਸ ਦੌਰਾਨ ਅਜੇ ਕੁਮਾਰ ਸੰਗਰੂਰ, ਕਮੇਟੀ ਮੈਂਬਰ ਲਲਿਤ ਕੁਮਾਰ, ਕਮੇਟੀ ਮੈਂਬਰ ਮਨਦੀਪ ਸੈਣੀ ਸੰਗਰੂਰ, ਜੱਸੀ ਸੰਗਰੂਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰ ਸਾਹਿਬਾਨ ਮੌਕੇ ਤੇ ਮੌਜੂਦ ਸਨ।

## ਮੰਤਰੀ ਭਗਤ ਵੱਲੋਂ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਦੀ ਪ੍ਰਗਤੀ ਦੀ ਸਮੀਖਿਆ



ਲੁਧਿਆਣਾ,28 ਅਪ੍ਰੈਲ (ਵਿਸ਼ਾਲ ਸ਼ਰਮਾਂ) ਪੰਜਾਬ ਦੇ ਸੁਤੰਤਰਤਾ ਸੈਨਾਨੀ ਅਤੇ ਰੱਖਿਆ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਰਫਤਾਰ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਨਿਰਧਾਰਤ ਸਮੇਂ ਵਿੱਚ ਮੁਕੰਮਲ ਹੋਣ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਡਾ. ਸੁਖਵਿੰਦਰ ਸੁੱਖੀ, ਸੁਭਾਸ਼ ਭਗਤ ਚੇਅਰਮੈਨ ਮਾਰਕੀਟ ਕਮੇਟੀ ਜਲੰਧਰ ਕੀਮਤੀ ਭਗਤ ਸਾਬਕਾ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ। ਸਰਕਟ ਹਾਊਸ ਵਿਖੇ ਹੋਈ ਇੱਕ ਵਿਆਪਕ ਸਮੀਖਿਆ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਸਾਰੇ ਵਰਗਾਂ ਦੇ ਸਰਬਪੱਖੀ ਵਿਕਾਸ ਅਤੇ ਭਲਾਈ ਲਈ ਵਚਨਬੱਧਤਾ ਤੇ ਜ਼ੋਰ ਦਿੱਤਾ। ਉਨ੍ਹਾਂ ਲੋਕਲ ਬਾਡੀਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਆਉਂਦੇ ਸਾਰੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਤਰਜੀਹ ਦੇਣ। ਉਨ੍ਹਾਂ ਇਹ ਯਕੀਨੀ ਬਣਾਉਣ ਦੀ ਮਹੱਤਤਾ ਤੇ ਜ਼ੋਰ ਦਿੱਤਾ ਕਿ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਲਾਭਪਾਤਰੀ ਤੱਕ ਬਿਨਾਂ ਦੇਰੀ ਤੋਂ ਪਹੁੰਚਣਾ ਯਕੀਨੀ ਬਣਾਇਆ ਜਾਵੇ। ਕੈਬਨਿਟ ਮੰਤਰੀ ਭਗਤ ਨੇ ਵਿਭਾਗ ਦੇ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਉੱਚ ਗੁਣਵੱਤਾ ਮਿਆਰ ਨੂੰ ਕਾਇਮ ਰੱਖਣ ਅਤੇ ਸਮਾਂ ਸੀਮਾ ਦੀ ਪਾਲਣਾ ਕਰਨ ਲਈ ਚੱਲ ਰਹੇ ਪ੍ਰੋਜੈਕਟਾਂ ਦੀ ਨਿੱਜੀ ਤੌਰ ਤੇ ਨਿਗਰਾਨੀ ਕਰਨ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਨਾਗਰਿਕ ਸਹੂਲਤਾਂ ਨੂੰ ਵਧਾਉਣ ਲਈ ਨਵੀਆਂ ਵਿਕਾਸ ਪਹਿਲਕਦਮੀਆਂ ਲਈ ਪ੍ਰਸਤਾਵ ਪੇਸ਼ ਕਰਨ ਲਈ ਪ੍ਰੇਰਿਤ ਕੀਤਾ। ਭਲਾਈ ਸਕੀਮਾਂ ਨੂੰ ਹੋਰ ਮਜ਼ਬੂਤ ਕਰਨ ਲਈ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਵਿਭਾਗਾਂ ਦਰਮਿਆਨ ਮਜ਼ਬੂਤ ਤਾਲਮੇਲ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਇਨ੍ਹਾਂ ਸਕੀਮਾਂ ਦੇ ਜ਼ਮੀਨੀ ਪੱਧਰ ਦੇ ਪ੍ਰਭਾਵ ਦਾ ਜਾਇਜ਼ਾ ਲੈਣ ਅਤੇ ਕਿਸੇ ਵੀ ਰੁਕਾਵਟ ਨੂੰ ਤੁਰੰਤ ਹੱਲ ਕਰਨ ਲਈ ਨਿਯਮਤ ਖੇਤਰੀ ਦੌਰੇ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਸੇਵਾਵਾਂ ਦੀ ਪਾਰਦਰਸ਼ੀ ਅਤੇ ਕੁਸ਼ਲ ਡਿਲੀਵਰੀ ਲਈ ਸਮਰਪਿਤ ਹੈ।ਇਹ ਯਕੀਨੀ ਬਣਾਉਣ ਲਈ ਕਿ ਲੁਧਿਆਣਾ ਦੀ ਪ੍ਰਗਤੀ ਸਰਕਾਰ ਦੇ ਸਮਾਵੇਸ਼ੀ ਵਿਕਾਸ ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੈ।ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਵਿਕਾਸ ਪ੍ਰੋਜੈਕਟਾਂ ਵਿੱਚ ਭਾਈਚਾਰਕ ਸ਼ਮੂਲੀਅਤ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਥਾਨਕ ਭਾਈਵਾਲਾਂ ਨੂੰ ਸ਼ਾਮਲ ਕਰਨ ਜਿਸ ਵਿੱਚ ਨਿਵਾਸੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰੋਜੈਕਟ ਖੇਤਰ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।

## ਗੁਲਜ਼ਾਰ ਸਿੰਘ ਬੌਬੀ ਨੂੰ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਦੇ ਮੈਂਬਰ ਬਣਨ ਤੇ ਕੀਤਾ ਸਨਮਾਨਿਤ



ਧੂਰੀ, 28 ਅਪਰੈਲ (ਰਾਜੇਸ਼ਵਰ ਪਿੰਟੂ, ਅਮਨ ਗਰਗ) -ਪੰਜਾਬ ਸਰਕਾਰ ਵੱਲੋਂ ਗੁਲਜਾਰ ਸਿੰਘ ਬੌਬੀ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦਾ ਮੈਂਬਰ ਨਾਮਜਦ ਕੀਤੇ ਜਾਣ 'ਤੇ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਸਥਾਨਕ ਦਫ਼ਤਰ ਵਿਖੇ ਸਨਮਾਨਿਤ ਕਰਦਿਆਂ ਮੁਬਾਰਕਬਾਦ ਦਿੱਤੀ ਗਈ। ਪ੍ਰਧਾਨ ਵਿੱਕੀ ਪਰੋਚਾ ਧੂਰੀ ਨੇ ਬੋਲਦਿਆਂ ਗੁਲਜਾਰ ਸਿੰਘ ਬੌਬੀ ਦੇ ਮੈਂਬਰ ਬਣਨ ਨਾਲ ਉਮੀਦ ਜਾਹਿਰ ਕੀਤੀ ਕਿ ਪੰਜਾਬ ਅੰਦਰ ਜਿੱਥੇ ਵੀ ਕਿਤੇ ਅਨੁਸੂਚਿਤ ਜਾਤੀ ਸਮਾਜ ਦੇ ਨਾਲ ਅੱਤਿਆਚਾਰ ਜਾਂ ਧੱਕੇਸ਼ਾਹੀ ਹੋਵੇਗੀ, ਇਹ ਉਹਨਾਂ ਨੂੰ ਇਨਸਾਫ ਦਿਵਾਉਣਗੇ । ਇਸ ਮੌਕੇ ਲੈਫਟੀਨੈਂਟ ਦਰਸ਼ਨ ਸਿੰਘ, ਅਜੈ ਪਰੋਚਾ, ਨਰਪਿੰਦਰ ਸਿੰਘ ਗੋਰਾ, ਹਰੀ ਕ੍ਰਿਸ਼ਨ ਮਨੀ, ਅਸ਼ਵਨੀ ਕੁਮਾਰ ਮਿੱਠੂ (ਸਾਰੇ ਕੌਂਸਲਰ), ਮਾ. ਕਰਮਜੀਤ ਸਿੰਘ, ਜਿਉਣ ਸਿੰਘ, ਸ਼ਕਤੀਜੀਤ ਸਿੰਘ, ਰਵਿੰਦਰ ਰਾਜਨ, ਰਾਹੁਲ ਕੁਮਾਰ ਮੁੰਨਾ,ਰਾਕੇਸ਼ ਕੁਮਾਰ ਕਾਲੀ, ਸਤਵਿੰਦਰ ਸਿੰਘ ਅਤੇ ਹੋਰ ਮੈਂਬਰ ਸਨ।

## ਕਾਂਗਰਸ ਦੇ ਸੀਨੀਅਰ ਡਿਪਟੀ ਮੇਅਰ ਨੂੰ ਕੁਰਸੀ ਤੋਂ ਲਾਹੁਣ ਦੀਆਂ ਤਿਆਰੀਆਂ

ਬਠਿੰਡਾ, 28 ਅਪ੍ਰੈਲ (ਦੀਪਕ ਸ਼ਰਮਾ,)ਲਗਭਗ ਤਿੰਨ ਮਹੀਨੇ ਪਹਿਲਾਂ ਨਿਗਮ ਦੀ ਕੁਰਸੀ ਤੇ ਕਾਬਜ਼ ਹੋਏ ਆਮ ਆਦਮੀ ਪਾਰਟੀ ਦੇ ਮੇਅਰ ਪਦਮਜੀਤ ਮਹੇਤਾ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੇ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਪਦਾਂ ਤੇ ਵੀ ਆਪਣੇ ਸਮਰਥਕ ਪਾਰਸ਼ਦਾਂ ਨੂੰ ਬਿਠਾਉਣ ਲਈ ਹਲਚਲ ਤੇਜ਼ ਕਰ ਦਿੱਤੀ ਹੈ। ਸੋਮਵਾਰ ਨੂੰ ਮੇਅਰ ਪਦਮਜੀਤ ਮਹੇਤਾ ਦੇ ਸਮਰਥਕ ਪਾਰਸ਼ਦਾਂ ਨੇ ਨਿਗਮ ਕਮਿਸ਼ਨਰ ਅਜੈ ਅਰੋੜਾ ਨੂੰ ਕਾਂਗਰਸ ਦੇ ਸੀਨੀਅਰ ਡਿਪਟੀ ਮੇਅਰ ਅਸ਼ੋਕ ਪ੍ਰਧਾਨ ਦੇ ਖਿਲਾਫ ਅਵਿਸ਼ਵਾਸ ਪ੍ਰਸਤਾਵ ਸੌਂਪਿਆ।ਇਸਦੇ ਨਾਲ ਹੀ ਨਿਗਮ ਕਮਿਸ਼ਨਰ ਕੋਲ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਨਿਗਮ ਦਾ ਜਨਰਲ ਹਾਊਸ ਬੁਲਾ ਕੇ ਅਸ਼ੋਕ ਪ੍ਰਧਾਨ ਨੂੰ ਬਹੁਮਤ ਸਾਬਤ ਕਰਨ ਲਈ ਕਿਹਾ ਜਾਵੇ। ਉਮੀਦ ਜਤਾਈ ਜਾ ਰਹੀ ਹੈ ਕਿ ਇਸ ਹਫਤੇ ਵਿੱਚ ਹੀ ਜਨਰਲ ਹਾਊਸ ਦੀ ਮੀਟਿੰਗ ਬੁਲਾਈ ਜਾ ਸਕਦੀ ਹੈ, ਤਾਂ ਜੋ ਕਾਂਗਰਸ ਪਾਰਟੀ ਦੇ ਸੰਬੰਧਿਤ ਸੀਨੀਅਰ ਡਿਪਟੀ ਮੇਅਰ ਅਸ਼ੋਕ ਪ੍ਰਧਾਨ ਨੂੰ ਉਨ੍ਹਾਂ ਦੇ ਪਦ ਤੋਂ ਹਟਾ ਕੇ ਨਵੇਂ ਸਿਰੇ ਨਾਲ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਕਰਵਾਈ ਜਾ ਸਕੇ। ਗੌਰਤਲਬ ਹੈ ਕਿ ਡਿਪਟੀ ਮੇਅਰ ਮਾਸਟਰ ਹਰਮੰਦਰ ਸਿੰਘ ਸਿੱਧੂ ਨੇ 18 ਫਰਵਰੀ ਨੂੰ ਹੀ ਆਪਣੇ ਪਦ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੇ ਹੁਣ ਤੱਕ ਡਿਪਟੀ ਮੇਅਰ ਦੀ ਚੋਣ ਨਹੀਂ ਕਰਵਾਈ ਸੀ। ਪਰ ਹੁਣ ਸੀਨੀਅਰ ਡਿਪਟੀ ਮੇਅਰ ਖਿਲਾਫ ਅਵਿਸ਼ਵਾਸ ਪ੍ਰਸਤਾਵ ਦੇ ਪੇਸ਼ ਹੋਣ ਤੋਂ ਬਾਅਦ ਇਹ ਗੱਲ ਸਾਫ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜਲਦੀ ਹੀ ਦੋਵੇਂ ਅਹੁਦਿਆਂ ਲਈ ਚੋਣ ਕਰਵਾਏਗੀ ਅਤੇ ਆਪਣੇ ਪਾਰਟੀ ਦੇ ਪਾਰਸ਼ਦਾਂ ਨੂੰ ਬਿਠਾਏਗੀ।ਦੱਸਣਾ ਯੋਗ ਹੈ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹੇਤਾ ਨੇ ਕਾਂਗਰਸੀ ਅਤੇ ਅਕਾਲੀ ਦਲ ਦੇ ਪਾਰਸ਼ਦਾਂ ਦੀ ਮਦਦ ਨਾਲ 5 ਫਰਵਰੀ 2025 ਨੂੰ ਆਪਣੇ ਪੁੱਤਰ ਅਤੇ ਨਵੇਂ ਚੁਣੇ ਪਾਰਸ਼ਦ ਪਦਮਜੀਤ ਸਿੰਘ ਮਹੇਤਾ ਨੂੰ ਨਿਗਮ ਦਾ ਮੇਅਰ ਬਣਾਇਆ ਸੀ। ਇਹ ਪਹਿਲਾ ਮਾਮਲਾ ਸੀ, ਜਿਸ ਵਿੱਚ ਆਮ ਆਦਮੀ ਪਾਰਟੀ ਵੱਲੋਂ ਜਿਨ੍ਹਾਂ ਪਾਰਸ਼ਦ ਨੂੰ ਮੇਅਰ ਦਾ ਉਮੀਦਵਾਰ ਬਣਾਇਆ ਗਿਆ ਸੀ, ਉਨ੍ਹਾਂ ਕੋਲ ਆਪਣੇ ਹੀ ਪਾਰਟੀ ਦੇ ਵਿਧਾਇਕ ਅਤੇ ਸਮਰਥਕ ਪਾਰਸ਼ਦਾਂ ਦਾ ਸਮਰਥਨ ਨਹੀਂ ਸੀ। ਪਰ ਜਦ ਮੇਅਰ ਪਦ ਦੀ ਚੋਣ ਹੋਈ, ਤਾਂ ਸਾਰੇ ਅੰਦਾਜੇ ਅਤੇ ਅੰਕੜੇ ਇਕ ਪਾਸੇ ਰਹਿ ਗਏ ਅਤੇ 35 ਪਾਰਸ਼ਦਾਂ ਨੇ ਉਨ੍ਹਾਂ ਦੇ ਹੱਕ ਵਿੱਚ ਵੋਟਿੰਗ ਕਰਕੇ ਪਦਮਜੀਤ ਸਿੰਘ ਮਹੇਤਾ ਨੂੰ ਮੇਅਰ ਚੁਣ ਲਿਆ।ਨਵੇਂ ਮੇਅਰ ਪਦਮਜੀਤ ਮਹੇਤਾ ਨੇ ਨਿਗਮ ਵਿੱਚ ਆਪਣੇ ਸਮਰਥਕ ਪਾਰਸ਼ਦਾਂ ਨੂੰ ਅਨੁਕੂਲ ਤਰੀਕੇ ਨਾਲ ਸੈਟ ਕਰਨ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ। ਜਿਸ ਦੇ ਸਿੱਟੇ ਵਜੋਂ ਪਹਿਲੀ ਚਾਲ ਉਸ ਸਮੇਂ ਦੇ ਡਿਪਟੀ ਮੇਅਰ ਮਾਸਟਰ ਹਰਮੰਦਰ ਸਿੰਘ ਖਿਲਾਫ ਅਵਿਸ਼ਵਾਸ ਪ੍ਰਸਤਾਵ ਰੱਖਣ ਦੀ ਰਹੀ। ਹਾਲਾਂਕਿ ਉਸ ਪ੍ਰਸਤਾਵ ਉੱਤੇ ਹੋਣ ਵਾਲੀ ਮੀਟਿੰਗ ਆਖਰੀ ਸਮੇਂ ਤੇ ਰੱਦ ਕਰ ਦਿੱਤੀ ਗਈ, ਪਰ ਕੁਝ ਦਿਨਾਂ ਬਾਅਦ ਮਾਸਟਰ ਹਰਮੰਦਰ ਸਿੰਘ ਨੇ ਖੁਦ ਹੀ ਅਸਤੀਫਾ ਦੇ ਦਿੱਤਾ।ਫਿਰ ਮਾਰਚ ਮਹੀਨੇ ਵਿੱਚ ਦੂਜੀ ਚਾਲ ਐਫਐਂਡਸੀਸੀ. ਮੈਂਬਰਾਂ ਨੂੰ ਲੈ ਕੇ ਚੱਲੀ ਗਈ, ਜਿਸ ਵਿੱਚ ਜਨਰਲ ਹਾਊਸ ਮੀਟਿੰਗ ਵਿੱਚ ਸਪਲੀਮੈਂਟਰੀ ਏਜੰਡਾ ਰਾਹੀਂ ਨਵੀਂ ਫਾਇਨੈਂਸ ਕਮੇਟੀ ਬਣਾਈ ਗਈ। ਇੱਥੇ ਲੋਕਾਂ ਨੂੰ ਵੱਡੀ ਹੈਰਾਨੀ ਹੋਈ ਜਦ ਸੱਤਾਰੂੜ੍ਹ ਆਮ ਆਦਮੀ ਪਾਰਟੀ ਨੇ ਕਾਂਗਰਸ ਸਮਰਥਿਤ ਇੱਕ ਮਹਿਲਾ ਪਾਰਸ਼ਦ ਨੂੰ ਵੀ ਕਮੇਟੀ ਦਾ ਮੈਂਬਰ ਬਣਾਇਆ।ਇਸ ਸਾਰੇ ਦੌਰਾਨ ਜਿੱਥੇ ਪੁਰਾਣੀ ਕਾਂਗਰਸੀ ਵਜ਼ਾਰਤ ਦੇ ਲੋਕਾਂ ਨੂੰ ਹਟਾਇਆ ਜਾ ਰਿਹਾ ਸੀ, ਉੱਥੇ ਹੀ ਕਾਂਗਰਸ ਦੇ ਸਭ ਤੋਂ ਨੇੜਲੇ ਅਸ਼ੋਕ ਕੁਮਾਰ ਨੂੰ ਸੀਨੀਅਰ ਡਿਪਟੀ ਮੇਅਰ ਦੇ ਪਦ ਤੇ ਬਰਕਰਾਰ ਰੱਖਿਆ ਗਿਆ।ਇਸ ਦੌਰਾਨ ਮੇਅਰ ਨੂੰ ਸਮਰਥਨ ਦੇਣ ਵਾਲੇ ਪੂਰਵ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਗਰੁੱਪ ਵੱਲੋਂ ਲਗਾਤਾਰ ਦਬਾਅ ਸੀ ਕਿ ਉਨ੍ਹਾਂ ਨੂੰ ਪਦ ਤੋਂ ਹਟਾਉਣ ਲਈ ਅਵਿਸ਼ਵਾਸ ਪ੍ਰਸਤਾਵ ਲਿਆਂਦਾ ਜਾਵੇ। ਹਾਲਾਂਕਿ ਉਨ੍ਹਾਂ ਨੂੰ ਅਸ਼ੋਕ ਕੁਮਾਰ ਨੂੰ ਆਪਣਾ ਅਸਤੀਫਾ ਦੇਣ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਉਸ ਵਿੱਚ ਸਫਲਤਾ ਨਹੀਂ ਮਿਲੀ। ਹੁਣ ਪਾਰਸ਼ਦਾਂ ਨੇ ਮਿਲ ਕੇ ਸੀਨੀਅਰ ਡਿਪਟੀ ਮੇਅਰ ਨੂੰ ਵੋਟਿੰਗ ਰਾਹੀਂ ਹਟਾਉਣ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਕਮਿਸ਼ਨਰ ਨੂੰ ਦਿੱਤੇ ਗਏ ਪੱਤਰ ਤੋਂ ਬਾਅਦ ਹਾਲੇ ਕੋਈ ਆਖਰੀ ਫੈਸਲਾ ਨਹੀਂ ਲਿਆ ਗਿਆ, ਪਰ ਹੁਣ ਕਮਿਸ਼ਨਰ ਆਉਣ ਵਾਲੇ ਦਿਨਾਂ ਵਿੱਚ ਜਨਰਲ ਹਾਊਸ ਮੀਟਿੰਗ ਬੁਲਾਉਣ ਦੀ ਕਹਿ ਸਕਦੇ ਹਨ।

## ਸੰਤ ਕੁੱਟੀਆ ਵਿਖੇ 26ਵਾਂ ਵਿਸ਼ਾਲ ਮਹਾਂਮਾਈ ਦਾ ਜਾਗਰਣ ਕਰਵਾਇਆ



ਧੂਰੀ, 28 ਅਪਰੈਲ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਸਥਾਨਕ ਮਹੇਸ਼ ਨਗਰ ਵਿਖੇ ਸਥਿਤ ਸੰਤ ਕੁੱਟੀਆ ਵਿਖੇ ਪਰਮ ਪੂਜਨੀਯ ਸਵਾਮੀ ਵਿਵੇਕਾਨੰਦ ਜੀ ਮਹਾਰਾਜ ਅਤੇ ਮਹਾਰਾਜ ਸ੍ਰੀ ਸੱਤਿਆਨੰਦ ਜੀ ਦੀ ਅਗਵਾਈ ਹੇਠ 26ਵਾਂ ਵਿਸ਼ਾਲ ਜਾਗਰਣ ਕਰਵਾਇਆ ਗਿਆ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਨੇ ਜੋਤੀ ਪ੍ਰਚੰਡ ਕੀਤੀ, ਜਦਕਿ ਛਤਰ ਦੀ ਰਸਮ ਡਾ. ਵਿਜੈ ਗੁਪਤਾ ਗੁਪਤਾ, ਮਾਲਾ ਅਰਪਨ ਉੱਘੇ ਉਦਯੋਗਪਤੀ ਸੰਦੀਪ ਬਾਂਸਲ, ਗਣੇਸ਼ ਪੂਜਨ ਅਸ਼ੋਕ ਕੁਮਾਰ ਲੁਧਿਆਣਾ ਅਤੇ ਚੁੰਨਰੀ ਦੀ ਰਸਮ ਸਤੀਸ਼ ਕੁਮਾਰ ਨੇ ਅਦਾ ਕੀਤੀ। ਸੋਹਮ ਸੰਕੀਰਤਨ ਮੰਡਲ ਧੂਰੀ ਅਤੇ ਗਾਇਕ ਸੁਖਬੀਰ ਸ਼ੇਰੂ ਨੇ ਸੁੰਦਰ ਸੁੰਦਰ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੋਹਣ ਲਾਲ, ਵਿਜੈ ਮਿੱਤਲ, ਰਾਜੇਸ਼ ਸ਼ੈਟੀ ਸਿੰਗਲਾ, 'ਆਪ' ਆਗੂ ਬਲਵਿੰਦਰ ਸਿੰਘ ਬਿੱਲੂ, ਰਾਜੀਵ ਗੁਪਤਾ, ਸੁਨੀਲ ਮਿੱਤਲ, ਸਤੀਸ਼ ਮਿੱਤਲ, ਸੁਭਾਸ ਗੁਪਤਾ, ਰਮੇਸ਼ ਕੁਮਾਰ, ਪਵਨ ਕੁਮਾਰ, ਰੁਪਿੰਦਰ ਸ਼ਰਮਾ, ਤਰਸੇਮ ਮਿੱਤਲ, ਮੱਖਣ ਕੁਮਾਰ ਬਾਲੀਆ, ਪ੍ਰੇਮ ਕੁਮਾਰ ਆਦਿ ਵੀ ਹਾਜਰ ਸਨ।

# ਬੱਸ ਅੱਡੇ ਨੂੰ ਬਾਹਰ ਤਬਦੀਲ ਕਰਨ ਦਾ ਫ਼ੈਸਲਾ ਬਦਲਣ ਲਈ ਸਰਕਾਰ ਨੂੰ ਹਫ਼ਤੇ ਦਾ ਅਲਟੀਮੇਟਮ, ਸੋਮਵਾਰ ਤੋਂ ਤਿੱਖਾ ਸੰਘਰਸ਼ ਵਿੱਢਣ ਦਾ ਐਲਾਨ




ਬਠਿੰਡਾ,28 ਅਪ੍ਰੈਲ (ਦੀਪਕ ਸ਼ਰਮਾ): ਬੱਸ ਅੱਡਾ ਬਚਾਓ ਸੰਘਰਸ਼ ਕਮੇਟੀ ਅਤੇ ਵੱਖ-ਵੱਖ ਜਨਤਕ ਜਥੇਬੰਦੀਆਂ ਨੇ ਬਠਿੰਡਾ ਸ਼ਹਿਰ ਦੇ ਬੱਸ ਅੱਡੇ ਨੂੰ ਮਲੋਟ ਰੋਡ 'ਤੇ ਤਬਦੀਲ ਕਰਨ ਦਾ ਫੈਸਲਾ ਬਦਲਣ ਲਈ ਪੰਜਾਬ ਸਰਕਾਰ ਨੂੰ ਇਕ ਹਫਤੇ ਦਾ ਅਲਟੀਮੇਟਮ ਦਿੱਤਾ ਹੈ। ਜੇਕਰ ਆਉਣ ਵਾਲੇ ਸੋਮਵਾਰ ਤਕ ਪੰਜਾਬ ਸਰਕਾਰ ਨੇ ਆਪਣਾ ਫੈਸਲਾ ਨਾ ਬਦਲਿਆ ਤਾਂ ਤਿੱਖਾ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਟੀਚਰਜ਼ ਹੋਮ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਟਰਾਂਸਪੋਰਟਰ ਬਲਤੇਜ ਸਿੰਘ ਵਾਂਦਰ, ਹਰਵਿੰਦਰ ਹੈਪੀ, ਜਮਹੂਰੀ ਅਧਿਕਾਰ ਸਭਾ ਦੇ ਡਾਕਟਰ ਅਜੀਤ ਪਾਲ ਸਿੰਘ ਅਤੇ ਆਰਟਿਸਟ ਗੁਰਪ੍ਰੀਤ ਸਿੰਘ ਸਮੇਤ ਮਾਰਕੀਟ ਅਤੇ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸ਼ਹਿਰ ਦੇ ਮੁੱਖ ਬੱਸ ਅੱਡੇ ਨੂੰ ਕਿਸੇ ਵੀ ਕੀਮਤ 'ਤੇ ਸ਼ਹਿਰ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਸਿਰਫ 40 ਬੰਦੇ ਬੱਸ ਅੱਡੇ ਨੂੰ ਸ਼ਿਫਟ ਕਰਨ ਦਾ ਵਿਰੋਧ ਕਰ ਰਹੇ ਹਨ। ਪਰ ਅੱਜ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਕਰੀਬ ਦੋ ਦਰਜ਼ਨ ਜਨਤਕ ਜਥੇਬੰਦੀਆਂ ਤੋਂ ਇਲਾਵਾ ਸ਼ਹਿਰ ਦੀਆਂ ਕਈ ਹੋਰ ਸੰਸਥਾਵਾਂ 'ਤੇ ਵਪਾਰ ਮੰਡਲ ਵੀ ਬੱਸ ਅੱਡਾ ਇੱਥੋਂ ਤਬਦੀਲ ਕਰਨ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਬੱਸ ਅੱਡੇ ਦੇ ਮਾਮਲੇ ਤੇ ਕਈ ਭੁਲੇਖੇ ਖੜੇ ਕੀਤੇ ਜਾ ਰਹੇ ਹਨ ਜਿਸ ਨੂੰ ਕਲੀਅਰ ਕਰਨ ਲਈ ਅੱਜ ਦੀ ਪ੍ਰੈਸ ਕਾਨਫਰਸ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬੱਸ ਅੱਡੇ ਨੂੰ ਤਬਦੀਲ ਕਰਨ ਲਈ ਟਰੈਫਿਕ ਸਮੱਸਿਆ ਦਾ ਤਰਕ ਦੇ ਰਿਹਾ ਹੈ, ਜਦੋਂ ਕਿ ਬੱਸ ਅੱਡੇ ਨੂੰ ਤਬਦੀਲ ਕਰਨ ਨਾਲ ਟਰੈਫਿਕ ਹੋਰ ਵਧੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਬੱਸ ਅੱਡੇ ਨੂੰ ਬਾਹਰ ਤਬਦੀਲ ਕਰਨ ਲਈ ਆਮ ਲੋਕਾਂ ਦੀ ਰਾਇ ਲਈ ਜਾਵੇਗੀ ਪਰ ਕਿਸੇ ਆਮ ਬੰਦੇ ਦੀ ਕੋਈ ਰਾਇ ਨਹੀਂ ਲਈ ਗਈ। ਇਕ ਸਵਾਲ ਦੇ ਜਵਾਬ ਵਿੱਚ ਆਗੂਆਂ ਨੇ ਕਿਹਾ ਕਿ ਤੁਹਾਨੂੰ ਵੀ ਪਤਾ ਹੈ ਕਿ ਮਲੋਟ ਰੋਡ ਉੱਪਰ ਕਿਸ ਦੀਆਂ ਕਲੋਨੀਆਂ ਅਤੇ ਪਲਾਟ ਪਏ ਹਨ, ਜਿਸ ਕਾਰਨ ਬੱਸ ਅੱਡਾ ਤਬਦੀਲ ਕਰਨ ਲਈ ਕੁੱਝ ਲੋਕ ਤਰਲੋ ਮੱਛੀ ਹੋ ਰਹੇ ਹਨ। ਆਗੂਆਂ ਨੇ ਕਿਹਾ ਕਿ ਵੱਡੇ ਸ਼ਹਿਰਾਂ ਵਿੱਚ ਬੱਸ ਅੱਡੇ ਸੰਘਣੀ ਆਬਾਦੀ ਦੇ ਵਿੱਚ ਹਨ ਪਰ ਕਦੇ ਕੋਈ ਸਮੱਸਿਆ ਨਹੀਂ ਆਈ। ਉਨ੍ਹਾਂ ਕਿਹਾ ਕਿ ਸ਼ਹਿਰ ਤੋਂ ਸੱਤ ਕਿਲੋਮੀਟਰ ਦੂਰ ਇਕ ਕੋਨੇ ਵਿੱਚ ਬੱਸ ਅੱਡਾ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਜਦੋਂ ਕਿ ਉਸ ਤੋਂ ਅੱਗੇ 10 ਕਿਲੋਮੀਟਰ ਮੁਕਤ ਸ੍ਰੀ ਮੁਕਤਸਰ ਸਾਹਿਬ ਦੀ ਹੱਦ ਸ਼ੁਰੂ ਹੋ ਜਾਂਦੀ ਹੈ। ਆਗੂਆਂ ਨੇ ਟਰੈਫਿਕ ਸਮੱਸਿਆ ਨੂੰ ਲੈ ਕੇ ਪ੍ਰਸ਼ਾਸਨ ਨੂੰ ਕਈ ਤਰ੍ਹਾਂ ਦੇ ਸੁਝਾਅ ਵੀ ਪੇਸ਼ ਕੀਤੇ ਹਨ, ਜਿਨਾਂ ਵਿੱਚ ਪਾਵਰ ਹਾਊਸ ਰੋਡ ਨੂੰ ਚੌੜਾ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸੋਮਵਾਰ ਤਕ ਬਠਿੰਡਾ ਦੇ ਬੱਸ ਅੱਡੇ ਨੂੰ ਸ਼ਹਿਰ ਤੋਂ ਬਾਹਰ ਕੱਢੇ ਜਾਣ ਦਾ ਆਪਣਾ ਫੈਸਲਾ ਨਾ ਬਦਲਿਆ ਤਾਂ ਫਿਰ ਸੋਮਵਾਰ ਤੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਬਠਿੰਡਾ ਨੂੰ ਸੰਘਰਸ਼ ਦਾ ਅਖਾੜਾ ਬਣਾਉਣ ਤੋਂ ਗੁਰੇਜ ਕਰਨ ਅਤੇ ਆਪਣੇ ਫੈਸਲੇ ਨੂੰ ਤੁਰੰਤ ਰੱਦ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਪਾਰ ਮੰਡਲ ਦੇ ਆਗੂ ਦਵਿੰਦਰ ਕਪੂਰ, ਭਾਰਤ ਭੂਸ਼ਣ ਪ੍ਰਧਾਨ ਕੱਪੜਾ ਮਾਰਕੀਟ, ਜੀਵਨ ਗੋਇਲ ਵਪਾਰ ਮੰਡਲ, ਕੁਲਵੰਤ ਸਿੰਘ ਜੇਲ ਐਸੋਸੀਏਸ਼ਨ, ਰਣਜੀਤ ਸਿੰਘ ਪ੍ਰਧਾਨ ਪੁਲਿਸ ਵੈਲਫੇਅਰ ਐਸੋਸੀਏਸ਼ਨ, ਦਰਸ਼ਨ ਮੌੜ ਪੈਨਸ਼ਨਰ ਐਸੋਸੀਏਸ਼ਨ, ਕੁੱਲ ਹਿੰਦ ਕਿਸਾਨ ਸਭਾ, ਡਿਵੈਲਰ ਐਸੋਸੀਏਸ਼ਨ, ਕਿਸਾਨ ਆਗੂ ਅਮਰਜੀਤ ਸਿੰਘ ਹਨੀ, ਭਾਰਤੀ ਜਨਤਾ ਪਾਰਟੀ ਤੋਂ ਆਸ਼ੂਤੋਸ਼ ਤਿਵਾੜ ਤੇ ਸੰਦੀਪ ਅਗਰਵਾਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਹਾਜ਼ਰ ਸਨ

# ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ : ਹਰਮੰਦਰ ਸਿੰਘ ਬਰਾੜ



ਬਠਿੰਡਾ, 28 ਅਪ੍ਰੈਲ (ਜਗਸੀਰ ਭੁੱਲਰ): ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ. ਹਰਮੰਦਰ ਸਿੰਘ ਬਰਾੜ ਕੋਆਰਡੀਨੇਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਮਾਲਵਾ ਵੈਸਟ ਵੱਲੋਂ ਸਰਕਾਰੀ ਹਾਈ ਸਕੂਲ ਬੰਬੀਹਾ, ਸਰਕਾਰੀ ਪ੍ਰਾਇਮਰੀ ਸਕੂਲ ਰਾਏ ਕੇ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡੀਆਂ 'ਚ ਕਰਵਾਏ ਗਏ ਸਿੱਖਿਆ ਕ੍ਰਾਂਤੀ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ ਗਿਆ।ਇਸ ਮੌਕੇ ਸ. ਹਰਮੰਦਰ ਸਿੰਘ ਬਰਾੜ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਿਤ ਹੋ ਰਹੀ ਹੈ ਤੇ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ।ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ।ਇਸ ਦੌਰਾਨ ਉਨ੍ਹਾਂ ਵਲੋਂ ਸਰਕਾਰੀ ਹਾਈ ਸਕੂਲ ਬੰਬੀਹਾ, ਸਰਕਾਰੀ ਪ੍ਰਾਇਮਰੀ ਸਕੂਲ ਰਾਏ ਕੇ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡੀਆਂ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਵੀ ਕੀਤੇ ਗਏ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੇ ਪਤਵੰਤੇ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਨਾਲ-ਨਾਲ ਬਿਹਤਰ ਬੁਨਿਆਦੀ ਢਾਂਚਾ ਵੀ ਕਰਵਾਇਆ ਜਾ ਰਿਹੈ ਮੁਹੱਈਆ : ਪ੍ਰੋ. ਬਲਜਿੰਦਰ ਕੌਰ



ਮੱਲਵਾਲਾ (ਬਠਿੰਡਾ), 28 ਅਪ੍ਰੈਲ : (ਜਗਸੀਰ ਭੁੱਲਰ): ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਅਧੀਨ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇ ਨਾਲ-ਨਾਲ ਬਿਹਤਰ ਬੁਨਿਆਦੀ ਢਾਂਚਾ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੀਫ ਵਿੱਪ ਅਤੇ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋ: ਬਲਜਿੰਦਰ ਕੌਰ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਮੱਲਵਾਲਾ ਦੇ ਸਰਕਾਰੀ ਮਿਡਲ ਸਕੂਲ ਵਿਖੇ ਕਰਵਾਏ ਗਏ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਸਮਾਗਮ 'ਚ ਸ਼ਿਰਕਤ ਕਰਨ ਮੌਕੇ ਕੀਤਾ।ਇਸ ਮੌਕੇ ਵਿਧਾਇਕ ਪ੍ਰੋ: ਬਲਜਿੰਦਰ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ ਅਤੇ ਆਪਣੇ ਕਾਰਜਕਾਲ ਦੇ ਸ਼ੁਰੂ ਤੋਂ ਹੀ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਰਾਜ ਅੰਦਰ ਸਕੂਲਾਂ ਦੀਆਂ ਇਮਾਰਤਾਂ ਬਹੁਤ ਹੀ ਸ਼ਾਨਦਾਰ ਬਣਾਈਆਂ ਜਾ ਰਹੀਆਂ ਹਨ।ਇਸ ਦੌਰਾਨ ਪ੍ਰੋ: ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਿਰੰਤਰ ਯਤਨਾਂ ਸਦਕਾ ਜਿੱਥੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ, ਓਥੇ ਹੀ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਪੜਾਉਣ ਸ਼ੈਲੀ 'ਚ ਸੁਧਾਰ ਲਿਆਉਣ ਲਈ ਅਧਿਆਪਕਾਂ ਨੂੰ ਆਈ.ਆਈ.ਟੀ ਅਹਿਮਦਾਬਾਦ, ਸਿੰਘਾਪੁਰ, ਫਿਨਲੈਂਡ ਵਿਖੇ ਭੇਜ ਕੇ ਉੱਚ ਪੱਧਰੀ ਸਿਖਲਾਈ ਦਿਵਾਈ ਗਈ ਹੈ।ਇਸ ਮੌਕੇ ਚੀਫ ਵਿੱਪ ਪ੍ਰੋਫੈਸਰ ਬਲਜਿੰਦਰ ਕੌਰ ਨੇ ਪਿੰਡ ਮੱਲਵਾਲਾ ਤੋਂ ਇਲਾਵਾ ਪੱਕਾ ਖੁਰਦ ਚੱਕ ਹੀਰਾ ਸਿੰਘ ਵਾਲਾ ਅਤੇ ਜੋਧਪੁਰ ਬੱਗਾ ਸਿੰਘ (ਫੱਲੜ) ਵਿਖੇ ਸਕੂਲਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ।ਇਸ ਮੌਕੇ ਸਕੂਲਾਂ ਦੇ ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸਫ਼ਾਈ ਸੇਵਕਾਂ ਦੀ ਹੜਤਾਲ ਖ਼ਤਮ, ਪਰ ਸੜਕਾਂ, ਗਲੀਆਂ 'ਚ ਅਜੇ ਵੀ ਲੱਗੇ ਹੋਏ ਨੇ ਕੂੜੇ ਦੇ ਢੇਰ, ਦੇ ਰਹੇ ਹਨ ਬਿਮਾਰੀਆਂ ਨੂੰ ਸੱਦਾ



ਬਠਿੰਡਾ, 28 ਅਪ੍ਰੈਲ (ਦੀਪਕ ਸ਼ਰਮਾ): ਸ਼ਹਿਰ ਵਿੱਚ ਚੱਲ ਰਹੀ ਸਫਾਈ ਕਰਮਚਾਰੀ ਯੂਨੀਅਨ ਦੀ ਹੜਤਾਲ ਪਿਛਲੇ ਮੰਗਲਵਾਰ ਨੂੰ ਮੇਅਰ ਨਾਲ ਹੋਈ ਮੀਟਿੰਗ ਤੋਂ ਬਾਅਦ ਖਤਮ ਹੋ ਗਈ ਸੀ, ਪਰ ਇਸਦੇ ਬਾਵਜੂਦ ਵੀ ਸ਼ਹਿਰ ਵਿੱਚ ਗੰਦਗੀ ਦਾ ਮੰਦਾ ਹਾਲ ਹੈ। ਗਲੀਆਂ, ਮੁਹੱਲਿਆਂ ਅਤੇ ਬਾਜ਼ਾਰਾਂ ਵਿੱਚ ਸੜਕਾਂ ਦੇ ਕਿਨਾਰੇ ਕਚਰੇ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਹਨ। ਇਸ ਕਾਰਨ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਗੰਦਗੀ ਕਾਰਨ ਮੱਛਰਾਂ ਦੀ ਭਰਮਾਰ ਹੋਣ ਕਰਕੇ ਮਲੇਰੀਆ ਵਰਗੀਆਂ ਬਿਮਾਰੀਆਂ ਫੈਲਣ ਦੀ ਆਸ਼ੰਕਾ ਬਣੀ ਹੋਈ ਹੈ।ਸ਼ਹਿਰ ਦੇ 8 ਜ਼ੋਨਾਂ ਦੀ ਸਫਾਈ ਦਾ ਜ਼ਿੰਮਾ ਜ਼ੋਨ ਦੇ ਸੰਬੰਧਤ ਸੈਨਟਰੀ ਇੰਸਪੈਕਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਸੌਂਪਿਆ ਗਿਆ ਹੈ, ਪਰ ਹੜਤਾਲ ਖ਼ਤਮ ਹੋਏ ਕਰੀਬ ਇੱਕ ਹਫ਼ਤਾ ਹੋਣ ਜਾ ਰਿਹਾ ਹੈ, ਫਿਰ ਵੀ ਸ਼ਹਿਰ ਦੀਆਂ ਸੜਕਾਂ, ਗਲੀਆਂ ਤੇ ਮੋਹੱਲਿਆਂ ਚ ਕਚਰੇ ਦੇ ਲੱਗੇ ਢੇਰ ਨਿਗਮ ਦੀ ਲਾਪਰਵਾਹੀ ਨੂੰ ਦਰਸਾ ਰਹੇ ਹਨ।ਪਿਛਲੇ ਦਿਨੀਂ ਸਫਾਈ ਸੇਵਕਾਂ ਅਤੇ ਸੈਨਟਰੀ ਵਿਭਾਗ ਦੇ ਅਧਿਕਾਰੀਆਂ ਵਿਚਾਲੇ ਹੋਈ ਤਣਾਅ ਦਾ ਅਸਰ ਅਜੇ ਵੀ ਵੇਖਣ ਨੂੰ ਮਿਲ ਰਿਹਾ ਹੈ। ਜ਼ੋਨ ਦੇ ਸੈਨਟਰੀ ਸੁਪਰਵਾਈਜ਼ਰਾਂ ਅਤੇ ਇੰਸਪੈਕਟਰਾਂ ਵੱਲੋਂ ਹਰ ਰੋਜ਼ ਕਚਰਾ ਨਹੀਂ ਉਠਵਾਇਆ ਜਾ ਰਿਹਾ।ਸ਼ਹਿਰ ਦੀਆਂ ਸੜਕਾਂ, ਗਲੀਆਂ ਅਤੇ ਮੋਹੱਲਿਆਂ 'ਚ ਲੱਗੇ ਕੂੜੇ-ਕਰਕਟ ਦੇ ਢੇਰਾਂ ਅਤੇ ਗਰਮੀ ਦੇ ਮੌਸਮ ਕਾਰਨ ਲੰਘਦੇ ਰਾਹਗੀਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਚਰੇ ਦੇ ਢੇਰਾਂ ਤੋਂ ਬਦਬੂ ਆਉਂਦੀ ਰਹਿੰਦੀ ਹੈ।ਬੇਸਹਾਰਾ ਪਸ਼ੂ ਵੀ ਕਚਰੇ ਵਿੱਚ ਮੂੰਹ ਮਾਰਦੇ ਵੇਖੇ ਜਾ ਰਹੇ ਹਨ। ਪਸ਼ੂਆਂ ਦੇ ਝੁੰਡ ਜਗ੍ਹਾ-ਜਗ੍ਹਾ ਖੜੇ ਹੋਣ ਕਰਕੇ ਕਿਸੇ ਵੀ ਵੇਲੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੇ ਹਨ।ਮੌਜੂਦਾ ਹਾਲਾਤ ਵਿੱਚ ਬਠਿੰਡਾ ਦੇ ਮੁਲਤਾਨੀਆ ਰੋਡ, ਮਾਡਲ ਟਾਊਨ ਫੇਜ਼-1, ਮੈਹਨਾ ਚੌਂਕ, ਗੁਰੂ ਕੀ ਨਗਰੀ, ਮਾਡਲ ਟਾਊਨ ਫੇਜ਼-2, ਸਿਵਲ ਲਾਈਨ, ਧੋਬਿਆਨਾ ਰੋਡ, ਬੇਅੰਤ ਨਗਰ, ਮਾਡਲ ਟਾਊਨ ਫੇਜ਼-3, ਰਿੰਗ ਰੋਡ, ਵਾਟਰ ਵਰਕਸ ਰੋਡ, ਰਾਜਿੰਦਰਾ ਕਾਲਜ ਨੇੜੇ, ਮਿਨੀ ਸਕੱਤਰਾਲਾ ਰੋਡ, ਭਾਗੂ ਰੋਡ ਆਦਿ ਇਲਾਕਿਆਂ ਵਿੱਚ ਕਚਰੇ ਦੇ ਢੇਰ ਲੱਗੇ ਹੋਏ ਹਨ।ਇਸ ਸੰਬੰਧੀ ਸਮਾਜਸੇਵੀ ਅਤੇ ਆਰਟੀਆਈ ਐਕਟਿਵਿਸਟ ਸੰਜੀਵ ਗੋਇਲ ਨੇ ਨਗਰ ਨਿਗਮ ਕਮਿਸ਼ਨਰ ਅਤੇ ਮੇਅਰ ਕੋਲੋਂ ਮੰਗ ਕੀਤੀ ਹੈ ਕਿ ਸ਼ਹਿਰ ਦੀਆਂ ਸਾਰੀਆਂ ਸੜਕਾਂ, ਗਲੀਆਂ, ਮੋਹੱਲਿਆਂ ਆਦਿ ਤੋਂ ਕਚਰੇ ਦੇ ਢੇਰ ਉਠਵਾਏ ਜਾਣ ਅਤੇ ਸਫਾਈ ਦੇ ਕੰਮਾਂ ਨੂੰ ਤੁਰੰਤ ਤਰਜੀਹ ਦਿੱਤੀ ਜਾਵੇ। ਇਸੇ ਤਰ੍ਹਾਂ ਸੜਕਾਂ, ਗਲੀਆਂ ਦੇ ਕੂੜੇ ਤੋਂ ਇਲਾਵਾ ਘਰਾਂ, ਦੁਕਾਨਾਂ ਆਦਿ ਵਿੱਚੋਂ ਵੀ ਰੋਜ਼ਾਨਾ ਕੂੜਾ ਇਕੱਠਾ ਕਰਨਾ ਯਕੀਨੀ ਬਣਾਇਆ ਜਾਵੇ।

# ਬਿਜਲੀ ਬੋਰਡ ਦਫ਼ਤਰ ਡਵੀਜ਼ਨ ਮੌੜ ਵਿਖੇ ਬਿਜਲੀ ਮੈਨੇਜਮੈਂਟ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ



ਮੌੜ ਮੰਡੀ, 28 ਅਪ੍ਰੈਲ (ਭੋਲਾ ਸਿੰਘ ਮਾਨ): ਜੁਆਇੰਟ ਫੋਰਮ/ ਏਕਤਾ ਮੰਚ ਅਤੇ ਏ ਓ ਜੇਈ ਐਸੋਸੀਏਸ਼ਨ ਦੇ ਸੱਦੇ 'ਤੇ ਬਿਜਲੀ ਬੋਰਡ ਦਫਤਰ ਡਵੀਜ਼ਨ ਮੌੜ ਵਿਖੇ ਬਿਜਲੀ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਖਿਲਾਫ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਸ਼ਹਿ ਤੇ ਬਿਜਲੀ ਨਿਗਮ ਨੂੰ ਨਿੱਜੀਕਰਨ ਦੇ ਰਾਹ ਤੇ ਤੋਰਿਆ ਜਾ ਰਿਹਾ ਹੈ। ਇਸੇ ਤਰਜ ਤੇ ਖਰੜ ਅਤੇ ਲਾਲੜੂ ਮੰਡਲ ਦੇ ਅਧੀਨ ਪੈਂਦੇ ਖੇਤਰਾਂ ਦੀ ਰੈਗੂਲਰ ਮੇਨਟੀਨੈਂਸ ਅਤੇ ਫੀਡਰ ਪ੍ਰਬੰਧਨ ਨੂੰ ਪ੍ਰਾਈਵੇਟ ਹੱਥਾਂ ਵਿਚ ਆਊਟਸੋਰਸਿੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ , ਪੰਜਾਬ ਅੰਦਰ 10 ਮੰਡਲ ਦਫ਼ਤਰਾਂ ਵਿੱਚ ਇਹ ਤਜ਼ਵੀਜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਿਜਲੀ ਨਿਗਮ ਅੰਦਰ ਹਜਾਰਾਂ ਦੀ ਗਿਣਤੀ ਵਿੱਚ ਅਸਾਮੀਆਂ ਖ਼ਾਲੀ ਪਈਆਂ ਹਨ, ਉਹਨਾਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਥਾਂ ਤੇ ਮੈਨੇਜਮੈਂਟ ਆਊਟਸੋਰਸਿੰਗ ਰਾਹੀਂ ਨਿੱਜੀਕਰਨ ਦਾ ਰਾਹ ਖੋਲ੍ਹ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਬਿਨਾਂ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਮੁਲਾਜ਼ਮਾਂ ਦਾ ਬਕਾਇਆ ਨਹੀਂ ਦੇ ਰਹੀ, ਜਦੋਂਕਿ ਸੱਤਵੇਂ ਪੇ ਕਮਿਸ਼ਨ ਦੀ ਟਰਮ ਸ਼ੁਰੂ ਹੋਣ ਜਾ ਰਹੀ ਹੈ। ਛੇਵੇਂ ਪੇ ਕਮਿਸ਼ਨ ਦੇ ਬਕਾਏ ਅਤੇ ਛੇਵੇਂ ਪੇ ਕਮਿਸ਼ਨ ਨੂੰ ਸੋਧਣਾ ਅਜੇ ਬਾਕੀ ਹੈ, ਮੁਲਾਜ਼ਮਾਂ ਦੇ ਲੱਖਾਂ ਰੁਪਏ ਬਿਜਲੀ ਨਿਗਮ ਰੱਖੀ ਬੈਠਾ ਹੈ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਮਿਲਦੀ ਡੀਏ ਦੀ ਕਿਸ਼ਤ ਵੀ ਫਰੀਜ ਕੀਤੀ ਗਈ ਹੈ ,ਸੈਂਟਰ ਸਰਕਾਰ ਵੱਲੋਂ ਜੋ ਡੀ ਏ ਇਸ ਟਾਈਮ ਚੱਲ ਰਿਹਾ ਹੈ, ਉਹ 55% ਹੈ,ਜਦੋਂ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ 42% ਡੀਏ ਮਿਲ ਰਿਹਾ ਹੈ।ਪਿਛਲੀਆਂ ਸਰਕਾਰਾਂ ਵੇਲੇ ਦਾ ਡੀਏ ਦਾ ਬਕਾਇਆ ਵੀ ਬਾਕੀ ਹੈ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦਰ ਕਿਨਾਰ ਕਰਨ ਲਈ ਮੈਂਟੀਨੈਸ ਸਟਾਫ ਨੂੰ ਘਟਾਉਣ ਲਈ ਖਤਮ ਕਰਨ ਲਈ ਪ੍ਰਾਈਵੇਟ ਸੈਕਟਰ ਨੂੰ ਬੜਾਵਾ ਦੇਣ ਲਈ ਗੈਂਗ ਪ੍ਰਥਾ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਵਿੱਚ ਮੈਂਟੀਨੈਸ ਸਟਾਫ ਨੂੰ ਹਟਾ ਕੇ ਪ੍ਰਾਈਵੇਟ ਗੈਂਗ ਤੋਂ ਕੰਮ ਕਰਵਾਉਣ ਅਤੇ ਬਿਜਲੀ ਚਾਲੂ ਕਰਾਉਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ ਜੋ ਕਿ ਪੰਜਾਬ ਦੇ ਪੜੇ ਲਿਖੇ ਨੌਜਵਾਨਾਂ ਨਾਲ ਬੇਇਨਸਾਫੀ ਹੈ ਅਤੇ ਜੋ ਮੁਲਾਜ਼ਮ ਠੇਕੇ ਤੇ ਕੰਮ ਕਰਨਗੇ ਉਹਨਾਂ ਦੀ ਸ਼ਰੇਆਮ ਲੁੱਟ ਦਾ ਕਾਰਨ ਬਣ ਰਹੀ ਹੈ, ਕਿਉਂਕਿ ਠੇਕੇਦਾਰ ਨੂੰ ਜੋ ਸਰਕਾਰ ਵੱਲੋਂ ਉਜਰਤ ਦਿੱਤੀ ਜਾਣੀ ਹੈ ਉਹ ਡੀਸੀ ਰੇਟ ਤੇ ਅਤੇ ਹੋਰ ਖਰਚੇ ਪਾ ਕੇ ਦਿੱਤੇ ਜਾਣੇ ਹਨ ਜਦੋਂ ਕਿ ਮੁਲਾਜ਼ਮਾਂ ਨੂੰ ਡੀਸੀ ਰੇਟਾਂ ਤੋਂ ਘੱਟ ਰੇਟਾਂ ਤੇ ਠੇਕੇਦਾਰ ਵਲਿਓਂ ਭੁਗਤਾਨ ਕੀਤਾ ਜਾਣਾ ਹੈ ਇਸ ਲਈ ਆਗੂਆਂ ਨੇ ਮੰਗ ਕੀਤੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ ਉਹਨਾਂ ਤੇ ਰੈਗੂਲਰ ਭਰਤੀ ਕੀਤੀ ਜਾਵੇ ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ ਜੋ ਵੀ ਸੀ ਐਚ ਬੀ ,ਸੀ ਐਚ ਐਚ , ਪੈਸਕੋ ਅਤੇ ਸਿੱਧੇ ਠੇਕੇਦਾਰ ਸਿਸਟਮ ਤਹਿਤ ਭਰਤੀ ਹੋਏ ਮੁਲਾਜ਼ਮ ਉਹਨਾਂ ਨੂੰ ਪੱਕਾ ਕੀਤਾ ਜਾਵੇ ਮੁਲਾਜ਼ਮਾਂ ਨੂੰ ਐਕਸੀਡੈਂਟ ਕੇਸ ਵਿੱਚ ਇਕ ਕਰੋੜ ਰੁਪਆ ਐਕਸ ਗਰੇਸ਼ੀਆ ਗਰਾਂਟ ਦਿੱਤੀ ਜਾਵੇ ਅਤੇ ਪਹਿਲਗਾਮ ਵਿੱਚ ਹੋਏ ਦਹਿਸ਼ਤਗਰਦੀ ਹਮਲੇ ਦੀ ਨਿਖੇਧੀ ਕੀਤੀ , ਇਸ ਮੌਕੇ ਜੁਆਇੰਟ ਫੋਰਮ / ਏਕਤਾ ਮੰਚ ਅਤੇ ਏ ਓ ਜੇਈ ਐਸੋਸੀਏਸ਼ਨ ਵਿੱਚ ਸ਼ਾਮਿਲ ਜਥੇਬੰਦੀਆਂ ਦੇ ਆਗੂ ਬਲਰਾਜ ਸਿੰਘ ਬਾਜ਼ , ਨੱਛਤਰ ਸਿੰਘ, ਜਸਵੀਰ ਸਿੰਘ ਮੌੜ,ਜਗਦੀਪ ਸਿੰਘ, ਜਸਕਰਨ ਸਿੰਘ ,ਗੁਰਬਾਜ ਸਿੰਘ,ਗੁਰਮੀਤ ਸਿੰਘ,ਗੁਰਪ੍ਰੀਤ ਸਿੰਘ,ਮਹੇਸ਼ ਸਿੰਘ ਆਦਿ ਆਗੂ ਸ਼ਾਮਿਲ ਹੋਏ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਜਾਰੀ : ਡਿਪਟੀ ਕਮਿਸ਼ਨਰ

ਬਠਿੰਡਾ, 28 ਅਪ੍ਰੈਲ : (ਜਗਸੀਰ ਭੁੱਲਰ):ਜ਼ਿਲ੍ਹੇ ਦੀਆਂ ਵੱਖ-ਵੱਖ ਅਨਾਜ ਮੰਡੀਆਂ 27 ਅਪ੍ਰੈਲ 2025 ਤੱਕ 668401.00 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 608040.00 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ 1250.14 ਕਰੋੜ ਰੁਪਏ ਕਣਕ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਨਿਰਵਿਘਨ ਜਾਰੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਚੱਲ ਰਹੀ ਕਣਕ ਦੀ ਖ੍ਰੀਦ ਅਤੇ ਲਿਫਟਿੰਗ ਦੇ ਮੱਦੇਨਜ਼ਰ ਅਧਿਕਾਰੀਆਂ ਨੂੰ ਹੋਰ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਸਾਨਾਂ ਲਈ ਮੰਡੀਆਂ ਵਿਚ ਪੀਣ ਵਾਲੇ ਪਾਣੀ, ਸਾਫ-ਸਫਾਈ ਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਲਈ ਆਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਕਣਕ ਦੀ ਖ੍ਰੀਦ ਦੌਰਾਨ ਕਿਸੇ ਤਰ੍ਹਾਂ ਦੀ ਢਿੱਲ-ਮੱਠ ਜਾਂ ਅਣਗਹਿਲੀ ਬਰਦਾਸਤ ਨਹੀਂ ਕੀਤੀ ਜਾਵੇਗੀ।ਇਸ ਸਬੰਧ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 27 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 189682 ਮੀਟ੍ਰਿਕ ਟਨ, ਮਾਰਕਫ਼ੈਡ 131264, ਪਨਸਪ 136830, ਵੇਅਰ ਹਾਊਸ 102307 ਤੇ ਪ੍ਰਾਈਵੇਟ ਵਪਾਰੀਆਂ ਵਲੋਂ 47957 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਗਗਨਦੀਪ ਸ਼ਰਮਾ ਬਣੇ ਦੂਜੀ ਵਾਰ ਭਾਜਪਾ ਦੇ ਪ੍ਰਧਾਨ



ਬਰੇਟਾ, 28 ਅਪ੍ਰੈਲ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ) ਗਗਨਦੀਪ ਸ਼ਰਮਾ ਨੂੰ ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਦਾ ਲਗਾਤਾਰ ਦੂਜੀ ਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਦੇ ਅਹੁਦੇ ਲਈ ਉਹਨਾਂ ਦਾ ਨਾਮ ਅਸ਼ੋਕ ਕੁਮਾਰ ਗੋਰਾ ਵੱਲੋਂ ਪੇਸ਼ ਕੀਤਾ ਗਿਆ ਅਤੇ ਸੂਰਜ ਪ੍ਰਕਾਸ਼ ਗੋਇਲ ਵੱਲੋਂ ਇਸਦੀ ਤਾਇਦ ਕੀਤੀ ਗਈ ਅਤੇ ਸ਼ਰਬਸੰਮਤੀ ਨਾਲ ਗਗਨਦੀਪ ਸ਼ਰਮਾ ਨੂੰ ਪ੍ਰਧਾਨ ਚੁਣ ਲਿਆ ਗਿਆ।ਉਹਨਾਂ ਇਸ ਨਿਯੁਕਤੀ ਦਾ ਪੱਤਰ ਮਾਨਸਾ ਜ਼ਿਲ੍ਹੇ ਦੇ ਚੋਣ ਆਰਜਰਬਰ ਭਾਨੂ ਪ੍ਰਤਾਪ ਸਿੰਘ ਅਤੇ ਜਿਲਾ ਪ੍ਰਧਾਨ ਰਾਕੇਸ਼ ਜੈਨ ਵੱਲੋਂ ਦਿੱਤਾ ਗਿਆ। ਇਸ ਮੌਕੇ ਗਗਨਦੀਪ ਸ਼ਰਮਾ ਨੇ ਕਿਹਾ ਕਿ ਉਹ ਇਸ ਜ਼ੁੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੇ ਵਿਸਥਾਰ ਲਈ ਦਿਨ ਰਾਤ ਇੱਕ ਕਰ ਦਣਗੇ। ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ, ਨਰਿੰਦਰ ਬਾਂਸਲ, ਪੁਨੀਤ ਮਿੱਤਲ, ਮੋਹਿਤ ਜਾਗੜਾ, ਹਰੀਸ਼ ਕੁਮਾਰ, ਓਮ ਲਾਲ, ਗੋਬਿੰਦ ਸ਼ਰਮਾਂ, ਡਿੰਪਲ ਸ਼ਰਮਾ, ਸੂਰਜਭਾਨ, ਮਨਪ੍ਰੀਤ ਸ਼ਰਮਾ, ਪ੍ਰਸ਼ੋਤਮ ਸਿੰਘ ਖੁਡਾਲ, ਰਾਜੂ ਬਾਂਸਲ, ਅਸ਼ੋਕ ਕੁਮਾਰ ਕਾਲੀ ਨੇ ਹਾਈ ਕਮਾਂਡ ਦਾ ਧੰਨਵਾਦ ਕੀਤਾ।

# ਪਿੰਡ ਠਸਕਾ ਵਿੱਚ ਤਿੰਨ ਰੋਜ਼ਾ ਗੱਤਕਾ ਸਿਖਲਾਈ ਕੈਂਪ ਲਗਾਇਆ



ਖਨੌਰੀ, 28 ਅਪ੍ਰੈਲ (ਓਮਪ੍ਰਕਾਸ਼ ਮੁਆਲ): ਗੁਰੂਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਠਸਕਾ ਤੇ ਭੁੱਲਣ ਦੋਵੇਂ ਪਿੰਡਾ ਦੇ ਸਹਿਯੋਗ ਨਾਲ ਨਜ਼ਦੀਕੀ ਪਿੰਡ ਠਸਕਾ ਵਿੱਚ ਤਿੰਨ ਰੋਜ਼ਾ ਗੱਤਕਾ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਬੱਚਿਆਂ ਨੂੰ ਸਮੁੱਚੀ ਸਿਖਲਾਈ ਉਸਤਾਦ ਜਤਿੰਦਰ ਸਿੰਘ ਲੌਂਗੋਵਾਲ, ਬਲਵਿੰਦਰ ਸਿੰਘ ਡੈਵਲ ਹਠੂਰ ਅਤੇ ਰਵੀ ਸਿੰਘ ਹਠੂਰ ਵੱਲੋਂ ਦਿੱਤੀ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਬਾਬਾ ਚਮਕੌਰ ਸਿੰਘ ਹੈਡ ਗ੍ਰੰਥੀ ਗੁਰੂਦੁਆਰਾ ਸਾਹਿਬ ਠਸਕਾ ਨੇ ਦੱਸਿਆ ਕਿ ਇਹ ਕੈਂਪ 23 ਤੋਂ 26 ਅਪ੍ਰੈਲ ਤੱਕ ਲਗਾਇਆ ਗਿਆ, ਜਿਸ ਵਿਚ ਪਿੰਡ ਠਸਕਾ, ਭੁੱਲਣ, ਲੇਹਲ ਕਲਾਂ, ਲਹਿਲ ਖੁਰਦ ਅਤੇ ਪਿੰਡ ਢੀਂਡਸਾ ਦੇ ਮੁੰਡੇ, ਕੁੜੀਆਂ ਖਿਡਾਰੀਆਂ ਨੇ ਭਾਗ ਲੈਂਦਿਆਂ ਗੱਤਕਾ ਖੇਡ ਦੀ ਸਿਖਲਾਈ ਪ੍ਰਾਪਤ ਕੀਤੀ। ਉਨ੍ਹਾਂ ਦੱਸਿਆ ਕਿ ਜਿਸ ਕੈਂਪ ਦੌਰਾਨ ਫਾਈਟ, ਸ਼ਸਤਰ ਪ੍ਰਦਰਸਨ ਅਤੇ ਗੱਤਕਾ ਜੰਪ ਦੀ ਸਿਖਲਾਈ ਦਿੱਤੀ ਗਈ। ਬੱਚਿਆ ਦੀ ਰਿਹਾਇਸ਼ ਅਤੇ ਲੰਗਰ ਪਾਣੀ ਦਾ ਪ੍ਰਬੰਧ ਸਮੁੱਚੇ ਨਗਰ ਦੇ ਸਹਿਯੋਗ ਨਾਲ ਕੀਤਾ ਗਿਆ। ਕੈਂਪ ਦੀ ਸਮਾਪਤੀ ਤੋਂ ਬਾਅਦ ਪਿੰਡ ਠਸਕਾ ਅਤੇ ਭੁੱਲਣ ਦੀ ਕਮੇਟੀ ਵੱਲੋਂ ਤਿੰਨੋ ਕੋਚਾਂ ਦਾ ਵਿਸ਼ੇਸ਼ ਸਨਮਾਨ ਨਗਦ ਰਾਸ਼ੀ ਅਤੇ ਪ੍ਰਸ਼ੰਸਾ ਪੱਤਰਾਂ ਅਤੇ ਬੱਚਿਆਂ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮੇਟੀ ਮੈਂਬਰ ਸ੍ਰ. ਜੁਗਰਾਜ ਸਿੰਘ ਠਸਕਾ, ਸ੍ਰ .ਅਮਰੀਕ ਸਿੰਘ, ਸੁੱਖਵੀਰ ਸਿੰਘ, ਪ੍ਰਧਾਨ ਲਖਵਿੰਦਰ ਸਿੰਘ, ਗੁਰਮੋਹਨ ਸਿੰਘ, ਪ੍ਰਧਾਨ ਮਨੋਜ ਸਿੰਘ ਭੁੱਲਣ ,ਮਨੀਸ਼ ਸਿੰਘ, ਪਾਲ ਸਿੰਘ ਭੁੱਲਣ, ਗੁਰਨਾਮ ਸਿੰਘ ਆਦਿ ਹਾਜ਼ਰ ਸਨ। ਇਸ ਬਾਰੇ ਸਮਾਜ ਸੇਵਕ ਮਹਾਂਵੀਰ ਸਿੰਘ ਸੈਣੀ ਭੁੱਲਣ ਨੇ ਦੱਸਿਆ ਕਿ ਇੰਨ੍ਹਾਂ ਪਿੰਡਾਂ ਦੇ ਬੱਚਿਆਂ ਅਤੇ ਲੋਕਾਂ ਨੂੰ ਗੱਤਕਾ ਖੇਡਾਂ ਬਾਰੇ ਕੋਈ ਜਾਣਕਾਰੀ ਵੀ ਨਹੀਂ ਸੀ, ਹੁਣ ਬੱਚੇ ਬਾਬਾ ਚਮਕੌਰ ਸਿੰਘ ਹੈਡ ਗ੍ਰੰਥੀ ਠਸਕਾ ਅਤੇ ਉਸਤਾਦ ਜਤਿੰਦਰ ਸਿੰਘ ਲੌਂਗੋਵਾਲ ਦੀ ਮਿਹਨਤ ਅਤੇ ਪ੍ਰੇਰਨਾ ਸਦਕਾ ਵੱਧੀਆਂ ਗੱਤਕਾ ਖੇਡ ਪ੍ਰਦਰਸ਼ਨ ਕਰਦੇ ਹੋਏ ਗੁਰਬਾਣੀ ਨਾਲ ਜੁੜ ਰਹੇ ਹਨ। ਜੋ ਇਨ੍ਹਾਂ ਪਿੰਡਾਂ ਦੇ ਬੱਚਿਆਂ ਲਈ ਪ੍ਰਸ਼ੰਸਾ ਯੋਗ ਉਪਰਾਲਾ ਹੈ।

# ਮੈਰਿਜ ਪੈਲੇਸ ਦੀ ਆੜ 'ਚ ਚਲ ਰਹੇ ਗ਼ੈਰ ਕਾਨੂੰਨੀ ਕੈਸੀਨੋ ਦਾ ਪਰਦਾਫਾਸ਼, ਦੋ ਗ੍ਰਿਫ਼ਤਾਰ




ਬਠਿੰਡਾ,28 ਅਪ੍ਰੈਲ (ਦੀਪਕ ਸ਼ਰਮਾ) ਤਲਵੰਡੀ ਸਾਬੋ ਪੁਲਿਸ ਨੇ ਪਿੰਡ ਰੋੜੀ ਰੋਡ ਤੇ ਸਥਿਤ ਇਕ ਨਿੱਜੀ ਮੈਰਿਜ ਪੈਲੇਸ 'ਚ ਗੈਰਕਾਨੂੰਨੀ ਤਰੀਕੇ ਨਾਲ ਚੱਲ ਰਹੇ ਕੈਸੀਨੋ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਮੌਕੇ ਤੇ ਦੋ ਲੋਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਕਈ ਤਰ੍ਹਾਂ ਦਾ ਗੈਰਕਾਨੂੰਨੀ ਸਮਾਨ ਬਰਾਮਦ ਕੀਤਾ ਹੈ।ਪੁਲਿਸ ਨੇ ਮਾਮਲੇ 'ਚ ਕੁੱਲ ਪੰਜ ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਜਿਨ੍ਹਾਂ ਵਿੱਚੋਂ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਬਾਕੀ ਮੁਲਜ਼ਮਾ ਦੀ ਭਾਲ ਜਾਰੀ ਹੈ।ਜਾਣਕਾਰੀ ਮੁਤਾਬਕ, ਇਹ ਕੈਸੀਨੋ ਪਿਛਲੇ ਕੁਝ ਸਮੇਂ ਤੋਂ ਚਲਦਾ ਆ ਰਿਹਾ ਸੀ। ਕੈਸੀਨੋ ਚਲਾਉਣ 'ਚ ਸੱਤਾਧਾਰੀ ਪਾਰਟੀ ਦੇ ਇਕ ਬਲਾਕ ਪ੍ਰਧਾਨ ਦੀ ਭੂਮਿਕਾ ਦੱਸੀ ਜਾ ਰਹੀ ਹੈ, ਹਾਲਾਂਕਿ ਪੁਲਿਸ ਵੱਲੋਂ ਇਸ ਬਾਰੇ ਪੁਸ਼ਟੀ ਨਹੀਂ ਕੀਤੀ ਗਈ।ਇਸ ਸਬੰਧੀ ਐਸਪੀ ਇਨਵੈਸਟੀਗੇਸ਼ਨ ਜਸਮੀਤ ਸਿੰਘ ਨੇ ਦੱਸਿਆ ਕਿ ਤਲਵੰਡੀ ਸਾਬੋ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਘੁੱਕਰ ਸਿੰਘ ਨਿਵਾਸੀ ਤਲਵੰਡੀ ਸਾਬੋ ਨੇ ਆਪਣਾ ਕੋਹਿਨੂਰ ਮੈਰਿਜ ਪੈਲੇਸ ਅੱਗੇ ਕਿਰਾਏ 'ਤੇ ਦਿੱਤਾ ਹੋਇਆ ਸੀ। ਇਸ ਪੈਲੇਸ ਨੂੰ ਲੈਣ ਵਾਲੇ ਲਕਸ਼ਮਣ ਸਿੰਘ (ਪਿੰਡ ਫਲੜ), ਕੁਲਵਿੰਦਰ ਸਿੰਘ (ਪਿੰਡ ਫਲੜ), ਸੁਖਦੇਵ ਸਿੰਘ (ਪਿੰਡ ਜੱਗਾ ਰਾਮ ਤੀਰਥ) ਅਤੇ ਰਵਿ (ਬਠਿੰਡਾ) ਨੇ ਗੈਰਕਾਨੂੰਨੀ ਤਰੀਕੇ ਨਾਲ ਕੈਸੀਨੋ ਚਲਾਇਆ ਹੋਇਆ ਸੀ। ਇੱਥੇ ਵੱਡੀ ਪੱਧਰੀ ਤੇ ਜੂਆ ਖੇਡਿਆ ਜਾ ਰਿਹਾ ਹੈ, ਇਸ ਤੋਂ ਇਲਾਵਾ ਗ੍ਰਾਹਕਾਂ ਲਈ ਸ਼ਰਾਬ ਤੇ ਹੁੱਕੇ ਦਾ ਬੰਦੋਬਸਤ ਵੀ ਕੀਤਾ ਜਾਂਦਾ ਹੈ।ਪੁਲਿਸ ਨੇ ਮੌਕੇ 'ਤੇ ਰੇਡ ਕਰਕੇ ਲਕਸ਼ਮਣ ਸਿੰਘ ਅਤੇ ਸੁਖਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਘੁੱਕਰ ਸਿੰਘ, ਕੁਲਵਿੰਦਰ ਸਿੰਘ ਅਤੇ ਰਵਿ ਦੀ ਗ੍ਰਿਫਤਾਰੀ ਹੋਣੀ ਬਾਕੀ ਹੈ। ਮੌਕੇ ਤੋਂ ਹਰਿਆਣਾ ਮਾਰਕਾ ਸ਼ਰਾਬ, ਹੁੱਕਾ, ਵੱਖ-ਵੱਖ ਕਿਸਮ ਦੇ ਸਟ੍ਰਾਈਕਰ, ਸ਼ਰਾਬ ਦੀਆਂ ਬੋਤਲਾਂ, ਸਿਗਰਟ ਦੀਆਂ ਡਿੱਬੀਆਂ ਅਤੇ ਨੋਟ ਗਿਣਣ ਵਾਲੀ ਮਸ਼ੀਨ ਆਦਿ ਬਰਾਮਦ ਕੀਤੇ ਗਏ ਹਨ।ਐਸਪੀ ਜਸਮੀਤ ਸਿੰਘ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਗੈਰਕਾਨੂੰਨੀ ਕੈਸੀਨੋ ਕਿੰਨੇ ਸਮੇਂ ਤੋਂ ਚੱਲ ਰਿਹਾ ਸੀ ਅਤੇ ਹੋਰ ਕਿਹੜੇ ਲੋਕ ਇਸ ਵਿੱਚ ਸ਼ਾਮਲ ਹਨ।

# ਕਸ਼ਿਸ਼ ਗੁਪਤਾ ਨੇ ਮਾਪਿਆ ਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ: ਸੋਢੀ




ਸਰਦੂਲਗੜ੍ਹ , 28ਅਪ੍ਰੈਲ ( ਲਛਮਣ ਸਿੱਧੂ ):ਭਾਰਤੀ ਲੋਕ ਸੇਵਾ ਆਯੋਗ ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਨਤੀਜਿਆਂ ਅਨੁਸਾਰ ਸਰਦੂਲਗੜ੍ਹ ਦੇ ਜੰਮਪਲ ਕਸ਼ਿਸ ਗੁਪਤਾ ਨੇ ਦੇਸ਼ ਵਿੱਚੋਂ ਪੰਜ ਸੋ ਸਤਾਸੀਵੇਂ ਨੰਬਰ 'ਤੇ ਰਹਿੰਦੇ ਹੋਏ ਭਾਰਤੀ ਲੋਕ ਸੇਵਾ ਆਯੋਗ ਦੀ ਪ੍ਰੀਖਿਆ ਪਾਸ ਕਰਕੇ ਮਿਸਾਲ ਕਾਇਮ ਕੀਤੀ ਹੈ । ਜਿਕਰਯੋਗ ਯੋਗ ਹੈ ਸਰਦੂਲਗੜ੍ਹ ਸਬ ਡਵੀਜ਼ਨ ਦਾ ਇਹ ਪਹਿਲਾ ਨੌਜਵਾਨ ਹੈ, ਜਿਸ ਨੇ ਭਾਰਤੀ ਲੋਕ ਸੇਵਾ ਆਯੋਗ ਦੀ ਪ੍ਰੀਖਿਆ ਪਾਸ ਕੀਤੀ ਹੈ । ਇਲਾਕੇ ਵਿੱਚ ਇਸ ਨਾਲ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ । ਕਸ਼ਿਸ਼ ਗੁਪਤਾ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ । ਇਸ ਮੌਕੇ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਵੀ ਕਸ਼ਿਸ ਗੁਪਤਾ ਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਸ਼ਿਸ਼ ਗੁਪਤਾ ਦੀ ਸਫਲਤਾ ,ਸਾਦਗੀ ਭਰਪੂਰ ਜੀਵਨ ਤੇ ਨਿਮਰਤਾ ਇਲਾਕੇ ਦੇ ਨੌਜਵਾਨਾਂ ਲਈ ਪ੍ਰੇਰਨਾ ਦਾਇਕ ਹੋਵੇਗਾ ਤੇ ਰਾਹ ਦਸੇਰਾ ਬਣੇਗਾ । ਸ੍ਰੀ ਸੋਢੀ ਨੇ ਦੱਸਿਆ ਕਿ ਕਸ਼ਿਸ਼ ਗੁਪਤਾ ਦੇ ਦਾਦਾ ਸ੍ਰੀ ਰਾਜ ਕੁਮਾਰ ਗੁਪਤਾ ਸਿਹਤ ਵਿਭਾਗ ਸੈਨੇਟਰੀ ਇੰਸਪੈਕਟਰ ਤੇ ਦਾਦੀ ਸ੍ਰੀਮਤੀ ਦਿਆਵੰਤੀ ਗੁਪਤਾ ਪ੍ਰਿੰਸੀਪਲ ਸਰਕਾਰੀ ਸੈਕੰਡਰੀ ਸਕੂਲ ਗਰਲਜ਼ ਰਿਟਾਇਰ ਹੋਏ ਹਨ ।ਪਿਤਾ ਸਵ: ਸ੍ਰੀ ਵਿਪਨ ਗੁਪਤਾ ਇੰਸਪੈਕਟਰ ਸਥਾਨਕ ਸਰਕਾਰਾਂ ਵਿੱਚ ਨੌਕਰੀ ਕਰਦੇ ਸਨ , ਮਾਤਾ ਰੰਜੂ ਗੁਪਤਾ ਵੀ ਡਾਕਟਰ ਹਨ ਸਾਰਾ ਪਰਿਵਾਰ ਬਹੁਤ ਪੜ੍ਹਿਆ ਲਿਖਿਆ ਤੇ ਸਾਮਾਜਿਕ ਰੁਤਬੇ ਵਾਲਾ ਪਰਿਵਾਰ ਹੈ । ਕਸ਼ਿਸ ਗੁਪਤਾ ਦੀ ਭੈਣ ਕੀਰਤੀ ਗੁਪਤਾ ਵੀ ਇਲਾਕੇ ਦੀ ਹੋਣਹਾਰ ਬੇਟੀ ਹੈ ਜੋ ਕਿ ਐਮ ਬੀ ਬੀ ਐਸ (ਡਾਕਟਰ) ਦੀ ਪੜਾਈ ਦੇ ਆਖ਼ਰੀ ਸਾਲ ਵਿੱਚ ਪੜ੍ਹਾਈ ਕਰ ਰਹੀ ਹੈ । ਇਹਨਾਂ ਬੱਚਿਆਂ ਦੇ ਪਿਤਾ ਸ੍ਰੀ ਵਿਪਨ ਗੁਪਤਾ ਦੀ ਇੱਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ ਫਿਰ ਵੀ ਬੱਚਿਆਂ ਦਾ ਮਿਹਨਤ ਕਰ ਕੇ ਆਪਣੇ ਪਰਿਵਾਰ ਤੇ ਇਲਾਕੇ ਦਾ ਰੋਸ਼ਨ ਕਰਨ ਦਾ ਸਿਹਰਾ ਉਹਨਾਂ ਦੀ ਮਾਤਾ ਤੇ ਸਾਰੇ ਪਰਿਵਾਰ ਨੂੰ ਜਾਂਦਾ ਹੈ ।

# ਸੰਯੁਕਤ ਕਿਸਾਨ ਮੋਰਚੇ ਨੇ ਮੁੱਖ ਮੰਤਰੀ ਦੇ ਨਾਮ ਏਡੀਸੀ ਸੰਗਰੂਰ ਨੂੰ ਸੌਂਪਿਆ ਮੰਗ ਪੱਤਰ



ਸੰਗਰੂਰ, 28 ਅਪ੍ਰੈਲ (ਹਰਕੰਵਲ ਸਿੰਘ ਹੈਪੀ): ਪੰਜਾਬ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਵੱਖ ਵੱਖ ਥਾਵਾਂ ਉੱਤੇ ਕਿਸਾਨ ਜੱਥੇਬੰਦੀਆਂ ਦੇ ਮੋਰਚਿਆਂ 'ਚ ਪੁਲਿਸ ਵੱਲੋਂ ਕੀਤਾ ਜਾ ਰਿਹਾ ਜਬਰ ਅਤੇ ਗੁੰਡਾ ਗਿਰੋਹਾਂ ਵੱਲੋਂ ਕੀਤੇ ਜਾ ਰਹੇ ਕਾਤਲਾਨਾ ਹਮਲਿਆਂ ਦੇ ਰੋਸ਼ ਵੱਜੋਂ ਸਯੁੰਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਪੂਰੇ ਪੰਜਾਬ ਭਰ ਵਿੱਚ ਜਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪਣ ਦੀ ਕਾਲ 'ਤੇ ਕਿਸਾਨ ਜਥੇਬੰਦੀਆਂ ਨੇ ਇਕੱਠੇ ਹੋ ਕੇ ਏਡੀਸੀ ਸੰਗਰੂਰ ਦੇ ਰਾਹੀਂ ਮੁੱਖ ਮੰਤਰੀ ਦੇ ਨਾਮ ਆਪਣਾ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਏਕਤਾ ਉਗਰਾਹਾਂ ਦੇ ਜਿਲ੍ਹਾ ਸਕੱਤਰ ਦਰਬਾਰਾ ਸਿੰਘ ਛਾਜਲਾ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਸਕੱਤਰ ਮੇਜਰ ਸਿੰਘ ਪੁੰਨਾਵਾਲ, ਬੀਕੇਯੂ ਡਕੌਂਦਾ ਧਨੇਰ ਦੇ ਜਿਲਾ ਪ੍ਰਧਾਨ ਕਰਮਜੀਤ ਸਿੰਘ ਛੰਨਾ, ਬੀਕੇਯੂ ਰਾਜੇਵਾਲ ਦੇ ਬਲਾਕ ਪ੍ਰਧਾਨ ਮਨਜਿੰਦਰ ਸਿੰਘ ਘਾਬਦਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜਿਲਾ ਆਗੂ ਨਿਰਮਲ ਸਿੰਘ ਬਟੜੀਆਣਾ ਅਤੇ ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਸੂਬਾ ਆਗੂ ਮੰਗਤ ਰਾਮ ਲੌਂਗੋਵਾਲ ਨੇ ਦੱਸਿਆ ਕਿ ਚਾਉਕੇ ਆਦਰਸ਼ ਸਕੂਲ ਦੇ ਮਾਮਲੇ ਤੇ ਧਰਨਾ ਦੇ ਰਹੇ ਅਧਿਆਪਕਾਂ, ਮਾਪਿਆਂ ਅਤੇ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਨੂੰ ਚੁੱਕ ਕੇ ਜੇਲਾਂ ਵਿੱਚ ਬੰਦ ਕਰਨ, ਉਹਨਾਂ ਉੱਪਰ ਤਸ਼ੱਦਦ ਕਰਨ, ਮਹਿਲਾ ਕਿਸਾਨ ਆਗੂਆਂ ਦੀ ਕੁੱਟਮਾਰ ਕਰਨ ਅਤੇ ਭ੍ਰਿਸ਼ਟ ਮੈਨੇਜਮੈਂਟ ਦੇ ਖਿਲਾਫ ਹੁਣ ਤੱਕ ਕੋਈ ਵੀ ਕਾਰਵਾਈ ਨਾ ਕਰਨ ਦੇ ਰੋਸ਼ ਵੱਜੋਂ ਅੱਜ ਦਾ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅਖਾੜਾ ਵਿਖੇ ਲੱਗ ਰਹੀ ਬਾਇਓਗੈਸ ਫੈਕਟਰੀ, ਜਿਸਦੇ ਕਰਕੇ ਲੋਕਾਂ ਵਿੱਚ ਭਾਰੀ ਰੋਸ਼ ਹੈ ਕਿ ਇਸ ਕਾਰਨ ਇਲਾਕੇ ਵਿੱਚ ਕੈਂਸਰ ਫੈਲ ਸਕਦਾ ਹੈ ਪੂਰੇ ਇਲਾਕੇ ਦੇ ਪਿੰਡ ਵਿਰੋਧ ਕਰ ਰਹੇ ਹਨ। ਪਿਛਲੇ ਇੱਕ ਸਾਲ ਤੋਂ ਚੱਲ ਰਹੇ ਸੰਘਰਸ਼ ਨੂੰ ਪੁਲਿਸ ਨੇ ਧੱਕੇ ਨਾਲ ਚੁਕਵਾਇਆ, ਟੈਂਟ ਤੋੜੇ ਗਏ ਤੇ ਸਮਾਨ ਚੁੱਕਿਆ ਗਿਆ। ਆਗੂਆਂ ਨੇ ਕਿਹਾ ਕਿ ਪੁਲਿਸ ਦੇ ਜਬਰ ਦੀਆਂ ਇਹਨਾਂ ਘਟਨਾਵਾਂ ਤੋਂ ਪੂਰੇ ਪੰਜਾਬ ਦੀ ਕਿਸਾਨ ਲਹਿਰ ਵਿੱਚ ਭਾਰੀ ਰੋਸ਼ ਹੈ। ਉਹਨਾਂ ਦੱਸਿਆ ਕਿ 25 ਅਪ੍ਰੈਲ ਨੂੰ ਭੂ ਮਾਫੀਆ ਦੇ ਗੁੰਡਿਆਂ ਨੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਨਿਰਭੈ ਸਿੰਘ ਖਾਈ ਦੇ ਉੱਤੇ ਕਾਤਲਾਨਾ ਹਮਲਾ ਕਰਦਿਆਂ ਉਸਦੀਆਂ ਲੱਤਾਂ ਤੇ ਬਾਹਾਂ ਤੋੜ ਦਿੱਤੀਆਂ ਪ੍ਰੰਤੂ ਹੁਣ ਤੱਕ ਉਸਦੇ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ ਉਪਰੋਕਤ ਮਾਮਲਿਆਂ ਨੂੰ ਲੈ ਕੇ ਅੱਜ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ ਹੈ ਤੇ ਜੇਕਰ ਇਹਨਾਂ ਮਸਲਿਆਂ ਸੰਬੰਧੀ ਮੁੱਖ ਮੰਤਰੀ ਪੰਜਾਬ ਵੱਲੋ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਪੰਜਾਬ ਵਿੱਚ ਲੋਕਾਂ ਦਾ ਆਪਣੀਆਂ ਮੰਗਾਂ ਤੇ ਮਸਲਿਆਂ ਲਈ ਵਿਰੋਧ ਪ੍ਰਗਟਾਉਣ ਦਾ ਜਮਹੂਰੀ ਹੱਕ ਇਸੇ ਤਰ੍ਹਾਂ ਤਾਨਾਸ਼ਾਹੀ ਰਵਈਏ ਰਾਹੀਂ ਕੁਚਲਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਦੌਰਾਨ ਕਿਸਾਨ ਆਗੂ ਜਰਨੈਲ ਸਿੰਘ ਜਹਾਂਗੀਰ, ਪੁੰਨਾਵਾਲ, ਸਮੇਤ ਵੱਡੀ ਗਿਣਤੀ ਕਿਸਾਨ ਆਗੂ ਹਾਜ਼ਰ ਸਨ।

# ਡਾਕਟਰੀ ਕੈਂਪ ਵਿੱਚ 200 ਮਰੀਜ਼ਾਂ ਦਾ ਚੈਕਅਪ

ਬਰੇਟਾ, 28 ਅਪ੍ਰੈਲ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਬਰੇਟਾ ਦੇ ਬੱਪੀਆਣਾ ਹਾਊਸ, ਸ਼ੇਖੋਂ ਫਾਰਮ ਵਿਖੇ ਇੱਕ ਮੈਡੀਕਲ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਦੇ ਪ੍ਰਬੰਧਕ ਜਸਵਿੰਦਰ ਪਾਲ ਸਿੰਘ ਸ਼ੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੈਂਪ ਵਿੱਚ ਹੱਡੀਆਂ, ਗਿਆਨੋਲਜੀ, ਜਨਰਲ ਮੈਡੀਸਨ ਤੋਂ ਇਲਾਵਾ ਫਿਜਿਓਥਰੈਪੀ ਦੇ ਮਾਹਿਰ ਡਾਕਟਰ ਪੁੱਜੇ ਹੋਏ ਸਨ,ਜਿਸ ਵਿੱਚ 200 ਦੇ ਲਗਭਗ ਮਰੀਜ਼ਾਂ ਦਾ ਚੈੱਕਅਪ ਕਰਕੇ ਦਵਾਈਆਂ ਮੁਫਤ ਦਿੱਤੀਆਂ ਗਈਆਂ।ਉਹਨਾਂ ਕਿਹਾ ਕਿ ਇਲਾਕੇ ਵਿੱਚ ਸਿਹਤ ਸਹੂਲਤਾਂ ਦੀ ਘਾਟ ਨੂੰ ਵੇਖਦੇ ਹੋਏ ਉਹਨਾਂ ਵੱਲੋਂ ਸਮੇਂ ਸਮੇਂ ਤੇ ਇਸ ਤਰਾਂ ਦੇ ਕੈਂਪ ਲਗਾਏ ਜਾਂਦੇ ਹਨ।ਇਸ ਮੌਕੇ ਰਣਵੀਰ ਸਿੰਘ ਸੇਖੋਂ, ਪਵਨ ਕੁਮਾਰ ਬਾਂਸਲ, ਨਰਿੰਦਰ ਕੁਮਾਰ, ਬੂਟਾ ਸਿੰਘ, ਮਨਿੰਦਰ ਕੁਮਾਰ, ਕ੍ਰਿਸ਼ਨ ਸਿੰਘ ਹਾਜ਼ਰ ਸਨ।

# ਆਕਸਫੋਰਡ ਦੇ ਵਿਹੜੇ 'ਚ ਮਨਾਇਆ ਗਿਆ ਵਿਸ਼ਵ ਡਾਂਸ ਦਿਵਸ




ਭਗਤਾ ਭਾਈ ਕਾ, 28 ਅਪ੍ਰੈਲ (ਸਵਰਨ ਸਿੰਘ ਭਗਤਾ):ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਵਿੱਦਿਅਕ ਸੰਸਥਾ ਹੈ ਜੋ ਕਿ ਵਿਦਿਆਰਥੀਆਂ ਦੇ ਵਿੱਦਿਅਕ ਪੱਖ ਵੱਲ ਹੀ ਨਹੀਂ ਬਲਕਿ ਉਹਨਾਂ ਨਾਲ ਜੁੜੀਆਂ ਹਰ ਕਿਰਿਆਤਮਕ ਗਤੀਵਿਧੀਆਂ ਵੱਲ ਵੀ ਧਿਆਨ ਦਿੰਦੀ ਹੈ।ਇਸ ਸੰਸਥਾ ਵਿੱਚ ਉਹ ਹਰ ਦਿਵਸ ਮਨਾਇਆ ਜਾਂਦਾ ਹੈ ਜੋ ਵਿਦਿਆਰਥੀਆਂ ਦੀਆਂ ਕਿਰਿਆਤਮਕ ਰੁਚੀਆਂ ਨੂੰ ਵੀ ਉਜਾਗਰ ਕਰ ਸਕਦਾ ਹੋਵੇ।ਇਸ ਸੰਸਥਾ ਵਿੱਚਵਿਸ਼ਵ ਡਾਂਸ ਦਿਵਸ (ਵਰਲਡ ਡਾਂਸ ਡੇਅ) ਨੂੰ ਵੀ ਵਿਸ਼ੇਸ਼ ਤੌਰ ਤੇ ਮਨਾਇਆ ਗਿਆ।ਇਸ ਤੋਂ ਬਾਅਦ ਇੰਟਰ ਹਾਊਸ ਡਾਂਸ ਮੁਕਾਬਲੇ ਸ਼ੁਰੂ ਹੋਏ।ਇਸ ਸਮੇਂ ਸਕੂਲ ਦੇ ਬਲਿਊ ਹਾਊਸ, ਗ੍ਰੀਨ ਹਾਊਸ, ਰੈੱਡ ਹਾਊਸ ਅਤੇ ਯੈਲੋ ਹਾਊਸ ਵੱਲੋਂ ਭਾਰਤ ਦੇ ਵੱਖ-ਵੱਖ ਲੋਕ ਨਾਚਾਂ ਨੂੰ ਪੇਸ਼ ਕੀਤਾ ਗਿਆ।ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਦਿਲ ਖਿੱਚਵਾਂ ਡਾਂਸ ਪੇਸ਼ ਕੀਤਾ ਗਿਆ।ਭਾਰਤ ਦੇ ਵੱਖ-ਵੱਖ ਰਾਜਾਂ ਦੀ ਪੁਸ਼ਾਕ ਵਿੱਚ ਸਜੀਆ-ਧਜੀਆਂ ਮੁਟਿਆਰਾਂ ਸੱਭਿਆਚਾਰ ਦੀ ਜਿਉਂਦੀ ਜਾਗਦੀ ਤਸਵੀਰ ਲੱਗ ਰਹੀਆਂ ਸਨ।ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸਾਹਿਬ ਸ੍ਰੀ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਕਿਰਿਆਤਮਕ ਰੁਚੀ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਅਜਿਹੀਆਂ ਰੁਚੀਆਂ ਵੀ ਸਾਡੀ ਬੁੱਧੀ ਨੂੰ ਬਲਵਾਨ ਬਣਾਉਂਦੀਆਂ ਹਨ।ਜ਼ਿਕਰਯੋਗ ਹੈ ਕਿ ਜੱਜ ਕਮੇਟੀ ਦੀ ਭੂਮਿਕਾ ਸਕੂਲ ਦੇ ਕੁਆਰਡੀਨੇਟਰਜ਼ ਵੱਲੋਂ ਨਿਭਾਈ ਗਈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ) , ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਬੱਚਿਆਂ ਦੀ ਕਲਾ ਤੇ ਉਨ੍ਹਾਂ ਤਾਰੀਫ਼ ਕੀਤੀ ਤੇ ਇਸੇ ਤਰ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦੇ ਰਹਿਣ ਲਈ ਹੱਲਾਸ਼ੇਰੀ ਦਿੱਤੀ।

# ਗੁਰਪ੍ਰੀਤ ਸਿੰਘ ਕਾਂਗੜ ਜ਼ਿਲ੍ਹਾ ਇੰਚਾਰਜ ਕੋ-ਆਰਡੀਨੇਟਰ ਮਾਨਸਾ ਨਿਯੁਕਤ

ਭਗਤਾ ਭਾਈ ਕਾ, 28 ਅਪਰੈਲ (ਸਵਰਨ ਸਿੰਘ ਭਗਤਾ): ਪੰਜਾਬ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ ਮਾਨਸਾ ਲਈ ਜ਼ਿਲ੍ਹਾ ਕੋ-ਆਰਡੀਨੇਟਰ ਨਿਯੁਕਤ ਦਾ ਐਲਾਨ ਕੀਤਾ ਹੈ। ਗੁਰਪ੍ਰੀਤ ਸਿੰਘ ਕਾਂਗੜ ਦੀ ਹੋਈ ਇਸ ਨਿਯੁਕਤੀ ਨੂੰ



ਲੈਕੇ ਹਲਕੇ ਕਾਂਗਰਸੀ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ (ਸੰਗਠਨ) ਇੰਚਾਰਜ ਸੰਦੀਪ ਸਿੰਘ ਸੰਧੂ ਨੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੂੰ 4 ਮਈ ਨੂੰ ਸੰਗਰੂਰ ਵਿਖੇ ਹੋਣ ਜਾ ਰਹੀ ਸੂਬਾ ਪੱਧਰੀ ਰੈਲੀ ਲਈ ਪਾਰਟੀ ਵਰਕਰਾਂ ਨੂੰ ਲਾਮਵੰਦ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਰੈਲੀ ਦੌਰਾਨ ਏਆਈਸੀਸੀ ਦੇ ਆਗੂ ਪੰਜਾਬ ਮਸਲਿਆਂ ਦੇ ਇੰਚਾਰਜ ਜਨਰਲ ਸਕੱਤਰ ਭੁਪੇਸ਼ ਬਘੇਲ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਨਗੇ।ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਕਾਂਗੜ 6 ਮਈ ਤੋਂ 14 ਮਈ ਤੱਕ ਜ਼ਿਲ੍ਹਾ ਹੈਡਕੁਆਰਟਰ ਤੇ ਜ਼ਿਲ੍ਹਾ ਪੱਧਰੀ ਰੈਲੀ ਕਰਵਾਉਣ ਕਿਹਾ ਗਿਆ ਹੈ।ਇਸ ਮੌਕੇ ਗੁਰਪ੍ਰੀਤ ਸਿੰਘ ਕਾਂਗੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਨ ਦਾ ਧੰਨਵਾਦ ਕੀਤਾ ਅਤੇ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਮਿਹਨਤ ਨਾਲ ਨਿਭਾਵਾਂਗਾ। ਕਾਂਗੜ ਦੀ ਹੋਈ ਇਸ ਨਿਯੁਕਤੀ ਤੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਜਗਜੀਤ ਸਿੰਘ ਕੋਇਰ ਸਿੰਘ ਵਾਲਾ, ਇੰਦਰਜੀਤ ਸਿੰਘ ਜੱਗਾ ਸਾਬਕਾ ਸਰਪੰਚ ਭੋਡੀਪੁਰਾ, ਗੋਰਾ ਸਿੰਘ ਕਾਂਗੜ,ਸੰਮਾ ਸਿੱਧੂ, ਗੁਰਸੇਵਕ ਸਿੰਘ ਸੋਨੀ ਦਿਆਲਪੁਰਾ ਮਿਰਜ਼ਾ, ਗੁਰਤੇਜ ਸਿੰਘ ਜਲਾਲ,ਲਖਵੀਰ ਸਿੰਘ ਲੱਖਾ, ਜਸਮੀਤ ਸਿੰਘ ਬਰਾੜ ਤੋਂ ਇਲਾਵਾ ਹੋਰ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਗੁਰਪ੍ਰੀਤ ਸਿੰਘ ਕਾਂਗੜ ਨੂੰ ਵਧਾਈ ਦਿੱਤੀ।

# ਸੰਗਰੂਰ ਪੁਲਿਸ ਨੇ ਕੀਤਾ ਪੰਜਾਬ ਵਿੱਚ ਅਸਲੇ ਦੀ ਸਪਲਾਈ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼

ਸੰਗਰੂਰ, 28 ਅਪ੍ਰੈਲ (ਹਰਕੰਵਲ ਸਿੰਘ ਹੈਪੀ) :ਸੰਗਰੂਰ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਉਹਨਾਂ ਵੱਲੋਂ ਪੰਜਾਬ ਵਿੱਚ ਅਸਲੇ ਦੀ ਸਪਲਾਈ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ।ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ ਸੰਗਰੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਪੰਜਾਬ ਵਿੱਚ ਅਸਲਾ ਸਪਲਾਈ ਕਰਨ ਵਾਲਾ ਗਿਰੋਹ ਦਾ ਪਰਦਾਫਾਸ਼ ਕਰਕੇ 03 ਦੋਸੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 3 ਨਜਾਇਜ ਪਿਸਟਲ 32 ਬੋਰ ਸਮੇਤ 03 ਮੈਗਜੀਨ ਤੇ 4 ਜਿੰਦਾ ਕਾਰਤੂਸ ਅਤੇ 3 ਨਜਾਇਜ ਅਸਲੇ 315 ਬੋਰ ਸਮੇਤ 3 ਜਿੰਦਾ ਕਾਰਤੂਸ ਸਮੇਤ ਆਲਟੋ ਗੱਡੀ ਬ੍ਰਾਮਦ ਕਰਵਾਈ ਗਈ।ਉਹਨਾਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਦਵਿੰਦਰ ਕੁਮਾਰ ਅੱਤਰੀ, ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ੍ਰੀ ਦਲਜੀਤ ਸਿੰਘ ਵਿਰਕ, ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਦੀ ਅਗਵਾਈ ਹੇਠ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਬਹਾਦਰ ਸਿੰਘ ਵਾਲਾ ਦੀ ਟੀਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਮਿਤੀ 25 ਅਪ੍ਰੈਲ ਨੂੰ ਸੀ.ਆਈ.ਏ ਬਹਾਦਰ



ਸਿੰਘ ਵਾਲਾ ਦੀ ਟੀਮ ਥਾਣਾ ਸਦਰ ਸੰਗਰੂਰ ਦੇ ਏਰੀਆ ਵਿੱਚ ਗਸ਼ਤ ਅਤੇ ਚੈਕਿੰਗ ਦੌਰਾਨ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਟੀ ਪੁਆਇੰਟ ਗੰਗਾ ਸਿੰਘ ਵਾਲਾ ਤੋਂ ਬਾਲੀਆਂ ਮੌਜੂਦ ਸੀ ਤਾਂ ਆਲਟੋ ਗੱਡੀ ਨੰਬਰ PB-014-3361 ਵਿੱਚੋਂ ਦੋਸ਼ੀ ਹਿਮਾਂਸੂ ਉਰਫ ਹੈਪੀ ਪੁੱਤਰ ਪ੍ਰਵੀਨ ਕੁਮਾਰ ਵਾਸੀ ਲੋਹਗੜ ਗੇਟ ਹਿੰਦੋਸਤਾਨੀ ਪੱਤੀ ਅੰਮ੍ਰਿਤਸਰ, ਹਿਮਾਂਸੂ ਉਰਫ ਭੋਲਾ ਪੁੱਤਰ ਨਗੀਨਾ ਵਾਸੀ ਰਾਜੀਵ ਨਗਰ ਅੰਮ੍ਰਿਤਸਰ ਹਾਲ ਵਾਸੀ ਨੇੜੇ ਗਿਲਕੋ ਇੰਟਰਨੈਸ਼ਨਲ ਸਕੂਲ ਸੈਕਟਰ-127 ਖਰੜ ਜਿਲ੍ਹਾ ਮੋਹਾਲੀ ਅਤੇ ਅਮਰਜੀਤ ਸਿੰਘ ਉਰਫ ਕਾਲੀ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਮਨਾਂਵਾ ਜਿਲ੍ਹਾ ਮੋਗਾ ਹਾਲ ਵਾਸੀ ਬਲੌਂਗੀ ਜਿਲ੍ਹਾ ਮੋਹਾਲੀ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜਾ ਵਿੱਚੋਂ 03 ਨਜਾਇਜ ਪਿਸਟਲ 32 ਬੋਰ, ਸਮੇਤ 03 ਮੈਗਜੀਨ ਤੇ 04 ਕਾਰਤੂਸ ਅਤੇ 03 ਨਜਾਇਜ ਅਸਲੇ 315 ਬੋਰ ਸਮੇਤ 03 ਜਿੰਦਾ ਕਾਰਤੂਸ ਬ੍ਰਾਮਦ ਕਰਕੇ ਮੁਕੱਦਮਾ ਨੰਬਰ 59 ਮਿਤੀ 25.04.2025 ਅ/ਧ 25/54/59 ਅਸਲਾ ਐਕਟ ਥਾਣਾ ਸਦਰ ਸੰਗਰੂਰ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਉਹਨਾਂ ਦੱਸਿਆ ਕਿ ਹਿਮਾਂਸ਼ੂ ਉਰਫ ਹੈਪੀ ਖ਼ਿਲਾਫ਼ ਪਹਿਲਾਂ ਵੀ ਮੁਕੱਦਮਾ ਨੰਬਰ 22 ਮਿਤੀ 22 ਫਰਵਰੀ 2022 ਅ/ਧ 379,411 ਥਾਣਾ ਡਿਵੀਜ਼ਨ ਨੰਬਰ ਏ ਅੰਮ੍ਰਿਤਸਰ ਸਿਟੀ ਵਿਖੇ ਦਰਜ ਹੈ।ਤਫਤੀਸ਼ ਦੌਰਾਨ ਦੋਸ਼ੀਆਂ ਨੂੰ ਮਿਤੀ 26 ਅਪ੍ਰੈਲ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ। ਦੋਸੀਆਂ ਪਾਸੋਂ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਉੱਤਰ ਪ੍ਰਦੇਸ਼ ਅਤੇ ਹੋਰ ਬਾਹਰਲੀਆਂ ਸਟੇਟਾਂ ਤੋਂ ਅਸਲਾ ਲਿਆ ਕੇ ਪੰਜਾਬ ਵਿੱਚ ਵੇਚਦੇ ਸਨ। ਸ. ਚਾਹਲ ਨੇ ਦੱਸਿਆ ਕਿ ਦੌਰਾਨੇ ਪੁੱਛ-ਗਿੱਛ ਦੋਸੀਆਂ ਪਾਸੋਂ ਹੋਰ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ ਤੇ ਤਫਤੀਸ਼ ਜਾਰੀ ਹੈ।

# ਜੱਸ ਧਾਲੀਵਾਲ ਦੀ ਕਿਤਾਬ 'ਮੈਂ ਗਾਰਗੀ ਦੇ ਪਿੰਡ ਦਾ' ਲੋਕ ਅਰਪਣ ਸਮਾਰੋਹ ਕਰਵਾਇਆ

ਭਦੌੜ, 28 ਅਪ੍ਰੈਲ (ਸੁਖਵਿੰਦਰ ਪਲਾਹਾ):ਪ੍ਰਸਿੱਧ ਪ੍ਰਾਚੀਨ ਮੰਦਿਰ ਬੀਬੜੀਆਂ ਮਾਈਆਂ ਸ਼ਹਿਣਾ ਦੇ ਲੰਗਰ ਹਾਲ ਵਿੱਚ ਸ਼ਹਿਣਾ ਦੇ ਜੰਮਪਲ ਲੇਖਕ ਜੱਸ ਧਾਲੀਵਾਲ ਦੀ ਕਿਤਾਬ ਮੈਂ ਗਾਰਗੀ ਦੇ ਪਿੰਡ ਦਾ ਲੋਕ ਅਰਪਣ ਸਮਾਰੋਹ ਕਰਵਾਇਆ ਗਿਆ, ਕਿਤਾਬ ਦੇ ਘੁੰਡ ਚੁੱਕ ਸਮਾਗਮ ਵਿੱਚ ਅਮਰੀਕ ਸਿੰਘ ਬੀਕਾ ਪ੍ਰਧਾਨ ਪ੍ਰਸਿੱਧ ਪ੍ਰਾਚੀਨ ਮੰਦਰ ਬੀਬੜੀਆਂ ਮਾਈਆਂ ਪ੍ਰਬੰਧਕ ਕਮੇਟੀ, ਡਾ. ਅਨਿਲ ਕੁਮਾਰ ਗਰਗ ਖਜਾਨਚੀ ਤੇ ਸਮੁੱਚੀ ਪ੍ਰਬੰਧਕ ਕਮੇਟੀ, ਸਰਪੰਚ ਸਮੂਹ ਪੰਚਾਇਤ ਮੈਂਬਰ, ਗੁਰਤੇਜ ਸਿੰਘ ਏਐਸਆਈ, ਅਕਾਸਦੀਪ ਸਿੰਘ ਮੁੱਖ ਮੁਨਸ਼ੀ, ਮੈਡਮ ਢਿੱਲੋਂ, ਦਲਜੀਤ ਸ਼ਰਮਾ, ਰਵਿੰਦਰ ਕੋਰੜਾ, ਜਗਮੇਲ ਕਲਿਆਣ, ਜੋਗਿੰਦਰ ਸਿੰਘ ਸਾਗਰ,ਅਮਨ ਅਮਰਗੜ੍ਹ ਆਦਿ ਨੇ ਵਿਸ਼ੇਸ਼ ਤੌਰ ਤੇ ਪਹੁੰਚਕੇ ਸਮਾਗਮ ਵਿੱਚ ਸ਼ਿਰਕਤ ਕੀਤੀ। ਪ੍ਰਸਿੱਧ ਪ੍ਰਾਚੀਨ ਮੰਦਰ ਬੀਬੜੀਆਂ ਮਾਈਆਂ ਪ੍ਰਬੰਧਕ ਕਮੇਟੀ ਵੱਲੋਂ ਲੇਖਕ ਜੱਸ ਧਾਲੀਵਾਲ ਦਾ ਉਚੇਚੇ ਤੌਰ ਤੇ ਸਨਮਾਨ ਕਰਦਿਆਂ ਕਿਹਾ ਕਿ ਛੋਟੀ ਉਮਰ ਵਿੱਚ ਹੀ ਦੋ ਕਿਤਾਬਾਂ ਲਿਖਣ ਵਾਲੇ ਇਸ ਨੌਜਵਾਨ ਨੂੰ ਹਮੇਸ਼ਾ ਹੀ ਸਹਿਯੋਗ ਦਿੰਦੇ ਰਹਾਂਗੇ। ਬੁਲਾਰੇ ਨੇ ਕਿਹਾ ਕਿ ਜਦੋਂ ਵੀ ਕੋਈ ਨੌਜਵਾਨ ਆਪਣੀ ਜ਼ਿੰਦਗੀ ਦਾ ਇਸ ਤਰ੍ਹਾਂ ਸਫ਼ਲ ਸ਼ੁਰੂ ਕਰਦਾ ਹੈਂ ਉਸਦੇ ਰਸਤੇ ਵਿੱਚ ਗਾਰਗੀ ਦੇ ਪਿੰਡ ਦੀ ਕਿਤਾਬ ਨੂੰ ਵੀ ਪੂਰਾ ਸਤਿਕਾਰ ਦੇਵੋਗੇ, ਕਿਤਾਬ ਰਿਲੀਜ਼ ਸਮਾਰੋਹ ਸਮਾਗਮ ਦੌਰਾਨ ਜੱਸ ਧਾਲੀਵਾਲ ਦੀ ਸਮੁੱਚੀ ਟੀਮ ਵੱਲੋਂ ਆਈਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ, ਸਟੇਜ ਸੈਕਟਰੀ ਦੀ ਭੂਮਿਕਾ ਲੇਖਕ ਮੱਖਣ ਮਿੱਤਲ ਸਹਿਣਾ ਨੇ ਨਿਭਾਈ। ਇਸ ਮੌਕੇ ਰਿੰਕੂ ਗੁਲਜ਼ਾਰ,ਨੀਲਮ ਟੇਲਰ, ਨਾਹਰ ਸਿੰਘ ਫੋਜੀ, ਪ੍ਰੇਮ ਸਿੰਘ ਸਹੋਤਾ, ਪੰਚਾਇਤ ਮੈਂਬਰ ਗੁਰਮੁੱਖ ਸਿੰਘ, ਲਖਵੀਰ ਸਿੰਘ ਸੰਧੂ,ਡਾ. ਸੁਖਪਾਲ ਸਿੰਘ, ਗੁਰਦੀਪ ਨੈਣੇਵਾਲ,ਅਮਨ ਢਿੱਲੋਂ, ਭਿੰਦਾ ਯਾਰ, ਅਰਸ਼ਦੀਪ ਮਾਨ, ਕੁਲਦੀਪ ਨੈਣੇਵਾਲ, ਮਾਸਟਰ ਧਰਮਿੰਦਰ ਸਿੰਘ,ਨਾਹਰ ਸਿੰਘ



ਜਸਵਿੰਦਰ ਕੌਰ ਦੱਦਾਹੂਰ, ਦੇਵ ਕਾਕੜਾ, ਗੁਰਵਿੰਦਰ ਸਿੰਘ ਮਾਨ ਡਾਇਰੈਕਟਰ, ਸੁਖਵਿੰਦਰ ਸਿੰਘ ਧਾਲੀਵਾਲ ਹਲਕਾ ਭਦੌੜ, ਗੁਰਵਿੰਦਰ ਸਿੰਘ ਨਾਮਧਾਰੀ ਜ਼ਿਲ੍ਹਾ ਜਥੇਬੰਦੀ ਸਕੱਤਰ, ਪ੍ਰਿੰਸੀਪਲ ਪਰਮਿੰਦਰ ਸਿੰਘ ਅਨੇਕਾਂ ਹੀ ਤੂਫ਼ਾਨ ਝੱਖੜ ਆਉਂਦੇ ਹਨ ਉਨ੍ਹਾਂ ਨਾਲ ਟੱਕਰ ਲੈਣ ਲਈ ਹੌਸਲਾ ਹਮੇਸ਼ਾ ਬੁਲੰਦ ਰੱਖਣਾ ਚਾਹੀਦਾ ਹੈ। ਲੇਖਕ ਜੱਸ ਧਾਲੀਵਾਲ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਜਿਸ ਤਰ੍ਹਾਂ ਤੁਸੀਂ ਮੇਰੀ ਪਹਿਲੀ ਕਿਤਾਬ ਨੂੰ ਪੜ੍ਹਿਆ ਹੁਣ ਮੈਂ ਰਾਏਸਰ, ਐਡਵੋਕੇਟ ਵਰਿੰਦਰ ਕੈਂਥ,ਰਾਜੂ ਧਾਲੀਵਾਲ, ਸਵਰਨਜੀਤ ਸਿੰਘ ਸਾਬਕਾ ਪੰਚ,ਡਾ. ਰਘਬੀਰ ਸਿੰਘ ਸਰੰਦੀ, ਜਗਤਾਰ ਸਿੰਘ, ਗਗਨਦੀਪ ਸਿੰਘ ਧਾਲੀਵਾਲ , ਪਰਮਿੰਦਰ ਸਿੰਘ ਆਦਿ ਹਾਜ਼ਰ ਸਨ।

# ਮੁਸਲਿਮ ਭਾਈਚਾਰੇ ਵੱਲੋਂ ਭਦੌੜ ਵਿਖੇ ਪਹਿਲਗਾਮ 'ਚ ਅੱਤਵਾਦੀ ਹਮਲੇ ਵਿਰੁੱਧ ਪ੍ਰਗਟਾਇਆ ਰੋਸ

ਭਦੌੜ, 28 ਅਪ੍ਰੈਲ (ਸੁਖਵਿੰਦਰ ਪਲਾਹਾ):ਪਹਿਲਗਾਮ ਵਿਖੇ ਬੀਤੇ ਦਿਨੀਂ ਅੱਤਵਾਦੀਆਂ ਵੱਲੋਂ ਹਮਲੇ ਦੌਰਾਨ 26 ਸੈਲਾਨੀਆਂ ਦੀ ਹੱਤਿਆ ਕਰਨ ਦੇ ਵਿਰੋਧ 'ਚ ਮੁਸਲਿਮ ਪ੍ਰਬੰਧਕ ਕਮੇਟੀ ਹਲਕਾ ਭਦੌੜ ਦੇ ਪ੍ਰਧਾਨ ਡਾ. ਸੁਖਵਿੰਦਰ ਸੋਨੂੰ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਮੁਸਲਿਮ ਭਾਈਚਾਰੇ ਵਲੋਂ ਇੱਕਜੁੱਟ ਹੋਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਮ੍ਰਿਤਕ ਨਿਰਦੋਸ਼ ਯਾਤਰੀਆਂ ਦੀ ਆਤਮਿਕ ਸ਼ਾਂਤੀ ਲਈ ਆਪਣੇ ਹੱਥਾਂ 'ਚ ਮੋਮਬੱਤੀਆਂ ਫੜਕੇ ਜਾਮਾ ਮਸਜਿਦ ਭਦੌੜ ਤੋਂ ਸ਼ਹੀਦ-ਏ-ਆਜਮ ਭਗਤ ਸਿੰਘ ਚੌਂਕ ਤੱਕ ਪੈਦਲ ਕੈਂਡਲ ਮਾਰਚ ਕੱਢਿਆ ਗਿਆ ਅਤੇ ਦੋ ਮਿੰਟ ਦਾ ਮੌਨ ਰੱਖਕੇ ਸਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਇਸ ਮੌਕੇ ਪ੍ਰਧਾਨ ਡਾ. ਸੁਖਵਿੰਦਰ ਸੋਨੂੰ ਨੇ ਕਿਹਾ ਕਿ ਜਿਸ ਢੰਗ ਨਾਲ ਅੱਤਵਾਦੀਆਂ ਨੇ ਪਹਿਲਗਾਮ ਵਿਖੇ ਹਮਲਾ ਕਰਕੇ ਨਿਰਦੋਸ਼ 26 ਸੈਲਾਨੀਆਂ ਨੂੰ ਧਰਮ ਪੁੱਛਕੇ ਗੋਲੀ ਮਾਰਕੇ ਹੱਤਿਆਂ ਕਰਨ ਨੂੰ ਅੰਜਾਮ ਦਿੱਤਾ ਹੈ, ਉਹ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਮਹਿਮਾਨ ਰੱਬ ਦਾ ਰੂਪ ਹੁੰਦੇ ਹਨ ਅਤੇ ਜਿਹੜੇ ਅੱਤਵਾਦੀਆਂ ਨੇ ਘਰ ਆਏ ਮਹਿਮਾਨਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਹੈ ਉਨ੍ਹਾਂ ਨੂੰ ਮਨੁੱਖਤਾ ਦੇ ਇਤਿਹਾਸ 'ਚ ਕਦੇ ਵੀ ਮੁਆਫੀ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਦਾ ਕੋਈ ਵੀ ਧਰਮ ਨਹੀਂ ਹੁੰਦਾ ਅਤੇ ਇਹ ਸਿਰਫ ਮਨੁੱਖਤਾ ਦੇ ਦੁਸ਼ਮਣ ਹੁੰਦੇ ਹਨ ਪ੍ਰੰਤੂ ਇਨ੍ਹਾਂ ਦੀਆਂ ਗਲਤ ਚਾਲਾਂ ਕਦੇ ਵੀ ਹਿੰਦੂ, ਸਿੱਖ, ਮੁਸਲਮਾਨ ਅਤੇ ਇਸਾਈ ਦੀ ਆਪਸੀ ਗੂੜੀ ਸਾਂਝ ਨੂੰ ਕਦੇ ਵੀ ਖਤਮ ਨਹੀ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਜਿਨ੍ਹਾਂ ਅੱਤਵਾਦੀਆਂ ਨੇ ਨਿਰਦੋਸ਼ ਸੈਲਾਨੀਆਂ ਦੀ ਹੱਤਿਆ ਕੀਤੀ ਹੈ। ਭਾਰਤ ਸਰਕਾਰ ਨੂੰ ਉਨ੍ਹਾਂ ਵਿਰੋਧ ਸਖਤ ਤੋਂ ਸਖਤ ਕਦਮ ਚੁੱਕਣਾ ਚਾਹੀਦਾ ਹੈ।

ਇਸ ਮੌਕੇ ਮੁਸਲਿਮ ਵਿੰਗ ਹਲਕਾ ਪ੍ਰਧਾਨ ਸੁਖਵਿੰਦਰ ਸੋਨੂੰ, ਮੁਸਲਿਮ ਵੈਲਫੇਅਰ ਕਮੇਟੀ ਭਦੌੜ ਦੇ ਪ੍ਰਧਾਨ ਕੌਰ ਸੈਨ, ਸਕੱਤਰ ਹਨੀਫ ਖਾਨ, ਖਜਾਨਚੀ ਸਲੀਮ ਮਹੁੰਮਦ, ਸਲਾਹਕਾਰ ਬੂਟਾ ਖਾਂ, ਜੰਟਾ ਖਾਂ, ਨੂਰ ਖਾਂ, ਸ਼ਹਿਜ਼ਾਦ ਖਾਂ, ਨਤੀਸ ਇੰਤਜਾਰ, ਬੂਟਾ ਸਿੰਘ, ਜੀਤੀ ਚਕਰ, ਸ਼ਹਿਜ਼ਾਦ ਮੁਹੰਮਦ, ਇਮਾਮ ਸ਼ਕੀਲ ਮਹੁੰਮਦ,ਜੀਵ ਖਾਂ,ਜਾਵੇਦ ਖਾਂ, ਤੇਜ ਖਾਂ, ਸਾਧੂ ਖਾਂ, ਬਬਲਾ ਖਾ, ਮੀਦਾ ਖਾਂ ਪ੍ਰੈਸ ਸਕੱਤਰ ਆਦਿ ਹਜ਼ਾਰ ਸਨ ।

# ਸਾਈ ਸੰਮਤੀ ਨੇ ਧੂਮ ਧਾਮ ਨਾਲ ਮਨਾਇਆ ਆਰਾਧਨਾ ਮਹੋਤਸਵ

ਤਪਾ ਮੰਡੀ, 28 ਅਪ੍ਰੈਲ:(ਭੂਸ਼ਨ ਘੜੈਲਾ):ਸ਼੍ਰੀ ਸਤਿਆ ਸਾਈ ਸੇਵਾ ਸੰਮਤੀ ਤਪਾ ਵੱਲੋਂ ਅਰਾਧਨਾ ਮਹਾਉਤਸਵ ਸਮਾਰੋਹ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸ਼੍ਰੀ ਗੀਤਾ ਭਵਨ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਜੋਤੀ ਪ੍ਰਚੰਡ ਕਰਨ ਦੀ ਰਸਮ ਸੰਮਤੀ ਦੇ ਯੂਥ ਵਿੰਗ ਦੇ ਮੈਂਬਰ ਪੁਨੀਤ ਗੋਇਲ ਅਤੇ ਲਵਿਸ ਮਿੱਤਲ ਨੇ ਅਦਾ ਕੀਤੀ। ਇਸ ਤੋਂ ਬਾਅਦ ਬਰਨਾਲਾ ਸੰਮਤੀ ਵੱਲੋਂ ਸਰਵ ਧਰਮ ਭਜਨ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਤੇ ਸਾਈ ਦੀਪ ਪ੍ਰਜਵਲਿਤ ਕਰਨ ਦੀ ਰਸਮ ਪ੍ਰਸਿੱਧ ਸਮਾਜ ਸੇਵੀ ਅਤੇ ਜਰਨਲਿਸਟ ਸ਼੍ਰੀਮਤੀ ਅਤੇ ਮੋਹਿਤ ਸਿੰਗਲਾ ਨੇ ਅਦਾ ਕੀਤੀ। ਤਪਾ ਬਾਲ ਵਿਕਾਸ ਦੇ ਬੱਚਿਆਂ ਨੇ ਬਾਲ ਵਿਕਾਸ ਗੁਰੂ ਮੈਡਮ ਸੰਤੋਸ਼ ਦੇਵੀ ਦੀ ਅਗਵਾਈ ਵਿੱਚ ਸਭਿਆਚਾਰਿਕ ਪ੍ਰੋਗਰਾਮ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕਰ ਦਿੱਤਾ। ਸਟੇਜ ਸਕੱਤਰ ਦੀ ਭੂਮਿਕਾ ਸੰਗਠਨ ਦੇ ਸਟੇਟ ਐਜੂਕੇਸ਼ਨ ਕੋਆਰਡੀਨੇਟਰ ਪ੍ਰੇਮ ਭਾਰਤੀ ਨੇ ਬਾਖੂਬੀ ਨਿਭਾਈ। ਉਹਨਾਂ ਨੇ ਸਾਈ ਬਾਬਾ ਜੀ ਦੇ ਮਿਸ਼ਨ




ਅਤੇ ਉਹਨਾਂ ਦੀਆਂ ਸਿੱਖਿਆਵਾਂ ਵਾਰੇ ਸਮੇਂ ਸਮੇਂ ਤੇ ਦੱਸਿਆ। ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸ਼੍ਰੀ ਸਤਿਆ ਸਾਈ ਸੇਵਾ ਸੰਗਠਨ ਜਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਅਨਿਲ ਸ਼ਰਮਾ ਨੇ ਸਾਈ ਬਾਬਾ ਜੀ ਦੇ ਮਿਸ਼ਨ ਵਾਰੇ ਦੱਸਦੇ ਹੋਏ ਕਿਹਾ ਕਿ ਬਾਬਾ ਜੀ ਨੇ ਹਮੇਸ਼ਾ ਸਭ ਨਾਲ ਪ੍ਰੇਮ ਅਤੇ ਸਾਰਿਆਂ ਦੀ ਸੇਵਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਬਹੁਤ ਕਿਸਮਤ ਵਾਲੇ ਹਨ, ਜੋ ਬਾਬਾ ਜੀ ਦੇ ਮਿਸ਼ਨ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਨੇ ਸਾਰਿਆਂ ਨੂੰ ਸਾਈ ਬਾਬਾ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਨਾਮ ਵੰਡਣ ਦੀ ਰਸਮ ਗਾਰਗੀ ਫਾਊਂਡੇਸ਼ਨ ਦੇ ਚੇਅਰਮੈਨ ਸ੍ਰੀਮਤੀ ਅਤੇ ਜਨਕ ਗਾਰਗੀ ਦੀ ਨੇ ਅਦਾ ਕੀਤੀ। ਸੰਮਤੀ ਵੱਲੋਂ ਵਿਦਿਆ ਜਯੋਤੀ ਪ੍ਰੋਗਰਾਮ ਅਧੀਨ ਗੋਦ ਲਏ ਤਿੰਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਵੀਂ ਕਲਾਸ ਵਿੱਚੋ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਲਗਾਤਾਰ ਸਹਿਯੋਗ ਦੇਣ ਲਈ ਉਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

# ਸਾਰੀਆਂ ਅਲ੍ਹਾਮਤਾਂ ਤੇ ਕੁਰੀਤੀਆਂ ਦਾ ਹੱਲ ਸਿੱਖਿਆ ਹੈ : ਵਿਧਾਇਕ ਬੁੱਧ ਰਾਮ

ਮਾਨਸਾ, 28 ਅਪ੍ਰੈਲ: (ਵਿਰੋਂਦਰਪਾਲ ਮੰਤਰੋ ):ਸਾਰੀਆਂ ਸਮਾਜਿਕ ਅਲ੍ਹਾਮਤਾਂ ਤੇ ਕੁਰੀਤੀਆਂ ਦਾ ਹੱਲ ਸਿੱਖਿਆ ਹੀ ਹੈ। ਸਿੱਖਿਆ ਦਾ ਵਿਸਥਾਰ ਕਰਨਾ ਹੀ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਮੁੱਢਲੀ ਤਰਜੀਹ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਹਲਕੇ ਦੇ ਪਿੰਡ ਸੰਘਰੇੜੀ ਅਤੇ ਜਲਵੇੜਾ ਦੇ ਸਰਕਾਰੀ ਸਕੂਲਾਂ 'ਚ ਕਰੀਬ 30 ਲੱਖ ਤੋਂ ਵਧੇਰੇ ਦੇ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ।ਵਿਧਾਇਕ ਬੁੱਧ ਰਾਮ ਨੇ ਕਿਹਾ ਸੂਬਾ ਸਰਕਾਰੀ ਦੀ ਸਿੱਖਿਆ ਨੀਤੀ ਤਹਿਤ ਹੀ ਅਧਿਆਪਕਾਂ ਨੂੰ ਦੇਸ ਵਿਦੇਸ਼ਾਂ 'ਚ ਸਿਖਲਾਈ ਲਈ ਭੇਜਿਆ ਗਿਆ। ਸਕੂਲਾਂ 'ਚ ਆਧੁਨਿਕ ਸਿੱਖਿਆ ਪ੍ਰਣਾਲੀ ਮੁਹੱਈਆ ਕਰਵਾਉਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਇਕ ਦੇਸ਼ ਅੰਦਰ ਚੰਗੇ ਨਾਗਰਿਕ ਪੈਦਾ ਕਰਦੀ ਹੈ, ਇਸੇ ਮੰਤਵ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ 'ਸਿੱਖਿਆ ਕਰਾਂਤੀ ਮੁਹਿੰਮ' ਸ਼ੁਰੂ ਕੀਤੀ ਗਈ ਹੈ ਤਾਂ ਜੋ ਸਰਕਾਰੀ ਸਕੂਲਾਂ ਦਾ ਵਿਕਾਸ ਹੋ ਸਕੇ ਅਤੇ ਮਾਪਿਆਂ ਦਾ ਸਰਕਾਰੀ ਸਕੂਲਾਂ ਵਿਚ ਵਿਸ਼ਵਾਸ ਪੈਦਾ ਹੋ ਸਕੇ।ਵਿਧਾਇਕ ਬੁੱਧ ਰਾਮ ਨੇ ਸਰਕਾਰੀ ਪ੍ਰਾਇਮਰੀ ਸਕੂਲ ਸੰਘਰੇੜੀ ਵਿਖੇ 03 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਚਾਰਦੀਵਾਰੀ, 01 ਲੱਖ 40 ਹਜ਼ਾਰ ਰੁਪਏ ਨਾਲ ਪਖ਼ਾਨਿਆਂ ਦਾ ਨਵੀਨੀਕਰਨ, ਸਰਕਾਰੀ ਪ੍ਰਾਇਮਰੀ ਸਕੂਲ ਜਲਵੇੜਾ ਵਿਖੇ 01 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਚਾਰਦੀਵਾਰੀ, 09 ਲੱਖ 55 ਹਜ਼ਾਰ ਰੁਪਏ ਦੀ ਲਾਗਤ ਨਾਲ ਕਲਾਸਰੂਮ, 84 ਹਜ਼ਾਰ ਰੁਪਏ ਐਲ.ਈ.ਡੀ. ਪੈਨਲ, 01 ਲੱਖ ਰੁਪਏ ਨਾਲ ਲੜਕੇ ਲੜਕੀਆਂ ਲਈ ਪਖ਼ਾਨੇ, 06 ਲੱਖ 15 ਹਜ਼ਾਰ ਰੁਪਏ ਨਾਲ ਮੇਜਰ ਰਿਪੇਅਰ ਅਤੇ 01 ਲੱਖ 54 ਹਜ਼ਾਰ ਰੁਪਏ ਨਾਲ ਮੁਕੰਮਲ ਕਰਵਾਏ ਸਕੂਲ ਦੇ ਹੋਰ ਕਾਰਜਾਂ ਦਾ ਉਦਘਾਟਨ ਕੀਤਾ।ਸਰਕਾਰੀ ਮਿਡਲ ਸਕੂਲ ਜਲਵੇੜਾ ਵਿਖੇ 02 ਲੱਖ 5 ਹਜ਼ਾਰ ਰੁਪਏ ਨਾਲ ਤਿਆਰ ਚਾਰਦੀਵਾਰੀ, 84 ਹਜ਼ਾਰ ਰੁਪਏ ਦਾ ਐਲ.ਈ.ਡੀ. ਪੈਨਲ, 01 ਲੱਖ 06 ਹਜ਼ਾਰ ਰੁਪਏ ਨਾਲ ਤਿਆਰ ਟਰੈਕ, 50 ਹਜ਼ਾਰ ਰੁਪਏ ਦੀ ਲਾਗਤ ਨਾਲ ਬਣੇ ਪਖ਼ਾਨੇ ਅਤੇ 01 ਲੱਖ 76 ਹਜ਼ਾਰ ਰੁਪਏ ਨਾਲ ਸਕੂਲ ਦੇ ਹੋਰ ਮੁਕੰਮਲ ਕੀਤੇ ਕੰਮਾਂ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਸਿੱਖਿਆ ਕੋਆਰਡੀਨੇਟਰ ਸੁਭਾਸ਼ ਨਾਗਪਾਲ, ਸਕੂਲ ਮੁਖੀ ਸ.ਪ.ਸ ਸੰਘਰੇੜੀ ਸੁਰੇਸ਼ ਕੁਮਾਰ, ਚੇਅਰਮੈਨ ਐਸ.ਐਮ.ਸੀ. ਗੁਰਪ੍ਰੀਤ ਸਿੰਘ, ਸਕੂਲ ਮੁਖੀ ਸ.ਪ.ਸ ਜਲਵੇੜਾ ਬੂਟਾ ਸਿੰਘ, ਚੇਅਰਮੈਨ ਐਸ.ਐਮ.ਸੀ. ਮਨਜੀਤ ਕੌਰ, ਸਕੂਲ ਮੁਖੀ ਸ.ਮ.ਸ ਚਰਨਜੀਤ ਸਿੰਘ, ਚੇਅਰਮੈਨ ਐਸ.ਐਮ.ਸੀ. ਅਮਨਦੀਪ ਕੌਰ, ਸਰਪੰਚ ਮਨਪ੍ਰੀਤ ਕੌਰ, ਸਰਪੰਚ ਮਲਕੀਤ ਕੌਰ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ, ਲਾਡੀ, ਗੁਰਵਿੰਦਰ ਸਿੰਘ, ਬਲਵਾਨ ਸਿੰਘ, ਕਰਾਂਤੀ ਸਿੰਘ, ਮਨਦੀਪ ਸਿੰਘ, ਗੁਰਜੀਤ ਸਿੰਘ, ਜਸਪਾਲ ਸਿੰਘ, ਰਘਵੀਰ ਸਿੰਘ, ਗੁਰਨਾਇਬ ਸਿੰਘ ਸਾਬਕਾ ਸਰਪੰਚ, ਬੂਟਾ ਸਿੰਘ, ਪਿਆਰਾ ਸਿੰਘ ਗੁਰਨੇ ਸ੍ਰੀ ਗੁਰੂ ਰਵਿਦਾਸ ਕਮੇਟੀ ਜਲਵੇੜਾ ਤੇ ਸਮੂਹ ਗਰਾਮ ਪੰਚਾਇਤ ਮੈਂਬਰ ਜਲਵੇੜਾ ਮੌਜੂਦ ਸਨ।

# ਪਹਿਲਗਾਮ ਦੇ ਦੋਸ਼ੀਆਂ ਨੂੰ ਮਿਲੇ ਸਖ਼ਤ ਤੋਂ ਸਖ਼ਤ ਸਜ਼ਾ:ਚੋਪੜਾ

ਭਵਾਨੀਗੜ੍ਹ, 28 ਅਪ੍ਰੈਲ (ਅਮਨਦੀਪ ਸਿੰਘ ਮਾਝਾ) :ਜੰਮੂ ਕਸਮੀਰ ਦੇ ਕਸਬੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਜਿੱਥੇ ਪੂਰੇ ਸੰਸਾਰ ਵਿੱਚ ਰੋਸ ਅਤੇ ਸੋਗ ਮਨਾਇਆ



ਜਾ ਰਿਹਾ ਹੈ ਉੱਥੇ ਹੀ ਭਵਾਨੀਗੜ੍ਹ ਤੋਂ ਸਮਾਜ ਸੇਵੀ ਜਸਵਿੰਦਰ ਸਿੰਘ ਚੋਪੜਾ ਵੱਲੋਂ ਵੀ ਨਿਹੱਥੇ ਲੋਕਾਂ ਤੇ ਹਮਲੇ ਨੂੰ ਸ਼ਰਮਸਾਰ ਅਤੇ ਕਾਇਰਤਾ ਵਾਲੇ ਕਾਰਾ ਕਰਾਰ ਦਿੰਦਿਆਂ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਜਿੰਨਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਉਨ੍ਹਾਂ ਕਿਹਾ ਕਿ ਭਾਰਤ ਵਿੱਚ ਆਪਸੀ ਭਾਈਚਾਰੇ ਵਿੱਚ ਫੁੱਟ ਪਾਉਣ ਵਾਲੀਆਂ ਮੁੱਠੀ ਭਰ ਕਾਲੀਆਂ ਤਾਕਤਾਂ ਅਪਣੇ ਸਕਸਦ ਵਿੱਚ ਕਦੇ ਕਾਮਯਾਬ ਨਹੀਂ ਹੋਣਗੀਆਂ ਕਿਉਂਕਿ ਭਾਰਤ ਵਿੱਚ ਹਰ ਧਰਮਾਂ ਦੇ ਲੋਕਾਂ ਦੀਆਂ ਆਪਸੀ ਭਾਈਚਾਰਕ ਸਾਂਝਾਂ ਤੰਦਾਂ ਬਹੁਤ ਮਜ਼ਬੂਤ ਹਨ , ਤਾਹੀਓ ਪੂਰੇ ਭਾਰਤ ਦੇ ਲੋਕ ਅੱਤਵਾਦ ਦੇ ਖਾਤਮੇ ਲਈ ਸੜਕਾਂ ਤੇ ਆ ਗਏ ਹਨ । ਉਨ੍ਹਾਂ ਅੱਤਵਾਦ ਦੇ ਨਾਲ ਨਾਲ ਭਾਰਤ ਵਿੱਚ ਕੁਝ ਕੁ ਮਨੂਵਾਦ ਲੋਕ ਜੋ ਕਿ ਉੱਚ ਜਾਤੀ ਦਾ ਘੁਮੰਡ ਕਰਕੇ ਸਮਾਜ ਵਿੱਚ ਊਚ ਨੀਚ ਭੇਦਭਾਵ ਦਾ ਜ਼ਹਿਰ ਘੋਲ ਗਰੀਬਾਂ ਤੇ ਅੱਤਿਆਚਾਰ ਮਾਰ ਕੁਟਾਈ ਕਰਦੇ ਹਨ ਉਨਾਂ ਨੂੰ ਵੀ ਖ਼ਤਮ ਕਰਨਾ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਇਹ ਦੋਵੇਂ ਕਾਲੀਆਂ ਤਾਕਤਾਂ ਦੇਸ਼ ਦੀ ਸੁਰੱਖਿਆ ਅਖੰਡਤਾ ਅਤੇ ਤਰੱਕੀ ਵਿੱਚ ਰੁਕਾਵਟਾਂ ਪਾ ਰਹੀਆਂ ਹਨ ।ਉਨ੍ਹਾਂ ਸਰਕਾਰ ਤੋਂ ਪਹਿਲਗਾਮ ਦੇ ਹਤਿਆਰੇ ਦਰਿੰਦਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕੀਤੀ ਤਾ ਜੋ ਇਹੋ ਜਿਹੀ ਦੁਖਦਾਈ ਘਟਨਾ ਦੁਵਾਰਾ ਨਾ ਵਾਪਰੇ ।ਉਨ੍ਹਾਂ ਦੇਸ਼ ਦੀ ਜਨਤਾ ਨੂੰ ਵੀ ਫਾਲਤੂ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਵੀ ਕੀਤੀ ।

# ਵਾਈਐਸ ਪਬਲਿਕ ਸਕੂਲ ਨੇ 'ਏਟੀਐੱਲ ਕਮਿਊਨਿਟੀ ਡੇਅ ਦੇ ਸ਼ਾਨਦਾਰ ਜਸ਼ਨ ਲਈ ਨੀਤੀ ਆਯੋਗ ਤੋਂ ਪ੍ਰਸ਼ੰਸਾ ਪ੍ਰਮਾਣ ਪੱਤਰ ਹਾਸਲ ਕੀਤਾ

ਬਰਨਾਲਾ, 28 ਅਪ੍ਰੈਲ (ਅਮਨਦੀਪ ਸਿੰਘ):ਵਾਈਐਸ ਪਬਲਿਕ ਸਕੂਲ ਨੇ ਐਟਲ ਇਨੋਵੇਸ਼ਨ ਮਿਸ਼ਨ (ਏਆਈਐਮ), ਨੀਤੀ



ਆਯੋਗ, ਭਾਰਤ ਸਰਕਾਰ ਵੱਲੋਂ 'ਏਟੀਐੱਲ ਕਮਿਊਨਿਟੀ ਡੇ 2025' ਦੇ ਸ਼ਾਨਦਾਰ ਆਯੋਜਨ ਲਈ ਪ੍ਰਸ਼ੰਸਾ ਪ੍ਰਮਾਣ ਪੱਤਰ ਪ੍ਰਾਪਤ ਕਰਕੇ ਰਾਸ਼ਟਰੀ ਪੱਧਰ 'ਤੇ ਆਪਣੀ ਚਮਕ ਦਿਖਾਈ ਹੈ। ਇਹ ਸਨਮਾਨ ਸਕੂਲ ਦੀ ਨਵੀਨਤਾ, ਅਨੁਭਵਾਤਮਕ ਸਿੱਖਿਆ ਅਤੇ ਤਕਨੀਕੀ ਸਸ਼ਕਤੀਕਰਨ ਪ੍ਰਤੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।ਐਟਲ ਕਮਿਊਨਿਟੀ ਡੇ ਦੌਰਾਨ ਰਚਨਾਤਮਕਤਾ,ਆਲੋਚਨਾਤਮਕ ਸੋਚ, ਵਿਗਿਆਨਕ ਜਿਗਿਆਸਾ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਉਤਸ਼ਾਹਤ ਕਰਨ ਵਾਲੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੀ ਨਵੀਨਤਾ ਦੀ ਪੇਸ਼ਕਸ਼ ਕਰਨ ਦਾ ਮੰਚ ਮਿਲਿਆ। ਇਹ ਮਹੱਤਵਪੂਰਨ ਪ੍ਰਾਪਤੀ ਸਕੂਲ ਦੀ ਅੱਗੇ ਵਧਦੀ ਦ੍ਰਿਸ਼ਟੀ ਦਾ ਪ੍ਰਤੀਕ ਹੈ, ਜਿਸਦੀ ਅਗਵਾਈ ਪ੍ਰਿੰਸੀਪਲ ਡਾ. ਅੰਜੀਤਾ ਦਹੀਆ ਅਤੇ ਵਾਈਸ ਪ੍ਰਿੰਸੀਪਲ ਸਚਿਨ ਗੁਪਤਾ ਕਰ ਰਹੇ ਹਨ, ਜੋ ਵਾਈਐਸ ਪਰਿਵਾਰ ਨੂੰ ਵਿੱਦਿਅਕ ਮਹਾਨਤਾ ਅਤੇ ਸਰਵਪੱਖੀ ਵਿਕਾਸ ਵੱਲ ਲੈ ਕੇ ਜਾ ਰਹੇ ਹਨ। ਜਿਗਿਆਸਾ, ਨਵੀਨਤਾ ਅਤੇ ਭਾਈਚਾਰੇ ਦੀ ਭਾਗੀਦਾਰੀ ਦੀ ਸੰਸਕ੍ਰਿਤੀ ਨੂੰ ਉਤਸਾਹ ਦਿੰਦਿਆਂ, ਵਾਈਐਸ ਪਬਲਿਕ ਸਕੂਲ ਸਿੱਖਿਆ ਵਿੱਚ ਮਹਾਨਤਾ ਦਾ ਕੇਂਦਰ ਬਣਿਆ ਹੋਇਆ ਹੈ ਅਤੇ ਭਵਿੱਖ ਦੇ ਨਵੀਨਤਾ, ਸੋਚਵਾਨਾਂ ਅਤੇ ਨੇਤਾਵਾਂ ਨੂੰ ਤਿਆਰ ਕਰਨ ਲਈ ਵਚਨਬੱਧ ਹਾਂ।

# ਸਮਾਜ ਸੇਵੀਆਂ ਵੱਲੋਂ ਰਾਮ ਬਾ.ਗ ਵਿਖੇ ਜਨਰੇਟਰ ਭੇਂਟ

ਤਪਾ ਮੰਡੀ,28 ਅਪ੍ਰੈਲ (ਰਾਜੂ ਮਹਿਰਾ)-ਤਪਾ ਸ਼ਹਿਰ ਦੇ ਸਮਾਜ ਸੇਵੀ ਇਲਾਕੇ ਅੰਦਰ ਸਾਂਝੀਆਂ ਥਾਵਾਂ ਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਕਰਨ 'ਚ ਹਰ ਸਮੇਂ ਤਤਪਰ ਰਹਿੰਦੇ ਹਨ।ਇਸੇ ਲੜੀ ਤਹਿਤ ਰਾਮ ਬਾਗ ਤਪਾ ਵਿਖੇ ਸਮਾਜ ਸੇਵੀਆਂ ਵੱਲੋਂ ਜਨਰੇਟਰ ਦੀ ਘਾਟ ਨੂੰ ਪੂਰਾ ਕਰਦੇ ਹੋਏ ਇੱਕ ਜਨਰੇਟਰ ਭੇਂਟ ਕੀਤਾ ਗਿਆ। ਜਿਸਨੂੰ ਰਾਮ ਬਾਗ ਤਪਾ ਕਮੇਟੀ ਦੇ ਪ੍ਰਧਾਨ ਹੇਮ ਰਾਜ ਸ਼ੰਟੀ ਮੌੜ ਵੱਲੋਂ ਸਮੂਹ ਮੈਂਬਰਾਂ ਸਮੇਤ ਬਟਨ ਦੱਬਕੇ ਚਾਲੂ ਕੀਤਾ ਗਿਆ। ਇਸ ਉਪਰੰਤ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਕਮੇਟੀ ਦੇ ਪ੍ਰਧਾਨ ਹੇਮ ਰਾਜ ਸ਼ੰਟੀ ਮੌੜ ਨੇ ਦੱਸਿਆ ਕਿ ਗਰਮੀਆਂ ਦੇ ਦਿਨਾਂ ਵਿਚ ਬਿਜਲੀ ਕੱਟਾਂ ਦੇ ਚਲਦਿਆਂ ਮ੍ਰਿਤਕ ਵਿਅਕਤੀ ਦੇ ਸੰਸਕਾਰ ਸਮੇਂ ਬਿਜਲੀ ਨਾ ਹੋਣ ਦੀ ਸੂਰਤ 'ਚ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਕਰਕੇ ਰਾਮ ਬਾਗ 'ਚ ਜਨਰੇਟਰ ਦੀ ਵੱਡੀ ਘਾਟ ਰੜਕ ਰਹੀ ਸੀ। ਜਿਸਨੂੰ ਸਮਾਜ ਸੇਵੀਆਂ ਨੇ ਗੁਪਤ ਦਾਨ ਕਰਕੇ ਇਸ ਘਾਟ ਨੂੰ ਪੂਰਾ ਕਰ ਦਿੱਤਾ, ਜਿਸ ਤੇ ਉਹ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਕਿ ਰਾਮਬਾਗ ਅੰਦਰ ਅਗਰ ਫਿਰ ਵੀ ਕੋਈ ਘਾਟ ਨਜ਼ਰ ਆਉਂਦੀ ਹੈ ਉਸ ਨੂੰ ਵੀ ਜਲਦ ਹੀ ਪੂਰਾ ਕਰ ਦਿੱਤਾ ਜਾਵੇਗਾ। ਇਸ ਦੌਰਾਨ ਜਨਰੇਟਰ ਦੀ ਖੁਸ਼ੀ ਵਿਚ ਸਮੂਹ ਮੈਂਬਰਾਂ ਨੇ ਲੱਡੂ ਵੰਡ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਕਮੇਟੀ ਦੇ ਦੀਵਾਨਾ ਮੌੜ, ਸੋਹਨ ਲਾਲ ਵਧਵਾ,ਮਦਨ ਘੜੈਲਾ,ਹੇਮ ਰਾਜ ਭੂਤ, ਸ਼ਾਮ ਲਾਲ ਗਰਗ,ਜਗਦੀਸ਼ ਰਾਏ ਘੁੰਨਸ,ਰਾਜੂ ਮੌੜ,ਰਜਿੰਦਰ ਮੌੜ,ਮਨੋਜ ਸਿੰਗਲਾ ਆਦਿ ਸਮੂਹ ਮੈਂਬਰ ਮੌਜੂਦ ਸਨ।

# 355 ਮੁਲਾਜ਼ਮ ਕੀਤੇ ਇੱਧਰੋਂ-ਉੱਧਰ

ਬਠਿੰਡਾ 28 ਅਪ੍ਰੈਲ (ਇੰਦਰਪਾਲ ਬਾਂਸਲ): ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਸੂਬੇ ਦੇ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪੰਜਾਬ ਵਿੱਚੋਂ ਨਸ਼ੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ 31 ਮਈ ਤਕ ਦੀ ਸਮਾਂ ਸੀਮਾ ਦਿੱਤੀ ਹੈ। ਇਸ ਤੋਂ ਬਾਅਦ ਐਤਵਾਰ ਨੂੰ ਬਠਿੰਡਾ ਪੁਲਿਸ ਚ ਵੱਡਾ ਫੇਰਬਦਲ ਕੀਤਾ ਗਿਆ। ਐਸਐਸਪੀ ਅਮਨੀਤ ਕੌਂਡਲ ਦੇ ਹੁਕਮਾਂ ਤੇ ਪੀਸੀਆਰ, ਈਓ ਵਿੰਗ ਅਤੇ ਪੁਲਿਸ ਚੌਕੀਆਂ ਚ ਤਾਇਨਾਤ ਲਗਪਗ 355 ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਬਦਲ ਕੇ ਉਨ੍ਹਾਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿਚ ਭੇਜਿਆ ਗਿਆ ਹੈ।ਜ਼ਿਲ੍ਹੇ ਵਿਚ ਇੰਸਪੈਕਟਰ ਤੋਂ ਲੈ ਕੇ ਕਾਂਸਟੇਬਲ ਪੱਧਰ ਤੱਕ 355 ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇੰਨਾ ਹੀ ਨਹੀਂ, ਕਈ ਪੁਲਿਸ ਚੌਕੀਆਂ ਵਿਚ ਤਾਇਨਾਤੀ ਵੀ ਘਟਾ ਦਿੱਤੀ ਗਈ ਹੈ। ਬੇਸ਼ੱਕ, ਪੁਲਿਸ ਅਧਿਕਾਰੀ ਦਾਅਵਾ ਕਰਦੇ ਹਨ ਕਿ ਇਹ ਰੁਟੀਨ ਬਦਲਾਅ ਹਨ, ਪਰ ਜਾਣਕਾਰਾਂ ਇਸ ਨੂੰ ਨਸ਼ੇ ਖ਼ਿਲਾਫ਼ ਪੁਲਿਸ ਦੀ ਆਖਰੀ ਕਿੱਲ ਦੇ ਤੌਰ ਤੋਂ ਚਲਾਈ ਜਾਣ ਵਾਲੀ ਮੁਹਿੰਮ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਨਸ਼ਾ ਖਤਮ ਕਰਨ ਵਿਚ ਅਸਮਰੱਥ ਰਹਿੰਦਾ ਹੈ, ਤਾਂ ਉੱਥੋਂ ਦੇ ਐਸਐਸਪੀ ਨੂੰ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਇਸ ਕਾਰਨ, ਉਨ੍ਹਾਂ ਨੇ ਸਾਰੇ ਐਸਐਸਪੀ ਨੂੰ ਪੂਰੀ ਯੋਜਨਾ ਦਾ ਬਲੂਪ੍ਰਿੰਟ ਤਿਆਰ ਕਰਨ ਅਤੇ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਇਕ ਪੂਰੀ ਯੋਜਨਾ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਬਠਿੰਡਾ ਵਿਚ ਤਾਇਨਾਤ ਚਾਰ ਦਰਜਨ ਤੋਂ ਵੱਧ ਪੀਸੀਆਰ ਦੇ ਸੈਂਕੜੇ ਕਰਮਚਾਰੀਆਂ ਨੂੰ ਥਾਣਿਆਂ ਵਿਚ ਤਾਇਨਾਤ ਕਰਨ ਦੇ ਨਾਲ-ਨਾਲ, ਬੱਸ ਸਟੈਂਡ ਪੁਲਿਸ ਚੌਕੀ, ਰਿਫਾਇਨਰੀ ਪੁਲਿਸ ਚੌਕੀ, ਬੱਲੂਆਣਾ ਪੁਲਿਸ ਚੌਕੀ ਅਤੇ ਸਿੰਗੋ ਪੁਲਿਸ ਚੌਕੀ ਦੇ ਕਈ ਕਰਮਚਾਰੀਆਂ ਨੂੰ ਵੀ ਹਟਾ ਕੇ ਥਾਣਿਆਂ ਵਿਚ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਐਸਐਸਪੀ ਬਠਿੰਡਾ ਅਮਨੀਤ ਕੌਂਡਲ ਵੱਲੋਂ ਸਾਰੇ ਵਿਅਕਤੀਆਂ ਨੂੰ ਤਬਾਦਲੇ ਸਬੰਧੀ ਪੱਤਰ ਭੇਜੇ ਗਏ ਹਨ ਅਤੇ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਨਵੇਂ ਥਾਣੇ ਅਤੇ ਸਥਾਨ ਤੇ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।ਇਸ ਸਬੰਧੀ ਐਸਐਸਪੀ ਬਠਿੰਡਾ ਅਮਨੀਤ ਕੌਂਡਲ ਵੱਲੋਂ ਸਾਰੇ ਵਿਅਕਤੀਆਂ ਨੂੰ ਤਬਾਦਲੇ ਸਬੰਧੀ ਪੱਤਰ ਭੇਜੇ ਗਏ ਹਨ ਅਤੇ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਨਵੇਂ ਥਾਣੇ ਅਤੇ ਸਥਾਨ 'ਤੇ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਅੱਗ ਲੱਗਣ ਕਾਰਨ ਟਰਾਲੀ ਤੇ ਪਾਣੀ ਦੀ ਟੈਂਕੀ ਦੇ ਟਾਇਰ ਸੜੇ

ਖਨੌਰੀ, 28 ਅਪ੍ਰੈਲ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਠਸਕਾ ਵਿੱਚ ਅੱਗ ਲੱਗਣ ਕਾਰਨ ਟਰਾਲੀ ਤੇ ਪੰਚਾਇਤੀ ਪਾਣੀ ਦੀ ਟੈਂਕੀ ਦੇ ਟਾਇਰ ਮੱਚਣ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਇਸ਼ਵਰ ਸਿੰਘ ਪੁੱਤਰ ਸਵ. ਤੇਲੂ ਰਾਮ ਵਾਸੀ ਪਿੰਡ ਠਸਕਾ ਨੇ ਦੱਸਿਆ ਕਿ ਮੇਰੀ ਟਰਾਲੀ ਨੂੰ ਰਾਮਦਾਸੀਆ ਧਰਮਸ਼ਾਲਾ ਦੇ ਪਿੱਛਲੇ ਪਾਸੇ ਬਣੇ ਪਾਰਕ ਵਿੱਚ ਖੜ੍ਹਾ ਕੀਤਾ ਹੋਇਆ ਸੀ। ਇਸ ਦੇ ਨਾਲ ਹੀ ਪੰਚਾਇਤੀ ਪਾਣੀ ਵਾਲੀ ਟੈਂਕੀ ਖੜ੍ਹੀ ਕੀਤੀ ਹੋਈ ਸੀ। ਇਨ੍ਹਾਂ ਦੇ ਵਿਚਾਰ ਮੈਂ ਲੋਹੇ ਦਾ ਕਰਾਹਾ ਵੀ ਖੜਾਇਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਕੋਲ ਪਿਛਲੇ ਦਿਨੀਂ ਹੜੰਬੇ ਨਾਲ ਕਣਕ ਦੀਆਂ ਬੱਲੀਆਂ ਕੁੱਟੀਆਂ ਗਈਆਂ ਸਨ, ਜਿਸ ਦਾ ਨਾੜ ਫ਼ੂਸ ਇਨ੍ਹਾਂ ਕੋਲ ਪਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮੈਂ ਦੁਪਹਿਰ ਆਪਣੇ ਨਵੇਂ ਬਣੇ ਘਰ ਵਿੱਚ ਮਿਸਤਰੀਆਂ ਨਾਲ ਕੰਮ ਕਰਵਾ ਰਿਹਾ ਸੀ ਤਾਂ ਮੈਨੂੰ ਘਰ ਦਿਆਂ ਨੇ ਦੱਸਿਆ ਕਿ ਆਪਣੀਂ ਟਰਾਲੀ ਨੂੰ ਅੱਗ ਲੱਗੀ ਹੋਈ ਹੈ। ਜਦੋਂ ਮੈਂ ਜਾ ਕੇ ਵੇਖਿਆ ਤਾਂ ਪਿੰਡ ਤੇ ਸਾਡੇ ਮੁੱਹਲੇ ਦੇ ਲੋਕ ਪਾਣੀ ਨਾਲ ਕਣਕ ਦੇ ਨਾੜ ਵਿੱਚ ਲੱਗੀ ਅੱਗ ਤੇ ਮੇਰੀ ਟਰਾਲੀ ਤੇ ਪਾਣੀ ਦੀ ਟੈਂਕੀ ਦੇ ਟਾਇਰਾਂ ਨੂੰ ਲੱਗੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ।

# ਬੱਚਿਆਂ ਨੂੰ ਭੋਜਨ ਵਿੱਚ ਤੱਤਾਂ ਦੀ ਪਹਿਚਾਣ ਕਰਨ ਸੰਬੰਧੀ ਗਤੀਵਿਧੀ ਕਰਵਾਈ




ਬਰਨਾਲਾ, 28 ਅਪ੍ਰੈਲ (ਤੁਸ਼ਾਰ ਗੋਇਲ):ਐਸ ਬੀ ਐਸ ਪਬਲਿਕ ਸਕੂਲ, ਸੁਰਜੀਤਪੁਰਾ ਵਿਖੇ ਸਾਇੰਸ ਅਧਿਆਪਕ ਨਰਾਇਣ ਗਰਗ ਵੱਲੋਂ ਛੇਵੀਂ ਕਲਾਸ ਦੇ ਬੱਚਿਆਂ ਨੂੰ ਸਾਇੰਸ ਲੈਬ ਵਿਖੇ ਭੋਜਨ ਦੇ ਤੱਤ ਜਿਵੇਂ ਪ੍ਰੋਟੀਨ, ਫੈਟ ਅਤੇ ਕਾਰਬੋਹਾਈਡ੍ਰੇਟ ਦੀ ਹੋਂਦ ਨੂੰ ਟੈਸਟ ਕਰਨਾ ਸਿਖਾਇਆ।ਉਨ੍ਹਾਂ ਆਲੂ ਉੱਪਰ ਆਇਓਡੀਨ ਦੇ ਘੋਲ ਦੀਆਂ 2-3 ਬੂੰਦਾਂ ਪਾਈਆਂ, ਜਿਸ ਨਾਲ ਆਲੂ ਦਾ ਰੰਗ ਨੀਲਾ ਕਾਲਾ ਹੋ ਗਿਆ ਜਿਸਤੋਂ ਪਤਾ ਲੱਗਿਆ ਕਿ ਆਲੂ ਵਿੱਚ ਕਾਰਬੋਹਾਈਡ੍ਰੇਟ ਤੱਤ ਮੌਜੂਦ ਹੈ। ਭੋਜਨ ਵਿੱਚ ਪ੍ਰੋਟੀਨ ਤੱਤ ਦਾ ਪਤਾ ਕਰਨ ਲਈ ਉਨ੍ਹਾਂ ਨੇ ਮਿਲਕ ਪਾਊਡਰ ਵਿੱਚ ਜਦੋ ਕਾਸਟਿਕ ਸੋਡਾ ਅਤੇ ਕਾਪਰ ਸਲਫੇਟ ਪਾਇਆ ਤਾਂ ਉਸਦਾ ਰੰਗ ਬੈਂਗਣੀ ਹੋਣ ਲੱਗਾ, ਜਿਸਦਾ ਮਤਲਬ ਇਸ ਵਿੱਚ ਪ੍ਰੋਟੀਨ ਦੀ ਮਾਤਰਾ ਹੈ।ਉਨ੍ਹਾਂ ਬੱਚਿਆਂ ਨੂੰ ਕਾਗਜ ਦੇ ਟੁਕੜੇ ਵਿੱਚ ਭੁਜੀਆਂ ਅਤੇ ਬਿਸਕੁਟ ਨੂੰ ਕੁਚਲਨ ਲਈ ਕਿਹਾ ਤਾਂ ਕਾਗਜ ਉੱਪਰ ਤੇਲ ਦੇ ਨਿਸ਼ਾਨ ਲੱਗ ਗਏ, ਜਿਸ ਨਾਲ ਪਤਾ ਲੱਗਾ ਕਿ ਇਨ੍ਹਾਂ ਵਿੱਚ ਫੈਟ ਹੈ। ਅਧਿਆਪਕ ਨਰਾਇਣ ਗਰਗ ਨੇ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਅੰਦਰ ਪੜ੍ਹਾਈ ਦੀ ਉਤਸੁਕਤਾ ਪੈਦਾ ਕਰਨ ਲਈ ਹਰ ਵਿਸ਼ੇ ਨੂੰ ਪ੍ਰੈਕਟੀਕਲ ਤਰੀਕਿਆਂ ਨਾਲ ਕਰਵਾਇਆ ਜਾਂਦਾ ਹੈ ਤਾਂ ਜੋ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੋ ਸਕੇ।ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਸਕੂਲ ਵੱਲੋ ਬੱਚਿਆਂ ਨੂੰ ਰਵਾਇਤੀ ਤਰੀਕਿਆਂ ਨੂੰ ਛੱਡਕੇ ਆਧੁਨਿਕ ਤਰੀਕੇ ਵਰਤ ਕੇ ਪੜ੍ਹਾਇਆ ਜਾਂਦਾ ਹੈ।

# ਤੰਬਾਕੂ ਕੰਟਰੋਲ ਐਕਟ ਦੀ ਉਲੰਘਣਾਂ ਕਰਨ ਵਾਲਿਆਂ ਦੇ ਚਲਾਨ

ਮਾਨਸਾ 28 ਅਪ੍ਰੈਲ:( ਵਿਰੋਂਦਰਪਾਲ ਮੰਤਰੋ ):ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਕੋਟਪਾ ਐਕਟ ਸ੍ਰ. ਕੁਲਵੰਤ ਸਿੰਘ ਆਈ.ਏ.ਐਸ. ਅਤੇ ਵਾਇਸ ਚੇਅਰਮੈਨ-ਕਮ-ਸਿਵਲ ਸਰਜਨ ਡਾ.ਅਰਵਿੰਦ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਤੰਬਾਕੂ ਕੰਟਰੋਲ ਐਕਟ ਦੀ ਉਲੰਘਣਾਂ ਕਰਨ ਵਾਲਿਆਂ ਦੇ ਚਲਾਣ ਕੀਤੇ ਗਏ।ਜ਼ਿਲ੍ਹਾ ਨੋਡਲ ਅਫ਼ਸਰ ਤੰਬਾਕੂ ਕੰਟਰੋਲ ਐਕਟ ਦਰਸ਼ਨ ਸਿੰਘ ਨੇ ਦੱਸਿਆ ਕਿ ਟੀਮ ਵੱਲੋਂ ਸ਼ਹਿਰੀ ਖੇਤਰ ਦੇ ਜਨਤਕ ਸਥਾਨਾਂ ਵਿਚ ਜਾ ਕੇ ਖਾਣ ਪੀਣ ਦੀਆਂ ਵਸਤਾਂ ਤਿਆਰ ਕਰਨ ਵਾਲੀਆਂ ਦੁਕਾਨਾਂ ਦੇ ਨਾਲ ਨਾਲ ਤੰਬਾਕੂ ਪਦਾਰਥਾਂ ਦੀ ਵਿਕਰੀ ਕਰਨ ਵਾਲੀਆਂ ਦੁਕਾਨਾਂ/ਖੋਖਿਆਂ ਆਦਿ ਦੀ ਚੈਕਿੰਗ ਕੀਤੀ ਗਈ ਅਤੇ ਜਨਤਕ ਥਾਵਾਂ 'ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਚਲਾਣ ਕੀਤੇ ਗਏ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਲੋਕਾਂ ਨੂੰ ਤੰਬਾਕੂ ਸੇਵਨ ਨਾਲ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਦੁਕਾਨਾਂ 'ਤੇ ਖੁੱਲ੍ਹੀਆਂ ਸਿਗਰਟਾਂ ਦੀ ਵਿਕਰੀ 'ਤੇ ਪਾਬੰਦੀ ਤੋਂ ਇਲਾਵਾ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤੰਬਾਕੂ ਨਾ ਵੇਚਣ ਵਾਲੇ ਸਾਈਨ ਬੋਰਡ ਲਗਾਉਣ ਦੀ ਹਦਾਇਤ ਕੀਤੀ ਗਈ।ਇਸ ਦੌਰਾਨ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵਿਜੈ ਕੁਮਾਰ ਨੇ ਕਿਹਾ ਕਿ ਤੰਬਾਕੂ ਪਦਾਰਥਾਂ ਦੀ ਵਿਕਰੀ ਕਰਨ ਵਾਲੇ ਦੁਕਾਨਦਾਰਾਂ ਨੂੰ ਤੰਬਾਕੂ ਕੰਟਰੋਲ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਤਾਂ ਜੋ ਕੋਟਪਾ ਐਕਟ ਨੂੰ ਲਾਗੂ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਐਕਟ ਦੀ ਧਾਰਾ 6 ਅਨੁਸਾਰ ਵਿੱਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਪਦਾਰਥ ਵੇਚਣ 'ਤੇ ਮਨਾਹੀ ਹੈ, ਇਸ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਜ਼ੁਰਮਾਨਾ ਕੀਤਾ ਜਾਂਦਾ ਹੈ।ਇਸ ਮੌਕੇ ਅਸ਼ਵਨੀ ਕੁਮਾਰ ਸੀਨੀਅਰ, ਖੁਸ਼ਵਿੰਦਰ ਸਿੰਘ, ਨਿਰਮਲ ਸਿੰਘ, ਮਲਟੀਪਰਪਜ਼ ਹੈਲਥ ਸੁਪਰਵਾਇਜਰ ਆਦਿ ਮੌਜੂਦ ਸਨ।

# ਮਾਨ ਸਰਕਾਰ ਨੇ ਸਰਕਾਰੀ ਸਕੂਲ ਦੀ ਬਦਲੀ ਨੁਹਾਰ

ਸ਼ੇਰਪੁਰ, 28 ਅਪ੍ਰੈਲ (ਰਣਜੀਤ ਸਿੰਘ ਪੇਧਨੀ):ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸੇ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਸਕਾਰੀ ਸੀਨੀਅਰ ਹਾਈ ਸਮਾਰਟ ਸਕੂਲ ਮੂਲੋਂਵਾਲ ਵਿਖੇ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਦਲਬੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਸਾਂਝੇ ਤੌਰ ਤੇ ਕੀਤਾ। ਉਹਨਾਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ 'ਤੇ ਖੁਸ਼ੀ ਜਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨਾਲ ਪੂਰੇ ਸੂਬੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ।



# ਪਟਿਆਲਾ-ਆਸ/ਪਾਸ



## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਘਰ-ਘਰ ਪਹੁੰਚਾਉਣ ਲਈ ਵਿਲੇਜ ਡਿਫੈਂਸ ਕਮੇਟੀਆਂ ਨਿਭਾਉਣਗੀਆਂ ਅਹਿਮ ਭੂਮਿਕਾ : ਡਾ. ਪ੍ਰੀਤੀ ਯਾਦਵ

### ਜ਼ਿਲ੍ਹੇ ਦੇ ਸਾਰੇ ਪਿੰਡਾਂ 'ਚ 'ਪਿੰਡਾਂ ਦੇ ਪਹਿਰੇਦਾਰ' 4 ਮਈ ਨੂੰ ਕਰਨਗੇ ਬੈਠਕਾਂ



ਪਟਿਆਲਾ, 28 ਅਪ੍ਰੈਲ (ਰੁਪਾਣਾ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਸਾਰੇ ਪਿੰਡ ਵਿੱਚ 4 ਮਈ ਨੂੰ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਦੀਆਂ ਵਿਸ਼ੇਸ਼ ਮੀਟਿੰਗਾਂ ਹੋਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ 4 ਮਈ ਨੂੰ ਜ਼ਿਲ੍ਹਾ ਪਟਿਆਲਾ ਵਿੱਚ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਵੱਲੋਂ ਪਿੰਡ ਪੱਧਰ 'ਤੇ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਪਿੰਡ ਵਾਲਿਆਂ ਦਾ ਸਾਥ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਇਆ ਜਾ ਰਿਹਾ ਹੈ ਅਤੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਪਟਿਆਲਾ ਜ਼ਿਲ੍ਹਾ ਮੋਹਰੀ ਭੂਮਿਕਾ ਨਿਭਾਵੇਗਾ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਿੰਡ ਪੱਧਰ 'ਤੇ 'ਪਿੰਡ ਦੇ ਪਹਿਰੇਦਾਰ' ਸਿਰਲੇਖ ਹੇਠ ਬਣਾਈਆਂ ਜਾ ਰਹੀਆਂ ਵਿਲੇਜ ਡਿਫੈਂਸ ਕਮੇਟੀਆਂ ਵਿੱਚ ਪਿੰਡ ਦਾ ਸਰਪੰਚ, ਆਂਗਣਵਾੜੀ ਵਰਕਰ, ਆਸ਼ਾ ਵਰਕਰ, ਪੰਚਾਇਤ ਸਕੱਤਰ ਤੇ ਜ਼ੈਲਦਾਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਵੱਲੋਂ ਆਪਣੇ ਅਧੀਨ ਪੈਂਦੇ ਪਿੰਡਾਂ ਵਿੱਚ 'ਪਿੰਡਾਂ ਦੇ ਪਹਿਰੇਦਾਰ' ਸਿਰਲੇਖ ਹੇਠ ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ਅਤੇ ਬੀ.ਡੀ.ਪੀ.ਓ ਵੱਲੋਂ ਹੀ 4 ਮਈ ਨੂੰ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਵੀ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ 4 ਮਈ ਨੂੰ ਕਰਵਾਈਆਂ ਜਾਣ ਵਾਲੀਆਂ ਮੀਟਿੰਗਾਂ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਚ ਸ਼ਾਮਲ ਕਰਨਾ ਅਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਸਮੇਤ ਭਾਈਚਾਰਕ ਪੱਧਰ 'ਤੇ ਚੌਕਸੀ ਲਈ ਪਿੰਡ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਮੀਟਿੰਗਾਂ ਵਿਲੇਜ ਡਿਫੈਂਸ ਕਮੇਟੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਵਿੱਚ ਤਾਲਮੇਲ ਨੂੰ ਹੋਰ ਮਜ਼ਬੂਤ ਕਰਨਗੀਆਂ। ਉਨ੍ਹਾਂ ਆਮ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਚ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਮਾਜ ਵਿੱਚੋ ਨਸ਼ਿਆਂ ਦੇ ਪੂਰਨ ਖਾਤਮੇ ਲਈ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਦੀ ਜ਼ਰੂਰਤ ਹੈ ਤੇ ਇਹ ਸਾਰੇ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਲੋਕਾਂ ਨੂੰ ਜਾਗਰੂਕ ਕਰਨ ਸਮੇਤ ਨਸ਼ਾ ਵੇਚਣ ਵਾਲਿਆਂ 'ਤੇ ਹੀ ਬਾਜ ਅੱਖ ਰੱਖਣਗੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਰੱਖਦੇ ਹੋਏ ਨਸ਼ਿਆਂ ਦੀ ਅਲਾਮਤ ਨੂੰ ਜੜ੍ਹ ਤੋਂ ਪੁੱਟਣ ਲਈ ਆਪਣਾ ਸਹਿਯੋਗ ਦੇਣਗੀਆਂ।

## ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

### ਹਜ਼ੂਰੀ ਰਾਗੀ ਕੀਰਤਨੀ ਜੱਥਿਆਂ ਨੇ ਚਲਾਇਆ ਗੁਰਬਾਣੀ ਪ੍ਰਵਾਹ



ਪਟਿਆਲਾ 28 ਅਪ੍ਰੈਲ (ਗੁਰਮੁੱਖ ਰੁਪਾਣਾ): ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਬ ਵਿਖੇ ਪਾਤਿਸ਼ਾਹੀ ਦੂਸਰੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਕੀਰਤਨੀ ਜਥੇ ਭਾਈ ਜਸਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਾਇਆ। ਇਸ ਮੌਕੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਮੁੱਖਵਾਕ ਲੈਣ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਅਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ, ਇਤਿਹਾਸ ਅਤੇ ਗੁਰਬਾਣੀ ਤੋਂ ਨਾਮ ਸਿਮਰਨ ਅਤੇ ਸੇਵਾ ਦੀ ਭਾਵਨਾ ਦੀ ਪ੍ਰੇਰਨਾ ਮਿਲਦੀ ਹੈ, ਜਿਨਾਂ ਨੇ ਸਿੱਖਾਂ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਖਸੀਅਤ ਤੋਂ ਪ੍ਰਭਾਵਤ ਹੋ ਕੇ ਧਰਮ ਦੇ ਮਿਸ਼ਨ ਨੂੰ ਹੋਰ ਅਗਾਂਹ ਲਿਜਾਂਦਿਆਂ ਪ੍ਰਚਾਰ ਤੇ ਪਸਾਰ 'ਚ ਵੱਡਮੁੱਲਾ ਯੋਗਦਾਨ ਪਾਇਆ। ਆਪ ਜੀ ਵੱਲੋਂ ਰਚਿਤ ਬਾਣੀ ਪ੍ਰਮਾਤਮਾ ਨੂੰ ਪਾਉਣ ਦੀ ਜੁਗਤ ਪ੍ਰਦਾਨ ਕਰਦੀ ਹੈ ਅਤੇ ਪ੍ਰੇਰਨਾ ਦਿੰਦੀ ਹੈ ਕਿ ਸ਼ਬਦ ਗੁਰੂ ਦਾ ਆਸਰਾ ਪ੍ਰਾਪਤ ਕਰਕੇ ਹੀ ਮਾਨਵਤਾ ਦਾ ਕਲਿਆਨ, ਸੇਵਾ ਅਤੇ ਸਿਮਰਨ ਰਾਹੀਂ ਪ੍ਰਮਾਤਮਾ 'ਚ ਭੇਦ ਹੋਇਆ ਜਾ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ ਚੌਹਾਨ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਭਾਈ ਹਰਵਿੰਦਰ ਸਿੰਘ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਜੂਰ ਸਿੰਘ, ਭਾਈ ਮਨਜੀਤ ਸਿੰਘ ਪਵਾਰ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

## 748 ਗ੍ਰਾਮ ਗਾਂਜਾ ਬ੍ਰਾਮਦ

ਪਟਿਆਲਾ, 28 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਲਾਹੋਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਵਿਨੇ ਵਾਸੀ ਭੀਮ ਨਗਰ ਸਫਾਬਾਦੀ ਗੇਟ ਪਟਿਆਲਾ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਨਾਕੇ 'ਤੇ ਪਟਿਆਲਾ ਪੁਲਿਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 748 ਗ੍ਰਾਮ ਗਾਂਜਾ ਬ੍ਰਾਮਦ ਹੋਇਆ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ) : ਥਾਣਾ ਘੱਗਾ ਪੁਲਿਸ ਕੋਲ ਗੁਰਮੀਤ ਕੌਰ ਪਤਨੀ ਗਗਨਦੀਪ ਸਿੰਘ ਵਾਸੀ ਪਿੰਡ ਛਬੀਲਪੁਰ ਨੇ ਕਥਿਤ ਦੋਸ਼ੀਆਂ ਗਗਨਦੀਪ ਸਿੰਘ ਪੁੱਤਰ ਨਰਿੰਦਰ ਸਿੰਘ, ਨਰਿੰਦਰ ਸਿੰਘ ਪੁੱਤਰ ਧਿਆਨ ਸਿੰਘ ਵਾਸੀਆਨ ਪਿੰਡ ਛਬੀਲਪੁਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਗਗਨਦੀਪ ਸਿੰਘ ਉਸ ਦਾ ਪਤੀ ਹੈ। ਕਥਿਤ ਦੋਸ਼ੀਆਂ ਨੇ ਉਸ ਦੀ ਘਰ ਵਿੱਚ ਹੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਥਾਪਰ ਯੂਨੀਵਰਸਿਟੀ 'ਚ ਵਿਦਿਆਰਥੀ ਵੱਲੋਂ ਖੁਦਕੁਸ਼ੀ

ਪਟਿਆਲਾ, 28 ਅਪ੍ਰੈਲ (ਰੁਪਾਣਾ) : ਥਾਪਰ ਯੂਨੀਵਰਸਿਟੀ ਪਟਿਆਲਾ 'ਚ ਪੜ੍ਹਦੇ ਇੱਕ ਵਿਦਿਆਰਥੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਵਿਦਿਆਰਥੀ ਦੀ ਪਛਾਣ ਅਨੀਸ਼ ਗਰਗ ਵਜੋਂ ਹੋਈ ਹੈ, ਜੋ ਲੁਧਿਆਣਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨੇੜੇ ਦਾ ਰਹਿਣ ਵਾਲਾ ਸੀ। ਸਿਵਲ ਲਾਈਨਜ਼ ਥਾਣੇ ਦੇ ਇੰਚਾਰਜ ਨੇ ਦੱਸਿਆ ਕਿ ਇਹ ਘਟਨਾ ਸ਼ਨਿੱਚਰਵਾਰ ਰਾਤ ਦੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਕੇਸ ਦਰਜ ਕਰਕੇ ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ। ਮ੍ਰਿਤਕ ਦੇ ਪਿਤਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਐਸੋਸੀਏਟ ਪ੍ਰੋਫੈਸਰ ਹਨ। ਅਨੀਸ਼ ਗਰਗ ਵੱਲੋਂ ਫਾਹਾ ਲੈ ਕੇ ਆਤਮ ਹੱਤਿਆ ਦੇ ਕਾਰਨ ਦਾ ਕੁਝ ਵੀ ਪਤਾ ਨਹੀਂ ਲੱਗ ਸਕਿਆ।

## ਪਿੰਡ ਘੜਾਮਾ ਕਲਾਂ ਦਾ ਨੌਜਵਾਨ ਕੈਨੇਡਾ ਦੇ ਜੇਲ੍ਹ ਵਿਭਾਗ 'ਚ ਅਧਿਕਾਰੀ ਨਿਯੁਕਤ

### ☛ਨੌਜਵਾਨ ਦਾ ਪਿਤਾ ਪੰਜਾਬ ਪੁਲਿਸ 'ਚ ਏ.ਐਸ.ਆਈ. ਵੱਜੋਂ ਤਾਇਨਾਤ



ਘਨੌਰ, 28 ਅਪ੍ਰੈਲ (ਰਾਜਿੰਦਰ ਸਿੰਘ ਕੰਬੋਜ): ਹਲਕਾ ਘਨੌਰ ਵਿੱਚ ਪੈਂਦੇ ਪਿੰਡ ਘੜਾਮਾ ਕਲਾਂ ਦੇ ਵਸਨੀਕ ਕਰਨੈਲ ਸਿੰਘ ਦਾ 27 ਸਾਲਾਂ ਨੌਜਵਾਨ ਬਲਜਿੰਦਰ ਸਿੰਘ ਲਵਲੀ ਜਿਸਦੀ ਕੈਨੇਡਾ ਦੇ ਜੇਲ੍ਹ ਵਿਭਾਗ 'ਚ ਅਧਿਕਾਰੀ ਵੱਜੋਂ ਨਿਯੁਕਤੀ ਹੋਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਨੌਜਵਾਨ ਦੇ ਪਿਤਾ ਕਰਨੈਲ ਸਿੰਘ ਜੋ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਕਿਉਰਿਟੀ ਵਿੱਚ ਏ ਐਸ ਆਈ ਵੱਜੋਂ ਤਾਇਨਾਤ ਹੈ ਅਤੇ ਮਾਤਾ ਮਨਜੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸਦਾ ਪੁੱਤਰ ਬਲਜਿੰਦਰ ਸਿੰਘ ਲਵਲੀ ਜੋ ਕਿ 10 ਸਾਲ ਪਹਿਲਾਂ ਬਾਰਵੀਂ ਜਮਾਤ ਕਰਨ ਉਪਰੰਤ ਆਈਲੈਟਸ ਕਰਕੇ ਪੜ੍ਹਾਈ ਕਰਨ ਲਈ ਕੈਨੇਡਾ ਦੇ ਵੈਨਕੂਵਰ ਸੂਬੇ ਵਿੱਚ ਗਿਆ ਸੀ। ਉਨ੍ਹਾਂ ਦੱਸਿਆ ਕਿ ਬਲਜਿੰਦਰ ਸਿੰਘ ਪੜ੍ਹਾਈ ਕਰਨ ਉਪਰੰਤ ਪਿਛਲੇ ਸਾਲ ਹੀ ਕੈਨੇਡਾ ਵਿੱਚ ਪੀ ਆਰ ਹੋਇਆ ਸੀ ਅਤੇ ਉਸਨੇ ਕੈਨੇਡਾ ਦੇ ਜੇਲ੍ਹ ਵਿਭਾਗ ਵਿਚ ਨਿਕਲੀਆਂ ਆਸਾਮੀਆਂ ਲਈ ਅਪਲਾਈ ਕੀਤਾ ਸੀ, ਜਿਸ ਤੋਂ ਬਾਅਦ ਉਸਨੇ ਇਸ ਆਸਾਮੀ ਲਈ ਇਮਤਿਹਾਨ ਅਤੇ ਫਿਜ਼ੀਕਲ ਟੈਸਟ ਪਾਸ ਕੀਤਾ। ਇਸ ਤੋਂ ਬਾਅਦ ਡੇਢ ਮਹੀਨੇ ਪਹਿਲਾਂ ਜੇਲ ਵਿਭਾਗ 'ਚ ਚੁਣੇ ਜਾਣ ਉਪਰੰਤ ਉਸ ਨੇ ਡੇਢ ਮਹੀਨਾ ਟਰੇਨਿੰਗ ਲਈ ਜੋ ਕਿ ਬੀਤੇ ਦਿਨੀਂ ਪੂਰੀ ਹੋਣ 'ਤੇ ਉਸ ਨੂੰ ਜੇਲ ਵਿਭਾਗ ਦੇ ਅਧਿਕਾਰੀਆਂ ਨੇ ਨਿਯੁਕਤੀ ਲਈ ਸਟਾਰ ਲਗਾਏ ਗਏ। ਬਲਜਿੰਦਰ ਸਿੰਘ ਲਵਲੀ ਨੇ ਬੀਤੇ ਦਿਨੀਂ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੋਬੀਆ ਵਿਖੇ ਆਪਣੇ ਡਿਊਟੀ ਸੰਭਾਲ ਲਈ ਹੈ। ਇਲਾਕੇ ਦੇ ਵਸਨੀਕਾਂ ਵੱਲੋਂ ਪਰਿਵਾਰਕ ਮੈਂਬਰਾਂ ਨੂੰ ਵਧਾਈਆਂ ਦੇਣ ਦਾ ਤਾਂਤਾ ਲੱਗਿਆ ਹੋਇਆ ਹੈ।

## ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਜੌੜਾਮਾਜਰਾ ਵੱਲੋਂ ਸਰਕਾਰੀ ਸਕੂਲਾਂ 'ਚ ਕਰਵਾਏ ਵਿਕਾਸ ਕਾਰਜਾਂ ਦਾ ਉਦਘਾਟਨ



ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ): ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਿਡਲ ਸਕੂਲ ਤਰਖਾਣ ਮਾਜਰਾ 3.1 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਸ਼ਾਹਪੁਰ ਕਾਲੇਕੀ ਵਿਖੇ 1.13 ਲੱਖ ਰੁਪਏ, ਮਿਆਲ ਕਲਾਂ ਤੇ ਮਿਆਲ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆ ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿੱਚ ਕੀਤੇ ਗਏ ਮਿਆਰੀ ਸੁਧਾਰਾਂ ਕਰਕੇ ਸਾਡੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਦੇਸ਼ ਭਰ ਵਿੱਚ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਵਿਦਿਆਰਥੀ ਕੌਮੀ ਪੱਧਰ ਦੇ ਵਿੱਦਿਅਕ ਖੇਤਰ ਅਤੇ ਹੋਰ ਮੁਕਾਬਲਿਆਂ ਵਿੱਚ ਮੋਹਰੀ ਰਹੇ ਹਨ ਜਦਕਿ ਅਧਿਆਪਕਾਂ ਨੂੰ ਵਿਦੇਸ਼ੀ ਸਿੱਖਿਆ ਪ੍ਰਣਾਲੀ ਦੀ ਸਿਖਲਾਈ ਦਿਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲਾਂ ਨੂੰ ਸਮੇਂ ਦੇ ਹਾਣੀ ਬਣਾ ਦਿੱਤਾ ਗਿਆ ਹੈ ਅਤੇ ਹੁਣ ਇਹਨਾਂ ਸਕੂਲਾਂ ਵਿੱਚ ਡਿਜੀਟਲ ਇੰਟ੍ਰੈਕਟਿਵ ਸਕਰੀਨਾਂ, ਨਵੇਂ ਬੈਂਚ ਤੇ ਕਮਰਿਆਂ ਸਮੇਤ ਲਾਇਬ੍ਰੇਰੀਆਂ, ਲੈਬਾਰਟਰੀਆਂ, ਚਾਰਦੀਵਾਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ ਸਮੇਤ ਖੇਡਾਂ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਗਿਆ ਹੈ। ਉਹਨਾਂ ਅੱਗੇ ਕਿਹਾ ਕਿ ਸਾਡੇ ਬੱਚੇ ਤੇ ਅਧਿਆਪਕ ਬਦਲਦੇ ਪੰਜਾਬ ਦੇ ਗਵਾਹ ਬਣ ਗਏ ਹਨ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਰਪੰਚ ਰਛਪਾਲ ਸਿੰਘ ਬਾਲਾ ਮੰਡ ਮਿਆਲ ਕਲਾਂ, ਸਰਪੰਚ ਲਾਡੀ ਮਿਆਲ ਖੁਰਦ ਅਤੇ ਸਕੂਲਾਂ ਦੇ ਪ੍ਰਿੰਸੀਪਲ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਤੇਜ਼ ਰਫ਼ਤਾਰ ਗੱਡੀ ਦੀ ਟੱਕਰ ਨਾਲ ਮੌਤ

ਪਟਿਆਲਾ, 28 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਹੇਮ ਸਿੰਘ ਪੁੱਤਰ ਸੀਤਾ ਰਾਮ ਵਾਸੀ ਪਿੰਡ ਸੁਨਿਆਰਹੇੜੀ ਨੇ ਗੱਡੀ ਦੇ ਅਣਪਛਾਤੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਪਸਿਆਣਾ ਪਾਸ ਨੇੜੇ ਗੰਦਾ ਨਾਲਾ ਆਰਮੀ ਏਰੀਆ ਨੇੜੇ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਦੇ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਪਿਤਾ ਦੀ ਦੌਰਾਨੇ ਇਲਾਜ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਸਿੱਖਿਆ ਦੇ ਢਾਂਚੇ ਨੂੰ ਮੁੜ ਤੋਂ ਲੀਹਾਂ 'ਤੇ ਲਿਆਉਣ ਲਈ ਵਚਨਬੱਧ : ਵਿਧਾਇਕ ਅਮਰਗੜ੍ਹ



ਅਮਰਗੜ੍ਹ/ਮਲੇਰਕੋਟਲਾ, 28 ਅਪ੍ਰੈਲ (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਂਦੀ ਢਾਂਚੇ ਨੂੰ ਮਜ਼ਬੂਤ ਕਰਕੇ ਸਕੂਲਾਂ ਨੂੰ ਹਰ ਪੱਖੋਂ ਸਰਵੋਤਮ ਸੁਵਿਧਾਵਾਂ ਪ੍ਰਦਾਨ ਕਰਨ ਦੇ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਅਮਰਗੜ੍ਹ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ 35 ਲੱਖ 96 ਹਜਾਰ ਰੁਪਏ ਦੀ ਲਾਗਤ ਨਾਲ ਪਿੰਡ ਰੁੜਕੀ ਖੁਰਦ, ਭੂਰਥਲਾ, ਲਸੋਈ ਅਤੇ ਮੋਰਾਂਵਲੀ ਵਿਖੇ ਸਰਕਾਰੀ ਮਿਡਲ, ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤੇ । ਉਨ੍ਹਾਂ ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਸੋਈ ਵਿਖੇ ਚੱਲ ਰਹੇ ਨਵੇਂ ਕਮਰਿਆਂ ਦੀ ਉਸਾਰੀ ਦੇ ਕੰਮ ਦਾ ਜਾਇਜ਼ਾ ਵੀ ਲਿਆ । ਵਿਧਾਇਕ ਅਮਰਗੜ੍ਹ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਸਰਕਾਰੀ ਸਕੂਲਾਂ ਤੇ ਸਿਹਤ ਸੰਸਥਾਵਾਂ ਨੂੰ ਤਰਜੀਹ ਖੇਤਰ ਮੰਨਦੇ ਹੋਏ ਰਿਕਾਰਡ ਵਿਕਾਸ ਕਰਵਾਇਆ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹਰੇਕ ਖੇਤਰ ਵਿੱਚ ਉੱਚੀਆਂ ਮੱਲਾਂ ਮਾਰ ਰਹੇ ਹਨ। ਇਸ ਤੋਂ ਇਲਾਵਾ ਪਿੰਡ ਭੂਰਥਲਾ ਮੰਡੇਰ ਵਿਖੇ 07 ਲੱਖ 31 ਹਜ਼ਾਰ 500 ਰੁਪਏ ਦੀ ਲਾਗਤ ਨਾਲ ਉਸਾਰੀ ਨਵੀਂ ਚਾਰਦੀਵਾਰੀ ਦਾ ਵੀ ਉਦਘਾਟਨ ਕੀਤਾ । ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ (ਅਮਰਗੜ੍ਹ) ਹਰਪ੍ਰੀਤ ਸਿੰਘ ਨੰਗਲ, ਸਰਪੰਚ ਪਿੰਡ ਭੂਰਥਲਾ ਮੰਡੇਰ ਜਗਜੀਵਨ ਸਿੰਘ, ਸਰਪੰਚ ਪਿੰਡ ਲਸੋਈ ਹਰਭਜਨ ਸਿੰਘ, ਸਰਪੰਚ ਪਿੰਡ ਗੱਜਣਮਾਜਰਾ ਗੁਰਦੀਪ ਸਿੰਘ, ਸਰਪੰਚ ਪਿੰਡ ਦੁਗਰੀ ਪ੍ਰਵਿੰਦਰ ਸਿੰਘ, ਪ੍ਰਿੰਸੀਪਲ ਵਿਨੋਦ ਬਾਲਾ, ਪ੍ਰਿੰਸੀਪਲ ਪ੍ਰੀਤੀ ਸਿੰਗਲਾ, ਪ੍ਰਿੰਸੀਪਲ ਨਰੇਸ਼ ਕੁਮਾਰ , ਹੈਡਮਾਸਟਰ ਗੁਰਜੰਟ ਸਿੰਘ, ਗੁਰਪ੍ਰੀਤ ਸ਼ਰਮਾ, ਕੋਆਰਡੀਨੇਟਰ ਜਿਲਾ ਸਹਾਇਕ ਸਮਾਰਟ ਸਕੂਲ ਮੁਹੰਮਦ ਅਸਦ, ਬੀ.ਐਨ.ਓ ਜਾਹਿਦ ਸ਼ਫੀਕ ਤੋਂ ਇਲਾਵਾ ਸਕੂਲਾਂ ਦੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਮੌਜੂਦ ਸਨ ।

## ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ




ਦੇਵੀਗੜ੍ਹ, 28 ਅਪ੍ਰੈਲ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ 11 ਸੋਨੇ ਦੇ ਤਗਮੇ 11 ਚਾਂਦੀ ਦੇ ਅਤੇ ਇੱਕ ਕਾਂਸੀ ਦਾ ਤਗਮਾ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ ਜੋ ਕਿ ਸਾਡੇ ਲਈ ਬੜੇ ਹੀ ਮਾਣ ਵਾਲੀ ਗੱਲ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਵੱਲੋਂ ਸਕੂਲ ਦੇ ਵਿਦਿਆਰਥੀਆਂ ਵੱਲੋਂ ਤਗਮੇ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਕੀਤਾ ਗਿਆ। ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇ ਵਿਦਿਆਰਥੀਆਂ ਨੇ ਆਸਰਾ ਕਾਲਜ ਭਵਾਨੀਗੜ੍ਹ ਪਟਿਆਲਾ ਵਿਖੇ ਆਯੋਜਿਤ ਤੀਜੀ ਵਾਈ. ਐਸ.ਪੀ. ਏ.ਬਾਕਸਿੰਗ ਚੈਂਪੀਅਨਸ਼ਿਪ ਵਿੱਚ ਕੋਚ ਸ਼੍ਰੀ ਹਰਦੀਪ ਕੁਮਾਰ ਦੀ ਅਗਵਾਈ ਹੇਠ ਭਾਗ ਲਿਆ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸਕੂਲ ਅਤੇ ਅਕੈਡਮੀਆਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਮਾਤਾ ਗੁਜਰੀ ਸਕੂਲ ਦੇ ਉਮਰ ਵਰਗ 10 ਤੋਂ ਲੈ ਕੇ ਉਮਰ ਵਰਗ14 ਸਾਲ ਤੱਕ ਦੇ 23 ਵਿਦਿਆਰਥੀਆਂ ਨੇ ਭਾਗ ਲਿਆ। ਜਿਹਨਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ 11 ਸੋਨ ਤਗਮੇ, 11 ਚਾਂਦੀ ਦੇ ਤਗਮੇ,ਅਤੇ ਇੱਕ ਕਾਂਸੀ ਦਾ ਤਗਮਾ ਜਿੱਤ ਕੇ ਆਪਣੇ ਸਕੂਲ ਦਾ ਨਾਮ ਚਮਕਾਇਆ ਅਤੇ ਓਵਰ ਆਲ ਟਰਾਫ਼ੀ ਜਿੱਤ ਕੇ ਸਕੂਲ ਦੇ ਨਾਮ ਨੂੰ ਚਾਰ ? ਚੰਨ ਲਾਏ। ਇਸ ਮੌਕੇ ਤੇ ਸਕੂਲ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ, ਪ੍ਰੈਜੀਡੈਂਟ ਸ਼੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਮਮਤਾ ਮੱਕੜ ਅਤੇ ਅਕਾਦਮਿਕ ਡਾਇਰੈਕਟਰ ਸ਼੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਕੋਚ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਅਤੇ ਭਵਿੱਖ 'ਚ ਹੋਣ ਵਾਲੀਆਂ ਪ੍ਰਤਿਯੋਗਿਤਾਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਇੰਸਪੈਕਟਰ ਕੁਲਵਿੰਦਰ ਸਿੰਘ ਦਾ ਸਨਮਾਨ



ਭੁਨਰਹੇੜੀ, 28 ਅਪ੍ਰੈਲ (ਗੁਰਜੀਤ ਸਿੰਘ ਢੋਟ) : ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਸ਼ੇਰੇ - ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਖਿਡਾਰੀ ਐਸ.ਐਚ.ਓ. ਸਨੌਰ ਇੰਸਪੈਕਟਰ ਕੁਲਵਿੰਦਰ ਸਿੰਘ ਲਾਡੀ ਨੂੰ ਪੰਜ-ਆਬ ਸੇਵਾ ਮੰਚ ਅਤੇ ਸਿੱਧ ਬਾਬਾ ਲਛਮਣ ਜਤੀ ਯੂਥ ਸਪੋਰਟਸ ਕਲੱਬ ਅਲੀਵਾਲ ਦੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸੇਵਾ ਮੰਚ ਚੇਅਰਮੈਨ ਕੁਲਜੀਤ ਸਿੰਘ ਮੱਲ੍ਹੀ ਨੇ ਦੱਸਿਆ ਕਿ ਅਸੀਂ ਅਠਾਰ੍ਹਾਂ ਵਰਿਆਂ ਤੋਂ ਖਿਡਾਰੀਆਂ ਦੀ ਸੇਵਾ ਕਰਦੇ ਆ ਰਹੇ ਹਾਂ। ਉਹਨਾਂ ਕਿਹਾ ਕਿ ਸਾਬਕਾ ਖਿਡਾਰੀ ਇੰਸਪੈਕਟਰ ਕੁਲਵਿੰਦਰ ਸਿੰਘ ਵੱਲੋਂ ਖਿਡਾਰੀਆਂ ਦੇ ਹੌਸਲੇ ਬੁਲੰਦ ਕਰਨ ਲਈ ਤਿਆਰ ਰਹਿੰਦੇ ਹਨ। ਇਸ ਮੌਕੇ ਐਸਐਚ ਓ ਕੁਲਵਿੰਦਰ ਸਿੰਘ ਨੇ ਕਿਹਾ ਕਿ ਸਾਡੀ ਨੌਜਵਾਨ ਪੀੜੀ ਨੂੰ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵੱਲ ਪ੍ਰੇਰਿਤ ਹੋਣਾ ਚਾਹੀਦਾ ਹੈ। ਇਸ ਮੌਕੇ ਦਿਲਵੀਰ ਸਿੰਘ,ਜਸਵੀਰ ਸਿੰਘ,ਪਰਵਿੰਦਰ ਸਿੰਘ ਸੰਦੀਪ ਸਿੰਘ ਬਲਜਿੰਦਰ ਸਿੰਘ ਆਦ ਮੌਜੂਦ ਸਨ।

## ਅੰਤਿਮ ਅਰਦਾਸ ਸਮਾਗਮ ਮੌਕੇ 30 ਯੂਨਿਟ ਖ਼ੂਨ ਦਾਨ




ਭੁਨਰਹੇੜੀ , 28 ਅਪ੍ਰੈਲ (ਗੁਰਜੀਤ ਸਿੰਘ ਢੋਟ) : ਮਨੁੱਖਤਾ ਦੇ ਭਲੇ ਲਈ ਪਿੰਡ ਡੀਲਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਸਵ. ਕਰਮ ਸਿੰਘ ਜੀ ਦੀ ਅੰਤਿਮ ਅਰਦਾਸ ਸਮਾਗਮ ਮੌਕੇ ਸਪੁੱਤਰ ਗੁਰਵਿੰਦਰ ਸਿੰਘ ਤੇ ਗੁਰਮੀਤ ਸਿੰਘ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਭਤੀਜੇ ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ ਤੇ ਗੁਰਜੀਤ ਸਿੰਘ ਨੇ ਇਕੱਠਿਆਂ ਖੁਦ ਖ਼ੂਨਦਾਨ ਕਰਕੇ ਕੀਤਾ। ਇਸ ਮੌਕੇ ਭਗਵਾਨ ਸਿੰਘ, ਗੁਰਮੁੱਖ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ, ਅਮਨ, ਲਾਡੀ ਬੋਲੜ ਤੇ ਰਵਿੰਦਰ ਸਿੰਘ ਸਮੇਤ 30 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। । ਇਸ ਮੌਕੇ ਰੈਗੂਲਰ ਖ਼ੂਨਦਾਨੀ ਗੁਰਜੀਤ ਸਿੰਘ ਡੀਲਵਾਲ ਨੇ ਕਿਹਾ ਕਿ ਹਰ ਤੰਦਰੁਸਤ ਇਨਸਾਨ ਹਰ ਤਿੰਨ ਮਹੀਨੇ ਬਾਅਦ ਮੁੜ ਖ਼ੂਨਦਾਨ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਹਰ ਮਹੀਨੇ ਦੀ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ, ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ ਤੇ ਬੇਸ਼ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ। ਇਸ ਮੌਕੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਅੰਤਿਮ ਅਰਦਾਸ ਸਮਾਗਮ ਮੌਕੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਉਪਰਾਲਾ ਹੈ ਕਿਉਂਕਿ ਖ਼ੂਨਦਾਨ ਦੁਨੀਆਂ ਦਾ ਸਭ ਤੋਂ ਵੱਡਮੁੱਲਾ ਦਾਨ ਹੈ, ਇਹ ਇੱਕ ਅਜਿਹਾ ਤਰਲ ਹੈ ਜੋ ਡੁਪਲੀਕੇਟ ਨਹੀਂ ਬਣਾਇਆ ਜਾ ਸਕਦਾ। ਇਹ ਸਿਰਫ ਤੇ ਸਿਰਫ ਇਨਸਾਨੀ ਸਰੀਰ ਅੰਦਰ ਕੁਦਰਤੀ ਤਕਨੀਕ ਨਾਲ ਤਿਆਰ ਹੁੰਦਾ ਹੈ। ਇਸ ਮੌਕੇ ਰਣਦੀਪ ਸਿੰਘ, ਸ਼ੁਭਦੀਪ ਸਿੰਘ ਪਟਿਆਲਾ, ਹਰਮਨਦੀਪ ਸਿੰਘ ਸਨੌਰ ਤੇ ਲਖਵੀਰ ਸਿੰਘ ਲੱਖੀ ਵੀ ਹਾਜ਼ਰ ਸਨ।

## ਪਹਿਲਗਾਮ ਘਟਨਾ ਦੇ ਵਿਰੋਧ 'ਚ ਮਾਰਚ ਕੱਢਿਆ



ਪਟਿਆਲਾ, 28 ਅਪ੍ਰੈਲ (ਚ.ਨ.ਸ.) : ਪਹਿਲਗਾਮ ਦੇ ਹਮਲੇ ਦੀ ਪੂਰੇ ਦੇਸ਼ ਵਿਚ ਨਿਦਿਆ ਕੀਤੀ ਜਾ ਰਹੀ ਹੈ ਉਥੇ ਹੀ ਪਟਿਆਲਾ ਸ਼ਹਿਰ ਵਿਚ ਵਿ ਜਗ੍ਹਾ-ਜਗ੍ਹਾ ਲੋਕਾਂ ਵੱਲੋਂ ਪਹਿਲਗਾਮ ਘਟਨਾ ਦੇ ਵਿਰੋਧ 'ਚ ਆਪਣੀਆ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ ਬਾਰਾਦਰੀ ਗਾਰਡਨ ਦੇ ਵਿਚ ਸੈਰ ਕਰਨ ਵਾਲੇ ਸੈਰ ਪ੍ਰੇਮੀਆਂ, ਸੰਸਥਾਵਾਂ, ਕਲਬਾ ਵੱਲੋਂ ਇਕ ਵਿਸ਼ਾਲ ਪੈਦਲ ਮਾਰਚ ਸ਼ੇਰਾ ਵਾਲਾ ਗੇਟ ਤਕ ਕੱਢਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ। ਸੈਰ ਪ੍ਰੇਮੀਆਂ ਵੱਲੋਂ ਇਸ ਘਟਨਾ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਵਿਰੁੱਧ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਜਨਹਿਤ ਸਮਿਤੀ ਦੇ ਸਕੱਤਰ ਵਿਨੋਦ ਸ਼ਰਮਾ ਨੇ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਅਤੇ ਇਸ ਨੂੰ ਮਨੁੱਖਤਾ ਦਾ ਘਾਣ ਦਸਿਆ। ਹੈਲਥ ਅਵੇਰਨੈੱਸ ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਕੌਲੀ ਨੇ ਇਸ ਹਮਲੇ ਨੂੰ ਕਰੂਰਤਾਂ ਦਾ ਕੰਮ ਕਿਹਾ। ਇਸ ਮੌਕੇ ਡਾ. ਜੀ. ਐਸ.ਅੰਨਦ ਸਾਬਕਾ ਡਾਇਰੈਕਟਰ ਐਨ ਆਈ ਐਸ , ਓਮ ਪ੍ਰਕਾਸ਼ ਸ਼ਰਮਾ, ਰਣਜੀਤ ਕੌਰ, ਮਮਤਾ ਮਲਹੋਤਰਾ, ਮਨਿੰਦਰ ਸਿੰਘ, ਪ੍ਰਧਾਨ ਸੀਤਾ ਰਾਮ, ਰਾਜ ਕੁਮਾਰ, ਰਾਜਿੰਦਰ ਸਿੰਘ ਅਜੀ, ਕਮਲੇਸ਼ ਗੋਗੀਆ, ਹੈਪੀ ਵਰਮਾ, ਸੋਨੀਆ ਵਰਮਾ, ਨੀਲਿਮਾ, ਰਾਣਾ, ਤਰਨ ਜੋਤ, ਜੋਗਿੰਦਰ ਸਿੰਘ ਤੁਲੀ, ਹਰੀ ਚੰਦ ਬਾਂਸਲ, ਰਵਿੰਦਰ ਗਰਗ ਅਤੇ ਵੱਡੀ ਸੰਖਿਆ 'ਚ ਸੈਰ ਪ੍ਰੇਮੀ ਅਤੇ ਖਿਡਾਰੀ ਸ਼ਾਮਲ ਸਨ।

## ਲਾਇਨਜ਼ ਕਲੱਬ ਇੰਟਰਨੈਸ਼ਨਲ ਦੀ ਰੀਜ਼ਨ ਕਾਨਫਰੰਸ 'ਪ੍ਰੇਮ-2025' ਕਰਵਾਈ




ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ/ਜਵੰਦਾ) :ਲਾਇਨਜ਼ ਇੰਟਰਨੈਸ਼ਨਲ ਜ਼ਿਲਾ 321 ਐਫ ਦੀ ਰੀਜਨ ਕਾਨਫਰੰਸ 'ਪ੍ਰੇਮ-2025' ਕਲੱਬ ਦੇ ਰੀਜਨ ਚੇਅਰਪ੍ਰਸਨ ( ਰੀਜਨ 11, 2024-25) ਐਮ.ਜੇ.ਐਫ. ਲਾਇਨ ਇੰਜੀ: ਕਰਨ ਗੁਪਤਾ ਦੀ ਅਗਵਾਈ ਵਿਚ ਸਮਾਣਾ 'ਚ ਆਯੋਜਿਤ ਕੀਤੀ ਗਈ। ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਜਿਲ੍ਹਾ ਗਵਰਨਰ ਐਮ.ਜੇ.ਐਫ. ਲਾਇਨ ਇੰਜੀ: ਰਵਿੰਦਰ ਸਾਗਰ ਸ਼ਾਮਲ ਹੋਏ ਜਦੋਂ ਕਿ ਵਿਸ਼ੇਸ਼ ਮਹਿਮਾਨ ਦੇ ਤੋਰ 'ਤੇ ਵਾਇਸ ਜ਼ਿਲ੍ਹਾ ਗਵਰਨਰ ਪੀ.ਐਮ.ਜੇ.ਐਫ. ਲਾਇਨ ਅੰਮ੍ਰਿਤਪਾਲ ਸਿੰਘ ਜੰਡੂ ਅਤੇ ਵਾਇਸ ਜ਼ਿਲ੍ਹਾ ਗਵਰਨਰ-2 ਐਮ.ਜੇ.ਐਫ. ਲਾਇਨ ਅਜੇ ਗੋਇਲ ਤੋਂ ਇਲਾਵਾ ਹਲਕਾ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ, ਸਾਂਸਦ ਡਾ. ਧਰਮਵੀਰ ਗਾਂਧੀ, ਰਛਪਾਲ ਸਿੰਘ ਜੌੜਾਮਾਜਰਾ, ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ, ਅਗਰਵਾਲ ਧਰਮਸ਼ਾਲ ਕਮੇਟੀ ਪ੍ਰਧਾਨ ਮਦਨ ਮਿੱਤਲ, ਪਾਸਟ ਜ਼ਿਲ੍ਹਾ ਗਵਰਨਰ ਦਿਨੇਸ਼ ਸੂਦ , ਗੋਪਾਲ ਕ੍ਰਿਸਨ ਗਰਗ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਜਿਨ੍ਹਾਂ ਸਾਂਝੇ ਤੌਰ 'ਤੇ ਜੋਤੀ ਪ੍ਰਚੰਡ ਕਰਕੇ ਇਸ ਕਾਨਫਰੰਸ ਦੀ ਆਰਭੰਤਾ ਕੀਤੀ। ਮੁੱਖ ਮਹਿਮਾਨ ਰਵਿੰਦਰ ਸਾਗਰ ਨੇ ਸੰਬੋਧਨ ਕਰਦੇ ਹੋਏ ਕਾਨਫਰੰਸ ਵਿਚ ਸ਼ਾਮਲ (ਪਟਿਆਲਾ ਤੋਂ 9, ਸਮਾਣਾ ਤੋਂ 4, ਦਿੜ੍ਹਬਾ, ਭਵਾਨੀਗੜ੍ਹ, ਘੱਗਾ ਦੇ ਇਕ-ਇਕ) 16 ਕਲੱਬਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਹਰ ਕਲੱਬ ਵਿਚ 5-10 ਫੀਸਦੀ ਹੀ ਮੈਂਬਰ ਕੰਮ ਕਰਦੇ ਹਨ ਅਤੇ ਬਾਕੀ ਮੈਂਬਰਾਂ ਦੇ ਸਹਿਯੋਗ ਨਾਲ ਉਹ ਹੀ ਕਲੱਬ ਨੂੰ ਸਿਖਰਾ 'ਤੇ ਲੈ ਜਾਂਦੇ ਹਨ। ਉਨ੍ਹਾਂ ਕਲੱਬ ਦੀਆਂ ਪ੍ਰਾਪਤੀਆਂ ਦਾ ਵੀ ਜਿਕਰ ਕੀਤਾ। ਇਸ ਮੌਕੇ ਲਾਇਨ ਅੰਮ੍ਰਿਤਪਾਲ ਸਿੰਘ ਜੰਡੂ ਅਤੇ. ਲਾਇਨ ਅਜੇ ਗੋਇਲ ਨੇ ਆਖਿਆ ਕਿ ਸਾਨੂੰ ਲਾਇਨਜ਼ ਕਲੱਬ ਦੀ ਤਰਕੀ ਲਈ ਹਮੇਸ਼ਾ ਰਾਜਨੀਤੀ ਤੋਂ ਦੂਰ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸਾਂਸਦ ਧਰਮਵੀਰ ਗਾਂਧੀ ਨੇ ਵੀ ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋਂ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਸਮਾਜ ਸੇਵਾ ਦੇ ਖੇਤਰ ਵਿਚ ਚੰਗੀਆਂ ਸੇਵਾਵਾਂ ਦੇਣ ਵਾਲੇ ਕਲੱਬਾਂ ਅਤੇ ਉਨ੍ਹਾਂ ਦੇ ਅਹੁਦੇਦਾਰਾਂ ਨੂੰ 'ਪ੍ਰੇਮ-2025' ਐਵਾਰਡ ਨਾਲ ਸਨਮਾਨਤ ਵੀ ਕੀਤਾ ਗਿਆ। ਸਾਰੇ ਰੀਜਨਾਂ ਵਿੱਚੋਂ ਸ਼ਾਨਦਾਰ ਕਾਰਗੁਜ਼ਾਰੀ ਲਈ ਰੀਜਨ ਚੇਅਰਪ੍ਰਸਨ ਲਾਇਨ ਇੰਜੀ: ਕਰਨ ਗੁਪਤਾ ਨੂੰ ਵਧਾਈ ਦਿੱਤੀ। ਸਮਾਗਮ ਦੌਰਨ ਮਾਸਟਰ ਆਫ ਸੈਰੇਮਨੀ ਦੀ ਭੂਮਿਕਾ ਡਾ. ਨਰੇਸ਼ ਗੁਪਤਾ ਅਤੇ ਐਸ.ਪੀ.ਕਾਂਸਲ ਨੇ ਬਾਖੂਬੀ ਨਿਭਾਈ। ਇਸ ਮੌਕੇ ਬਲਾਕ ਕਾਂਗਰਸ ਦੇ ਸਾਬਕਾ ਪ੍ਰਧਾਨ ਡਾ: ਪ੍ਰੇਮਪਾਲ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਕਲੱਬ ਪ੍ਰਧਾਨ ਮਹਿੰਦਰ ਸਿੰਘ ਧੀਮਾਨ, ਲਾਇਨ ਕੇ.ਵੀ. ਪੁਰੀ, ਰੋਹਿਤ ਗਰਗ, ਅਮਿਤ ਗਰਗ, ਵਾਈ.ਪੀ.ਸੂਦ, ਪਰਮਿੰਦਰ ਸਿੰਘ, ਸੁਮਿਤ ਕੁਮਾਰ, ਨਰਿੰਦਰ ਸਿੰਘ, ਰਾਕੇਸ਼ ਗਰਗ, ਸੰਜੀਵ ਕੋਸ਼ਿਕ, ਕ੍ਰਿਸ਼ਨ ਗੋਇਲ ਉਦਯੋਗਪਤੀ ਰਾਜਿੰਦਰ ਅਗਰਵਾਲ , ਗੋਰਵ ਅਗਰਵਾਲ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ, ਸਮਾਗਮ ਚੇਅਰਮੈਨ ਰਾਜੀਵ ਗੁਪਤਾ, ਜੇ.ਪੀ. ਗਰਗ, ਲਵ ਮਿੱਤਲ, ਹੁਸਨ ਬਾਂਸਲ, ਪ੍ਰਦੀਪ ਮਿੰਕਾ, ਵਨੀਤ ਗਰਗ, ਸੰਜੂ ਗਰਗ, ਜਵਾਹਰ ਗੋਇਲ,ਹਨੀ,ਸੀ.ਏ. ਵਿਨਸ ਜਿੰਦਲ, ਪੰਕਜ ਗਰਗ, ਕੇ.ਸੀ. ਅਰੋੜਾ ਆਦਿ ਵੀ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਨੇ ਦੋ ਸਕੂਲਾਂ ਦੇ ਜ਼ਰੂਰਤਮੰਦ ਬੱਚਿਆਂ ਲਈ ਦਿੱਤੀਆਂ ਕਾਪੀਆਂ




ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ): ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਪ੍ਰਧਾਨ ਰਾਜਿੰਦਰ ਪ੍ਰਸ਼ਾਦ , ਸਰਪ੍ਰਸਤ ਸੀਤਾ ਰਾਮ ਗੁਪਤਾ, ਪ੍ਰਾਜੈਕਟ ਚੇਅਰਮੈਨ ਬ੍ਰਿਸ਼ਭਾਨ ਕਾਂਸਲ (ਰਿਟਾ: ਵੀ.ਡੀ.ਓ.) ਨਰੈਣ ਦਾਸ ਦੀ ਅਗਵਾਈ 'ਚ ਐਸ.ਡੀ. ਮਾਡਲ ਸਕੂਲ ਅਤੇ ਪਬਲਿਕ ਸੀਨੀ: ਸੈਕੰਡਰੀ ਸਕੂਲ ਵਿਚ ਆਯੋਜਿਤ ਸਮਾਗਮਾਂ ਦੌਰਾਨ ਜਰੂਰਤਮੰਦ ਬੱਚਿਆਂ ਨੂੰ ਨਵੇ ਸੈਸ਼ਨ ਦੀ ਸ਼ੁਰੂਆਤ ਮੌਕੇ ਕਾਪੀਆਂ ਅਤੇ ਕਲੱਰ ਰਜਿਸਟਰ ਤਕਸੀਮ ਕੀਤੇ ਗਏ। ਇਸ ਮੌਕੇ ਐਸ.ਡੀ.ਮਾਡਲ ਸਕੂਲ ਪ੍ਰਿੰਸੀਪਲ ਸੁਖਵਿੰਦਰ ਕੁਮਾਰ ਖੋਸਲਾ, ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਸੁਨੀਤਾ ਗਰਗ, ਸਕੂਲ ਕਮੇਟੀ ਪ੍ਰਧਾਨ ਮਦਨ ਮਿੱਤਲ ਵੀ ਹਾਜ਼ਰ ਸਨ। ਸੰਸਥਾ ਪ੍ਰਧਾਨ ਰਾਜਿੰਦਰ ਪ੍ਰਸ਼ਾਦ ਨੇ ਵਿਸ਼ਵਾਸ ਦਿਵਾਇਆ ਕਿ ਸਕੂਲਾਂ ਨੂੰ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਵੇਗੀ ਉਸ ਨੂੰ ਪੂਰਾ ਕਰਨ ਲਈ ਪ੍ਰੀਸ਼ਦ ਉਪਰਾਲਾ ਕਰੇਗੀ। ਇਸ ਮੌਕੇ ਚਮਨ ਲਾਲ ਧਨੇਠਾ, ਸ਼ਸ਼ੀ ਭੂਸ਼ਣ ਸਿੰਗਲਾ, ਰਮਨ ਗੁਪਤਾ, ਵਿਸ਼ਾਲ ਗੁਪਤਾ(ਕਾਕ) ,ਪਰਮਿੰਦਰ ਅਰੋੜਾ, ਭੀਮ ਸੈਨ, ਸੰਦੀਪ ਗੋਇਲ ਲੱਕੀ, ਨੈਨਸੀ ਸੀ.ਏ.,ਸੁਸ਼ੀਲ ਸਿੰਗਲਾ ਆਦਿ ਵੀ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਤਨਖਾਹ ਨਾ ਮਿਲਣ ਦੇ ਰੋਸ 'ਚ ਭੜਕੇ ਜੰਗਲਾਤ ਕਾਮੇ

ਪਟਿਆਲਾ, 28 ਅਪ੍ਰੈਲ (ਰੁਪਾਣਾ) : ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਵੱਲੋਂ ਅੱਜ ਕੜਕਦੀ ਗਰਮੀ ਵਿੱਚ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ, ਅੱਜ ਦੇ ਧਰਨੇ ਦੀ ਅਗਵਾਈ ਜਸਵਿੰਦਰ ਸਿੰਘ ਸੌਜਾ, ਜਗਤਾਰ ਸਿੰਘ ਸ਼ਾਹਪੁਰ, ਸ਼ੇਰ ਸਿੰਘ ਸਰਹੰਦ ਤੇ ਅਮਰਜੀਤ ਸਿੰਘ ਲਾਛੜੂ ਨੇ ਕੀਤੀ,ਵੱਖ-ਵੱਖ ਰੇਂਜਾਂ ਤੋਂ ਵੱਡੀ ਗਿਣਤੀ ਵਿੱਚ ਜੰਗਲਾਤ ਕਾਮੇਂ ਵਹੀਰਾਂ ਘੱਤ ਕੇ ਇਸ ਧਰਨੇ ਵਿੱਚ ਪੁੱਜੇ। ਜੰਗਲਾਤ ਕਾਮਿਆਂ ਦੀ ਭਰਵੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਬੇਲੂ ਮਾਜਰਾ,ਲਖਵਿੰਦਰ ਸਿੰਘ ਖਾਨਪੁਰ, ਜਸਵੀਰ ਸਿੰਘ ਖੋਖਰ ਤੇ ਧਰਮਪਾਲ ਲੋਟ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੰਗਲਾਤ ਵਿਭਾਗ ਵੱਲੋਂ ਲੰਮੇ ਸਮੇਂ ਤੋਂ ਵਿਭਾਗ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਸਮੇਂ ਸਿਰ ਤਨਖਾਹਾਂ ਨਾ ਦੇਣ ਦੇ ਰੋਸ ਵਜੋ ਅੱਜ ਧਰਨਾ ਦਿੱਤਾ ਜਾ ਰਿਹਾ ਹੈ ਜੇਕਰ ਅਧਿਕਾਰੀਆਂ ਨੇ ਕੰਧ ਤੇ ਲਿਖਿਆ ਨਾ ਪੜ੍ਹਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ



ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਨਾਲ ਸੰਬੰਧਿਤ ਵੱਖ ਵੱਖ ਜਥੇਬੰਦੀਆਂ ਇਸ ਧਰਨੇ ਵਿੱਚ ਸ਼ਮੂਲੀਅਤ ਕਰਨਗੀਆਂ ਅਤੇ ਉਨਾ ਚਿਰ ਜਾਰੀ ਰੱਖਣਗੇ ਜਿੰਨਾ ਚਿਰ ਜੰਗਲਾਤ ਕਾਮਿਆਂ ਦੀ ਇੱਕ ਇੱਕ ਮੰਗ ਦਾ ਹੱਲ ਨਹੀਂ ਹੋ ਜਾਂਦਾ ਧਰਨੇ ਨੂੰ ਸੰਬੋਧਨ ਕਰਦਿਆਂ ਭੁਪਿੰਦਰ ਸਿੰਘ ਸਾਧੂਹੇੜੀ,ਨਰੇਸ਼ ਬੋਸਰ,ਭਿੰਦਰ ਘੱਗਾ ਅਤੇ ਜਗਪਾਲ ਸਿੰਘ ਕਕਰਾਲਾ ਨੇ ਕਿਹਾ ਕਿ ਸਰਕਾਰ ਜੰਗਲਾਤ ਵਿਭਾਗ ਚ,ਜਿੱਥੇ ਲੰਮੇ ਸਮੇਂ ਤੋਂ ਵਿਭਾਗ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨੂੰ ਪੱਕੇ ਨਹੀਂ ਕਰ ਰਹੀ ਉੱਥੇ ਕੰਮ ਹੋਣ ਦੇ ਬਾਵਜੂਦ ਵੀ ਜੰਗਲਾਤ ਵਿਭਾਗ ਕਾਮਿਆਂ ਤੇ ਲਗਾਤਾਰ ਛਾਂਟੀ ਦੀ ਤਲਵਾਰ ਲਟਕਾਈ ਜਾ ਰਹੀ ਹੈ, ਜਿਸ ਕਾਰਨ ਜੰਗਲਾਤ ਕਾਮਿਆਂ ਵਿੱਚ ਭਾਰੀ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ ਅੱਜ ਦਾ ਧਰਨਾ ਉਸ ਸਮੇਂ ਪੂਰੇ ਜਾਹੋ ਜਲਾਲ ਵਿੱਚ ਆ ਗਿਆ ਜਦੋਂ ਭੜਕੇ ਜੰਗਲਾਤ ਕਾਮਿਆਂ ਨੇ ਵਣ ਮੰਡਲ ਦਫਤਰ ਘੇਰਨ ਦਾ ਐਲਾਨ ਕਰ ਦਿੱਤਾ ਜਿਸ ਨਾਲ ਜੰਗਲਾਤ ਵਿਭਾਗ ਦੀ ਮੈਨੇਜਮੈਂਟ ਤੇ ਪੁਲਿਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਜੰਗਲਾਤ ਵਿਭਾਗ ਦੇ ਆਧਿਕਾਰੀਆ ਵੱਲੋਂ 12 ਮਈ ਦਾ ਸਮਾਂ ਦੇ ਕੇ ਜੰਗਲਾਤ ਕਰਮੀਆਂ ਦੀਆਂ ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਤਾਂ ਜੰਗਲਾਤ ਕਾਮੇ ਸ਼ਾਂਤ ਹੋਏ ਧਰਨੇ ਨੂੰ ਸੰਬੋਧਨ ਕਰਦਿਆਂ ਤਰਸੇਮ ਸਿੰਘ ਹਰਜਿੰਦਰ ਸਿੰਘ ਸਮਸੇਰ ਸਿੰਘ ਬਲਕਾਰ ਸਿੰਘ ਸਰਬਜੀਤ ਸਿੰਘ ਅਲੀਪੁਰ ਤੇ ਗੁਰਕਮਲ ਸਿੰਘ ਪਟਿਆਲਾ ਨੇ ਕਿਹਾ ਕਿ ਜੇਕਰ 12 ਮਈ ਦੀ ਮੀਟਿੰਗ ਵਿੱਚ ਮੰਗਾਂ ਦਾ ਹੱਲ ਨਾ ਹੋਇਆ ਤਾਂ 16 ਮਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ ਜਿਸ ਦੇ ਨਿਕਲਣ ਵਾਲੇ ਸਿੱਟਿਆਂ ਦੇ ਜਿੰਮੇਵਾਰ ਵਣ ਵਿਭਾਗ ਦੇ ਅਧਿਕਾਰੀ ਹੋਣਗੇ। ਅੱਜ ਦੇ ਧਰਨੇ 'ਚ ਹੋਰਨਾਂ ਤੋਂ ਇਲਾਵਾ ਰਾਜਿੰਦਰ ਸਿੰਘ ਧਾਲੀਵਾਲ, ਜੋਗਾ ਸਿੰਘ ਵਜੀਦਪੁਰ, ਦਲੇਰ ਸਿੰਘ ਬੋਸਰ, ਵਿਕਰਮਜੀਤ ਸਿੰਘ, ਤਰਸੇਮ ਸਿੰਘ, ਸੁਰਿੰਦਰ ਸਿੰਘ, ਜਸਵੀਰ ਪਜੋਲਾ ਵਿਪਨ ਪ੍ਰਸਾਦ, ਜਸਵੀਰ ਕੌਰ, ਅਮਰਜੀਤ ਕੌਰ, ਹਰਬੰਸ ਕੌਰ, ਗੁਰਦੇਵ ਕੌਰ, ਕਿਰਨਾ ਕੌਰ ਨਾਭਾ ਆਦਿ ਹਾਜ਼ਰ ਹੋਏ।

## ਪੰਜਾਬੀ ਯੂਨੀਵਰਸਿਟੀ ਨੇ ਹਿਮਾਚਲ ਪ੍ਰਦੇਸ਼ ਦੇ ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵੀਸਜ਼ ਨਾਲ ਕੀਤਾ ਵਿਸ਼ੇਸ਼ ਇਕਰਾਰਨਾਮਾ

ਪਟਿਆਲਾ, 28 ਅਪ੍ਰੈਲ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਫੋਰੈਂਸਿਕ ਸਾਇੰਸ ਵਿਭਾਗ ਵੱਲੋਂ ਹਿਮਾਚਲ ਪ੍ਰਦੇਸ਼ ਦੇ ਜੰਗਾ, ਸ਼ਿਮਲਾ ਹਿਲਜ਼ ਦੇ ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵਿਸਜ਼ ਨਾਲ ਵਿਸ਼ੇਸ਼ ਇਕਰਾਰਨਾਮਾ (ਐੱਮ.ਓ.ਯੂ.) ਕੀਤਾ ਗਿਆ ਹੈ। ਦੋਵਾਂ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਅੱਜ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਇਸ ਇਕਰਾਰਨਾਮੇ ਦੇ ਦਸਤਾਵੇਜ਼ਾਂ ਉੱਤੇ ਹਸਤਾਖ਼ਰ ਕੀਤੇ। ਪੰਜਾਬੀ ਯੂਨਵਿਰਸਿਟੀ ਵੱਲੋਂ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਅਤੇ ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵਿਸਜ਼, ਜੰਗਾ, ਸ਼ਿਮਲਾ ਹਿਲਜ਼ ਤੋਂ ਡਾਇਰੈਕਟਰ ਡਾ. ਮੀਨਾਕਸ਼ੀ ਮਹਾਜਨ ਨੇ ਦਸਤਖ਼ਤ ਕੀਤੇ ਹਨ। ਪ੍ਰੋ. ਸੰਜੀਵ ਪੁਰੀ ਨੇ ਕਿਹਾ ਕਿ ਇਹ



ਇਕਰਾਰਨਾਮਾ ਸਿੱਖਿਆ, ਸਿਖਲਾਈ ਅਤੇ ਖੋਜ ਪੱਖੋਂ ਦੋਵਾਂ ਅਦਾਰਿਆਂ ਦਰਮਿਆਨ ਆਪਸੀ ਸਾਂਝੇਦਾਰੀ ਕਾਇਮ ਕਰਨ ਲਈ ਮਦਦਗਾਰ ਹੋਵੇਗਾ ਜਿਸ ਤਹਿਤ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ ਜੰਗਾ, ਸ਼ਿਮਲਾ ਹਿਲਜ਼ ਦੇ ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵਿਸਜ਼ ਦੇ ਸਰੋਤਾਂ ਅਤੇ ਵਿਗਿਆਨੀਆਂ ਦੀ ਮਦਦ ਨਾਲ ਖੋਜ ਕਰਨ ਦੇ ਯੋਗ ਹੋਣਗੇ। ਇਸੇ ਤਰ੍ਹਾਂ, ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵਿਸਿਜ਼, ਜੰਗਾ, ਸ਼ਿਮਲਾ ਹਿਲਜ਼ ਵੀ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਨਾਲ ਤਾਲਮੇਲ ਕਾਇਮ ਕਰ ਕੇ ਆਪਣੇ ਖੋਜ ਕਾਰਜ ਦੇ ਦਾਇਰੇ ਨੂੰ ਵਧਾਉਣ ਦੇ ਯੋਗ ਹੋਵੇਗਾ। ਉਨ੍ਹਾਂ ਕਿਹਾ ਕਿ ਫੋਰੈਂਸਿਕ ਵਿਗਿਆਨ ਦਾ ਖੇਤਰ ਅੱਜ-ਕੱਲ੍ਹ ਵਿਗਿਆਨਕ ਜਾਂਚ ਕਰਨ ਵਿੱਚ ਵਧੇਰੇ ਪ੍ਰਸਿੱਧ ਹੋ ਰਿਹਾ ਹੈ। ਡਾ. ਮੀਨਾਕਸ਼ੀ ਮਹਾਜਨ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵਿਚਲੇ ਦੇਸ ਦੇ ਦੂਜੇ ਸਭ ਤੋਂ ਪੁਰਾਣੇ ਫੋਰੈਂਸਿਕ ਸਾਇੰਸ ਵਿਭਾਗ ਨਾਲ ਜੁੜਨ ਉੱਤੇ ਮਾਣ ਹੈ। ਉਨ੍ਹਾਂ ਕਿਹਾ ਕਿ ਡਾਇਰੈਕਟੋਰੇਟ ਆਫ਼ ਫੋਰੈਂਸਿਕ ਸਰਵਿਸਿਜ਼, ਜੰਗਾ, ਸ਼ਿਮਲਾ ਹਿਲਜ਼ ਵੱਖ-ਵੱਖ ਅਪਰਾਧ ਮਾਮਲਿਆਂ ਨੂੰ ਹੱਲ ਕਰਨ ਵਿੱਚ ਯੋਗਦਾਨ ਪਾ ਰਿਹਾ ਹੈ ਜੋ ਵਿਦਿਆਰਥੀਆਂ ਨੂੰ ਇਸ ਖੇਤਰ ਦੇ ਅਧਿਐਨ ਕਰਨ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਇਹ ਇਕਰਾਰਨਾਮਾ ਦੋਵਾਂ ਅਦਾਰਿਆਂ ਦੀ ਸਮਰੱਥਾ ਨੂੰ ਵਧਾਏਗਾ। ਇਕਰਾਰਨਾਮੇ ਉੱਤੇ ਹਸਤਾਖ਼ਰ ਕੀਤੇ ਜਾਣ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਫੋਰੈਂਸਿਕ ਸਾਇੰਸ ਵਿਭਾਗ ਦੇ ਮੁਖੀ ਡਾ. ਕੋਮਲ ਸੈਣੀ ਅਤੇ ਅਧਿਆਪਕ ਪ੍ਰੋ. ਰਾਜਿੰਦਰ ਸਿੰਘ, ਪ੍ਰੋ. (ਰਿਟਾਇਰਡ) ਡਾ. ਮੁਕੇਸ਼ ਕੁਮਾਰ ਠੱਕਰ ਅਤੇ ਡਾ. ਜਸਵਿੰਦਰ ਸਿੰਘ ਵੀ ਮੌਜੂਦ ਰਹੇ।

## ਰੇਲਵੇ ਪੁਲਿਸ ਵੱਲੋਂ ਮਹਿਲਾ ਯਾਤਰੀ ਕੋਲੋਂ 1 ਕਿਲੋ ਅਫ਼ੀਮ ਬ੍ਰਾਮਦ



ਪਟਿਆਲਾ, 28 ਅਪ੍ਰੈਲ (ਵਿਨੋਦ ਸ਼ਰਮਾ) : ਰੇਲਵੇ ਪੁਲਿਸ ਵੱਲੋਂ ਰੇਲ ਗੱਡੀਆਂ ਅਤੇ ਮੁਸਾਫ਼ਰਾਂ ਦੀ ਕੀਤੀ ਜਾ ਰਹੀ ਚੈਕਿੰਗ ਦੌਰਾਨ ਇੱਕ ਮਹਿਲਾ ਯਾਤਰੀ ਪਾਸੋਂ 1 ਕਿੱਲੋ ਅਫ਼ੀਮ ਬਰਾਮਦ ਕੀਤੀ ਗਈ ਹੈ ਅਤੇ ਮਹਿਲਾ ਖਿਲਾਫ਼ ਮੁਕੱਦਮਾ ਨੰ:11 ਅ/ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਜੀ.ਆਰ.ਪੀ ਪਟਿਆਲਾ ਦਰਜ ਰਜਿਸਟਰ ਕਰਕੇ ਤਫ਼ਤੀਸ਼ ਆਰੰਭ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਪ ਕਪਤਾਨ ਜਗਮੋਹਨ ਸਿੰਘ ਸੋਹੀ ਨੇ ਦੱਸਿਆ ਕਿ ਪੰਜਾਬ 'ਚ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ" ਦੇ ਤਹਿਤ ਸਪੈਸ਼ਲ ਡੀ.ਜੀ.ਪੀ. ਰੇਲਵੇ ਪੰਜਾਬ ਸ਼ਸ਼ੀ ਪ੍ਰਭਾ ਦਿਵੇਦੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਏ.ਆਈ.ਜੀ. ਰੇਲਵੇ ਅਮਰਪ੍ਰੀਤ ਸਿੰਘ ਘੁੰਮਣ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇੰਸਪੈਕਟਰ ਜਤਿੰਦਰ ਸਿੰਘ ਇੰਚਾਰਜ ਸੀ.ਆਈ.ਏ-2, ਜੀ.ਆਰ.ਪੀ. ਪੰਜਾਬ ਦੀ ਟੀਮ ਵੱਲੋਂ ਲਗਾਤਾਰ ਰੇਲ ਗੱਡੀਆਂ ਅਤੇ ਮੁਸਾਫ਼ਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਰੇਲਵੇ ਸਟੇਸ਼ਨ ਰਾਜਪੁਰਾ 'ਤੇ ਚੰਪਾ ਦੇਵੀ ਉਰਫ਼ ਚੰਪਾ ਪਤਨੀ ਅਨੋਖੇ ਲਾਲ ਪੁੱਤਰ ਕੇਸੋ ਰਾਮ ਵਾਸੀ ਪਿੰਡ ਕਮਾਲਪੁਰ ਥਾਣਾ ਅਲੀਗੰਜ ਜ਼ਿਲ੍ਹਾ ਬਰੇਲੀ ਯੂ.ਪੀ ਕੋਲ 1 ਕਿਲੋਗ੍ਰਾਮ ਅਫ਼ੀਮ ਬਰਾਮਦ ਕਰਕੇ ਮੁਕੱਦਮਾ ਨੰ:11 ਅਧੀਨ ਧਾਰਾ 18/61/85 ਐਨ.ਡੀ.ਪੀ.ਐਸ.ਐਕਟ ਥਾਣਾ ਜੀ.ਆਰ.ਪੀ. ਪਟਿਆਲਾ ਦਰਜ ਰਜਿਸਟਰ ਕਰਕੇ ਤਫ਼ਤੀਸ਼ ਆਰੰਭ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਵੀ ਨਸ਼ਿਆਂ ਵਿਰੁੱਧ ਜੀ.ਆਰ.ਪੀ. ਪੰਜਾਬ ਵੱਲੋਂ ਇੱਕ ਵੱਖਰਾ ਅਭਿਆਨ ਚਲਾਇਆ ਜਾਵੇਗਾ।

## ਸਿੱਖਿਆ ਕ੍ਰਾਂਤੀ ਤਹਿਤ ਹੋ ਰਹੇ ਉਦਘਾਟਨ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੇ : ਦੇਵ ਮਾਨ

ਨਾਭਾ, 28 ਅਪ੍ਰੈਲ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਹੈ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਵਿਕਾਸ ਕਾਰਜਾਂ ਦੇ ਹੋ ਰਹੇ ਉਦਘਾਟਨ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੇ। ਗੁਰਦੇਵ ਸਿੰਘ ਦੇਵ ਮਾਨ ਨੇ ਅੱਜ 20.5 ਲੱਖ ਰੁਪਏ ਖ਼ਰਚਕੇ ਸੀਨੀਅਰ ਸੈਕੰਡਰੀ ਸਕੂਲ ਮਾਂਗੇਵਾਲ ਦੀ ਬਣਵਾਈ ਚਾਰਦਿਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਅਲਹੌਰਾਂ ਗੇਟ ਵਿਖੇ 13.39 ਲੱਖ ਰੁਪਏ ਖ਼ਰਚਕੇ ਕਲਾਸ ਰੂਮਜ ਦਾ ਨਵੀਨੀਕਰਨ, 27.33 ਲੱਖ ਰੁਪਏ ਖ਼ਰਚਕੇ ਸਰਕਾਰੀ ਮਿਡਲ ਸਕੂਲ ਦੁਲੱਦੀ ਦੀ ਤਿਆਰ ਕਰਵਾਈ ਚਾਰਦਿਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੀ 10.49 ਲੱਖ ਰੁਪਏ ਖ਼ਰਚਕੇ



ਤਿਆਰ ਕਰਵਾਈ ਚਾਰਦਿਵਾਰੀ ਦਾ ਉਦਘਾਟਨ ਕੀਤਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਉਨ੍ਹਾਂ ਦੇ ਹਲਕੇ ਨਾਭਾ ਵਿਖੇ ਹੁਣ ਤੱਕ 30 ਸਕੂਲਾਂ ਦਾ ਮੂੰਹ ਮੁਹਾਂਦਰਾ ਬਦਲਿਆ ਜਾ ਚੁੱਕਾ ਹੈ। ਉਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਨਮਾਨਤ ਕਰਦਿਆਂ ਅਧਿਆਪਕਾਂ ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਕਿ ਉਹ ਸਰਕਾਰੀ ਸਕੂਲਾਂ ਦਾ ਹਿੱਸਾ ਹਨ। ਇਸ ਮੌਕੇ ਕਪਿਲ ਮਾਨ, ਚੇਅਰਮੈਨ ਇੰਪਰੂਵਮੈਂਟ ਟਰਸਟ ਸੁਰਿੰਦਰਪਾਲ ਸ਼ਰਮਾ, ਪ੍ਰਧਾਨ ਨਗਰ ਕੌਂਸਲ ਸੁਜਾਤਾ ਚਾਵਲਾ, ਬਲਾਕ ਪ੍ਰਧਾਨ ਬਲਵਿੰਦਰ ਸਿੰਘ, ਕਸ਼ਮੀਰ ਸਿੰਘ ਲਾਲਕਾ, ਮਾਸਟਰ ਅਮਰੀਕ ਸਿੰਘ, ਤੇਜਾ ਮਾਸਟਰ ਸਕੂਲਾਂ ਦੇ ਮੁਖੀ, ਅਧਿਆਪਕ, ਵਿਦਿਆਰਥੀ ਤੇ ਮਾਪਿਆਂ ਸਮੇਤ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਵੀ ਮੌਜੂਦ ਸਨ।

## ਪਹਿਲਗਾਮ ਹਮਲੇ ਦੌਰਾਨ ਜਾਨਾਂ ਗਵਾਉਣ ਵਾਲੇ ਬੇਕਸੂਰ ਨਾਗਰਿਕਾਂ ਨੂੰ ਕੈਂਡਲ ਮਾਰਚ ਕੱਢ ਕੇ ਦਿੱਤੀ ਸ਼ਰਧਾਂਜਲੀ



ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ) : ਪਹਿਲਗਾਮ ਹਮਲੇ ਦੌਰਾਨ ਆਪਣੀਆਂ ਜਾਨਾਂ ਗਵਾਉਣ ਵਾਲੇ ਨਾਗਰਿਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਫਿਰਕੂ ਧਰੁਵੀਕਰਨ ਦੇ ਖਿਲਾਫ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕਰਨ ਲਈ ਵੱਖ-ਵੱਖ ਜਨਤਕ ਜਥੇਬੰਦੀਆਂ ਤੇ ਆਧਾਰਿਤ ਲੋਕ ਸੰਘਰਸ ਕਮੇਟੀ ਵੱਲੋਂ ਸਥਾਨਕ ਸਤੀ ਮੰਦਿਰ ਪਾਰਕ ਤੋਂ ਤਹਿਸੀਲ ਕੰਪਲੈਕਸ ਤੱਕ ਕੈਂਡਲ ਮਾਰਚ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ, ਡੈਮੋਕ੍ਰੈਟਿਕ ਟੀਚਰਜ ਫਰੰਟ ਦੇ ਅਤਿੰਦਰਪਾਲ ਘੱਗਾ, ਗੌਰਮਿੰਟ ਟੀਚਰਜ ਯੂਨੀਅਨ ਦੇ ਜਸਵਿੰਦਰ ਸਿੰਘ ਸਮਾਣਾ, ਪੈਨਸ਼ਨਰ ਆਗੂ ਸੋਹਣ ਸਿੰਘ ਅਤੇ ਨੌਜਵਾਨ ਭਾਰਤ ਸਭਾ ਦੇ ਦਵਿੰਦਰ ਛਬੀਲਪੁਰ ਨੇ ਮੰਗ ਕੀਤੀ ਕਿ ਪਹਿਲਗਾਮ ਹਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਿਸਾਨ ਆਗੂ ਦਵਿੰਦਰ ਸਿੰਘ ਪੂਨੀਆ, ਮੁਲਾਜਮ ਆਗੂ ਹਰਦੀਪ ਟੋਡਰਪੁਰ, ਬੀਨਾ ਘੱਗਾ, ਪ੍ਰਭਾਤ ਵਰਮਾਂ, ਅਦਾਰਾ ਪਰਵਾਜ ਤੋਂ ਡਾ. ਅਰਵਿੰਦਰ ਕੌਰ ਕਾਕੜਾ, ਕਿਸਾਨ ਆਗੂ ਗੁਰਵਿੰਦਰ ਦੇਧਨਾ, ਹਰਵਿੰਦਰ ਸਿੰਘ ਗਿੱਲ, ਸੇਰ ਸਿੰਘ ਕਾਕੜਾ, ਵਿਕਰਮ ਬਾਗੀ, ਰਜਿੰਦਰ ਸਮਾਣਾ ਆਦਿ ਵੀ ਹਾਜ਼ਰ ਸਨ।

## ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਵੱਖ-ਵੱਖ ਕਿੱਤਾ-ਮੁੱਖੀ ਪੰਜ ਰੋਜ਼ਾ ਸਿਖਲਾਈ ਕੋਰਸ

ਪਟਿਆਲਾ, 28 ਅਪ੍ਰੈਲ (ਚ.ਨ.ਸ.) : ਮੁੱਖ ਖੇਤੀਬਾੜੀ ਅਫਸਰ ਡਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ , ਪਟਿਆਲਾ ਵੱਲੋਂ 22 ਤੋਂ 28 ਅਪ੍ਰੈਲ ਤੱਕ ਫੁੱਲਕਾਰੀ ਕਢਾਈ ਦੀ ਬਹੁਭਾਂਤੀ ਵਰਤੋਂ ਅਤੇ ਸਾਬਣ-ਸਰਫ ਬਣਾਉਣ ਬਾਰੇ ਪੰਜਾ ਰੋਜ਼ਾ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ।ਇਸ ਕੋਰਸ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਪਿੰਡਾਂ ਜਿਵੇਂ ਕਿ ਦੀਵਾਨਗੜ੍ਹ, ਬੁੱਗਾਖੁਰਦ, ਰਣਜੀਤਗੜ੍ਹ, ਰੁੜਕੀ ਬੁੱਧਸਿੰਘ, ਨਮਾਦਾਂ, ਮੋਹਲ ਗਵਾਰਾ, ਮਸਿੰਘਣ ਤੋਂ 28 ਪੇਂਡੂ ਔਰਤਾਂ, ਲੜਕੀਆਂ ਅਤੇ ਨੌਜਵਾਨਾਂ ਨੇ ਭਾਗ ਲਿਆ।ਡਾ: ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿਖਲਾਈ ਕੋਰਸ ਦੌਰਾਨ ਡਾ: ਗੁਰਉਪਦੇਸ਼ ਕੌਰ, ਪ੍ਰੋ: (ਗ੍ਰਹਿ ਵਿਗਿਆਨ) ਨੇ ਕੱਪੜਿਆਂ ਦੀ ਸਾਜ-ਸਜ਼ਾਵਟ ਲਈ ਫੁਲਕਾਰੀ ਦੀ ਕਢਾਈ ਕੱਢਣ ਦੇ ਗੁਰ ਅਤੇ ਵੱਖ-ਵੱਖ ਸਜਾਵਟੀ ਸਮਾਨ ਜਿਵੇਂ ਕਿ ਦੁਪੱਟੇ, ਪੋਟਲੀ ਪਰਸ, ਬਟੂਆ ਅਤੇ ਸੀਨਰੀਆਂ ਬਣਾਉਣ ਦੀ ਤਕਨੀਕੀ ਜਾਣਕਾਰੀ ਵੀ ਦਿੱਤੀ । ਘਰ ਵਿੱਚ ਸਾਬਣ ਅਤੇ ਸਰਫ ਬਣਾਉਣ ਬਾਰੇ ਵੀ ਸਿਖਿਆਰਥਣਾਂ ਨੇ ਬਹੁਤ ਉਤਸ਼ਾਹ ਨਾਲ ਸਿੱਖਿਆ । ਸਿਖਲਾਈ ਦੌਰਾਨ ਸਫਲ ਸਿਖਿਆਰਥਣਾਂ ਚਰਨਜੀਤ ਕੌਰ (ਬਲੈਸਿੰਗ ਬੂਟੀਕ, ਘਨੌਰ) ਅਤੇ ਜਸਵੀਰ ਕੌਰ (ਸੋਹੀ ਬੂਟੀਕ ਨਾਭਾ) ਨੇ ਸਵੈ-ਸਮੂਹਾਂ ਦੇ ਸਸ਼ਕਤੀਕਰਣ ਬਾਰੇ ਪ੍ਰੇਰਿਤ ਭਾਸ਼ਣ ਦਿਤਾ ਅਤੇ ਆਰਥਿਕ ਆਤਮ-ਨਿਰਭਰਤਾ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ। ਇਸ ਮੌਕੇ ਡਾ: ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਔਰਤਾਂ ਨੂੰ ਘਰੇਲੂ ਬਗੀਚੀ ਅਤੇ ਫ਼ਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ ਅਤੇ ਡਾ: ਰਜਨੀ ਗੋਇਲ ਪ੍ਰੋਫੈਸਰ (ਭੋਜਨ ਵਿਗਿਆਨ ) ਨੇ ਘਰ ਵਿੱਚ ਫਲਾਂ ਸਬਜੀਆਂ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ । ਸਿਖਲਾਈ ਦੇ ਅਖੀਰਲੇ ਦਿਨ ਡਾ: ਹਰਦੀਪ ਸਿੰਘ ਸਭਿਖੀ, ਡਿਪਟੀ ਡਾਇਰੈਕਟਰ (ਸਿਖਲਾਈ) ਨੇ ਕਿਸਾਨ ਬੀਬੀਆਂ ਨੂੰ ਆਪਣਾ ਹੁਨਰ ਪਛਾਣ ਕੇ ਪੰਜਾਬ ਦੀ ਦਸਤਕਾਰੀ ਜਿਵੇਂ ਕਿ ਫੁਲਕਾਰੀ, ਕਰੋਸ਼ੀਆ, ਹੱਥ ਦੀ ਬੁਣਾਈ ਆਦਿ ਕੰਮਾਂ ਨੂੰ ਵਪਾਰਕ ਪੱਧਰ 'ਤੇ ਤੋਰਨ ਲਈ ਪ੍ਰੇਰਿਤ ਕੀਤਾ ।

## ਐੱਸ. ਆਰ. ਐੱਸ. ਵਿੱਦਿਆਪੀਠ 'ਚ ਕਰਵਾਏ ਸਨਮਾਨ ਸਮਾਰੋਹ ਦੌਰਾਨ ਡੀ. ਆਈ. ਜੀ. ਸਿੱਧੂ ਦਾ ਸਨਮਾਨ

ਸਮਾਣਾ, 28 ਅਪ੍ਰੈਲ (ਵਿਜੇ ਕੁਮਾਰ) : ਡੀ.ਆਈ.ਜੀ. ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਜੋ 30 ਅਪ੍ਰੈਲ ਨੂੰ ਸੇਵਾ ਮੁਕਤ ਹੋ ਰਹੇ ਹਨ, ਉਨ੍ਹਾਂ ਦੀਆਂ ਚੰਗੀਆਂ ਸੇਵਾਵਾਂ ਨੂੰ ਵੇਖਦੇ ਹੋਏ ਐੱਸ. ਆਰ. ਐੱਸ. ਵਿੱਦਿਆਪੀਠ 'ਚ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਐਸ. ਆਰ. ਐਸ. ਵਿਦਿਆਪੀਠ ਦੇ ਚੇਅਰਮੈਨ ਅਤੇ ਜ਼ਿਲ੍ਹਾ ਗਵਰਨਰ ਰੋਟਰੀ ਇੰਟਰਨੈਸ਼ਨਲ ਸੀ.ਏ. ਅਮਿਤ ਸਿੰਗਲਾ ਅਤੇ ਸੀ.ਏ. ਲਲਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ, ਐੱਸ .ਆਰ. ਐੱਸ. ਵਿੱਦਿਆਪੀਠ ਦੀ ਅਗਵਾਈ ਵਿਚ ਆਯੋਜਿਤ ਇਸ ਸਮਾਰੋਹ ਵਿਚ ਜਿੱਥੇ ਡੀ.ਆਈ.ਜੀ. ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ ਨੇ ਸ਼ਮੂਲੀਅਤ ਕੀਤੀ, ਉੱਥੇ ਪੰਜਾਬ ਦੇ ਉਦਯੋਗਪਤੀਆਂ ਅਤੇ ਸਮਾਜ ਸੇਵੀ ਆਗੂਆਂ ਨੇ ਵੀ ਸ਼ਿਰਕਤ ਕੀਤੀ।ਜਿਨ੍ਹਾਂ ਸਮਾਗਮ ਦੌਰਾਨ ਡੀ.ਆਈ.ਜੀ. ਸਿੱਧੂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।



ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸੀ.ਏ. ਅਮਿਤ ਸਿੰਗਲਾ ਨੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਦੀ ਤਾਰੀਫ ਕੀਤੀ, ਜਿਨ੍ਹਾਂ ਪੁਲਿਸ ਵਿਭਾਗ ਵਿਚ ਵੱਖ-ਵੱਖ ਅਹੁਦਿਆਂ ਤੇ ਰਹਿੰਦਿਆਂ ਆਪਣੀ ਡਿਉਟੀ ਇਮਾਨਦਾਰੀ ਨਾਲ ਨਿਭਾਈ ਹੋਵੇ। ਇਸ ਮੌਕੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਸੀ.ਏ. ਅਮਿਤ ਸਿੰਗਲਾ ਅਤੇ ਸਮਾਣਾ ਨਿਵਾਸੀਆਂ ਵੱਲੋਂ ਮਿਲੇ ਮਾਣ-ਸਨਮਾਨ ਲਈ ਧੰਨਵਾਦ ਕੀਤਾ। ਸਮਾਗਮ ਵਿਚ ਘਨਸਿਆਮ ਕਾਂਸਲ, ਮੱਖਣ ਲਾਲ ਗਰਗ, ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਬਿਊਰੋ ਪੰਜਾਬ ਕੇਸਰੀ ਗਰੁੱਪ ਰਾਜੇਸ਼ ਪੰਜੋਲਾ, ਮਾਨਿਕ ਰਾਜ ਸਿੰਗਲਾ, ਉਦਯੋਗਪਤੀ ਗਿਆਨ ਚੰਦ ਕਟਾਰੀਆ, ਮੋਹਨ ਲਾਲ ਕਟਾਰੀਆ ਅਤੇ ਰਾਜੇਸ਼ ਗੋਇਲ ਤੋਂ ਇਲਾਵਾ ਸਮਾਣਾ, ਪਾਤੜਾਂ, ਨਾਭਾ, ਚੀਕਾ, ਪਟਿਆਲਾ, ਰਾਜਪੁਰਾ, ਸੁਨਾਮ ਅਤੇ ਧੂਰੀ ਤੋਂ ਰੋਟਰੀ ਕਲੱਬ ਅਤੇ ਅਗਰਵਾਲ ਸਭਾ, ਅਗਰਵਾਲ ਗਊਸਾਲਾ ਦੇ ਮੈਂਬਰ ਵੀ ਮੌਜੂਦ ਸਨ।

## ਜ਼ਿਲ੍ਹੇ 'ਚ ਹੁਣ ਤੱਕ ਮੰਡੀਆਂ 'ਚ 52 ਫੀਸਦੀ ਹੋਈ ਕਣਕ ਦੀ ਲਿਫਟਿੰਗ

ਪਟਿਆਲਾ, 28ਅਪ੍ਰੈਲ (ਚ.ਨ.ਸ.) : ਜ਼ਿਲ੍ਹਾ ਪਟਿਆਲਾ ਦੀਆਂ ਮੰਡੀਆਂ ਵਿੱਚ ਕਣਕ ਦੀ ਸਮੇਂ ਸਿਰ ਲਿਫਟਿੰਗ ਕਰਵਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ , ਤਾਂ ਜੋ ਕਿਸਾਨਾਂ / ਜਿੰਮੀਦਾਰਾਂ ਅਤੇ ਆੜ੍ਹਤੀਆਂ ਨੂੰ ਰਬੀ ਸੀਜ਼ਨ ਦੌਰਾਨ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ ਇਸ ਗੱਲ ਦਾ ਪ੍ਰਗਟਾਵਾ ਅੱਜ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਪਟਿਆਲਾ ਦੇ ਜਿਲ੍ਹਾ ਕੰਟਰੋਲਰ ਡਾ: ਰੂਪਪ੍ਰੀਤ ਕੌਰ ਨੇ ਕੀਤਾ । ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਵਿਸਥਾਰ ਵਿੱਚ ਦੱਸਿਆ ਕਿ ਪਿਛਲੇ ਸਾਲ 27 ਅਪ੍ਰੈਲ ਤੱਕ ਦੀ ਕੁੱਲ ਲਿਫਟਿੰਗ 3,10,287 ਮੀਟ੍ਰਿਕ ਟਨ ਸੀ ਅਤੇ ਇਸ ਵਾਰ 27 ਅਪ੍ਰੈਲ 2025 ਤੱਕ ਦੀ ਕੁੱਲ ਲਿਫਟਿੰਗ 4,24,225 ਮੀਟ੍ਰਿਕ ਟਨ ਹੈ ਜਿਸ ਦਾ ਗਰਾਫ ਪਿਛਲੇ ਸਾਲ ਨਾਲੋਂ ਕਾਫੀ ਉੱਪਰ ਹੈ । ਇਸੇ ਤਰ੍ਹਾਂ ਜ਼ਿਲ੍ਹੇ ਵਿੱਚ ਹੁੱਣ ਤੱਕ ਕਣਕ ਦੀ ਆਮਦ 8,83,165 ਮੀਟ੍ਰਿਕ ਟਨ ਹੋ ਚੁੱਕੀ ਹੈ ਅਤੇ ਖਰੀਦ 8,71,117 ਮੀਟ੍ਰਿਕ ਟਨ ਹੋ ਚੁੱਕੀ ਹੈ ।

## ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ ਤੇ ਹੋਰ ਸਟੇਸ਼ਨਰੀ ਦਾ ਸਮਾਨ ਵੰਡਿਆ



ਪਟਿਆਲਾ, 28 ਅਪ੍ਰੈਲ (ਚ.ਨ.ਸ.) : ਭਗਵਾਨ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਐਜੂਕੇਸ਼ਨ ਅਤੇ ਵੈਲਫ਼ੇਅਰ ਟਰੱਸਟ ਵੱਲੋਂ ਵਿਦਿਆ ਦੇ ਮਹੱਤਵ ਨੂੰ ਮੁੱਖ ਰੱਖਦਿਆਂ ਕਾਕਾ ਸਿੰਘ ਮੈਹਣੇ, ਪ੍ਰਧਾਨ ਸੁਰਜੀਤ ਸਿੰਘ ਮਹਿਲ, ਮੀਤ ਪ੍ਰਧਾਨ ਸਰਬਜੀਤ ਸਿੰਘ ਧੀਮਾਨ, ਸਰਪ੍ਰਸਤ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੂਰਬੀਆ ਕਲੋਨੀ ਕਲਿਆਣ, ਸਰਕਾਰੀ ਐਲੀਮੈਂਟਰੀ ਸਕੂਲ ਆਸੇਮਾਜਰਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਕਰਮਗੜ੍ਹ ਦੇ ਪਿੰਡਾਂ ਦੀ ਪੰਚਾਇਤ ਦੇ ਤਸਦੀਕ ਕਰਨ ਉਪਰੰਤ ਲਗਭਗ 230 ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ, ਰਜਿਸਟਰ ਅਤੇ ਹੋਰ ਸਟੇਸ਼ਨਰੀ ਆਈਟਮਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਜਤਿੰਦਰ ਸਿੰਘ, ਅਮਰੀਕ ਸਿੰਘ, ਰਮੇਸ਼ ਧੀਮਾਨ, ਹਰਬੰਸ ਲਾਲ ਜੰਡੂ, ਬਲਦੇਵ ਸਿੰਘ, ਨਰਿੰਦਰ ਸਿੰਘ, ਵਰਿੰਦਰ ਸਿੰਘ, ਹਰਿੰਦਰ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਨੀਲੇ ਕਾਰਡਾਂ ਦੀ ਕੇ.ਵਾਈ.ਸੀ. ਕਰਾਉਣ ਦੀ ਅਪੀਲ

ਪਟਿਆਲਾ, 28 ਅਪ੍ਰੈਲ (ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਵਾਰਡ ਨੰਬਰ 41 ਤੋਂ ਕੌਂਸਲਰ ਅਮਨਪ੍ਰੀਤ ਕੌਰ ਅਤੇ ਅੰਮ੍ਰਿਤਪਾਲ ਸਿੰਘ ਪਾਲੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕੇ ਆਪੋ ਆਪਣੇ ਡਿਪੂਆਂ 'ਤੇ ਜਾ ਕੇ ਆਪਣੇ ਨੀਲੇ ਕਾਰਡਾਂ ਦੀ ਕੇ ਵਾਈ ਸੀ ਕਰਵਾ ਲਈ ਜਵੇ। ਉਨ੍ਹਾਂ ਕਿਹਾ ਕੇ ਜੇਕਰ ਕਿਸੇ ਵੀ ਨੀਲੇ ਕਾਰਡ ਹੋਲਡਰ ਨੇ ਕੇ.ਵਾਈ.ਸੀ. ਨਾ ਕਰਵਾਈ ਤਾ ਉਸ ਨੂੰ ਰਾਸ਼ਨ ਲੈਣ 'ਚ ਦਿੱਕਤ ਆ ਸਕਦੀ ਹੈ। ਇਸ ਲਈ ਆਪਣੇ। ਆਪਣੇ ਰਾਸ਼ਨ ਕਾਰਡ ਲਈ ਕੇ.ਵਾਈ.ਸੀ. ਕਰਵਾ ਲਈ ਜਾਵੇ।



## ਤ੍ਰਿਵੇਣੀ ਸਾਹਿਤ ਪ੍ਰੀਸ਼ਦ ਵੱਲੋਂ ਸ਼ਾਇਰਾ ਕੁਲਜੀਤ ਕੌਰ 'ਜੀਤ' ਦੇ ਪਲੇਠੇ ਕਾਵਿ ਸੰਗ੍ਰਹਿ 'ਮਿੱਟੀ' ਦਾ ਲੋਕ ਅਰਪਣ

ਪਟਿਆਲਾ, 28 ਅਪ੍ਰੈਲ (ਚ.ਨ.ਸ.) : ਤ੍ਰਿਵੇਣੀ ਸਾਹਿਤ ਪਰੀਸ਼ਦ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਉੱਭਰਦੀ ਸ਼ਾਇਰਾ ਕੁਲਜੀਤ ਕੌਰ ਜੀਤ ਦੇ ਪਲੇਠੇ ਕਾਵਿ ਸੰਗ੍ਰਹਿ 'ਮਿੱਟੀ' ਦਾ ਲੋਕ ਅਰਪਣ ਕੀਤਾ ਗਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਰਣਜੀਤ ਸਿੰਘ ਧੂਰੀ (ਸੰਸਥਾਪਕ ਅਤੇ ਸੰਚਾਲਕ ਧੂਰੀ ਗ਼ਜ਼ਲ ਸਕੂਲ),ਰਾਕੇਸ਼ ਵਰਮੀ (ਸੰਸਥਾਪਕ ਡੈਡੀਕੇਟਡ ਬਰਦਰਜ਼ ਗਰੁੱਪ ਪਟਿਆਲਾ), ਵਿਸ਼ੇਸ਼ ਮਹਿਮਾਨ ਸਾਗਰ ਸੂਦ ਸੰਜੇ ( ਸਾਹਿਤਯ ਕਲਸ਼ ਪਬਲਿਕਕੇਸ਼ਨ), ਕਿੱਕੂ ਪਰਵਿੰਦਰ, ਡਾ. ਇਕਬਾਲ ਸਿੰਘ ਸਕਰੌਦੀ ਅਤੇ ਤਲਵਿੰਦਰ ਸਿੰਘ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ।



ਸਭਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸ਼ਾਇਰਾ ਕੁਲਜੀਤ ਕੌਰ ਜੀਤ ਦੇ ਸਾਹਿਤਕ ਸਫ਼ਰ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਮਾਗਮ ਦਾ ਆਗ਼ਾਜ਼ ਮੰਗਤ ਖ਼ਾਨ ਵੱਲੋਂ ਡਾ. ਜਸਪਾਲ ਦੇਸੂਵੀ ਦੀ ਰਚਨਾ 'ਨਾਨਕ ਤਾਂ ਇੱਕ ਕਲ ਕਲ ਵਹਿੰਦਾ ਚਸ਼ਮਾ ਹੈ' ਗਾ ਕੇ ਕੀਤਾ ਗਿਆ। ਉਸ ਤੋਂ ਬਾਅਦ ਪ੍ਰਧਾਨਗੀ ਮੰਡਲ ਅਤੇ ਸ਼ਾਇਰਾ ਕੁਲਜੀਤ ਕੌਰ ਜੀਤ ਦੇ ਪਰਿਵਾਰਕ ਮੈਂਬਰਾਂ ਵੱਲੋਂ ਕਾਵਿ ਸੰਗ੍ਰਹਿ 'ਮਿੱਟੀ' ਦਾ ਲੋਕ ਅਰਪਣ ਕੀਤਾ ਗਿਆ। ਇੰਦਰਪਾਲ ਸਿੰਘ ਪਟਿਆਲਾ ਵੱਲੋਂ ਪੁਸਤਕ ਉੱਤੇ ਵਿਸਥਾਰ ਪੂਰਵਕ ਪਰਚਾ ਪੜ੍ਹਿਆ ਗਿਆ। ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸਾਹਿਤਕਾਰਾਂ ਵੱਲੋਂ ਕੁਲਜੀਤ ਕੌਰ ਜੀਤ ਨੂੰ ਉਹਨਾਂ ਦੀ ਪੁਸਤਕ ਲੋਕ ਅਰਪਣ ਹੋਣ 'ਤੇ ਵਧਾਈ ਦਿੱਤੀ। ਕਵੀ ਦਰਬਾਰ ਸੈਸ਼ਨ ਦੌਰਾਨ ਬਲਦੇਵ ਸਿੰਘ ਬਿੰਦਰਾ, ਹਰਪ੍ਰੀਤ ਕੌਰ, ਅੰਜੂ ਬਾਲਾ ਤਬੱਸੁਮ, ਡਾ. ਅਮਰਜੀਤ ਕੌਂਕੇ,ਗੁਰਮੀਤ ਸਿੰਘ ਘਣਗਸ,ਵਿਜੇ ਕੁਮਾਰ, ਧੰਨਾ ਸਿੰਘ ਖਰੌੜ, ਸੁਭਾਸ਼ ਮਲਿਕ, ਕ੍ਰਿਸ਼ਨ ਲਾਲ ਧੀਮਾਨ, ਰਘਬੀਰ ਮਹਿਮੀ, ਜੱਗਾ ਰੰਗੂਵਾਲ, ਬਚਨ ਸਿੰਘ ਗੁਰਮ, ਨਵੀਨ ਕਮਲ ਭਾਰਤੀ, ਬਲਕਾਰ ਸਿੰਘ ਗੋਗੀ, ਪੋਲੀ ਬਰਾੜ, ਕੁਲਵਿੰਦਰ ਕੁਮਾਰ, ਤ੍ਰਿਲੋਕ ਢਿੱਲੋਂ, ਡਾ. ਇਕਬਾਲ ਸਿੰਘ ਸਕਰੌਦੀ, ਬਲਬੀਰ ਦਿਲਦਾਰ,ਗੁਰਪ੍ਰੀਤ ਢਿੱਲੋਂ, ਸ਼ਾਮ ਸਿੰਘ ਪ੍ਰੇਮ, ਕਿਰਪਾਲ ਮੂਣਕ,ਡਾ. ਦਰਸ਼ਨ ਸਿੰਘ ਆਸ਼ਟ,ਨਿਰਮਲਾ ਗਰਗ, ਜਗਜੀਤ ਸਾਹਨੀ,ਸੁਖਵਿੰਦਰ ਕੌਰ, ਬਲਵਿੰਦਰ ਕੌਰ ਥਿੰਦ,ਚਰਨਜੀਤ ਕੌਰ, ਡਾ. ਜੀ.ਐੱਸ. ਆਨੰਦ, ਅਨੀਤਾ ਪਟਿਆਲਵੀ,ਅਵਤਾਰਜੀਤ ਅਟਵਾਲ, ਜੋਗਾ ਸਿੰਘ ਧਨੌਲਾ,ਮੁਹੰਮਦ ਸ਼ੋਇਬ ਮਲਿਕ, ਪਰਵਿੰਦਰ ਸ਼ੋਖ, ਰਾਜੇਸ਼ਵਰ ਕੁਮਾਰ, ਅਨੀਤਾ ਅਰੋੜਾ ਪਾਤੜਾਂ, ਸੰਤ ਸਿੰਘ ਸੋਹਲ,ਹਰੀ ਸਿੰਘ ਚਮਕ, ਗੁਰਪ੍ਰੀਤ ਸਿੰਘ ਮੱਲ੍ਹਣ, ਸੁਖਜਿੰਦਰ ਸਿੰਘ ਭੰਗਚੜ੍ਹੀ,ਸ਼ਾਇਰ ਭੱਟੀ, ਮਨਪ੍ਰੀਤ ਕੌਰ ਕਾਹਲੋਂ,ਅਤੇ ਗੁਰਮੁਖ ਸਿੰਘ ਜਾਗੀ ਨੇ ਆਪਣੀਆਂ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਦੀ ਜਿੰਮੇਵਾਰੀ ਮੰਗਤ ਖਾਨ ਵੱਲੋਂ ਬਾਖ਼ੂਬੀ ਨਿਭਾਈ ਗਈ।

## ਖੇਤੀਬਾੜੀ ਮਸ਼ੀਨਰੀ ਲਈ ਕਿਸਾਨ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਨ : ਮੁੱਖ ਖੇਤੀਬਾੜੀ ਅਫਸਰ

ਪਟਿਆਲਾ, 28 ਅਪ੍ਰੈਲ (ਚ.ਨ.ਸ.) : ਮੁੱਖ ਖੇਤੀਬਾੜੀ ਅਫਸਰ, ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਰੀ ਲਈ www.agrimachinerypb.com 'ਤੇ ਰਜਿਸਟਰ ਕਰਨ ਲਈ ਅਪੀਲ ਕੀਤੀ । ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਖੇਤੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਹਿੱਤ ਸੀ.ਆਰ.ਐਮ. ਅਤੇ ਸਮੈਸ ਸਕੀਮ ਤਹਿਤ ਮਸ਼ੀਨਾਂ ਤੇ ਸਬਸਿਡੀ ਲਈ ਆਨਲਾਈਨ ਪੋਰਟਲ ਰਾਹੀਂ www.agrimachinerypb.com ਅਰਜ਼ੀਆਂ ਦੀ ਮੰਗ ਕੀਤੀ ਗਈ ਹੈ ਜਿਸ ਵਿੱਚ ਸੁਪਰ ਐਸ.ਐਮ.ਐਸ., ਹੈਪੀ ਸੀਡਰ, ਪੈਡੀ ਸਟਰਾਅ ਚੌਪਰ, ਸ਼ਰੈਡਰ, ਮਲਚਰ, ਸਮਾਰਟ ਸੀਡਰ, ਜੀਰੋ ਟਿੱਲ ਡਰਿੱਲ, ਸੁਪਰ ਸੀਡਰ, ਸਰਫੇਸ ਸੀਫਰ, ਬੇਲਰ, ਰੇਕ, ਸਰਬ ਮਾਸਟਰ, ਰੋਟਰੀ ਸਲੈਸ਼ਰ, ਕਰਾਪ ਰੀਪਰ, ਉਲਟਾਵੇਂ ਪਲਾਓ ਸਬਸਿਡੀ ਲੈਣ ਦੇ ਚਾਹਵਾਨ ਕਿਸਾਨ 12 ਅਪ੍ਰੈਲ ਸ਼ਾਮ 5 ਵਜੇ ਤੱਕ ਅਤੇ ਸਮੈਸ ਸਕੀਮ ਅਧੀਨ ਨੂਮੈਟਿਕ ਪਲਾਂਟਰ, ਰੇਜਡ ਬੈਡ ਡਰਿੱਲ , ਪੈਡੀ ਟਰਾਂਸਪਲਾਂਟਰਜ਼, ਟਰੈਕਟਰ ਆਪੇਟਿਡ ਬੂਮ ਸਪਰੇਅਰ, ਲੱਕੀ ਸੀਡ ਡਰਿੱਲ,ਅਤੇ ਮੈਨੂਅਲ/ਪਾਵਰ ਸਪ੍ਰੇਅਰ ਸਬਸਿਡੀ ਲੈਣ ਦੇ ਚਾਹਵਾਨ ਕਿਸਾਨ 28 ਅਪ੍ਰੈਲ ਤੋਂ 12 ਮਈ 2025 ਸ਼ਾਮ 5 ਵਜੇ ਤੱਕ ਲਈ ਆਪਣੀਆਂ ਅਰਜੀਆਂ ਆਨ ਲਾਈਨ ਪੋਰਟਲ ਰਾਹੀਂ ਦੇ ਸਕਦੇ ਹਨ । ਕਿਸਾਨ ਇਸ ਸਬੰਧੀ ਬਲਾਕ ਪਟਿਆਲਾ ਦੇ ਕਿਸਾਨ ਡਾ: ਗੁਰਮੀਤ ਸਿੰਘ (97791-60950) ਬਲਾਕ ਨਾਭਾ ਦੇ ਕਿਸਾਨ ਡਾ ਜੁਪਿੰਦਰ ਸਿੰਘ ਗਿੱਲ (97805-60004) , ਬਲਾਕ ਭੁੱਨਰਹੇੜੀ ਦੇ ਕਿਸਾਨ ਡਾ: ਅਵਨਿੰਦਰ ਸਿੰਘ ਮਾਨ (80547-04171) , ਬਲਾਕ ਸਮਾਣਾ ਦੇ ਕਿਸਾਨ ਡਾ: ਸਤੀਸ਼ ਕੁਮਾਰ (97589-00047) ਨਾਲ ਸੰਪਰਕ ਕਰ ਸਕਦੇ ਹਨ ।

## ਪਹਿਲਗਾਮ ਹਮਲਾ ਅੱਤਵਾਦੀਆਂ ਦੀ ਕਾਇਰਤਾ-ਪੂਰਨ ਕਾਰਵਾਈ : ਮਨਜੀਤ ਸਿੰਘ ਭੋਲਾ

ਸਮਾਣਾ, 28 ਅਪ੍ਰੈਲ (ਜਵੰਦਾ) : ਨੌਜਵਾਨ ਆਗੂ ਮਨਜੀਤ ਸਿੰਘ ਨੇ ਕਸ਼ਮੀਰ ਦੀ ਘਾਟੀ ਅੰਦਰ ਅੱਤਵਾਦੀਆਂ ਵੱਲੋਂ ਸੈਲਾਨੀਆਂ ਦੀ ਚੁਣ-ਚੁਣ ਕੇ ਕੀਤੀ ਹੱਤਿਆਂ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਕਿਹਾ ਕਿ ਇਸ ਘਟਨਾ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ । ਉਨ੍ਹਾਂ ਕਿਹਾ ਕਿ ਬੇਦੋਸ਼ੇ, ਨਿਹੱਥੇ ਅਤੇ ਕਸ਼ਮੀਰ ਦੀਆਂ ਖ਼ੁਸ਼ਬੋਈਆਂ ਨਾਲ਼ ਮਹਿਕਦੀਆਂ ਹਵਾਵਾਂ ਦਾ ਆਨੰਦ ਮਾਨਣ ਲਈ ਘਰਾਂ ਤੋਂ ਆਏ ਸੈਲਾਨੀਆਂ ਨੂੰ ਸਦਾ ਦੀ ਨੀਂਦ ਸੁਲਾ ਦੇਣ ਦੇ ਖ਼ੂਨੀ ਕਾਰੇ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਘੱਟ ਹੈ । ਉਨ੍ਹਾਂ ਕਿਹਾ ਕਿ ਅੱਤਵਾਦੀਆਂ ਨੂੰ ਉਨ੍ਹਾਂ ਦੇ ਮਨਸੂਬਿਆਂ 'ਚ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ । ਇਸ ਮੌਕੇ ਉਨ੍ਹਾਂ ਭਾਰਤ ਸਰਕਾਰ ਵਲੋਂ ਪਾਕਿਸਤਾਨ ਨਾਲ ਤੋੜੇ ਗਏ ਸੰਬੰਧਾਂ, ਅਟਾਰੀ ਸਰਹੱਦ ਨੂੰ ਬੰਦ ਕਰਨ ਅਤੇ ਪਾਣੀਆਂ ਸੰਬੰਧੀ ਸਮਝੌਤੇ ਰੱਦ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਨਾਲ ਅੱਤਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਮੁਲਕ ਨੂੰ ਸਬਕ ਸਿਖਾਇਆ ਜਾ ਸਕਦਾ ਹੈ ।



## ਪੀ. ਯੂ. ਦੇ ਤਿੰਨ ਵਿਦਿਆਰਥੀਆਂ ਨੇ 'ਸਾਈਕੋਫੈਸਟ 2025' 'ਚ ਇਨਾਮ ਜਿੱਤੇ

ਪਟਿਆਲਾ, 28 ਅਪ੍ਰੈਲ (ਚ.ਨ.ਸ.) :ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਤੋਂ ਤਿੰਨ ਵਿਦਿਆਰਥੀਆਂ ਨੇ ਲੁਧਿਆਣਾ ਦੀ ਸੀ.ਟੀ. ਯੂਨੀਵਰਸਿਟੀ ਵਿੱਚ ਹੋਏ 'ਸਾਈਕੋਫੈਸਟ 2025' ਦੌਰਾਨ ਦੋ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਵਿਭਾਗ ਮੁਖੀ ਪ੍ਰੋ. ਦਮਨਜੀਤ ਸੰਧੂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਦੀਆਂ ਦੋ ਵਿਦਿਆਰਥੀ ਲੜਕੀਆਂ ਵੰਸ਼ਿਕਾ ਮਾਗੋ ਨੇ ਅਤੇ ਦੁਸ਼ਾਰ ਬਿਸ਼ਨੋਈ ਨੇ ਕੁਇਜ਼ ਅਤੇ ਡਿਬੇਟ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਸੰਜਨਾ ਭਾਰਦਵਾਜ ਨੇ ਆਪਣੀਆਂ ਸ਼ਾਨਦਾਰ ਅਦਾਵਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰਦਿਆਂ ਡਾਂਸ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਦੱਸਿਆ ਕਿ ਸਾਈਕੋਫੈਸਟ 2025, ਜੋ ਕਿ ਮਨੋਵਿਗਿਆਨ ਅਤੇ ਸਿਰਜਣਾਤਮਕਤਾ ਦੇ ਖੇਤਰ ਵਿੱਚ ਇੱਕ ਜੀਵੰਤ ਜਸ਼ਨ ਵਜੋਂ ਵੇਖਿਆ ਜਾਂਦਾ ਹੈ, ਵਿੱਚ ਪੂਰੇ ਉੱਤਰੀ ਭਾਰਤ ਤੋਂ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਡਿਬੇਟ, ਕੁਇਜ਼, ਡਾਂਸ, ਮੀਮ-ਮੇਕਿੰਗ ਅਤੇ ਪੋਸਟਰ ਡਿਜ਼ਾਈਨ ਸਮੇਤ ਕਈ ਦਿਲਚਸਪ ਮੁਕਾਬਲਿਆਂ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਹੋਰ ਵਿਦਿਆਰਥੀਆਂ ਨੇ ਵੀ ਭਾਗ ਲਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਇਹ ਪ੍ਰਾਪਤੀਆਂ ਵਿਭਾਗ ਲਈ ਮਾਣ ਵਾਲੀ ਗੱਲ ਹੈ।



## 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਨੁੱਕੜ ਨਾਟਕ 5 ਮਈ ਨੂੰ

ਮਲੇਰਕੋਟਲਾ, 28 ਅਪ੍ਰੈਲ (ਚ.ਨ.ਸ.) : ਨਸ਼ੇ ਦੀ ਲਤ ਦੇ ਵਧਦੇ ਖਤਰੇ ਨੂੰ ਦੇਖਦਿਆਂ ਅਤੇ ਸਮਾਜ ਵਿੱਚ ਨਸ਼ਿਆਂ ਖਿਲਾਫ ਜਾਗਰੂਕਤਾ ਫੈਲਾਉਣ ਲਈ, ਪੰਜਾਬ ਉਰਦੂ ਅੈਕਡਮੀ ਵਿਖੇ 5 ਮਈ ਦਿਨ ਸੋਮਵਾਰ ਨੂੰ 'ਯੁੱਧ ਨਸ਼ਿਆਂ ਵਿਰੁੱਧ' ਵਿਸ਼ੇ ਉੱਤੇ ਇੱਕ ਵਿਸ਼ੇਸ਼ ਜਾਗਰੂਕਤਾ ਨੁੱਕੜ ਨਾਟਕ ਦਾ ਆਯੋਜਨ ਕੀਤਾ ਜਾ ਰਿਹਾ ਹੈ। ਨਾਟਕ ਮੰਚਨ ਕਰਨ ਦਾ ਮੁੱਖ ਉਦੇਸ਼ ਨਸ਼ਿਆਂ ਖਿਲਾਫ ਲੜਾਈ ਨੂੰ ਹੋਰ ਮਜ਼ਬੂਤ ਕਰਨਾ ਅਤੇ ਨੌਜਵਾਨਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਹੈ। ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ 'ਯੁੱਧ ਨਸ਼ਿਆਂ ਵਿਰੁੱਧ' ਜਾਗਰੂਕਤਾ ਨੁੱਕੜ ਦੀਆਂ ਤਿਆਰੀਆਂ ਦੇ ਅਗੇਤੇ ਪ੍ਰਬੰਧਾਂ ਦੀ ਸਮੀਖਿਆ ਕਰਦਿਆ ਕਿਹਾ ਕਿ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੇ ਦਿਸ਼ਾ ਨਿਰਦੇਸ਼ਾ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਨਸ਼ੇ ਦੀ ਲਤ ਲਗ ਚੁੱਕੇ ਲੋਕਾਂ ਨੂੰ ਇਸ ਤੋਂ ਖਹਿੜਾ ਛੁਡਉਣ ਲਈ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਤਤਿਹ ਨੁੱਕੜ ਨਾਟਕ ਮੰਚਨ ਕੀਤਾ ਜਾ ਰਿਹਾ ਹੈ, ਤਾਂ ਜੋ ਨੌਜਵਾਨਾਂ ਨੂੰ ਜਾਗਰੂਕ ਕਰਕੇ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਸਕੇ । ਤਿਆਰੀਆਂ ਦੀ ਸਮੀਖਿਆ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਪ੍ਰਬੰਧਾਂ ਤੇ ਵਿਵਸਥਾਵਾਂ ਅਤੇ ਤਿਆਰੀਆਂ ਦਾ ਗੌਰ ਨਾਲ ਜਾਇਜ਼ਾ ਲਿਆ ਅਤੇ ਨਾਟਕ ਨੂੰ ਸਫਲ ਬਣਾਉਣ ਲਈ ਜ਼ਰੂਰੀ ਨਿਰਦੇਸ਼ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਹਰ ਵਰਗ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ ਅਤੇ ਨੁੱਕੜ ਨਾਟਕ ਵਰਗੇ ਸਧਾਰਣ ਪਰ ਅਸਰਦਾਰ ਮਾਧਿਅਮ ਰਾਹੀਂ ਲੋਕਾਂ ਤੱਕ ਸੰਦੇਸ਼ ਪਹੁੰਚਾਉਣਾ ਲੋੜੀਂਦਾ ਹੈ। ਨਾਟਕ ਵਿੱਚ ਵਿਖਾਇਆ ਜਾਵੇਗਾ ਕਿ ਕਿਵੇਂ ਨਸ਼ੇ ਦੀ ਲਤ ਵਿਅਕਤੀ,ਪਰਿਵਾਰ ਅਤੇ ਪੂਰੇ ਸਮਾਜ ਨੂੰ ਤਬਾਹ ਕਰ ਸਕਦੀ ਹੈ। ਨਾਟਕ ਰਾਹੀਂ ਇਹ ਵੀ ਦੱਸਿਆ ਜਾਵੇਗਾ ਕਿ ਨਸ਼ਿਆਂ ਤੋਂ ਬਚਣ ਅਤੇ ਨਵੇਂ ਜੀਵਨ ਦੀ ਸ਼ੁਰੂਆਤ ਕਰਨਾ ਕਿਵੇਂ ਸੰਭਵ ਹੈ। ਵਿਸ਼ੇਸ਼ ਧਿਆਨ ਇਸ ਗੱਲ 'ਤੇ ਦਿੱਤਾ ਜਾਵੇਗਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਚੰਗਲ ਤੋਂ ਬਚਾਇਆ ਜਾਵੇ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾਵੇ।